


Twenty-Sixth Year of Publication
ਨਿਊਯਾਰਕ ਐਡੀਸ਼ਨ
Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 27, Issue 08; February 21, 2026 | 20451 N. Plum Grove Rd., Palatine, IL 60074 | Ph:847-359-0746, Fax:847-705-9388

## ਅਕਾਲੀ ਦਲ, ਭਾਜਪਾ ਤੇ ਕਾਂਗਰਸ ਨੇ ਸੂਬੇ ਨੂੰ ਨਸ਼ੇ 'ਚ ਧੱਕਿਆ: ਕੇਜਰੀਵਾਲ

**ਮੋਗਾ**:ਸ਼੍ਰੋਮਣੀ ਅਕਾਲੀ ਦਲ, ਭਾਜਪਾ ਤੇ ਕਾਂਗਰਸ ਨੇ ਜਿੱਥੇ ਸੂਬੇ ਨੂੰ ਨਸ਼ੇ 'ਚ ਧੱਕਿਆ, ਉੱਥੇ ਆਪ ਸਰਕਾਰ ਨਸ਼ਾ ਮੁਕਤ ਪੰਜਾਬ ਦੇ ਸੁਪਨੇ ਨੂੰ ਸਾਕਾਰ ਕਰਨ 'ਚ ਲੱਗੀ ਹੈ। ਇਹ ਗੱਲ ਸੋਮਵਾਰ ਨੂੰ ਆਮ ਆਦਮੀ ਪਾਰਟੀ ਦੇ ਰਾਸ਼ਟਰੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਕਹੀ। ਉਹ ਸੂਬੇ 'ਚ ਨਸ਼ੇ ਦੇ ਖ਼ਿਲਾਫ਼ ਮੁਹਿੰਮ ਦੇ ਦੂਜੇ ਪੜਾਅ 'ਚ ਮੁੱਖ ਮੰਤਰੀ ਭਗਵੰਤ ਮਾਨ ਨਾਲ ਪੇਂਡੂ ਸੁਰੱਖਿਆ ਕਮੇਟੀਆਂ ਦੇ ਮੈਂਬਰਾਂ ਨੂੰ ਸਹੁੰ ਚੁਕਾਉਣ ਮੋਗਾ ਪਹੁੰਚੇ ਸਨ। ਆਪ ਦੇ ਮੁਖੀ ਨੇ ਕਿਹਾ ਕਿ ਪੰਜਾਬ ਦੇ ਇਤਿਹਾਸ 'ਚ ਪਹਿਲੀ ਵਾਰ ਕਿਸੇ ਸਰਕਾਰ ਨੇ ਨਸ਼ਾ ਤਸਕਰਾਂ ਨੂੰ ਬਚਾਉਣ ਦੀ ਬਜਾਏ ਉਨ੍ਹਾਂ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਹੈ। ਉਨ੍ਹਾਂ ਨੇ 2,000 ਕਿੱਲੋ ਤੋਂ ਜ਼ਿਆਦਾ ਨਸ਼ੇ ਦੀ ਬਰਾਮਦਗੀ, ਵੱਡੇ ਕਾਰੋਬਾਰੀਆਂ ਨੂੰ ਜੇਲ੍ਹਾਂ 'ਚ ਪਾਉਣ ਤੇ ਉਨ੍ਹਾਂ ਦੇ ਮਹਿਲਾਂ ਵਰਗੇ ਘਰਾਂ 'ਤੇ ਬੁਲਡੋਜ਼ਰ ਚਲਾਉਣ ਦਾ ਹਵਾਲਾ ਦਿੰਦੇ ਹੋਏ ਕਿਹਾ ਕਿ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦੇ ਜ਼ਮੀਨੀ ਪੱਧਰ 'ਤੇ ਸਾਰਥਕ ਨਤੀਜੇ ਸਾਹਮਣੇ ਆ ਰਹੇ ਹਨ। ਉਨ੍ਹਾਂ ਨੇ ਪੰਜਾਬ ਦੇ ਲੋਕਾਂ ਨੂੰ ਚੌਕਸ ਕਰਦੇ ਹੋਏ ਕਿਹਾ ਕਿ ਜੇਕਰ ਪਿਛਲੀਆਂ ਸਰਕਾਰਾਂ ਸੱਤਾ 'ਚ ਆਈਆਂ ਤਾਂ ਪੰਜਾਬ ਨੂੰ ਮੁੜ ਨਸ਼ਿਆਂ ਦੀ ਦਲਦਲ 'ਚ ਜਾਣ ਤੋਂ ਕੋਈ ਨਹੀਂ ਬਚਾ ਸਕਦਾ। ਮੁੱਖ ਮੰਤਰੀ ਭਗਵੰਤ ਮਾਨ ਨੇ ਦੋਹਰਾਇਆ ਕਿ ਆਪ ਸਰਕਾਰ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦੇ ਤਹਿਤ ਪੰਜਾਬ 'ਤੇ ਚਿੱਟੇ ਦੇ ਦਾਗ਼ ਨੂੰ ਮਿਟਾਉਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ।



ਕੇਜਰੀਵਾਲ ਨੇ ਕਿਹਾ ਕਿ ਇਕ ਸਾਲ ਪਹਿਲਾਂ ਇਕ ਮਾਰਚ ਨੂੰ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ 'ਚ ਪੰਜਾਬ ਸਰਕਾਰ ਨੇ ਇਹ ਮੁਹਿੰਮ ਸ਼ੁਰੂ ਕੀਤੀ ਸੀ। ਲੋਕਾਂ 'ਚ ਤਦ ਇਸ ਦੇ ਪ੍ਰਤੀ ਜ਼ਿਆਦਾ ਉਤਸ਼ਾਹ ਨਹੀਂ ਸੀ। ਇਕ ਸਾਲ 'ਚ ਜਿਵੇਂ ਪੁਲਿਸ ਨੇ ਨਸ਼ਾ ਤਸਕਰਾਂ 'ਤੇ ਸ਼ਿਕੰਜਾ ਦੱਸਿਆ ਤੇ ਵੱਡੇ ਨਸ਼ਾ ਤਸਕਰਾਂ, ਜਿਨ੍ਹਾਂ ਦਾ ਨਾਂ ਲੈਣ ਤੋਂ ਵੀ ਲੋਕ ਡਰਦੇ ਸਨ, ਨੂੰ ਜੇਲ੍ਹਾਂ 'ਚ ਵਾਇਆ ਤਾਂ ਲੋਕਾਂ ਨੂੰ ਭਰੋਸਾ ਹੋਣ ਲੱਗਾ ਕਿ ਇਹ ਭਗਵੰਤ ਮਾਨ ਦੀ ਸਰਕਾਰ ਹੈ, ਜਿਹੜੀ ਕਿਸੇ ਨਹੀਂ ਡਰਦੀ। ਲੋਕਾਂ ਦੇ ਦਿਲਾਂ ਤੋਂ ਵੀ ਡਰ ਖ਼ਤਮ ਹੋ ਰਿਹਾ ਹੈ।

## ਭਗਵੰਤ ਮਾਨ ਮੁੜ ਹਸਪਤਾਲ ਦਾਖ਼ਲ

**ਮੋਹਾਲੀ:**ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਸੋਮਵਾਰ ਨੂੰ ਇਕ ਵਾਰ ਮੁੜ ਮੋਹਾਲੀ ਦੇ ਫੋਰਟਿਸ ਹਸਪਤਾਲ 'ਚ ਦਾਖ਼ਲ ਕਰਵਾਇਆ ਗਿਆ ਹੈ। ਇਸ ਤੋਂ ਪਹਿਲਾਂ ਭਗਵੰਤ ਮਾਨ ਨੂੰ ਐਤਵਾਰ ਨੂੰ ਸੰਗਰੂਰ 'ਚ ਸਿਹਤ ਖ਼ਰਾਬ ਹੋਣ ਤੋਂ ਬਾਅਦ ਮੋਹਾਲੀ ਦੇ ਹਸਪਤਾਲ 'ਚ ਦਾਖ਼ਲ ਕਰਵਾਇਆ ਗਿਆ ਸੀ, ਜਿੱਥੇ ਡਾਕਟਰਾਂ ਨੇ ਉਨ੍ਹਾਂ ਦੀ ਸਿਹਤ ਦੀ ਜਾਂਚ ਤੋਂ ਬਾਅਦ ਉਨ੍ਹਾਂ ਨੂੰ ਆਪਣੀ ਆਬਜ਼ਰਵੇਸ਼ਨ 'ਚ ਰੱਖਣ ਦਾ ਫ਼ੈਸਲਾ ਕੀਤਾ ਸੀ । ਸੋਮਵਾਰ ਨੂੰ ਸਵੇਰੇ ਉਨ੍ਹਾਂ ਦੀ ਸਿਹਤ 'ਚ ਸੁਧਾਰ ਮਗਰੋਂ ਡਾਕਟਰਾਂ ਨੇ ਉਨ੍ਹਾਂ ਨੂੰ ਛੁੱਟੀ ਦੇ ਦਿੱਤੀ ਸੀ। ਹਸਪਤਾਲ ਤੋਂ ਡਿਸਚਾਰਜ ਹੋਣ ਮਗਰੋਂ ਮੁੱਖ ਮੰਤਰੀ ਮੋਗਾ 'ਚ ਸਰਕਾਰ ਵਲੋਂ ਕਰਵਾਏ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦੇ ਦੂਜੇ ਪੜਾਅ ਨੂੰ ਸ਼ੁਰੂ ਕਰਨ ਲਈ ਪਹੁੰਚੇ ਸਨ।

## ਫ਼ੌਜ ਵਲੋਂ ਸਿੱਖ ਰੈਜੀਮੈਂਟ 'ਚ ਭਰਤੀ ਦੀ ਅਪੀਲ ਨੇ ਖੜ੍ਹੇ ਕੀਤੇ ਗੰਭੀਰ ਸਵਾਲ

**ਚੰਡੀਗੜ੍ਹ:**ਭਾਰਤੀ ਫ਼ੌਜ ਵਲੋਂ ਜਨਵਰੀ 2026 ਵਿੱਚ ਜਾਰੀ ਕੀਤੀ ਭਾਵੁਕ ਅਪੀਲ ਕਿ 'ਵਾਰੀਅਰ ਸਪਿਰਟ ਨੀਡਜ਼ ਯੂ' ਭਾਵ ਯੋਧਿਆਂ ਦੀ ਆਤਮਾ ਨੂੰ ਤੁਹਾਡੀ ਲੋੜ ਹੈ, ਕਈ ਦਹਾਕਿਆਂ ਬਾਅਦ ਸਿੱਖ ਨੌਜਵਾਨਾਂ ਨੂੰ ਸੱਦਾ ਦਿੰਦੀ ਦਿਖਾਈ ਦਿੱਤੀ ਕਿ ਆਓ, ਸਿੱਖ ਰੇਜੀਮੈਂਟ ਵਿੱਚ ਸ਼ਾਮਲ ਹੋਵੋ, ਨੇ ਪੰਜਾਬ ਵਿੱਚ ਇੱਕ ਵੱਡੀ ਚਰਚਾ ਛੇੜੀ ਹੋਈ ਹੈ। ਇਸ ਅਪੀਲ ਵਿੱਚ ਫ਼ੌਜ ਨੇ ਸਿੱਖ ਮਾਰਸ਼ਲ ਪਰੰਪਰਾਵਾਂ ਨੂੰ ਯਾਦ ਕਰਵਾਇਆ। ਇਹ ਅਪੀਲ ਆਮ ਫ਼ੌਜੀ ਭਰਤੀ ਸਦੇਸ਼ਾਂ ਤੋਂ ਬਿਲਕੁਲ ਵੱਖਰੀ ਹੈ ਅਤੇ ਸਿੱਖ ਨੌਜਵਾਨਾਂ ਦੇ ਭਰਤੀ ਨਾ ਹੋਣ ਦੀ ਸਥਿਤੀ ਦਾ ਪ੍ਰਗਟਾਵਾ ਕਰਦੀ ਹੈ। ਸਿੱਖ ਰੈਜੀਮੈਂਟ ਵਿੱਚ ਭਰਤੀ ਵਿੱਚ ਤੇਜ਼ ਗਿਰਾਵਟ ਨੇ ਗੰਭੀਰ ਸਵਾਲ ਖੜ੍ਹੇ ਕਰ ਦਿੱਤੇ ਹਨ। ਫ਼ੌਜੀ ਭਰਤੀ ਰੈਲੀਆਂ ਅਤੇ ਤਿਆਰੀ ਕੈਂਪਾਂ ਵਿੱਚ ਸਿੱਖਾਂ ਦੀ ਹਿੱਸੇਦਾਰੀ 60-70 ਫ਼ੀਸਦੀ ਤੱਕ ਘਟੀ ਦੱਸੀ ਜਾ ਰਹੀ ਹੈ। ਜੋ ਪੰਜਾਬ ਦੀ ਸਥਿਤੀ ਬਾਰੇ ਵੀ ਕਈ ਤਰ੍ਹਾਂ ਦੇ ਸਵਾਲ ਖੜ੍ਹੇ ਕਰ ਰਹੀ ਹੈ। ਸਿੱਖ ਰੈਜੀਮੈਂਟ ਵਿੱਚ 20 ਰੈਗੂਲਰ ਬਟਾਲੀਅਨਾਂ, 3 ਟੈਰੀਟੋਰੀਅਲ ਆਰਮੀ ਯੂਨਿਟਾਂ ਅਤੇ ਇੱਕ ਰਾਸ਼ਟਰੀ ਰਾਈਫਲਸ ਬਟਾਲੀਅਨ ਹੈ।



ਪੰਜਾਬੀਆਂ ਅਤੇ ਸਿੱਖਾਂ ਵਿਚ ਫ਼ੌਜ ਵਿਚ ਭਰਤੀ ਹੋਣ ਦਾ ਉਤਸ਼ਾਹ ਘਟਣ ਦਾ ਸਭ ਤੋਂ ਵੱਡਾ ਕਾਰਨ ਅਗਨੀਵੀਰ ਸਕੀਆਂ ਨੂੰ ਵੀ ਮੰਨਿਆ ਜਾ ਰਿਹਾ ਹੈ ਕਿਉਂਕਿ ਪਹਿਲਾਂ 15 ਸਾਲ ਦੀ ਪੱਕੀ ਨੌਕਰੀ ਅਤੇ ਪੈਨਸ਼ਨ ਮਿਲਦੀ ਸੀ। ਹੁਣ ਅਗਨੀਵੀਰ ਅਧੀਨ ਸਿਰਫ਼ 4 ਸਾਲ ਦੀ ਨੌਕਰੀ ਅਤੇ ਸਿਰਫ਼ 25 ਫ਼ੀਸਦੀ ਨੂੰ ਹੀ ਨੌਕਰੀ ਜਾਰੀ ਰੱਖਣ ਦੀ ਇਜਾਜ਼ਤ ਨੇ ਫ਼ੌਜੀ ਨੌਕਰੀ ਦੀ ਅਸੁਰੱਖਿਅਤਾ ਵਧਾ ਦਿੱਤੀ ਹੈ। ਬ੍ਰਿਗੇਡੀਅਰ ਹਰਵੰਤ ਸਿੰਘ (ਸੇਵਾਮੁਕਤ) ਨੇ ਅਗਨੀਵੀਰ ਨੂੰ ਠੇਕੇਦਾਰੀ ਤੇ ਬੰਧੂਆ ਮਜ਼ਦੂਰੀ ਵਰਗਾ ਮੰਨਿਆ ਹੈ। ਬ੍ਰਿਗੇਡੀਅਰ ਕੁਲਦੀਪ ਸਿੰਘ ਕਾਹਲੋਂ (ਸੇਵਾਮੁਕਤ) ਅਨੁਸਾਰ ਸਿੱਖ ਨੌਜਵਾਨਾਂ ਦੀ ਫ਼ੌਜ ਵਿਚ ਭਰਤੀ ਗਿਰਾਵਟ ਦਾ ਮੁੱਖ ਕਾਰਨ ਅਗਨੀਵੀਰ ਹੈ, ਹਾਲਾਂਕਿ ਵਿਦੇਸ਼ ਜਾਣਾ ਅਤੇ ਡਰੱਗ ਵੀ ਇਸ ਦੇ ਕਾਰਨ ਹਨ।

ਪੰਜਾਬ ਦੇ ਨੌਜਵਾਨਾਂ ਨੇ ਸਰੀਰਕ ਟਰੇਨਿੰਗ ਨੂੰ ਛੱਡ ਕੇ ਆਈਲਟਸ ਅਤੇ ਵਿਦੇਸ਼ੀ ਵੀਜ਼ੇ ਵੱਲ ਰੁਝਾਨ ਕੀਤਾ ਕਿਉਂਕਿ ਪਰਿਵਾਰ ਵਿਦੇਸ਼ ਨੂੰ ਵਧੇਰੇ ਸੁਰੱਖਿਅਤ ਮੰਨਦੇ ਹਨ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਅਪ੍ਰੈਲ 2025 ਵਿਚ ਕਿਹਾ ਸੀ ਕਿ ਪ੍ਰਵਾਸ ਮੁੱਖ ਕਾਰਨ ਹੈ, ਪਰ ਅਗਨੀਵੀਰ ਸਕੀਮ ਵੀ ਇਸ ਦਾ ਇਕ ਕਾਰਨ ਹੈ। ਹੋਰ ਕਾਰਨਾਂ ਵਿਚ ਆਰਥਿਕ- ਸਮਾਜਿਕ ਬਦਲਾਅ ਅਤੇ ਰਾਜਨੀਤਿਕ ਅਸੰਤੋਸ਼, ਨਸ਼ਿਆਂ ਕਾਰਨ ਸਰੀਰਕ

*(ਬਾਕੀ ਸਫ਼ਾ 6 'ਤੇ)*






# ਟਰੱਕਿੰਗ ਕੰਪਨੀਆਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਨਵਾਂ ਸਾਫਟਵੇਅਰ ਲਾਂਚ










ਟਰੱਕਿੰਗ ਕੰਪਨੀਆਂ ਦੀ Compliance Managment ਹਮੇਸ਼ਾ ਤੋਂ ਵੱਡੀ ਸਮੱਸਿਆ ਬਣੀ ਰਹੀ ਹੈ, ਜਿਸ ਦੇ ਹੱਲ ਲਈ, ਪਿਛਲੇ ਸ਼ੁੱਕਰਵਾਰ, Global Truck Permits Lathrop (ਜਿਹੜੇ ਕਿ, ਪਿਛਲੇ ਦੋ ਦਹਾਕਿਆਂ ਤੋਂ, ਪੰਜਾਬੀ ਭਾਈਚਾਰੇ ਦੀ ਟਰੱਕਿੰਗ ਨੂੰ ਸਮੇਂ ਦੇ ਹਾਣ ਦਾ ਬਣਾਉਣ ਵਾਸਤੇ ਪੂਰੀ ਕੋਸ਼ਿਸ਼ ਕਰ ਰਹੇ ਨੇ) ਵਲੋਂ ਇਸ ਮੁਸ਼ਕਲ ਦਾ ਹੱਲ ਕੱਢਣ ਲਈ, ਨਵਾਂ ਸਾਫਟਵੇਅਰ ਤਿਆਰ ਕੀਤਾ ਗਿਆ ਹੈ। Global Truck Permits Lathrop ਦੇ ਮਾਲਕ ਸ. ਰਜਿੰਦਰ ਸਿੰਘ ਟਾਂਡਾ ਨੇ ਦੱਸਿਆ ਕਿ ਇਸ ਵਿਚ ਟਰੱਕ ਡਰਾਈਵਰ ਨੂੰ **ਰਿਏ** ਕਰਨ ਤੋਂ ਲੈ ਕੇ, Driver Managment, Maintenance Record, Hiring Process, Clearing House, Back Ground check, DOT Audit ਹਰ ਦਸਤਾਵੇਜ਼ Paperless ਹੋਵੇਗਾ।

ਡਰਾਈਵਰ ਕਿਸੇ ਵੀ ਸ਼ਹਿਰ ਵਿਚ ਬੈਠਿਆਂ ਆਪਣੀ ਐਪਲੀਕੇਸ਼ਨ ਭਰ ਸਕਦਾ ਹੈ। ਜਿੱਥੇ ਇਹ ਸਾਫਟਵੇਅਰ 5-6 ਟਰੱਕਾਂ ਦੇ ਮਾਲਕਾਂ ਤੋਂ ਲੈ ਕੇ, 500-600 ਟਰੱਕਾਂ ਦੇ ਮਾਲਕਾਂ ਵਾਸਤੇ ਆਪਣੀਆਂ ਟਰੱਕਿੰਗ ਕੰਪਨੀਆਂ ਨੂੰ ਮੈਨੇਜ ਕਰਨ ਵਿਚ ਮਦਦ ਕਰੇਗਾ, ਉੱਥੇ ਹੀ ਸਮੇਂ ਅਤੇ ਪੈਸੇ ਦੀ ਬਚਤ ਵਿਚ ਵੱਡੀ ਮਦਦ ਹੋਵੇਗੀ।

ਜਿਨ੍ਹਾਂ ਟਰੱਕਿੰਗ ਕੰਪਨੀਆਂ ਨੇ ਇੱਥੇ ਸ਼ਾਮਲ ਹੋ ਕੇ, ਇਸ ਸਾਫਟਵੇਅਰ ਦਾ ਡੈਮੋ ਦੇਖਿਆ ਹੈ, ਉਨ੍ਹਾਂ ਦਾ ਮੰਨਣਾ ਹੈ ਕਿ ਇਹ ਪ੍ਰੋਗਰਾਮ, ਮਾਰਕੀਟ ਵਿਚਲੇ, ਚਲ ਰਹੇ ਪ੍ਰੋਗਰਾਮਾਂ ਨਾਲ਼ੋਂ ਕਿੱਤੇ ਬਿਹਤਰ, ਸਮਝ ਆਉਣ ਵਾਲਾ ਹੈ ਅਤੇ ਇਸ ਦੀ ਵਰਤੋਂ ਅਸਾਨ ਹੈ। ਪੰਜਾਬੀ ਭਾਈਚਾਰੇ ਵਲੋਂ, ਟਰੱਕਿੰਗ ਇੰਡਸਟਰੀ ਦੀ ਝੋਲੀ ਪੈਣ ਵਾਲਾ ਆਪਣੇ ਆਪ ਵਿਚ ਇਹ ਪਹਿਲਾਂ ਸਾਫਟਵੇਅਰ ਹੋਵੇਗਾ।

# ਪਹਿਲੇ ਪੰਜਾਬੀ ਟਰੈਵਲ ਵਲੋਗਰ ਨਵਦੀਪ ਸਿੰਘ ਬਰਾੜ ਦਾ ਸ਼ਿਕਾਗੋ ਵਿਖੇ ਸਵਾਗਤ

**ਸ਼ਿਕਾਗੋ:** ਪਹਿਲੇ ਪੰਜਾਬੀ ਸਿੱਖ ਟਰੈਵਲ ਵਲੋਗਰ ਨਵਦੀਪ ਸਿੰਘ ਬਰਾੜ, ਜਿਨ੍ਹਾਂ ਨੇ ਹੁਣ ਤੱਕ ਸੰਸਾਰ ਦੇ 94 ਤੋਂ ਵੱਧ ਦੇਸ਼ਾਂ ਦਾ ਸਫ਼ਰ ਕੀਤਾ ਹੈ, ਲੰਘੇ ਸ਼ਨਿਚਰਵਾਰ ਸ਼ਿਕਾਗੋ ਪੁੱਜੇ, ਜਿੱਥੇ ਉਨ੍ਹਾਂ ਦੇ ਪ੍ਰਸ਼ੰਸਕਾਂ ਵਲੋਂ ਉਨ੍ਹਾਂ





ਦਾ ਨਿੱਘਾ ਸਵਾਗਤ ਕੀਤਾ ਗਿਆ।


ਨਵਦੀਪ ਨੇ 2018 ਵਿਚ ਆਪਣੇ ਸਫ਼ਰ ਦੀ ਸ਼ੁਰੂਆਤ ਰੂਸ ਤੋਂ ਕੀਤੀ। ਉਸ ਨੇ ਦੱਸਿਆ ਕਿ ਸਫ਼ਰ ਦੌਰਾਨ ਭਾਵੇਂ ਉਸ ਨੂੰ ਕਈ ਮੁਸ਼ਕਲਾਂ ਦਾ ਸਾਹਮਣਾ ਵੀ ਕਰਨਾ ਪੈਂਦਾ ਹੈ ਪਰ ਉਸਨੇ ਆਪਣਾ ਸਫ਼ਰ ਹਰ ਹਾਲ ਵਿਚ ਜਾਰੀ ਰੱਖਿਆ ਹੋਇਆ ਹੈ। ਉਸ ਦਾ ਟੀਚਾ ਸੰਸਾਰ ਦੇ ਸਾਰੇ ਦੇਸ਼ਾਂ ਦਾ ਟ੍ਰੈਵਲ ਕਰਕੇ ਆਪਣੇ ਯੂਟਿਊਬ ਚੈਨਲ **@Navdeepbrarvlogs** ਦੇ ਮਾਧਿਅਮ ਰਾਹੀਂ ਸਭ ਨਾਲ ਵੱਖ-ਵੱਖ ਮੁਲਕਾਂ, ਉਥੋਂ ਦੇ ਲੋਕਾਂ ਦੇ ਰਹਿਣ-ਸਹਿਣ, ਖਾਣ-ਪੀਣ, ਸੱਭਿਆਚਾਰ ਬਾਰੇ ਪੰਜਾਬੀ ਬੋਲੀ ਵਿਚ ਜਾਣਕਾਰੀ ਸਾਂਝੀ ਕਰਨੀ ਹੈ। ਉਹ ਆਪਣੇ ਕੈਮਰੇ ਰਾਹੀਂ ਲੋਕਾਂ ਨੂੰ ਸਾਰੀ ਦੁਨੀਆ ਦੀ ਸੈਰ ਘਰ ਬੈਠਿਆਂ ਹੀ ਕਰਾਉਂਦਾ ਹੈ। ਉਸ ਨੇ ਯੂਟਿਊਬ 'ਤੇ ਪੰਜਾ ਲੱਖ ਤੋਂ ਵੀ ਵੱਧ ਫਾਲੋਅਰ ਹਨ।

ਅੱਜ-ਕੱਲ੍ਹ ਉਹ ਅਮਰੀਕਾ ਦੇ ਸਫ਼ਰ 'ਤੇ ਹੈ ਤੇ ਇਸੇ ਦੌਰਾਨ ਉਹ ਸ਼ਿਕਾਗੋ ਪਹੁਚਿਆ, ਜਿੱਥੇ ਉਹ ਗੁਰਦੁਆਰਾ ਪੈਲਾਟਾਈਨ ਵਿਖੇ ਵੀ ਨਤਮਸਤਕ ਹੋਇਆ। ਗੁਰਦੁਆਰਾ ਸਾਹਿਬ ਦੇ ਕਾਰ ਸੇਵਾ ਦੇ ਮੈਂਬਰਾਂ ਅਤੇ ਸੰਗਤ ਵੱਲੋਂ ਨਵਦੀਪ ਬਰਾੜ ਦਾ ਸਨਮਾਨ ਕੀਤਾ ਗਿਆ ਅਤੇ ਉਸਦੇ ਇਸ ਸਫ਼ਰ ਦੀ ਪ੍ਰਸ਼ੰਸਾ ਕਰਦਿਆਂ ਉਸ ਨੂੰ ਸ਼ੁਭਕਾਮਨਾਵਾਂ ਦਿੱਤੀਆਂ ਗਈਆਂ। ਇਸ ਦੌਰਾਨ ਨਿਸ਼ਕਾਮ ਕਾਰ ਸੇਵਾ ਦੇ ਮੁੱਖ ਸੇਵਾਦਾਰ ਸਤਨਾਮ ਸਿੰਘ ਔਲਖ, ਜਥੇਦਾਰ ਓਂਕਾਰ ਸਿੰਘ ਢਿਲੋਂ, ਨਵਜੋਧ ਸਿੰਘ ਬਾਜਵਾ, ਪਾਲ ਧਾਲੀਵਾਲ, ਸੁਲੱਖਣ ਸਿੰਘ ਜੱਜ, ਸੁਖਪਾਲ ਗਿੱਲ, ਰਿਖੀ ਸਿੰਘ, ਅਮਨਦੀਪ ਕੌਰ, ਆਦਿ ਹਾਜ਼ਰ ਸਨ। ਨਵਦੀਪ ਬਰਾੜ ਖਾਸ ਤੌਰ 'ਤੇ 'ਪੰਜਾਬ ਟਾਈਮਜ਼' ਦੇ ਦਫ਼ਤਰ ਵਿਚ ਵੀ ਪੁੱਜੇ, ਜਿੱਥੇ ਉਨ੍ਹਾਂ ਨੇ ਮੈਡਮ ਜਸਪ੍ਰੀਤ ਕੌਰ, ਅੰਮ੍ਰਿਤਪਾਲ ਕੌਰ ਬਾਜਵਾ ਅਤੇ ਜੱਸੀ ਪਰਮਾਰ ਨਾਲ ਮੁਲਾਕਾਤ ਕੀਤੀ। ਉਸ ਨੇ ਜਿੱਥੇ ਅਖਬਾਰ ਦੀ ਪ੍ਰਸ਼ੰਸਾ ਕੀਤੀ, ਉਥੇ ਹੀ ਆਪਣੇ ਅਗਲੇ ਸਫ਼ਰ ਬਾਰੇ ਵੀ ਜਾਣਕਾਰੀ ਸਾਂਝੀ ਕੀਤੀ।

## ਵਿੱਤੀ ਪਾਬੰਦੀਆਂ ਹਟਣ ਤਾਂ ਕਰ ਸਕਦੇ ਹਾਂ ਪਰਮਾਣੂ ਸਮਝੌਤੇ ਬਾਰੇ ਵਿਚਾਰ: ਈਰਾਨ

**ਤਹਿਰਾਨ:** ਈਰਾਨ ਦੇ ਉਪ ਵਿਦੇਸ਼ ਮੰਤਰੀ ਮਾਜਿਦ ਤਖ਼ਤ ਰਵਾਚੀ ਨੇ ਬੀਬੀਸੀ ਨਾਲ ਇਕ ਇੰਟਰਵਿਊ ਕੀਤੀ ਹੈ। ਉਨ੍ਹਾਂ ਕਿਹਾ ਕਿ ਜੇ ਵਾਸ਼ਿੰਗਟਨ ਈਰਾਨ 'ਤੇ ਲੱਗੀਆਂ ਪਾਬੰਦੀਆਂ ਹਟਾਉਣ ਲਈ ਚਰਚਾ ਲਈ ਤਿਆਰ ਹੋ ਜਾਵੇ ਤਾਂ ਉਹ ਅਮਰੀਕਾ ਨਾਲ ਪਰਮਾਣੂ ਸਮਝੌਤੇ ਤੱਕ ਪੁੱਜਣ ਲਈ ਕਰਾਰ ਕਰਨ ਬਾਰੇ ਵਿਚਾਰ ਕਰਨ ਲਈ ਤਿਆਰ ਹਨ। ਈਰਾਨ ਨੇ ਕਿਹਾ ਕਿ ਉਹ ਇਹ ਪਾਬੰਦੀਆਂ ਹਟਾਉਣ ਬਦਲੇ ਆਪਣੇ ਪਰਮਾਣੂ ਪ੍ਰੋਗਰਾਮ 'ਤੇ ਰੋਕ -ਲਾਉਣ ਸਬੰਧੀ ਚਰਚਾ ਲਈ ਤਿਆਰ ਹਨ। ਪਰ ਉਸ ਨੇ ਇਸ ਮੁੱਦੇ ਨੂੰ ਮਿਜ਼ਾਈਲਾਂ ਸਮੇਤ ਹੋਰ ਸਵਾਲਾਂ ਨਾਲ ਜੋੜਣ ਤੋਂ ਨਾਂਹ ਕਰ ਦਿੱਤੀ ਹੈ। ਰਵਾਂਚੀ ਨੇ ਪੁਸ਼ਟੀ ਕੀਤੀ ਹੈ ਕਿ ਪਰਮਾਣੂ ਗੱਲਬਾਤ ਦਾ ਦੂਸਰਾ ਦੌਰ ਮੰਗਲਵਾਰ ਨੂੰ ਜਨੇਵਾ ਵਿਚ ਹੋਵੇਗਾ, ਇਸ ਤੋਂ ਪਹਿਲਾਂ ਤਹਿਰਾਨ ਤੇ ਵਾਸ਼ਿੰਗਟਨ ਨੇ ਇਸ ਮਹੀਨੇ ਦੀ ਸ਼ੁਰੂਆਤ ਵਿਚ ਓਮਾਨ ਵਿਚ ਗੱਲਬਾਤ ਫਿਰ ਤੋਂ ਸ਼ੁਰੂ ਕੀਤੀ ਸੀ। ਉਨ੍ਹਾਂ ਕਿਹਾ ਕਿ ਸ਼ੁਰੂਆਤੀ ਗੱਲਬਾਤ ਘੱਟ ਜਾਂ ਵੱਧ ਤੌਰ 'ਤੇ ਹਾਂ-ਪੱਖੀ ਰਹੀ ਹੈ। ਰਵਾਂਚੀ ਨੇ ਈਰਾਨ ਦੇ ਲਚਕੀਲੇਪਣ ਨੂੰ ਉਜਾਗਰ ਕਰਦੇ ਹੋਏ ਕਿਹਾ ਕਿ ਈਰਾਨ ਦੇ ਪਰਮਾਣੂ ਮੁਖੀ ਨੇ ਸੋਮਵਾਰ ਨੂੰ ਕਿਹਾ ਸੀ ਕਿ ਮੁਲਕ ਸਾਰੀਆਂ ਵਿੱਤੀ ਪਾਬੰਦੀਆਂ ਹਟਾਉਣ ਦੇ ਬਦਲੇ ਆਪਣੇ ਬੇਹਦ ਮਿਕਦਾਰ ਵਾਲੇ ਯੂਰੇਨੀਅਮ ਨੂੰ ਘਟਾਉਣ ਲਈ ਸਹਿਮਤ ਹੋ ਸਕਦਾ ਹੈ।

# ਸ. ਮਹਿੰਦਰਜੀਤ ਸਿੰਘ ਸੈਣੀ ਨੂੰ ਸਦਮਾ; ਸਹੁਰਾ ਸਾਹਿਬ ਦਾ ਦੇਹਾਂਤ



**ਸ਼ਿਕਾਗੋ:** ਗੁਰਦੁਆਰਾ ਪੈਲਾਟਾਈਨ ਦੇ ਸਾਬਕਾ ਮੁੱਖ ਸੇਵਾਦਾਰ, ਪੀ.ਸੀ.ਐਸ. ਦੇ ਸ਼ੁਰੂਆਤੀ ਦੌਰ ਤੋਂ ਹੀ ਸਰਗਰਮ ਸ. ਮਹਿੰਦਰਜੀਤ ਸਿੰਘ ਸੈਣੀ ਦੇ ਸਹੁਰਾ ਸਾਹਿਬ ਸ. ਅਮੋਲਕ ਸਿੰਘ ਗਿੱਧਾ ਲੰਘੀ 12 ਫਰਵਰੀ, 2026 ਨੂੰ ਇਸ ਫਾਨੀ ਸੰਸਾਰ ਨੂੰ ਅਲਵਿਦਾ ਆਖ ਗਏ। ਉਨ੍ਹਾਂ ਆਪਣੇ ਪਰਿਵਾਰ ਦੀ ਹਾਜ਼ਰੀ ਵਿਚ ਹੀ ਆਖ਼ਰੀ ਸਾਹ ਲਏ।

ਉਹ 88 ਸਾਲਾਂ ਦੇ ਸਨ। ਉਨ੍ਹਾਂ ਦਾ ਜਨਮ ਸਵਰਗੀ ਚੰਨਣ ਸਿੰਘ ਅਤੇ ਅਮਰ ਕੌਰ ਦੇ ਘਰ ਪਿੰਡ ਲਾਂਬੜਾ ਕਾਂਗੜੀ, ਹੁਸ਼ਿਆਰਪੁਰ, ਪੰਜਾਬ ਵਿਚ ਹੋਇਆ ਸੀ।

ਸਰਦਾਰ ਅਮੋਲਕ ਸਿੰਘ ਗਿੱਧਾ ਆਪਣੇ ਪਿੱਛੇ ਧੀ ਹਰਵਿੰਦਰ ਕੌਰ ਸੈਣੀ, ਜਵਾਈ ਮਹਿੰਦਰਜੀਤ ਸਿੰਘ ਸੈਣੀ, ਦੋਹਤੀ ਹਰਲੀਨ ਕੌਰ, ਦੋਹਤੇ ਜਸਕਰਨ ਅਤੇ ਜੀਵਨਜੋਤ ਸਿੰਘ, ਭਰਾ ਰਛਪਾਲ ਸਿੰਘ ਅਤੇ ਭੈਣ ਪਰਮਜੀਤ ਕੌਰ ਹਾਂਸੀ ਨੂੰ ਛੱਡ ਗਏ ਹਨ। ਉਨ੍ਹਾਂ ਧੀ ਪਤਨੀ ਮਹਿੰਦਰ ਕੌਰ ਗਿੱਧਾ ਕਈ ਸਾਲ ਪਹਿਲਾਂ ਹੀ ਚਲਾਣਾ ਕਰ ਗਏ ਸਨ।

ਜ਼ਿਕਰਯੋਗ ਹੈ ਕਿ ਸ. ਅਮੋਲਕ ਸਿੰਘ ਗਿੱਧਾ ਦਾ ਜਨਮ 22 ਜੁਲਾਈ, 1937 ਨੂੰ ਹੁਸ਼ਿਆਰਪੁਰ ਨੇੜਲੇ ਪਿੰਡ ਬਿਲਾਸਪੁਰ ਵਿਖੇ ਹੋਇਆ ਸੀ। ਉਨ੍ਹਾਂ ਸਿੱਖਿਆ ਪ੍ਰਾਪਤ ਕਰਨ ਤੋਂ ਬਾਅਦ ਉਸਾਰੀ ਠੇਕੇਦਾਰ ਵਜੋਂ ਕੰਮ ਕੀਤਾ। 1937-1970 ਤੱਕ ਉਹ ਕੀਰਤੀ ਨਗਰ, ਨਵੀਂ ਦਿੱਲੀ ਵਿਚ ਰਹੇ ਅਤੇ ਉਸ ਤੋਂ ਬਾਅਦ 1970 ਤੋਂ 1976 ਤੱਕ ਬੰਬਈ ਵਿਚ ਬਰਮਾ ਸ਼ੈੱਲ ਪੈਟਰੋਲੀਅਮ ਕੰਪਨੀ ਵਿਚ ਉਸਾਰੀ ਠੇਕੇਦਾਰ ਵਜੋਂ ਕੰਮ ਕਰਦੇ ਰਹੇ।

1976 ਵਿਚ ਉਹ ਅਮਰੀਕਾ ਆ ਗਏ ਅਤੇ ਸ਼ੁਰੂਆਤ ਵਿਚ ਯੂਬਾ ਸਿਟੀ, ਕੈਲੀਫੋਰਨੀਆ ਵਿਖੇ ਰਿਹਾਇਸ਼ ਕੀਤੀ। 1977 ਵਿਚ ਉਹ ਸ਼ਿਕਾਗੋ ਆ ਗਏ ਅਤੇ ਇੱਥੇ ਹੀ ਆਪਣੇ ਪਰਿਵਾਰ ਦਾ ਪਾਲਣ ਪੋਸ਼ਣ ਕੀਤਾ। ਉਹ ਜਨਰਲ ਕੇਬਲ ਕੰਪਨੀ, ਡੈਸ ਪਲੇਨਜ਼ ਵਿਖੇ ਕੰਮ ਕਰਦੇ ਸਨ ਅਤੇ ਉਥੋਂ ਹੀ ਸੇਵਾਮੁਕਤ ਹੋਏ।

ਸ. ਗਿੱਧਾ ਸਥਾਨਕ ਸਿੱਖ ਭਾਈਚਾਰੇ ਦੇ ਸਰਗਰਮ ਮੈਂਬਰ ਸਨ ਅਤੇ ਉਹ ਜਿੱਥੇ ਪੈਲਾਟਾਈਨ ਗੁਰਦੁਆਰਾ ਸਾਹਿਬ ਦੀ ਧਾਰਮਿਕ ਸੋਸਾਇਟੀ ਦੇ ਕਾਰਜਕਾਰੀ ਬੋਰਡ ਵਿਚ ਸੇਵਾ ਕਰਦੇ ਰਹੇ ਉਥੇ ਹੀ 1980 ਦੇ ਦਹਾਕੇ ਦੇ ਅਖੀਰ ਵਿਚ ਇਸ ਦੇ ਪ੍ਰਧਾਨ ਵੀ ਰਹੇ। ਉਹ ਸੀਨੀਅਰ ਸਿਟੀਜ਼ਨਜ਼ ਵਲੋਂ ਬਣਾਈ ਗਈ ਸੰਸਥਾ 'ਆਸਾ' ਦੇ ਮੈਂਬਰ ਵੀ ਸਨ।

ਸਰਦਾਰ ਅਮੋਲਕ ਸਿੰਘ ਗਿੱਧਾ ਦਾ ਅੰਤਿਮ ਸੰਸਕਾਰ 21 ਫਰਵਰੀ, ਦਿਨ ਸ਼ਨਿਚਰਵਾਰ ਨੂੰ ਸਵੇਰੇ 11:00 ਤੋਂ ਬਾਅਦ ਦੁਪਹਿਰ 1:00 ਵਜੇ ਤੱਕ ਡੇਵਨਪੋਰਟ ਫੈਮਿਲੀ ਫਿਊਨਰਲ ਹੋਮ (941 S Old Rand Road, Lake Zurich, IL. 60047) ਵਿਚ ਹੋਵੇਗਾ। ਉਪਰੰਤ ਸਹਿਜ ਪਾਠ ਦਾ ਭੋਗ ਅਤੇ ਅੰਤਿਮ ਅਰਦਾਸ ਬਾਅਦ ਦੁਪਹਿਰ 2:00 ਵਜੇ ਤੋਂ ਸ਼ਾਮ 4:00 ਵਜੇ ਤੱਕ ਪੈਲਾਟਾਈਨ ਗੁਰਦੁਆਰਾ ਸਾਹਿਬ ਵਿਖੇ ਹੋਵੇਗੀ। ਅੰਤਿਮ ਸੰਸਕਾਰ ਸੇਵਾਵਾਂ ਜ਼ੂਮ 'ਤੇ ਲਾਈਵ ਸਟ੍ਰੀਮ ਕੀਤੀਆਂ ਜਾਣਗੀਆਂ।

ਪਰਿਵਾਰ ਨਾਲ ਦੁਖ ਸਾਂਝਾ ਕਰਨ ਲਈ ਜਾਂ ਹੋਰ ਵਧੇਰੇ ਜਾਣਕਾਰੀ ਲਈ ਮਹਿੰਦਰਜੀਤ ਸਿੰਘ ਸੈਣੀ ਨਾਲ ਫ਼ੋਨ ਨੰਬਰ 847-530-1374 ਜਾਂ ਈ-ਮੇਲ mjssaini@sbcglobal.net 'ਤੇ ਸੰਪਰਕ ਕੀਤਾ ਜਾ ਸਕਦਾ ਹੈ।



# ‘ਪੰਜਾਬੀ ਭਾਸ਼ਾ, ਸਾਹਿਤ ਅਤੇ ਪਰਵਾਸ’ ਬਾਰੇ ਸੈਮੀਨਾਰ

**ਅੰਮ੍ਰਿਤਸਰ:** ਉਪ-ਕੁਲਪਤੀ ਪ੍ਰੋ. (ਡਾ.) ਕਰਮਜੀਤ ਸਿੰਘ ਦੀ ਰਹਿਨੁਮਾਈ ਅਤੇ ਡਾ. ਮਨਜਿੰਦਰ ਸਿੰਘ, ਮੁਖੀ, ਪੰਜਾਬੀ ਅਧਿਐਨ ਸਕੂਲ ਦੀ ਅਗਵਾਈ ਹੇਠ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਦੇ ਪੰਜਾਬੀ ਅਧਿਐਨ ਸਕੂਲ ਵੱਲੋਂ ‘‘ਪੰਜਾਬੀ ਭਾਸ਼ਾ ਅਤੇ ਸਾਹਿਤ : ਪੰਜਾਬ ਤੋਂ ਪਰਵਾਸ ਤੱਕ’’ ਵਿਸ਼ੇ ‘ਤੇ ਵਿਸ਼ੇਸ਼ ਭਾਸ਼ਣ ਕਰਵਾਇਆ ਗਿਆ।



ਇਸ ਭਾਸ਼ਣ ਵਿਚ ਮੁੱਖ ਵਕਤਾ ਵਜੋਂ ਡਾ. ਜਸਵੀਰ ਗਿੱਲ (ਮੁੱਖ ਕਾਰਜਕਾਰੀ ਅਧਿਕਾਰੀ, ਅਲਰਟ ਇੰਟਰਪ੍ਰਾਈਜਜ਼, ਕੈਲੇਫੋਰਨੀਆ, ਯੂ.ਐਸ.ਏ.) ਅਤੇ ਵਿਸੇਸ਼ ਮਹਿਮਾਨ ਵਜੋਂ ਸ੍ਰੀ ਕੁਲਵੰਤ ਸੇਖੋਂ (ਪ੍ਰਧਾਨ, ਸਾਹਿਤ ਸਭਾ, ਸੈਂਟਰਲ ਵੈਲੀ, ਕੈਲੇਫੋਰਨੀਆ) ਹੋਰਾਂ ਨੇ ਸ਼ਿਰਕਤ ਕੀਤੀ। ਸਮੁੱਚੇ ਸਮਾਗਮ ਦੀ ਪ੍ਰਧਾਨਗੀ ਪ੍ਰੋ. ਮਨਜਿੰਦਰ ਸਿੰਘ, ਮੁਖੀ ਪੰਜਾਬੀ ਅਧਿਐਨ ਸਕੂਲ, ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਕੀਤੀ ਗਈ। ਵਿਭਾਗ ਦੇ ਮੁਖੀ ਪ੍ਰੋ. ਮਨਜਿੰਦਰ ਸਿੰਘ ਹੋਰਾਂ ਨੇ ਆਏ ਹੋਏ ਮਹਿਮਾਨਾਂ ਦਾ ਰਸਮੀ ਸੁਆਗਤ ਕਰਨ ਦੇ ਨਾਲ-ਨਾਲ ਇਹ ਦੱਸਿਆ ਕਿ ਡਾ. ਜਸਵੀਰ ਗਿੱਲ ਆਰਟੀਫਿਸ਼ੀਅਲ ਇੰਟੈਲੀਜੈਂਸ ਦੇ ਖੇਤਰ ਵਿਚ ਵਿਹਾਰਕ ਧਰਾਤਲ ਉੱਤੇ ਅਹਿਮ ਕਾਰਜ ਕਰਨ ਵਾਲੀ ਨਾਮਵਰ ਸ਼ਖ਼ਸੀਅਤ ਹਨ। ਪੰਜਾਬੀ ਭਾਸ਼ਾ ਅਤੇ ਸਾਹਿਤ ਵਿਚ ਉਹਨਾਂ ਦੀ ਵਿਸ਼ੇਸ਼ ਦਿਲਚਸਪੀ ਹੈ।

ਉਹਨਾਂ ਦੇ ਨਿਵੇਕਲੇ ਕਾਰਜ ਸਦਕਾ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਨੇ ਉਹਨਾਂ ਨੂੰ 15 ਜਨਵਰੀ, 2026 ਨੂੰ ਕਰਵਾਈ ਕਾਨਵੋਕੇਸ਼ਨ ਦੌਰਾਨ ਇੰਜਨੀਅਰਿੰਗ ਅਤੇ ਟਕਨਾਲੋਜੀ ਦੀ ਫੈਕਲਟੀ ਵਿਚ ਡਾਕਟਰ ਆਫ਼ ਇੰਜਨੀਅਰਿੰਗ ਦੀ ਆਨਰਜ਼ ਕਾਜ਼ਾ ਡਿਗਰੀ ਪ੍ਰਦਾਨ ਕੀਤੀ ਹੈ। ਇਸ ਉਪਰੰਤ ਡਾ. ਜਸਵੀਰ ਗਿੱਲ ਨੇ ਆਪਣੇ ਭਾਸ਼ਣ ਦੌਰਾਨ ਏ.ਆਈ. ਦੇ ਖੇਤਰ ਨਾਲ ਸਬੰਧਿਤ ਪੰਜਾਬੀ ਭਾਸ਼ਾ ਅਤੇ ਰੋਜ਼ਗਾਰ ਸਬੰਧੀ ਵਿਦਿਆਰਥੀਆਂ ਨੂੰ ਅਹਿਮ ਜਾਣਕਾਰੀ ਦਿੱਤੀ ਜਿਸ ਸਦਕਾ ਉਹ ਪੰਜਾਬੀ ਭਾਸ਼ਾ ਦੇ ਖੇਤਰ ਵਿਚ ਆਉਣ ਵਾਲੇ ਸਮੇਂ ਅੰਦਰ ਕਈ ਗੁਣਾਤਮਕ ਅਤੇ ਗਿਣਾਤਮਕ ਕਾਰਜ ਕਰਕੇ ਆਪਣੀ ਉਪਜੀਵਕਾ ਕਮਾ ਸਕਦੇ ਹਨ। ਉਹਨਾਂ ਨੇ ਪਰਵਾਸ ਨਾਲ ਸਬੰਧਿਤ ਆਪਣੇ ਅਨੁਭਵਾਂ ਨਾਲ ਲਬਰੇਜ਼ ਕੁਝ ਕਵਿਤਾਵਾਂ ਵੀ ਸਾਂਝੀਆਂ ਕੀਤੀਆਂ।

ਇਸ ਉਪਰੰਤ ਸਮਾਗਮ ਦੇ ਵਿਸ਼ੇਸ਼ ਮਹਿਮਾਨ ਪ੍ਰਸਿੱਧ ਪਰਵਾਸੀ ਕਵੀ ਸ਼੍ਰੀ ਕੁਲਵੰਤ ਸੇਖੋਂ ਹੋਰਾਂ ਨੇ ਵੀ ਪਰਵਾਸੀ ਤਜ਼ਰਬਿਆਂ ਨੂੰ ਆਪਣੀ ਕਵਿਤਾ ਦੇ ਮਾਧਿਅਮ ਰਾਹੀਂ ਪੇਸ਼ ਕੀਤਾ। ਸੰਵਾਦ ਦੀ ਸਮਾਪਤੀ ਉਪਰੰਤ ਵਿਦਿਆਰਥੀਆਂ/ਖੋਜਾਰਥੀਆਂ ਅਤੇ ਅਧਿਆਪਕਾਂ ਵੱਲੋਂ ਡਾ. ਜਸਵੀਰ ਗਿੱਲ ਹੋਰਾਂ ਨੂੰ ਪਰਵਾਸ ਨਾਲ ਸਬੰਧਿਤ ਕਈ ਪ੍ਰਸ਼ਨ ਵੀ ਕੀਤੇ ਗਏ ਜਿਸ ਨਾਲ ਭਾਸ਼ਣ ਵਿਚੋਂ ਪਰਵਾਸ ਸਬੰਧੀ ਨਵੀਆਂ ਅੰਤਰ-ਦ੍ਰਿਸ਼ਟੀਆਂ ਸਾਹਮਣੇ ਆਈਆਂ।

ਸਮਾਗਮ ਦੇ ਅੰਤ ਵਿਚ ਡਾ. ਬਲਜੀਤ ਕੌਰ ਰਿਆੜ ਨੇ ਰਸਮੀ ਤੌਰ ‘ਤੇ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ। ਸਮੁੱਚੇ ਪ੍ਰੋਗਰਾਮ ਵਿਚ ਮੰਚ ਸੰਚਾਲਨ ਦੀ ਭੂਮਿਕਾ ਡਾ. ਸਿਮਰਨਜੀਤ ਸਿੰਘ ਨੇ ਬਾਖ਼ੂਬੀ ਨਿਭਾਈ।

ਇਸ ਪ੍ਰੋਗਰਾਮ ਵਿਚ ਪੰਜਾਬੀ ਅਧਿਐਨ ਸਕੂਲ ਦੇ ਪ੍ਰੋਫੈਸਰ ਡਾ. ਮੇਘਾ ਸਲਵਾਨ, ਡਾ. ਹਰਿੰਦਰ ਕੌਰ ਸੋਹਲ, ਡਾ. ਰਾਜਵਿੰਦਰ ਕੌਰ, ਡਾ. ਕੰਵਲਜੀਤ ਕੌਰ, ਡਾ. ਹਰਿੰਦਰ ਸਿੰਘ ਤੁੜ, ਡਾ. ਕੰਵਲਦੀਪ ਕੌਰ, ਡਾ. ਅੰਜੂ ਬਾਲਾ, ਡਾ. ਸੁੱਖਪ੍ਰੀਤ ਕੌਰ ਹਾਜ਼ਰ ਹੋਏ ਜਦੋਂ ਕਿ ਯੂਨੀਵਰਸਿਟੀ ਦੇ ਵੱਖ-ਵੱਖ ਵਿਭਾਗਾਂ ਤੋਂ ਮਸਲਨ ਡਾ.ਹਸਨ ਰੇਹਾਨ ( ਉਰਦੂ ਵਿਭਾਗ), ਡਾ. ਵਿਸ਼ਾਲ ਭਾਰਦਵਾਜ ( ਸੰਸਕ੍ਰਿਤ ਵਿਭਾਗ), ਡਾ. ਸਲੋਨੀ (ਸੰਸਕ੍ਰਿਤ ਵਿਭਾਗ), ਡਾ. ਵਿਕਾਸ ਜੋਸ਼ੀ (ਸੰਸਕ੍ਰਿਤ ਵਿਭਾਗ), ਡਾ. ਕੁਲਦੀਪ ਸਿੰਘ (ਇੰਜਨੀਅਰਰਿੰਗ ਵਿਭਾਗ) ਹੋਰਾਂ ਸਮੇਤ ਪੰਜਾਬੀ ਵਿਭਾਗ ਦੇ ਸਮੂਹ ਖੋਜਾਰਥੀਆਂ ਅਤੇ ਵਿਦਿਆਰਥੀਆਂ ਨੇ ਭਰਵੀਂ ਹਾਜ਼ਰੀ ਭਰੀ।

## ਸ਼ੈਫ ਅਤੇ ਤੰਦੂਰੀਏ ਦੀ ਫੌਰੀ ਲੋੜ ਹੈ

**ਮਰਫਰੀਸਬੋਰੋ (ਟੈਨੇਸੀ) ਵਿਚ ਭਾਰਤੀ ਰੈਸਟੋਰੈਂਟ ਲਈ ਸ਼ੈਫ ਅਤੇ ਤੰਦੂਰੀਏ ਦੀ ਫੌਰੀ ਲੋੜ ਹੈ।**

*** ਚੰਗੀ ਤਨਖਾਹ ਅਤੇ ਮੁਫਤ ਰਿਹਾਇਸ਼ ਅਤੇ ਖਾਣਾ**

*** ਜੋੜੇ ਨੂੰ ਪਹਿਲ**

## Restaurant Help Wanted

**Immediately hiring Chef and Tandoori Chef for Indian restaurant in Murfreesboro, TN.**

***Good salary, free accommodation & Food. * Priority to Couples**

**ਸੰਪਰਕ ਕਰੋ: ਗੁਰਇਕਬਾਲ ਸਿੰਘ**

**Direct call or What’s up call 615-482-5158**

## ਇੰਡੀਅਨ ਰੈਸਟੋਰੈਂਟ ਲਈ ਫੌਰੀ ਵਰਕਰਾਂ ਦੀ ਲੋੜ ਹੈ

**ਅਇਓਵਾ ਸਟੇਟ ਵਿਚ ਇੰਡੀਅਨ ਰੈਸਟੋਰੈਂਟ ਵਿਚ ਕੰਮ ਕਰਨ ਵਾਲੇ ਤਜਰਬੇਕਾਰ ਵਰਕਰਾਂ ਦੀ ਲੋੜ ਹੈ।**

***ਚੰਗੀ ਤਨਖਾਹ, ਖਾਣਾ ਤੇ ਰਿਹਾਇਸ਼ ਫਰੀ**

**ਚਾਹਵਾਨ ਕਾਲ ਕਰੋ:**

**ਕਾਲ ਮਿ. ਸਿੰਘ**

**ਫੋਨ: 515-291-1961**

# Matrimonials

## ਲੜਕੇ ਦੀ ਲੋੜ ਹੈ

Jat Sikh family looking for a compatible US citizen match for their daughter, age 27, height 5’ 5". She has done Masters in computer and information system and working as a business system analyst at manufacturing company. Please contact us at 262-716-2016 or 262-716-5859 or Email- karan2@sbcglobal.net

Tonk Kshatri family is looking for a Gursikh, vegetarian match based in the US with comparable qualifications for their H1B visa holder Corporate Attorney daughter, age 29, height 5’ 3". She is working as a corporate Attorney in Wilmington, Delaware). Parents retired from Education Department, Punjab, brother is an immigration Attorney in New York. Caste no bar. Please contact us at +91 98763 00624

Jat Sikh Grewal family looking for a compatible match for their US born and raised sweet, homely MD working daughter, age 31, height 5’ 9", preferably US born and raised doctor or other compatible profession , height 6 plus. Please contact us at 414-737-8624 or E-Mail: ranigrewal72@gmail.com.

## ਲੜਕੀ ਦੀ ਲੋੜ ਹੈ

Gursikh Family is looking for a vegetarian amritdhari, family oriented GURSIKH singhnee who wears Keski (or is willing to do so) and is open to relocating to San Francisco Bay Area, USA. SINGH is 5’11', Amritdhari, 38 years old, well educated and is WELL SETTLED in the USA since 2009. Currently working as SENIOR software product leader in CALIFORNIA, USA. Singh is an innocent issueless divorcee(short marriage) and is looking for a fresh start. PREFERENCE will be given to North American match, but also open to sponsorship for the right match from other countries. For more details, DIAL us at +1 (510) 558-5650 or what’s app at +91 98993 79442 or email at: singhmat001@gmail.com 5-8

ਜੱਟ ਸਿੱਖ ਪਰਿਵਾਰ ਨੂੰ ਆਪਣੇ 25 ਸਾਲਾ ਯੂ ਐਸ ਸਿਟੀਜ਼ਨ ਲੜਕੇ ਲਈ ਪੜ੍ਹੀ-ਲਿਖੀ ਸੋਹਣੀ, ਸਿਆਣੀ ਅਤੇ ਪਰਿਵਾਰਕ ਲੜਕੀ ਦੀ ਲੋੜ ਹੈ। ਬੈਚੁਲਰ ਆਫ ਸਾਇੰਸ ਬਿਜ਼ਨਸ ਦੀ ਡਿਗਰੀ ਕਰਕੇ ਇਕ ਵਧੀਆ ਨਾਮੀ ਫਰਮ ਵਿਚ ਕੰਮ ਕਰ ਰਿਹਾ ਹੈ। ਕੱਦ 5'-8" ਇੰਚ ਹੈ, ਲੜਕੇ ਦਾ ਪੂਰਾ ਪਰਿਵਾਰ ਯੂ ਐਸ ਵਿਚ ਵੈੱਲ ਸੈਟਲਡ ਹੈ। ਪਰਿਵਾਰਕ ਅਤੇ ਯੂ.ਐਸ.ਏ. ਦੀ ਲੜਕੀ ਨੂੰ ਪਹਿਲ ਦਿਤੀ ਜਾਵੇਗੀ। ਚਾਹਵਾਨ ਸੰਪਰਕ ਕਰਨ: 847-845-4866

Ramgarhia Family seeks a suitable match for their USA Born and Raised Non-vegetarian 31 year 5’6.5" Gursikh son. PhD. & working as Chemical Analyst at Pfizer. Girl should be Gursikh and educated. Caste no bar. If you are interested please call us at 224-422-4773.

## SUPER TRAVEL

**847-676-9090, 773-465-5566**

*E-mail: supertravel2003@live.com*

**Lowest Fares With Excellent Service**

*United Airlines*
*British Airways*



*Etihad, Air India, KLM, Lufthansa, Delta, Qatar Airlines.*

**For Emergency Call anytime at 847-436-9010**

**EARLY BIRD SALE!!!!**

**Domestic fares available**



## UMA TRAVELS

**2541 W. Devon Ave., Chicago, IL 60659**

**For Delhi Amritsar-Bombay Ahmedabad, Hydrabad-Madras**

**Call For Special Sale Fares**

**Call: 773-338-5603**

# ਭਾਜਪਾ ਨੇ ਹਲਕਿਆਂ ਲਈ ਲਗਾਏ ਇੰਚਾਰਜਾਂ ਦੀ ਸੂਚੀ ਲਈ ਵਾਪਸ

## ਵਿਰੋਧ ਮਗਰੋਂ ਇੰਟਰਨੈੱਟ ਮੀਡੀਆ 'ਤੇ ਜਾਰੀ ਕੀਤੀ ਗਈ ਸੂਚੀ ਹਟਾਈ

**ਚੰਡੀਗੜ੍ਹ:**ਭਾਜਪਾ ਦੇ ਮੀਤ ਪ੍ਰਧਾਨ ਅਤੇ ਸੰਗਰੂਰ ਤੋਂ ਪਾਰਟੀ ਦੇ ਸੀਨੀਅਰ ਆਗੂ ਅਰਵਿੰਦ ਖੰਨਾ ਵੱਲੋਂ ਪਾਰਟੀ ਛੱਡ ਕੇ ਸ਼੍ਰੋਮਣੀ ਅਕਾਲੀ ਦਲ 'ਚ ਸ਼ਾਮਲ ਹੋਣ ਦਾ ਫੈਸਲਾ ਹਾਲੇ ਕਿਸੇ ਨੂੰ ਵੀ ਚੰਗਾ ਨਹੀਂ ਲੱਗ ਰਿਹਾ ਸੀ ਕਿ ਹੁਣ ਕਈ ਹੋਰ ਵਿਧਾਨ ਸਭਾ ਸਰਕਲਾਂ ਦੇ ਇੰਚਾਰਜਾਂ ਨੇ ਵੀ ਪਾਰਟੀ ਮੁਖੀ ਨਾਲ ਨਾਰਾਜ਼ਗੀ ਪ੍ਰਗਟਾਈ ਹੈ। ਕੱਲ੍ਹ ਪਾਰਟੀ ਦੇ ਇੰਟਰਨੈੱਟ ਮੀਡੀਆ ਦੇ ਅਧਿਕਾਰਤ ਪੇਜ 'ਤੇ ਮੋਗਾ ਰੈਲੀ ਲਈ ਵਿਧਾਨ ਸਭਾ ਸਰਕਲ ਇੰਚਾਰਜ ਦੀ ਡਿਊਟੀ ਲਗਾਈ ਗਈ ਸੀ, ਪਰ ਇਸ 'ਚ ਕਈ ਨਾਂ ਸਨ, ਜਿਨ੍ਹਾਂ ਨੂੰ ਜਾਂ ਤਾਂ ਬਦਲ ਦਿੱਤਾ ਗਿਆ ਸੀ ਜਾਂ ਉਨ੍ਹਾਂ ਨੂੰ ਕੁਝ ਹੋਰ ਵਿਧਾਨ ਸਭਾ ਹਲਕਿਆਂ ਦੀ ਜ਼ਿੰਮੇਵਾਰੀ ਦਿੱਤੀ ਗਈ ਸੀ, ਜਿਸ ਨਾਲ ਭਾਜਪਾ ਨੇਤਾਵਾਂ 'ਚ ਕਾਫੀ ਨਾਰਾਜ਼ਗੀ ਫੈਲ ਗਈ ਸੀ। ਇਸ ਨਾਰਾਜ਼ਗੀ ਦੇ ਮੱਦੇਨਜ਼ਰ ਪਾਰਟੀ ਨੇ ਨੇ ਇਹ ਸੂਚੀ ਵਾਪਸ ਲੈ ਲਈ ਹੈ।

ਪਾਰਟੀ ਦੇ ਸੂਤਰਾਂ ਨੇ ਦੱਸਿਆ ਕਿ ਮੋਗਾ ਦੀ ਰੈਲੀ ਨੂੰ ਧਿਆਨ 'ਚ ਰੱਖ ਕੇ ਸਾਰੇ 117 ਵਿਧਾਨ ਸਭਾ ਹਲਕਿਆਂ ਦੀਆਂ ਸੀਟਾਂ ਦੇ ਇੰਚਾਰਜਾਂ ਨੂੰ ਡਿਊਟੀ ਦਿੱਤੀ ਗਈ ਹੈ। ਸਭ ਤੋਂ ਵੱਧ ਵਿਰੋਧ ਫਤੇਹਜੰਗ ਸਿੰਘ ਬਾਜਵਾ ਵੱਲੋਂ ਕੀਤਾ ਗਿਆ ਦੱਸਿਆ ਜਾਂਦਾ ਹੈ। ਫਤਿਹ ਬਾਜਵਾ, ਜਿਨ੍ਹਾਂ ਨੇ 2022 ਦਾ ਚੋਣ ਬਟਾਲਾ ਤੋਂ ਲੜਿਆ ਸੀ, ਨੂੰ ਕਦੀਆਂ ਦਾ ਇੰਚਾਰਜ ਦਿਖਾਇਆ ਗਿਆ ਹੈ, ਜਿੱਥੋਂ ਉਹਨਾਂ ਦੇ ਭਰਾ ਅਤੇ ਕਾਂਗਰਸ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਚੋਣ ਲੜਦੇ ਹਨ। ਬਟਾਲਾ ਤੋਂ ਅਸ਼ਵਨੀ ਸੇਖੜੀ ਨੂੰ ਇੰਚਾਰਜ ਦੱਸਿਆ ਗਿਆ ਹੈ। ਇਸੇ ਤਰ੍ਹਾਂ ਮੁਕਤਸਰ ਦੇ ਇੰਚਾਰਜ ਰਾਜੇਸ਼ ਪਠੇਲਾ ਦੀ ਥਾਂ ਹੁਣ ਅਸ਼ੋਕ ਭਾਰਤੀ ਦਾ ਨਾਂ ਦਿਖਾਇਆ ਜਾ ਰਿਹਾ ਹੈ। ਇਸੇ ਤਰ੍ਹਾਂ ਰਾਜਪੁਰਾ ਤੋਂ ਚੋਣ ਲੜਨ ਵਾਲੇ ਜੱਗਾ ਦੀ ਥਾਂ ਹੁਣ ਐੱਸਕੇ ਦੇਵ ਦਾ ਨਾਂ ਦਿਸ ਰਿਹਾ ਹੈ।

**ਪਾਰਟੀ ਦੇ ਸੂਤਰਾਂ ਨੇ ਦੱਸਿਆ ਕਿ ਮੋਗਾ ਦੀ ਰੈਲੀ ਨੂੰ ਧਿਆਨ 'ਚ ਰੱਖ ਕੇ ਸਾਰੇ 117 ਵਿਧਾਨ ਸਭਾ ਹਲਕਿਆਂ ਦੀਆਂ ਸੀਟਾਂ ਦੇ ਇੰਚਾਰਜਾਂ ਨੂੰ ਡਿਊਟੀ ਦਿੱਤੀ ਗਈ ਹੈ। ਸਭ ਤੋਂ ਵੱਧ ਵਿਰੋਧ ਫਤੇਹਜੰਗ ਸਿੰਘ ਬਾਜਵਾ ਵੱਲੋਂ ਕੀਤਾ ਗਿਆ ਦੱਸਿਆ ਜਾਂਦਾ ਹੈ।**

ਖਰੜ ਤੋਂ ਚੋਣ 'ਚ ਉਤਰਨ ਵਾਲੇ ਕਮਲਦੀਪ ਸਿੰਘ ਸੈਣੀ ਨੂੰ ਸ੍ਰੀ ਅਨੰਦਪੁਰ ਸਾਹਿਬ ਦਾ ਇੰਚਾਰਜ ਦਿਖਾਇਆ ਗਿਆ। ਹੈ ਜਦਕਿ ਹਾਲ ਹੀ 'ਚ ਸ਼ਿਰੋਮਣੀ ਅਕਾਲੀ ਦਲ ਤੋਂ ਭਾਜਪਾ 'ਚ ਸ਼ਾਮਿਲ ਹੋਏ ਰਣਜੀਤ ਸਿੰਘ ਗਿੱਲ ਨੂੰ ਖਰੜ ਦਾ ਇੰਚਾਰਜ ਬਣਾਇਆ ਗਿਆ ਹੈ।ਇਸੇ ਤਰ੍ਹਾਂ ਦੀ ਧੂਰੀ ਵਿਧਾਨ ਸਭਾ ਹਲਕੇ 'ਚ ਓਂਕਾਰ ਸਿੰਘ, ਜੋ ਹਾਲ ਹੀ ਵਿੱਚ ਆਮ ਆਦਮੀ ਪਾਰਟੀ ਤੋਂ ਭਾਜਪਾ 'ਚ ਸ਼ਾਮਲ ਹੋਏ ਮੁੱਖ ਮੰਤਰੀ ਦੇ ਓਐੱਸਡੀ ਸਨ, ਦਿਖਾਈ ਦੇ ਰਹੇ ਹਨ, ਜਦੋਂ ਕਿ ਇਸ ਸੀਟ 'ਤੇ ਰਣਦੀਪ ਦਿਓਲ ਚੋਣ ਲੜ ਚੁੱਕੇ ਸਨ। ਫਰੀਦਕੋਟ 'ਚ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਕਰੀਬੀ ਸਾਥੀ ਸੰਨੀ ਬਰਾੜ ਨੂੰ ਦਿਖਾਇਆ ਜਾ ਰਿਹਾ ਹੈ, ਜਦਕਿ ਫਰੀਦਕੋਟ ਦੇ ਜ਼ਿਲ੍ਹਾ ਮੁਖੀ ਗੌਰਵ ਦਾ ਨਾਂ ਨਜ਼ਰ ਨਹੀਂ ਆ ਰਿਹਾ।

ਮੋਹਾਲੀ ਤੋਂ ਚੋਣ ਲੜਨ ਵਾਲੇ ਸੰਜੀਵ ਵਸ਼ਿਸ਼ਟ ਦੀ ਥਾਂ ਡਾ ਸੁਭਾਸ਼ ਸ਼ਰਮਾ ਨੂੰ ਨਿਯੁਕਤ ਕੀਤਾ ਗਿਆ ਹੈ, ਜੋ ਪਾਰਟੀ ਦੇ ਉਪ ਪ੍ਰਧਾਨ ਵੀ ਹਨਢ। ਅਜਿਹੇ ਹੋਰ ਵੀ ਕਈ ਨਾਂ ਹਨ ਜਿਨ੍ਹਾਂ ਕਾਰਨ ਪਾਰਟੀ ਆਗੂਆਂ 'ਚ ਕਾਫੀ ਨਾਰਾਜ਼ਗੀ ਹੈ। ਉਨ੍ਹਾਂ ਨੇ ਪਾਰਟੀ ਦੇ ਕਾਰਜਕਾਰੀ ਪ੍ਰਧਾਨ ਅਸ਼ਵਨੀ ਸ਼ਰਮਾ ਅਤੇ ਪ੍ਰਧਾਨ ਸੁਨੀਲ ਜਾਖੜ ਨਾਲ ਵੀ ਨਾਰਾਜ਼ਗੀ ਪ੍ਰਗਟਾਈ ਹੈ।

# ਸ੍ਰੀ ਦਰਬਾਰ ਸਾਹਿਬ ਦੀ ਏ.ਆਈ. ਵੀਡੀਓ ਮਾਮਲੇ 'ਚ ਪਰਚਾ



**ਅੰਮ੍ਰਿਤਸਰ:**ਏ.ਆਈ. ਤਕਨੀਕ ਨਾਲ ਤਿਆਰ ਕੀਤੀ ਸ੍ਰੀ ਹਰਿਮੰਦਰ ਸਾਹਿਬ ਦੀ ਪਰਿਕਰਮਾ 'ਚ ਸਕੋਰਪੀਓ 'ਚ ਬੈਠ ਕੇ ਜਾਣ ਦੀ ਲੜਕੇ ਵੱਲੋਂ ਏ.ਆਈ ਨਾਲ ਬਣਾਈ ਵੀਡੀਓ ਵਾਈਰਲ ਹੋਣ ਮਗਰੋਂ ਸ਼੍ਰੋਮਣੀ ਕਮੇਟੀ ਦੇ ਸਕੱਤਰ ਨੇ ਪੁਲਿਸ ਨੂੰ ਸ਼ਿਕਾਇਤ ਦੇ ਕੇ ਪਰਚਾ ਦਰਜ ਕਰਵਾਇਆ ਸੀ।

ਪੁਲਿਸ ਅਤੇ ਸਾਈਬਰ ਕਰਾਇਮ ਵੱਲੋਂ ਇਸ ਵੀਡੀਓ ਨੂੰ ਬਣਾਉਣ ਵਾਲੇ ਖ਼ਿਲਾਫ਼ ਐੱਫਆਈਆਰ ਦਰਜ ਕੀਤੀ ਗਈ ਹੈ। ਏਸੀਪੀ ਸੈਂਟਰਲ ਜਸਪਾਲ ਸਿੰਘ ਨੇ ਦੱਸਿਆ ਕਿ ਇਹ ਵੀਡੀਓ ਕਾਫੀ ਪੁਰਾਣੀ ਹੈ ਅਤੇ ਇਸ ਸਬੰਧੀ ਕੇਸ ਪਹਿਲਾਂ ਹੀ ਦਰਜ ਹੋ ਚੁੱਕਾ ਹੈ। ਸ਼੍ਰੋਮਣੀ ਕਮੇਟੀ ਦੇ ਸਕੱਤਰ ਪ੍ਰਤਾਪ ਸਿੰਘ ਨੇ ਕਿਹਾ ਕਿ ਇਸ ਤਰ੍ਹਾਂ ਦੀਆਂ ਕਾਰਵਾਈਆਂ ਕਰਨ ਵਾਲਿਆਂ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇ ਤਾਂ ਜੋ ਭਵਿੱਖ ਵਿਚ ਕੋਈ ਇਸ ਤਰ੍ਹਾਂ ਦੀ ਹਰਕਤ ਕਰਨ ਦੀ ਕੋਸ਼ਿਸ਼ ਵੀ ਨਾ ਕਰੇ।

## 'ਆਪ' ਦੀ ਪਿੰਡ ਬਚਾਓ ਕਮੇਟੀ ਦਾ ਮੈਂਬਰ ਦੇਸੀ ਸ਼ਰਾਬ ਸਮੇਤ ਗ੍ਰਿਫ਼ਤਾਰ

**ਅੰਮ੍ਰਿਤਸਰ:**ਮਾਨ ਸਰਕਾਰ ਵਲੋਂ ਪੰਜਾਬ ਵਿਚ ਚਲਾਈ ਜਾ ਰਹੀ ਮੁਹਿੰਮ 'ਯੁੱਧ ਨਸ਼ਿਆਂ ਵਿਰੁੱਧ' ਨੂੰ ਵੱਡੀ ਸਫਲਤਾ ਮਿਲੀ ਹੈ। ਪੰਜਾਬ ਸਰਕਾਰ ਵੱਲੋਂ ਬਣਾਈ ਗਈ ਪਿੰਡ ਬਚਾਓ ਕਮੇਟੀ ਦੇ 'ਆਪ' ਮੈਂਬਰ ਰੇਸ਼ਮ ਸਿੰਘ ਨੂੰ 800 ਬੋਤਲਾਂ ਦੇਸੀ ਸ਼ਰਾਬ ਅਤੇ ਗੱਡੀ ਸਮੇਤ ਗ੍ਰਿਫ਼ਤਾਰ ਕੀਤਾ ਗਿਆ ਹੈ। ਪੁਲੀਸ ਨੇ ਰੇਸ਼ਮ ਸਿੰਘ ਨੂੰ ਗ੍ਰਿਫ਼ਤਾਰ ਕਰਕੇ ਐਫ.ਆਈ.ਆਰ ਦਰਜ ਕਰ ਲਈ ਹੈ। ਇਸ ਮੌਕੇ ਵਿਧਾਇਕ ਕੁਲਦੀਪ ਧਾਲੀਵਾਲ ਨੇ ਕਿਹਾ ਕਿ ਨਸ਼ੇ ਖਿਲਾਫ ਹਰ ਕਿਸੇ ਖਿਲਾਫ ਕਾਰਵਾਈ ਕੀਤੀ ਜਾਵੇਗੀ ਚਾਹੇ ਉਹ ਸਾਡੇ ਆਪਣੇ ਹੋਣ ਜਾਂ ਪਰਾਏ।

# ਸਾਰੇ ਦੇਸ਼ਾਂ ਲਈ ਏ.ਆਈ. ਦੀ ਸਹੂਲਤ ਯਕੀਨੀ ਬਣਾਉਣਾ ਭਾਰਤ ਦਾ ਟੀਚਾ




**ਨਵੀਂ ਦਿੱਲੀ:**ਨਵੀਂ ਦਿੱਲੀ 'ਚ ਸੋਮਵਾਰ ਤੋਂ ਪੰਜ ਦਿਨਾ ਆਰਟੀਫੀਸ਼ਿਅਲ ਇੰਟੈਲੀਜੈਂਸ (ਏਆਈ) ਦੇ ਮਹਾਕੁੰਭ ਦੀ ਸ਼ੁਰੂਆਤ ਹੋ ਗਈ ਹੈ। ਇਸ ਏ.ਆਈ. ਇੰਪੈਕਟ ਸਮਿਟ 'ਚ ਦੁਨੀਆ ਭਰ ਦੇ ਆਗੂ, ਸਟਾਰਟਅਪ, ਇਨੋਵੇਟਰ ਤੇ ਰਿਸਰਚਰ ਹਿੱਸਾ ਲੈਣ ਜਾ ਰਹੇ ਹਨ। ਸਾਲ 2023 'ਚ ਨਵੀਂ ਦਿੱਲੀ 'ਚ ਕਰਵਾਏ ਜੀ-20 ਸਮਿਟ 'ਚ ਭਾਰਤ ਨੇ ਗਲੋਬਲ ਸਾਊਥ ਭਾਵ ਦੁਨੀਆ ਦੇ ਗ਼ਰੀਬ ਅਤੇ ਵਿਕਾਸਸ਼ੀਲ ਦੇਸ਼ਾਂ ਨੂੰ ਬਰਾਬਰ ਦੀ ਵਿੱਤੀ ਸਹੂਲਤ ਲਈ ਆਵਾਜ਼ ਚੁੱਕੀ ਸੀ।ਇਸ ਵਾਰ ਭਾਰਤ ਦੁਨੀਆ ਦੇ ਅਮੀਰ-ਗ਼ਰੀਬ ਸਾਰੇ ਦੇਸ਼ਾਂ ਨੂੰ ਏਆਈ ਦਾ ਲਾਭ ਯਕੀਨੀ ਬਣਾਉਣ ਦੀ ਜ਼ਿੰਮੇਵਾਰੀ ਉਠਾਉਣ ਜਾ ਰਿਹਾ ਹੈ। ਭਾਰਤ ਦੀ ਕੋਸ਼ਿਸ਼ ਹੈ ਕਿ ਦੁਨੀਆ 'ਚ ਅਜਿਹੇ ਜਮਹੂਰੀ ਏਆਈ ਦਾ ਨਿਰਮਾਣ ਕੀਤਾ ਜਾਵੇ ਜੋ ਸਭ ਲਈ ਫ਼ਾਇਦੇਮੰਦ ਤੇ ਸੁਰੱਖਿਅਤ ਹੋਵੇ। ਏਆਈ ਇੰਪੈਕਟ ਸਮਿਟ ਦਾ ਮੁੱਖ ਨਾਅਰਾ 'ਸਰਵਜਨ ਹਿਤਾਏ, ਸਰਵਜਨ ਸੁਖਾਏ ਰੱਖਿਆ ਗਿਆ ਹੈ। ਭਾਰਤ ਨੇ ਏਆਈ ਸਬੰਧੀ ਆਪਣੀ ਜੋ ਨੀਤੀ ਬਣਾਈ ਹੈ, ਉਸ ਦਾ ਟੀਚਾ ਵੀ ਏਆਈ ਦੀ ਵਰਤੋਂ ਸਭ ਦੀ ਭਲਾਈ ਲਈ ਕਰਨਾ ਹੈ ਤੇ ਇਸ ਲਾਭ ਤੋਂ ਕੋਈ ਵਾਂਝਾ ਨਾ ਰਹਿ ਜਾਵੇ, ਇਸ ਦਾ ਵੀ ਧਿਆਨ ਰੱਖਣਾ ਹੈ। ਦੁਨੀਆ ਦੀ ਇਸ ਸਭ ਤੋਂ ਵੱਡੀ ਏਆਈ ਇੰਪੈਕਟ ਸਮਿਟ ਦੇ ਪ੍ਰਬੰਧਕ ਇਲੈਕਟ੍ਰਾਨਿਕਸ ਅਤੇ ਆਈਟੀ ਮੰਤਰਾਲੇ ਦੇ ਸਕੱਤਰ ਐੱਸ. ਕ੍ਰਿਸ਼ਨਨ ਨੇ ਦੱਸਿਆ ਕਿ ਅਸੀਂ ਦੁਨੀਆ ਨੂੰ ਤੇ ਆਮ ਲੋਕਾਂ ਤੱਕ ਇਸ ਦੇ ਫ਼ਾਇਦੇ ਤੇ ਅਸਰ ਨੂੰ ਪਹੁੰਚਾਉਣਾ ਅਸਾਨ ਹੋ ਸਕਦਾ ਹੈ। ਸਿਖਰ ਸੰਮੇਲਨ ਦੀ ਅਹਿਮੀਅਤ ਇਸੇ ਗੱਲ ਵਿਚ ਸਮਝੀ ਜਾ ਸਕਦੀ ਹੈ ਕਿ ਇਸ ਵਿਚ ਕਈ ਮੁਲਕਾਂ ਦੇ ਪੈਵੇਲੀਅਨ ਸ਼ਾਮਲ ਹੋਣਗੇ।ਭਾਰਤ ਇਹ ਵੀ ਚਾਹੁੰਦਾ ਹੈ ਕਿ ਭਾਰਤ ਸਮੇਤ ਸਾਰੇ ਗ਼ਰੀਬ ਦੇਸ਼ਾਂ ਦੇ ਵਿਕਾਸ ਦੇ ਨਾਲ ਦੁਨੀਆ ਦੇ ਅਰਥਚਾਰੇ 'ਤੇ ਏਆਈ ਦਾ ਸਕਾਰਾਤਮਕ ਅਸਰ ਪਵੇ। ਹਾਲਾਂਕਿ ਅਮਰੀਕਾ, ਚੀਨ ਵਰਗੇ ਦੇਸ਼ ਆਪਣਾ ਏਆਈ ਮਾਡਲ ਲਾਂਚ ਕਰ ਚੁੱਕੇ ਹਨ ਤੇ ਫ਼ਿਲਹਾਲ ਦੁਨੀਆ ਉਨ੍ਹਾਂ ਦੇ ਮਾਡਲ ਨੂੰ ਹੀ ਅਪਣਾਅ ਰਹੀ ਹੈ। ਆਈਟੀ ਮੰਤਰਾਲੇ ਦਾ ਕਹਿਣਾ ਹੈ ਕਿ ਭਾਰਤ ਦੁਨੀਆ ਲਈ ਭਰੋਸੇਮੰਦ ਏਆਈ ਲਿਆਉਣਾ ਚਾਹੁੰਦਾ ਹੈ ਤੇ ਅਜਿਹਾ ਹੀ ਮਾਡਲ ਅਸੀਂ ਇਸ ਸਮਿਟ 'ਚ ਲਾਂਚ ਕਰਨ ਜਾ ਰਹੇ ਹਾਂ।

### ਮੋਦੀ ਨੇ ਕੀਤਾ ਉਦਘਾਟਨ




ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸੋਮਵਾਰ ਨੂੰ ਇੰਡੀਆ ਏਆਈ ਇੰਪੈਕਟ ਐਕਸਪੋ ਦਾ ਉਦਘਾਟਨ ਕੀਤਾ। ਇਸ 'ਚ ਅਤਿ- ਆਧੁਨਿਕ ਸਮਰੱਥਾ ਵਾਲੇ 600 ਤੋਂ ਵੱਧ ਸਟਾਰਟਅਪ ਤੇ 13 ਦੇਸ਼ਾਂ ਦੇ ਪੇਵੇਲੀਅਨ ਸ਼ਾਮਲ ਹਨ ਜੋ ਏਆਈ ਈਕੋਸਿਸਟਮ 'ਚ ਅੰਤਰਰਾਸ਼ਟਰੀ ਸਹਿਯੋਗ ਦਿਖਾ ਰਹੇ ਹਨ। ਮੋਦੀ ਨੇ ਵੱਖ-ਵੱਖ ਸਟਾਲਾਂ ਦਾ ਦੌਰਾ ਕੀਤਾ ਤੇ ਐਕਸਪੋ 'ਚ ਹਿੱਸਾ ਲੈਣ ਵਾਲੀਆਂ ਕੰਪਨੀਆਂ ਤੇ ਸਟਾਰਟਅਪ ਨਾਲ ਗੱਲ ਕੀਤੀ। ਉਨ੍ਹਾਂ ਨੂੰ ਕੰਪਨੀ ਦੇ ਨੁਮਾਇੰਦਿਆਂ ਤੋਂ ਸਵਾਲ ਪੁੱਛਦੇ ਹੋਏ ਦੇਖਿਆ ਗਿਆ। ਪ੍ਰਧਾਨ ਮੰਤਰੀ ਨੇ ਨੁਮਾਇੰਦਿਆਂ ਨਾਲ ਗੱਲਬਾਤ ਕਰਦੇ ਹੋਏ ਵੱਖ-ਵੱਖ ਸਟਾਲਾਂ 'ਤੇ ਕਈ ਮਿੰਟ ਬਿਤਾਏ।

# ਪੰਜਾਬ ਦਾ ਇਕ ਹੋਰ ਨਿੱਜੀ ਥਰਮਲ ਪਲਾਂਟ ਵਿਕਿਆ, ਟਾਰੈਂਟ ਖ਼ਰੀਦੇਗਾ

**ਚੰਡੀਗੜ੍ਹ:**ਸ੍ਰੀ ਗੋਇੰਦਵਾਲ ਸਾਹਿਬ 'ਚ ਬਣੇ ਜੀਵੀਕੇ ਥਰਮਲ ਪਲਾਂਟ ਦੇ ਵੇਚੇ ਜਾਣ ਤੋਂ ਬਾਅਦ ਹੁਣ ਰਾਜਪੁਰਾ ਸਥਿਤ ਲਾਰਸਨ ਐਂਡ ਟਰਬੋ (ਐਲਐਂਡਟੀ) ਕੰਪਨੀ ਦਾ ਨਾਭਾ ਪਾਵਰ ਪਲਾਂਟ ਵੀ ਵੇਚ ਦਿੱਤਾ ਗਿਆ ਹੈ। ਬਿਜਲੀ ਖੇਤਰ ਦੀ ਵੱਡੀ ਕੰਪਨੀ ਟਾਰੈਂਟ ਪਾਵਰ ਇਸਨੂੰ 6,889 ਕਰੋੜ ਰੁਪਏ 'ਚ ਖਰੀਦੇਗੀ। ਇਸ ਸਬੰਧ 'ਚ ਅੱਜ ਕੰਪਨੀ ਵੱਲੋਂ ਜਾਣਕਾਰੀ ਦਿੱਤੀ ਗਈ ਹੈ। 1,320 ਮੈਗਾਵਾਟ ਸਮਰੱਥਾ ਵਾਲੇ ਸੁਪਰਕ੍ਰਿਟੀਕਲ ਥਰਮਲ ਪਲਾਂਟ ਦੇ ਲੰਮੇ ਸਮੇਂ ਤੋਂ ਵੇਚੇ ਜਾਣ ਦੀ ਚਰਚਾ ਚੱਲ ਰਹੀ ਸੀ। ਟਾਰੈਂਟ ਪਾਵਰ ਦਾ ਦਾਅਵਾ ਹੈ ਕਿ ਇਸ ਨਾਲ ਉਹਨਾਂ ਦੀ ਬਿਜਲੀ ਉਤਪਾਦਨ ਸਮਰੱਥਾ 'ਚ ਵਾਧਾ ਹੋਵੇਗਾ।



ਮੌਜੂਦਾ ਸਮੇਂ 'ਚ ਕੰਪਨੀ ਦੀ ਚਲਾਉਣ ਸਮਰੱਥਾ 5 ਗੀਗਾਵਾਟ ਹੈ, ਜੋ ਇਸ ਸੌਦੇ ਦੇ ਪੂਰਾ ਹੋਣ ਤੋਂ ਬਾਅਦ ਵਧ ਕੇ 6.4 ਗੀਗਾਵਾਟ ਹੋ ਜਾਏਗੀ। ਅਧਿਕਾਰਕ ਬਿਆਨ ਮੁਤਾਬਕ, ਵਿੱਤੀ ਸਾਲ 2024-25 'ਚ ਇਸ ਪਲਾਂਟ ਨੇ 4,866 ਕਰੋੜ ਰੁਪਏ ਦੀ ਆਮਦਨ ਕੀਤੀ ਸੀ। ਪਲਾਂਟ ਦੀ ਕਾਰਗੁਜ਼ਾਰੀ ਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਇਸ ਦੀ 'ਪਲਾਂਟ ਉਪਲਬਧਤਾ 95.36 ਫੀਸਦ ਰਹੀ ਹੈ। 2007 ਤੋਂ ਬਾਅਦ, ਪੰਜਾਬ 'ਚ ਤਿੰਨ ਥਰਮਲ ਪਲਾਂਟ ਸਨ, ਪਹਿਲਾ 1980 ਮੈਗਾਵਾਟ ਦੀ ਸਮਰੱਥਾ ਵਾਲਾ ਤਲਵੰਡੀ ਸਾਬੋ ਥਰਮਲ ਪਲਾਂਟ, ਗੋਇੰਦਵਾਲ ਸਾਹਿਬ ਵਿਖੇ 540 ਮੈਗਾਵਾਟ ਦੀ ਸਮਰੱਥਾਵਾਲਾ ਜੀਵੀਕੇ ਥਰਮਲ ਪਲਾਂਟ ਅਤੇ ਰਾਜਪੁਰਾ ਵਿਖੇ 1,320 ਮੈਗਾਵਾਟ ਦੀ ਸਮਰੱਥਾ ਵਾਲਾ ਤੀਜਾ ਐਲਐਂਡਟੀ ਥਰਮਲ ਪਲਾਂਟ ਸੀ। ਇਨ੍ਹਾਂ ਤਿੰਨਾਂ ਥਰਮਲ ਪਲਾਂਟਾਂ ਨੂੰ ਲੈ ਕੇ ਰਾਜਨੀਤਿਕ ਤੌਰ 'ਤੇ ਬਹੁਤ ਵਿਵਾਦ ਹੋਇਆ ਹੈ।

ਸ਼੍ਰੋਮਣੀ ਅਕਾਲੀ ਦਲ-ਭਾਜਪਾ ਸਰਕਾਰ ਵੱਲੋਂ ਸਥਾਪਤ ਕੀਤੇ ਗਏ ਇਨ੍ਹਾਂ ਤਿੰਨ ਥਰਮਲ ਪਲਾਂਟਾਂ ਬਾਰੇ ਪਹਿਲਾਂ ਕਾਂਗਰਸ ਅਤੇ ਬਾਅਦ 'ਚ ਆਮ ਆਦਮੀ ਪਾਰਟੀ ਨੇ ਦੋਸ਼ ਲਾਇਆ ਕਿ ਇਨ੍ਹਾਂ ਥਰਮਲ ਪਲਾਂਟਾਂ ਨੂੰ ਨਿੱਜੀ ਖੇਤਰ ਨੂੰ ਲਾਭ ਪਹੁੰਚਾਉਣ ਲਈ ਪੈਸੇ ਦਿੱਤੇ ਜਾਂਦੇ ਹਨ ਭਾਵੇਂ ਕਿ ਇਨ੍ਹਾਂ ਥਰਮਲ ਪਲਾਂਟਾਂ ਤੋਂ ਪੈਦਾ ਹੋਈ ਬਿਜਲੀ ਦੀ ਵਰਤੋਂ ਨਹੀਂ ਕੀਤੀ ਜਾਂਦੀ। ਹਰ ਵਾਰ ਇਹ ਵੀ ਦਾਅਵਾ ਕੀਤਾ ਜਾਂਦਾ ਸੀ ਕਿ ਇਨ੍ਹਾਂ ਥਰਮਲ ਪਲਾਂਟਾਂ ਦੇ ਸੱਤਾ 'ਚ ਆਉਣ 'ਤੇ ਉਨ੍ਹਾਂ ਨਾਲ ਹੋਏ ਸਮਝੌਤੇ ਰੱਦ ਕਰ ਦਿੱਤੇ ਜਾਣਗੇ ਪਰ 2017 'ਚ ਕਾਂਗਰਸ ਅਤੇ 2022 'ਚ ਆਮ ਆਦਮੀ ਪਾਰਟੀ ਦੀ ਸਰਕਾਰ ਬਣੀ, ਪਰ ਇਹ ਸਮਝੌਤੇ ਰੱਦ ਨਹੀਂ ਕੀਤੇ ਗਏ। ਹਾਲਾਂਕਿ, 2024 'ਚ, ਆਮ ਆਦਮੀ ਪਾਰਟੀ ਸਰਕਾਰ ਨੇ ਸ੍ਰੀ ਗੋਇੰਦਵਾਲ ਸਾਹਿਬ ਵਿਖੇ ਜੀਵੀਕੇ ਥਰਮਲ ਪਲਾਂਟ ਹਾਸਲ ਕਰ ਲਿਆ।

# ਚੋਣ ਕਮਿਸ਼ਨ ਆਪ ਦੀ ਰੈਲੀ 'ਚ ਫੰਡਾਂ ਦਾ ਨੋਟਿਸ ਲੈਣ: ਚੀਮਾ



**ਚੰਡੀਗੜ੍ਹ:**ਸ਼੍ਰੋਮਣੀ ਅਕਾਲੀ ਦਲ ਨੇ ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਅਤੇ ਭਾਰਤ ਦੇ ਚੋਣ ਕਮਿਸ਼ਨ ਤੋ ਆਮ ਆਦਮੀ ਪਾਰਟੀ (ਆਪ) ਦੀ ਕਿੱਲੀ ਚਾਹਲਾਂ (ਮੋਗਾ) ਰੈਲੀ ਵਾਸਤੇ ਸਰਕਾਰੀ ਫੰਡਾਂ ਦੀ ਦੁਰਵਰਤੋਂ ਕਰਨ ਦਾ ਨੋਟਿਸ ਲੈਣ ਦੀ ਮੰਗ ਕੀਤੀ ਹੈ। ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਮੀਤ ਪ੍ਰਧਾਨ ਡਾ.ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਆਪ ਨੇ ਸੋਮਵਾਰ ਨੂੰ 'ਯੁੱਧ ਨਸ਼ਿਆਂ ਵਿਰੁੱਧ' ਰੈਲੀ ਦੀ ਆੜ 'ਚ ਸਿਆਸੀ ਧੋਖਾਧੜੀ ਕੀਤੀ ਹੈ ਜਦੋਂ ਕਿ ਇਸ ਰੈਲੀ ਦਾ ਮਕਸਦ 2027 ਦੀਆਂ ਵਿਧਾਨ ਸਭਾ ਚੋਣਾਂ ਵਾਸਤੇ ਬਿਗਲ ਵਜਾਉਣਾ ਸੀ। ਉਨ੍ਹਾਂ ਕਿਹਾ ਕਿ ਨਾ ਸਿਰਫ਼ ਸਰਕਾਰੀ ਫੰਡਾਂ ਦੀ ਵਰਤੋਂ ਰੈਲੀ ਵਾਸਤੇ ਲੋਕਾਂ ਨੂੰ ਬ ਲਿਆਉਣ ਲਈ ਕੀਤੀ ਗਈ ਸਗੋਂ ਸਾਰੀ ਰੈਲੀ ਦਾ ਖ਼ਰਚਾ ਸਰਕਾਰੀ ਤੌਰ 'ਤੇ ਕੀਤਾ ਗਿਆ। ਅਜਿਹਾ ਉਦੋਂ ਕੀਤਾ ਗਿਆ ਜਦੋਂ ਰੈਲੀ ਦੀ ਪ੍ਰਧਾਨਗੀ ਆਪ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਅਤੇ ਪਾਰਟੀ ਦੀ ਦਿੱਲੀ ਲੀਡਰਸ਼ਿਪ ਨੇ ਕੀਤੀ, ਜਿਨ੍ਹਾਂ ਦੀ ਪੰਜਾਬ ਦੀ ਸਰਕਾਰ 'ਚ ਕੋਈ ਭੂਮਿਕਾ ਨਹੀਂ ਹੈ। ਚੀਮਾ ਨੇ ਕਿਹਾ ਕਿ ਰੈਲੀ 'ਚ ਸਿਆਸੀ ਤਕਰੀਰਾਂ ਕੀਤੀਆਂ ਗਈਆਂ ਅਤੇ ਸਿਆਸੀ ਵਿਰੋਧੀਆਂ ਖਿਲਾਫ ਦੂਸ਼ਣਬਾਜ਼ੀ ਕੀਤੀ ਗਈ। ਉਨ੍ਹਾਂ ਨੇ ਰਾਜਪਾਲ ਅਤੇ ਚੋਣ ਕਮਿਸ਼ਨ ਨੂੰ ਅਪੀਲ ਕੀਤੀ ਕਿ ਉਹ ਇਸ ਰੈਲੀ 'ਤੇ ਹੋਏ ਖਰਚ ਦੀ ਰਾਸ਼ੀ ਆਪ ਤੋਂ ਵਸੂਲਣ ਦੀ ਪ੍ਰਕਿਰਿਆ ਸ਼ੁਰੂ ਕਰਨ ਕਿਉਂਕਿ ਇਹ ਖ਼ਰਚਾ ਨਿਯਮਾਂ ਨੂੰ ਅਣਡਿੱਠ ਕਰ ਕੇ ਕੀਤਾ ਗਿਆ ਹੈ ਤੇ ਇਹ ਸਰਕਾਰੀ ਪ੍ਰੋਗਰਾਮ ਨਹੀਂ ਸੀ। ਚੀਮਾ ਨੇ ਮੁੱਖ ਸਕੱਤਰ ਅਤੇ ਡੀਜੀਪੀ ਵੱਲੋਂ ਰੈਲੀ ਨੂੰ ਸੰਬੋਧਨ ਕਰਨ ਦੀ ਵੀ ਨਿਖੇਧੀ ਕੀਤੀ। ਉਨ੍ਹਾਂ ਕਿਹਾ ਕਿ ਇਸ ਨਾਲ ਸੂਬੇ ਦੀ ਅਫਸਰਸ਼ਾਹੀ ਦਾ ਸਿਆਸੀਕਰਨ ਹੋਵੇਗਾ ਅਤੇ ਇਹ ਲੋਕਤੰਤਰ ਲਈ ਚੰਗਾ ਨਹੀਂ ਹੈ।

# ਅਕਾਲੀ-ਭਾਜਪਾ ਗੱਠਜੋੜ ਦੇ ਸੰਕੇਤ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਤੇ ਭਾਜਪਾ ਦੇ ਆਗੂਆਂ ਦੇ ਸੁਰ ਹੁਣ ਇਕ-ਦੂਜੇ ਪ੍ਰਤੀ ਨਰਮ ਪੈਣ ਲੱਗੇ ਹਨ। 2027 ਦੀਆਂ ਵਿਧਾਨ ਸਭਾ ਚੋਣਾਂ ਆਪਣੇ ਦਮ 'ਤੇ ਲੜਨ ਦਾ ਦਾਅਵਾ ਕਰਨ ਵਾਲੀ ਭਾਜਪਾ ਵੀ ਹੁਣ ਅਕਾਲੀ ਦਲ ਨਾਲ ਗੱਠਜੋੜ ਦੇ ਸੰਕੇਤ ਦੇਣ ਲੱਗੀ ਹੈ। ਪਹਿਲਾਂ ਰਾਜਪਾਲ ਗੁਲਾਬ ਚੰਦ ਕਟਾਰੀਆ ਦੀ ਨਸ਼ਾ ਵਿਰੋਧੀ ਯਾਤਰਾ ਦੌਰਾਨ ਫਿਰੋਜ਼ਪੁਰ 'ਚ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਤੇ ਭਾਜਪਾ ਦੇ ਕਾਰਜਕਾਰੀ ਪ੍ਰਧਾਨ ਅਸ਼ਵਨੀ ਸ਼ਰਮਾ ਡੇਰਾ ਬਿਆਸ ਦੇ ਮੁਖੀ ਗੁਰਿੰਦਰ ਸਿੰਘ ਢਿੱਲੋਂ ਦੀ ਮੌਜੂਦਗੀ ਵਿਚ ਇਕੱਠੇ ਦਿਖਾਈ ਦਿੱਤੇ।



ਹੁਣ ਅਸ਼ਵਨੀ ਸ਼ਰਮਾ ਦਾ ਇਹ ਕਹਿਣਾ ਕਿ ਅਕਾਲੀ-ਭਾਜਪਾ ਦਾ ਸਿਆਸੀ ਨਹੀਂ ਸਗੋਂ ਸਮਾਜਿਕ ਸਮਝੌਤਾ ਸੀ, ਇਸ ਗੱਲ ਦਾ ਸੰਕੇਤ ਹੈ ਕਿ 2027 ਦੀਆਂ ਵਿਧਾਨ ਸਭਾ ਚੋਣਾਂ ਵਿਚ ਪੰਜ ਸਾਲਾਂ ਤੋਂ ਅਲੱਗ-ਅਲੱਗ ਸਿਆਸਤ ਕਰਨ ਵਾਲੀਆਂ ਦੋਵੇਂ ਪਾਰਟੀਆਂ ਮੁੜ ਗੱਠਜੋੜ ਕਰ ਸਕਦੀਆਂ ਹਨ। ਇਹ ਪਹਿਲਾ ਮੌਕਾ ਨਹੀਂ ਹੈ ਜਦੋਂ ਦੋਵਾਂ ਪਾਰਟੀਆਂ ਵਿਚਾਲੇ ਗੱਠਜੋੜ ਦੀ ਚਰਚਾ ਸਿਖਰਾਂ 'ਤੇ ਹੋਵੇ। 2024 ਦੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਵੀ ਦੋਵਾਂ ਪਾਰਟੀਆਂ ਵਿਚਾਲੇ ਗੱਠਜੋੜ ਦੀ ਗੱਲ ਚੱਲੀ ਸੀ ਪਰ ਸੀਟਾਂ ਦੇ ਮਾਮਲੇ 'ਤੇ ਗੱਲ ਸਿਰੇ ਨਹੀਂ ਚੜ੍ਹ ਸਕੀ।

ਇਸ ਦਾ ਨੁਕਸਾਨ ਦੋਵਾਂ ਪਾਰਟੀਆਂ ਨੂੰ ਝੱਲਣਾ ਪਿਆ। ਭਾਜਪਾ ਜਿੱਥੇ ਪੰਜਾਬ ਵਿਚ ਵੋਟ ਫ਼ੀਸਦੀ ਵਧਾਉਣ ਦੇ ਬਾਵਜੂਦ ਆਪਣਾ ਖਾਤਾ ਨਹੀਂ ਖੋਲ੍ਹ ਸਕੀ, ਉੱਥੇ ਅਕਾਲੀ ਦਲ ਵੀ ਸਿਰਫ਼ ਇਕ ਸੀਟ 'ਤੇ ਸਿਮਟ ਕੇ ਰਹਿ ਗਿਆ। ਅਕਾਲੀ ਦਲ ਨਾਲ ਗੱਠਜੋੜ ਬਾਰੇ ਭਾਜਪਾ ਵਿਚ ਵੀ ਦੋ ਮਤ ਸਨ। ਕਾਂਗਰਸ ਛੱਡ ਕੇ ਭਾਜਪਾ ਵਿਚ ਗਏ ਆਗੂ ਮੁੜ ਗੱਠਜੋੜ 'ਤੇ ਹਮੇਸ਼ਾ ਜ਼ੋਰ ਦਿੰਦੇ ਰਹੇ ਜਦਕਿ ਭਾਜਪਾ ਦੇ ਸੀਨੀਅਰ ਆਗੂ ਇਸ ਦੇ ਹੱਕ ਵਿਚ ਨਹੀਂ ਸਨ। ਇਹ ਪਹਿਲਾ ਮੌਕਾ ਹੈ ਜਦੋਂ ਸੂਬੇ ਦੇ ਕਾਰਜਕਾਰੀ ਪ੍ਰਧਾਨ ਅਸ਼ਵਨੀ ਸ਼ਰਮਾ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਅਕਾਲੀ ਦਲ ਨਾਲ ਸਮਾਜਿਕ ਰਿਸ਼ਤਾ ਸੀ। ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਵੀ ਕਿਹਾ ਸੀ ਕਿ 2027 'ਚ ਸਰਕਾਰ ਬਣਾਉਣ ਲਈ ਅਕਾਲੀ-ਭਾਜਪਾ ਦਾ ਗੱਠਜੋੜ ਜ਼ਰੂਰੀ ਹੈ। ਜੇਕਰ ਇਹ ਹੁੰਦਾ ਤਾਂ ਭਾਜਪਾ 2027 ਤਾਂ ਕੀ, 2032 ਵੀ ਭੁੱਲ ਜਾਵੇ।

# ਸੰਤ ਸੀਚੇਵਾਲ ਨੇ ਰਾਜ ਸਭਾ 'ਚ ਭਾਰਤੀ ਨਾਗਰਿਕਾਂ ਦੀ ਤਸਕਰੀ ਦਾ ਮੁੱਦਾ ਚੁੱਕਿਆ

**ਨਵੀਂ ਦਿੱਲੀ:** ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਸੰਸਦ ਦੇ ਬਜਟ ਸੈਸ਼ਨ ਦੇ ਪਹਿਲੇ ਭਾਗ ਦੇ ਆਖਰੀ ਦਿਨ ਦੌਰਾਨ ਮਨੁੱਖੀ ਤਸਕਰੀ ਅਤੇ ਵਿਦੇਸ਼ਾਂ 'ਚ ਫਸੇ ਭਾਰਤੀ ਨਾਗਰਿਕਾਂ ਦਾ ਗੰਭੀਰ ਮਸਲਾ ਉਠਾਇਆ। ਉਨ੍ਹਾਂ ਸਦਨ ਦਾ ਧਿਆਨ ਇਸ ਵੱਲ ਦਿਵਾਇਆ ਕਿ ਇਕ ਪਾਸੇ ਖਾੜੀ ਦੇਸ਼ਾਂ 'ਚ ਭਾਰਤੀ ਧੀਆਂ ਦਾ ਸ਼ੋਸ਼ਣ ਹੋ ਰਿਹਾ ਹੈ, ਜਦਕਿ ਦੂਜੇ ਪਾਸੇ ਰੂਸ- ਯੂਕਰੇਨ ਜੰਗ ਦੇ ਮੈਦਾਨਾਂ 'ਚ ਗਰੀਬ ਪਰਿਵਾਰਾਂ ਦੇ ਨੌਜਵਾਨਾਂ ਨੂੰ ਜੰਗ ਵੱਲ ਧੱਕਿਆ ਜਾ ਰਿਹਾ ਹੈ।ਸੰਤ ਸੀਚੇਵਾਲ ਨੇ ਕਿਹਾ ਕਿ ਯਾਤਰਾ ਏਜੰਟਾਂ ਦੇ ਗਿਰੋਹ ਗਰੀਬੀ, ਬੇਰੋਜ਼ਗਾਰੀ ਅਤੇ ਮਜ਼ਬੂਰੀ ਦਾ ਫਾਇਦਾ ਚੁੱਕਦੇ ਹੋਏ ਅਣਵਿਆਹੀਆਂ ਲੜਕੀਆਂ ਅਤੇ ਗਰੀਬ ਔਰਤਾਂ ਨੂੰ ਨਿਸ਼ਾਨਾ ਬਣਾ ਰਹੇ ਹਨ। ਉਨ੍ਹਾਂ ਨੂੰ ਉੱਚੀਆਂ ਤਨਖਾਹਾਂ ਅਤੇ ਘਰੇਲੂ ਨੌਕਰੀਆਂ ਦੇ ਝੂਠੇ ਵਾਅਦੇ ਕਰਕੇ ਖਾੜੀ ਦੇਸ਼ਾਂ 'ਚ ਭੇਜਿਆ ਜਾਂਦਾ ਹੈ। ਉੱਥੇ ਪਹੁੰਚਣ ਉਪਰੰਤ ਪੀੜਤਾਂ ਦੇ ਪਾਸਪੋਰਟ ਜ਼ਬਤ ਕਰ ਲਏ ਜਾਂਦੇ ਹਨ, ਅਰਬੀ ਭਾਸ਼ਾ 'ਚ ਲਿਖੇ ਇਕਰਾਰਨਾਮਿਆਂ 'ਤੇ ਜ਼ਬਰਦਸਤੀ ਦਸਤਖ਼ਤ ਕਰਵਾਏ ਜਾਂਦੇ ਹਨ ਅਤੇ ਉਨ੍ਹਾਂ ਨਾਲ ਸਰੀਰਕ ਤੇ ਮਾਨਸਿਕ ਸ਼ੋਸ਼ਣ ਕੀਤਾ ਜਾਂਦਾ ਹੈ। ਬਹੁਤੀਆਂ ਨੂੰ ਤਨਖਾਹ ਨਹੀਂ ਦਿੱਤੀ ਜਾਂਦੀ ਅਤੇ ਪਰਿਵਾਰ ਨਾਲ ਸੰਪਰਕ ਵੀ ਤੋੜ ਦਿੱਤਾ ਜਾਂਦਾ ਹੈ, ਜਿਸ ਕਾਰਨ ਉਹ ਗੁਲਾਮੀ ਵਰਗੀ ਜ਼ਿੰਦਗੀ ਜੀਣ ਲਈ ਮਜਬੂਰ ਹੋ ਜਾਂਦੀਆਂ ਹਨ।



ਉਨ੍ਹਾਂ ਵਿਦੇਸ਼ ਮੰਤਰਾਲੇ ਅਤੇ ਓਮਾਨ 'ਚ ਭਾਰਤੀ ਦੂਤਾਵਾਸ ਦੇ ਯਤਨਾਂ ਦੀ ਸ਼ਲਾਘਾ ਕਰਦਿਆਂ ਦੱਸਿਆ ਕਿ ਉਨ੍ਹਾਂ ਦੀ ਕੋਸ਼ਿਸ਼ ਨਾਲ 135 ਭਾਰਤੀ ਲੜਕੀਆਂ ਨੂੰ ਸੁਰੱਖਿਅਤ ਵਾਪਸ ਲਿਆਂਦਾ ਗਿਆ ਹੈ। ਇਸਦੇ ਬਾਵਜੂਦ ਉਨ੍ਹਾਂ ਸਵਾਲ ਉਠਾਇਆ ਕਿ ਆ ਖ਼ਿਰ ਮਨੁੱਖੀ ਤਸਕਰੀ ਦਾ ਇਹ ਘਿਨੌਣਾ ਧੰਦਾ ਕਦੋਂ ਰੁਕੇਗਾ । ਇਸਦੇ ਨਾਲ ਹੀ ਉਨ੍ਹਾਂ ਰੂਸ ਦੀ ਫੌਜ 'ਚ ਫਸੇ ਭਾਰਤੀ ਨੌਜਵਾਨਾਂ ਦਾ ਮਸਲਾ ਵੀ ਚੁੱਕਿਆ।

ਉਨ੍ਹਾਂ ਦੱਸਿਆ ਕਿ ਜੁਲਾਈ 2025 ਤੱਕ 127 ਭਾਰਤੀ ਇਸ ਜੰਗ 'ਚ ਫਸੇ ਹੋਏ ਸਨ, ਜੋ ਦਸੰਬਰ 2025 ਤੱਕ ਵੱਧ ਕੇ 202 ਹੋ ਗਏ। ਇਨ੍ਹਾਂ 'ਚੋਂ 26 ਨੌਜਵਾਨ ਆਪਣੀ ਜਾਨ ਗੁਆ ਚੁੱਕੇ ਹਨ। ਬਿਨਾਂ ਟ੍ਰੇਨਿੰਗ ਉਨ੍ਹਾਂ ਨੂੰ ਜੰਗ ਦੇ ਮੈਦਾਨ 'ਚ ਭੇਜਿਆ ਜਾ ਰਿਹਾ ਹੈ, ਜਦਕਿ ਇਸ ਟਕਰਾਅ ਨਾਲ ਉਨ੍ਹਾਂ ਦਾ ਕੋਈ ਸਿੱਧਾ ਸੰਬੰਧ ਨਹੀਂ। ਸੰਤ ਸੀਚੇਵਾਲ ਨੇ ਸਰਕਾਰ ਤੋਂ ਮੰਗ ਕੀਤੀ ਕਿ ਦਿੱਲੀ ਦੀ ਤਰ੍ਹਾਂ ਮੁੰਬਈ ਸਣੇ ਸਾਰੇ ਅੰਤਰਰਾਸ਼ਟਰੀ ਹਵਾਈ ਅੱਡਿਆਂ 'ਤੇ ਸਖ਼ਤ ) ਜਾਂਚ ਪ੍ਰਣਾਲੀ ਲਾਗੂ ਕੀਤੀ ਜਾਵੇ। ਮਨੁੱਖੀ ਤਸਕਰੀ ਲਈ ਵਰਤੇ ਜਾ ਰਹੇ ਬਦਲਵੇਂ ਰਸਤਿਆਂ 'ਤੇ ਪੂਰੀ ਤਰ੍ਹਾਂ ਰੋਕ- ਲਗਾਈ ਜਾਵੇ ਅਤੇ ਇਸ ਗਿਰੋਹ ਨਾਲ ਜੁੜੇ ਯਾਤਰਾ ਏਜੰਟਾਂ ਦੇ ਜਾਲ ਨੂੰ ਤੋੜਨ ਲਈ ਸਖ਼ਤ ਕਾਰਵਾਈ ਕੀਤੀ ਜਾਵੇ।

# ਬੀਜੇਪੀ ਦਾ ਕੰਮ ਵਿਰੋਧੀ ਵਿਧਾਇਕਾਂ ਨੂੰ ਖ਼ਰੀਦ ਕੇ ਸੱਤਾ ਪ੍ਰਾਪਤ ਕਰਨਾ: ਚੀਮਾ

**ਦਿੜ੍ਹਬਾ:** ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਭਾਰਤੀ ਜਨਤਾ ਪਾਰਟੀ ਉੱਤੇ ਟਿੱਪਣੀ ਕਰਦਿਆਂ ਕਿਹਾ ਕਿ ਉਨ੍ਹਾਂ ਦਾ ਕੰਮ ਸਿਰਫ ਵਿਰੋਧੀ ਪਾਰਟੀਆਂ ਦੇ ਵਿਧਾਇਕਾਂ ਨੂੰ ਖਰੀਦ ਕੇ ਸੱਤਾ ਉੱਤੇ ਕਬਜ਼ ਹੋਣਾ ਹੈ। ਉਹ ਹਲਕਾ ਦਿੜਬਾ ਦੇ ਦਰਜਨਾਂ ਪਿੰਡਾਂ ਅੰਦਰ ਸ਼ਿਵਰਾਤਰੀ ਦੇ ਤਿਉਹਾਰ ਮੌਕੇ ਹਾਜ਼ਰੀ ਲਵਾਉਣ ਪਹੁੰਚੇ ਸਨ ਅਤੇ ਉਹ ਦਿੜ੍ਹਬਾ ਵਿਖੇ ਵਿਧਾਇਕ ਨਰਿੰਦਰ ਕੌਰ ਭਰਾਜ ਬਾਰੇ ਬੀਜੇਪੀ ਵੱਲੋਂ ਦਿੱਤੀ ਗਈ ਆਫਰ ਉੱਤੇ ਟਿੱਪਣੀ ਕਰ ਰਹੇ ਸਨ।



ਚੀਮਾ ਕਿਹਾ ਕਿ ਬੀਜੇਪੀ ਨੇ ਗੋਆ, ਗੁਜਰਾਤ ਅਤੇ ਹੋਰ ਸਟੇਟਾਂ ਦੇ ਵਿਰੋਧੀ ਪਾਰਟੀਆਂ ਦੇ ਨੇਤਾ ਅਤੇ ਵਿਧਾਇਕਾਂ ਨੂੰ ਪੈਸੇ ਦਾ ਲਾਲਚ ਦੇ ਕੇ ਖਰੀਦਿਆ ਹੈ ਪਰ ਪੰਜਾਬ ਦੇ ਆਮ ਆਦਮੀ ਦੇ ਅਰਵਿੰਦ ਕੇਜਰੀਵਾਲ ਪੰਜਾਬ ਦੇ ਸੱਚੇ ਸਿਪਾਹੀ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਪਹਿਰੇਦਾਰ ਹਨ। ਉਹਨਾਂ ਨੂੰ ਖਰੀਦਣਾ ਬੀਜੇਪੀ ਦੇ ਵੱਸ 'ਚ ਨਹੀਂ ਹੈ।

ਵਿੱਤ ਮੰਤਰੀ ਚੀਮਾ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ 10 ਲੱਖ ਦਾ ਬੀਮਾ ਕਾਰਡ ਵੀ ਪੰਜਾਬ ਦੇ ਲੋਕਾਂ ਲਈ ਜਾਰੀ ਕਰ ਦਿੱਤਾ ਹੈ, ਜਿਸ ਦੌਰਾਨ ਸੈਂਕੜੇ ਲੋਕ ਆਪਣਾ ਇਲਾਜ ਕਰਵਾ ਚੁੱਕੇ ਹਨ। ਜੋ ਵਿਰੋਧੀ ਲੋਕ ਇਸ ਬਾਰੇ ਸ਼ੰਕੇ ਪੈਦਾ ਕਰ ਰਹੇ ਹਨ ਉਹ ਬਿਲਕੁਲ ਨਿਰਾਧਾਰ ਅਤੇ ਝੂਠ ਹਨ। ਪੰਜਾਬ ਸਰਕਾਰ ਵੱਲੋਂ ਪਿਛਲੇ ਚਾਰ ਸਾਲਾਂ 'ਚ ਉਹ ਕੰਮ ਕੀਤੇ ਹਨ, ਜਿਨ੍ਹਾਂ ਦੀ ਚਰਚਾ ਸਾਰੇ ਦੇਸ਼ ਦੇ ਵਿੱਚ ਹੋ ਰਹੀ ਹੈ। ਹਰ ਤੀਸਰੇ ਪਿੰਡ ਦੇ ਵਿੱਚ ਇੱਕ ਸ਼ਾਨਦਾਰ ਸਟੇਡੀਅਮ ਬਣਾਇਆ ਜਾ ਰਿਹਾ ਹੈ। ਜਿਸ ਨਾਲ ਪੰਜਾਬ ਦਾ ਨੌਜਵਾਨ ਨਸ਼ੇ ਤੋਂ ਬਚ ਕੇ ਖੇਡਾਂ ਵੱਲ ਪ੍ਰੇਰਿਤ ਹੋ ਰਿਹਾ ਹੈ। ਮੁੱਖ ਮੰਤਰੀ ਮਾਨ ਦੀ ਸਰਕਾਰ ਵੱਲੋਂ ਕਦੇ ਵੀ ਖਜ਼ਾਨਾ ਖਾਲੀ ਹੋਣ ਦਾ ਬਹਾਨਾ ਨਹੀਂ ਲਗਾਇਆ ਸਗੋਂ ਪਿੰਡਾਂ ਅੰਦਰ ਗਰਾਂਟਾਂ ਦੇ ਗੱਫੇ ਦੇ ਕੇ ਵਿਕਾਸ ਕਾਰਜਾਂ ਦੀ ਗੱਡੀ ਲੀਹ 'ਤੇ ਲਿਆਂਦੀ ਹੈ।

# ਹਲਵਾਰਾ ਹਵਾਈ ਅੱਡੇ ਨੂੰ ਮਿਲੀ ਏਅਰ ਫੋਰਸ ਵੱਲੋਂ ਰਨਵੇ ਕਲੀਅਰੈਂਸ

**ਗੁਰੂਸਰ ਸੁਧਾਰ:** ਭਾਰਤੀ ਹਵਾਈ ਸੈਨਾ ਵੱਲੋਂ ਹਲਵਾਰਾ ਅੰਤਰਰਾਸ਼ਟਰੀ ਹਵਾਈ ਅੱਡੇ ਨੂੰ ਰਨਵੇ ਕਲੀਅਰੈਂਸ ਮਿਲ ਗਈ ਹੈ। ਜਿਸ ਨਾਲ ਹਲਵਾਰਾ ਅੰਤਰਰਾਸ਼ਟਰੀ ਹਵਾਈ ਅੱਡੇ ਤੋਂ ਉਡਾਣ ਸੰਚਾਲਨ ਲਈ ਰਾਹ ਪੱਧਰਾ ਹੋ ਗਿਆ ਹੈ। ਏਅਰ ਇੰਡੀਆ ਦੀ ਇਕ ਟੀਮ ਨੇ ਹਵਾਈ ਅੱਡੇ ਦਾ ਦੌਰਾ ਕੀਤਾ ਅਤੇ ਤਿਆਰੀਆਂ ਦੀ ਸਮੀਖਿਆ ਕੀਤੀ। ਟੀਮ ਨੇ ਨਿਰਧਾਰਤ ਦਫਤਰ ਅਤੇ ਹੋਰ ਸਹੂਲਤਾਂ ਦਾ ਮੁਆਇਨਾ ਕੀਤਾ। ਜਾਣਕਾਰੀ ਅਨੁਸਾਰ, ਪੂਰੀ ਏਅਰ ਇੰਡੀਆ ਟੀਮ ਜਲਦ ਹੀ ਹਵਾਈ ਅੱਡੇ 'ਤੇ ਪਹੁੰਚਣ ਵਾਲੀ ਹੈ ਤਾਂ ਜੋ ਸੰਚਾਲਨ ਨੂੰ ਅੰਤਿਮ ਰੂਪ ਦਿੱਤਾ ਜਾ ਸਕੇ।



ਏਅਰਪੋਰਟ ਅਥਾਰਟੀ ਆਫ ਇੰਡੀਆ (ਏਏਆਈ) ਵੱਲੋਂ ਏਅਰ ਇੰਡੀਆ ਨੂੰ ਦੋ ਸਲਾਟ ਜਾਰੀ ਕੀਤੇ ਗਏ ਹਨ। ਮਾਰਚ ਮਹੀਨੇ 'ਚ ਘਰੇਲੂ ਉਡਾਣਾਂ ਸ਼ੁਰੂ ਕਰਨ ਦੀਆਂ ਤਿਆਰੀਆਂ ਚੱਲ ਰਹੀਆਂ ਹਨ। ਸ਼ੁਰੂਆਤੀ ਪੜਾਅ 'ਚ ਦਿੱਲੀ ਅਤੇ ਹਲਵਾਰਾ ਵਿਚਕਾਰ ਰੋਜ਼ਾਨਾ ਦੋ ਉਡਾਣਾਂ ਚਲਾਈਆਂ ਜਾਣਗੀਆ ਜਾ ਸਕਦੀਆਂ ਹਨ। ਹਾਲਾਂਕਿ ਏਅਰ ਇੰਡੀਆ ਵੱਲੋਂ ਅਜੇ ਤੱਕ ਅਧਿਕਾਰਤ ਪੁਸ਼ਟੀ ਨਹੀਂ ਕੀਤੀ ਗਈ ਹੈ, ਪਰ ਜ਼ਮੀਨੀ ਪੱਧਰ ਤੇ ਤਿਆਰੀਆਂ ਪੂਰੇ ਜ਼ੋਰਾਂ 'ਤੇ ਹਨ। ਹਵਾਈ ਅੱਡੇ ਦੇ ਅਧਿਕਾਰੀ ਜੰਗੀਰ ਸਿੰਘ ਨੇ ਦੱਸਿਆ ਕਿ ਹਵਾਈ ਅੱਡੇ ਤੋਂ ਜਲਦ ਹੀ ਉਡਾਣ ਸੰਚਾਲਨ ਸ਼ੁਰੂ ਹੋ ਜਾਵੇਗਾ ਅਤੇ ਜਲਦੀ ਹੀ ਉਡਾਣਾਂ ਸਬੰਧੀ ਅਧਿਕਾਰਤ ਪੁਸ਼ਟੀ ਵੀ ਕਰ ਦਿੱਤੀ ਜਾਵੇਗੀ। ਇਹ ਉਡਾਣਾਂ ਲੁਆਣਾ ਅਤੇ ਆਲੇ-ਦੁਆਲੇ ਦੇ ਖੇਤਰਾਂ ਲਈ ਵਧੀਆ ਕੁਨੈਕਟੀਵਿਟੀ ਪ੍ਰਦਾਨ ਕਰਨਗੀਆਂ, ਜਿਸ ਨਾਲ ਵਪਾਰ, ਸੈਰ-ਸਪਾਟਾ ਅਤੇ ਯਾਤਰੀਆਂ ਨੂੰ ਵੱਡਾ ਲਾਭ ਮਿਲੇਗਾ। ਪ੍ਰਾਪਤ ਜਾਣਕਾਰੀ ਅਨੁਸਾਰ, ਇਹ ਉਡਾਣਾਂ ਮਾਰਚ ਦੇ ਪਹਿਲੇ ਹਫ਼ਤੇ ਤੋਂ ਸ਼ੁਰੂ ਹੋ ਸਕਦੀਆਂ ਹਨ।

ਏਅਰ ਇੰਡੀਆ ਵੱਲੋਂ ਵਰਤੇ ਜਾਣ ਵਾਲੇ ਏਅਰਕਰਾਫਟ ਵਿੱਚ ਆਬਾਦੀ ਅਤੇ ਸਮੇਂ ਦੇ ਹਿਸਾਬ ਨਾਲ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ। ਇਸ ਨਾਲ ਲੁਧਿਆਣਾ ਨੂੰ ਦਿੱਲੀ ਨਾਲ ਸਿੱਧਾ ਅਤੇ ਤੇਜ਼ ਜੋੜਨ ਵਾਲਾ ਇਕ ਮਹੱਤਵਪੂਰਨ ਕਦਮ ਮੰਨਿਆ ਜਾ ਰਿਹਾ ਹੈ।

# ਸਮਾਜ 'ਚ ਜਾਤ-ਪਾਤ ਦਾ ਵਿਤਕਰਾ ਗੁਰੂ ਸਾਹਿਬਾਨ ਦੇ ਸਿਧਾਂਤ ਦੇ ਵਿਰੁੱਧ: ਗੜ੍ਹੀ

**ਅੰਮ੍ਰਿਤਸਰ:** ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਚੇਅਰਮੈਨ ਜਸਵੀਰ ਸਿੰਘ ਗੜ੍ਹੀ ਨੇ ਅੱਜ ਸ੍ਰੀ ਦਰਬਾਰ ਸਾਹਿਬ ਵਿਖੇ ਮੱਥਾ ਟੇਕਿਆ ਅਤੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ। ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੇ ਦਰ ਉੱਪਰ ਨਤਮਸਤਕ ਹੋਣ ਤੋਂ ਬਾਅਦ ਚੇਅਰਮੈਨ ਗੜ੍ਹੀ ਨੇ ਕਿਹਾ ਕਿ ਉਹ ਗੁਰੂ ਸਾਹਿਬ ਦਾ ਸ਼ੁਕਰਾਨਾ ਕਰਦੇ ਹਨ, ਜਿਨ੍ਹਾਂ ਦੀ ਮਿਹਰ ਸਦਕਾ ਉਨ੍ਹਾਂ ਨੂੰ ਇਸ ਪਾਵਨ ਅਸਥਾਨ ਦੇ ਦਰਸ਼ਨ ਕਰਨ ਦਾ ਸੁਭਾਗ ਪ੍ਰਾਪਤ ਹੋਇਆ ਹੈ। ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਹੁਦੇਦਾਰਾਂ ਵੱਲੋਂ ਸੂਚਨਾ ਕੇਂਦਰ ਵਿਖੇ ਚੇਅਰਮੈਨ ਨੂੰ ਸਨਮਾਨਿਤ ਵੀ ਕੀਤਾ ਗਿਆ। ਇਸ ਮੌਕੇ ਐੱਸਡੀਐੱਮ ਲੋਪੋਕੇ ਖੁਸ਼ਪ੍ਰੀਤ ਸਿੰਘ ਅਤੇ ਹੋਰ ਅਧਿਕਾਰੀ ਵੀ ਮੌਜੂਦ ਸਨ।




ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਗੜ੍ਹੀ ਨੇ ਕਿਹਾ ਕਿ ਗੁਰੂ ਸਾਹਿਬਾਨ ਵੱਲੋਂ ਮਨੁੱਖਤਾ ਅਤੇ ਸਰਬ ਸਾਂਝੀਵਾਲਤਾ ਦਾ ਜੋ ਉਪਦੇਸ਼ ਦਿੱਤਾ ਗਿਆ ਹੈ ਉਸ ਨੂੰ ਆਪਣੇ ਜੀਵਨ 'ਚ ਅਪਨਾਉਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਸਮਾਜ 'ਚ ਹਾਲੇ ਵੀ ਜਾਤ-ਪਾਤ ਨੂੰ ਲੈ ਕੇ ਵਿਤਕਰਾ ਦੇਖਣ ਨੂੰ ਮਿਲਦਾ ਹੈ ਜੋ ਕਿਗੁਰੂ ਸਾਹਿਬਾਨ ਦੇ ਸਿਧਾਂਤ ਦੇ ਬਿਲਕੁੱਲ ਵਿਰੁੱਧ ਹੈ। ਉਨ੍ਹਾਂ ਕਿਹਾ ਕਿ ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਚੇਅਰਮੈਨ ਵਜੋਂ ਸੇਵਾ ਨਿਭਾਉਂਦਿਆਂ ਉਹ ਸਮਾਜ 'ਚ ਹੋ ਰਹੇ ਇਸ ਵਿਤਕਰੇ ਨੂੰ ਵੀ ਹੋਰ ਵੀ ਨੇੜੇ ਤੋਂ ਮਹਿਸੂਸ ਕਰ ਸਕਦੇ ਹਨ। ਉਨ੍ਹਾਂ ਦੱਸਿਆ ਕਿ ਇਸ ਸਾਲ 'ਚ ਉਨ੍ਹਾਂ ਦੇ ਦਫ਼ਤਰ 'ਚ 3750 ਸ਼ਿਕਾਇਤਾਂ ਜਾਤ-ਪਾਤ ਦੇ ਹੋ ਰਹੇਵਿਤਕਰੇ ਨਾਲ ਸਬੰਧਿਤ ਪਹੁੰਚ ਗਈਆਂ ਹਨ। ਪੱਤਰਕਾਰਾਂ ਦੇ ਸਵਾਲਾਂ ਦਾ ਜਵਾਬ ਦਿੰਦਿਆਂ ਚੇਅਰਮੈਨ ਨੇ ਕਿਹਾ ਕਿ ਕੁਝ ਰਾਜਨੀਤਕ ਆਗੂਆਂ ਦੀ ਸੋਚ 'ਚ ਹਾਲੇ ਵੀ ਜਾਤੀਵਾਦ ਹੈ ਤੇ ਉਹ ਜਾਤ ਅਧਾਰਤ ਗ਼ਲਤ ਟਿੱਪਣੀਆਂ ਕਰ ਦਿੰਦੇ ਹਨ। ਗੜ੍ਹੀ ਨੇ ਕਿਹਾ ਕਿ ਸਮਾਜ ਨੂੰ ਜਾਤਾਂ 'ਚ ਵੰਡਣ ਵਾਲਿਆਂ ਨੂੰ ਗੁਰੂ ਸਾਹਿਬ ਸੁਮੱਤ ਬਖ਼ਸ਼ਣ।

# ਕੈਨੇਡਾ ਭੇਜਣ ਦੇ ਨਾਂ 'ਤੇ 15 ਲੱਖ 30 ਹਜ਼ਾਰ ਠੱਗੇ

**ਬਟਾਲਾ:** ਕੈਨੇਡਾ ਭੇਜਣ ਦੇ ਨਾਂ 'ਤੇ 15 ਲੱਖ 30 ਹਜ਼ਾਰ ਰੁਪਏ ਠੱਗਣ ਦੇ ਕਥਿਤ ਦੋਸ਼ ਹੇਠ ਥਾਣਾ ਸਿਟੀ ਦੀ ਪੁਲਿਸ ਵਲੋਂ ਦੋ ਵਿਅਕਤੀਆਂ ਖਿਲਾਫ ਧੋਖਾਧੜੀ ਦਾ ਮਾਮਲਾ ਦਰਜ ਕੀਤੇ ਜਾਣ ਦਾ ਸਮਾਚਾਰ ਮਿਲਿਆ ਹੈ। ਇਸ ਮਾਮਲੇ ਸਬੰਧੀ ਜਾਣਕਾਰੀ ਦਿੰਦਿਆਂ ਮਾਮਲੇ ਦੇ ਤਫਤੀਸ਼ੀ ਅਫਸਰ ਐੱਸਆਈ ਸੁਖਦੇਵ ਸਿੰਘ ਨੇ ਦੱਸਿਆ ਕਿ ਪੁਲਿਸ ਨੂੰ ਦਿੱਤੀ ਦਰਖਾਸਤ ਵਿਚ ਦਰਖਾਸਤ ਕਰਤਾ ਦਵਿੰਦਰ ਸਿੰਘ ਪੁੱਤਰ ਸਵ. ਬਲਵੰਤ ਸਿੰਘ ਵਾਸੀ ਮੁਹੱਲਾ ਸਿੰਬਲ ਬਟਾਲਾ ਨੇ ਸ਼ਿਕਾਇਤ ਦਰਜ ਕਰਵਾਈ ਹੈ ਕਿ ਉਸ ਦੇ ਲੜਕੇ ਗੁਰਕੀਰਤ ਸਿੰਘ ਨੂੰ ਵਿਦੇਸ਼ ਕੈਨੇਡਾ ਸਟੱਡੀ ਵੀਜ਼ਾ 'ਤੇ ਭੇਜਣ ਦੇ ਨਾਂ 'ਤੇ ਦੋ ਵਿਅਕਤੀ ਸਹਿਜ ਪਵਾਰ ਵਾਸੀ ਬਟਾਲਾ ਅਤੇ ਮਲਕਿੰਦਰ ਸਿੰਘ ਵਾਸੀ ਗਾਦੜ੍ਹੀਆਂ ਨੇ ਉਸ ਨਾਲ 15 ਲੱਖ 30 ਹਜ਼ਾਰ ਰੁਪਏ ਦੀ ਠੱਗੀ ਮਾਰੀ ਹੈ।



**ਕੈਨੇਡਾ ਸਟੱਡੀ ਵੀਜ਼ਾ 'ਤੇ ਭੇਜਣ ਦੇ ਨਾਂ 'ਤੇ ਦੋ ਵਿਅਕਤੀ ਸਹਿਜ ਪਵਾਰ ਵਾਸੀ ਬਟਾਲਾ ਅਤੇ ਮਲਕਿੰਦਰ ਸਿੰਘ ਵਾਸੀ ਗਾਦੜ੍ਹੀਆਂ ਨੇ ਉਸ ਨਾਲ 15 ਲੱਖ 30 ਹਜ਼ਾਰ ਰੁਪਏ ਦੀ ਠੱਗੀ ਮਾਰੀ ਹੈ।**

ਇਸ ਦੌਰਾਨ ਤਫਤੀਸ਼ੀ ਅਫਸਰ ਐੱਸਆਈ ਸੁਖਦੇਵ ਸਿੰਘ ਨੇ ਦੱਸਿਆ ਕਿ ਉਕਤ ਦਰਖਾਸਤ ਦੀ ਜਾਂਚ ਡੀਐੱਸਪੀ ਸਿਟੀ ਬਟਾਲਾ ਵੱਲੋਂ ਕੀਤੇ ਜਾਣ ਦੇ ਬਾਅਦ ਐੱਸਐੱਸਪੀ ਬਟਾਲਾ ਦੇ ਹੁਕਮ 'ਤੇ ਦੋਵਾਂ ਖਿਲਾਫ ਕਾਰਵਾਈ ਕਰਦਿਆਂ ਥਾਣਾ ਸਿਟੀ ਵਿਚ ਧਾਰਾ420,120-ਬੀ.ਆਈ.ਪੀ.ਸੀ. ਤਹਿਤ ਮੁਕੱਦਮਾ ਦਰਜ ਕਰ ਦਿੱਤਾ ਗਿਆ ਹੈ।

**Punjab Times**
**Established in 2000**
**26th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com
**Founder Editor:**
Amolak Singh Jammu
**Managing Editor**
Jaspreet Kaur
**Editor**
Lakhvinder S. Johal
**Astt. Editor**
Amrit Pal Kaur

**Photographer**
Kamaljit Singh Virdi
Ph. 847-502-2703
**Our Columnists**
Gurbakhsh Singh Bhandal
Buta Singh
Tarlochan Singh Dupalpur
**Corrspondents**
**California**
Ashok Bhaura
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ ਸਾਲਾਨਾ ਚੰਦਾ: 135 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰ ਵਿਚ ਕੀਤੇ ਗਏ ਦਾਅਵੇ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵੇ ਦੀ ਪੁਸ਼ਟੀ ਆਪ ਕਰ ਲੈਣ।

**Disclaimer**


The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claim made in the advertisement published in Punjab Times.

**All disputes subject to Chicago jurisdiction.**

# ਮਾਨ ਦਾ ਬਿਮਾਰ ਹੋਣਾ ਸਿਹਤ ਨਾਲੋਂ ਜ਼ਿਆਦਾ ਸਿਆਸਤ ਲੱਗਦੈ: ਜਾਖੜ

**ਚੰਡੀਗੜ੍ਹ:** ਭਾਰਤੀ ਜਨਤਾ ਪਾਰਟੀ ਦੇ ਸੂਬਾ ਪ੍ਰਧਾਨ ਸੁਨੀਲ ਜਾਖੜ ਨੇ ਮੰਤਰੀ ਭਗਵੰਤ ਮਾਨ ਦੇ ਜਲਦ ਸਿਹਤਮੰਦ ਹੋਣ ਦੀ ਕਾਮਨਾ ਕਰਦੇ ਹੈਰਾਨਗੀ ਹੋਏ ਪ੍ਰਗਟਾਈ ਹੈ ਕਿ ਉਨ੍ਹਾਂ ਦੇ ਇਲਾਜ ਲਈ ਹਸਪਤਾਲ ਜਾਣ ਨੂੰ ਆਮ ਆਦਮੀ ਪਾਰਟੀ 'ਚ ਕਿਸੇ ਰਾਜਨੀਤਿਕ ਸੰਕਟ ਨਾਲ ਕਿਉਂ ਜੋੜਿਆ ਜਾਂਦਾ ਹੈ। ਉਨ੍ਹਾਂ ਨੇ ਆਪਣੇ 'ਐਕਸ' 'ਤੇ ਲਿਖਿਆ, 'ਮੈਂ ਮੁੱਖ ਮੰਤਰੀ ਭਗਵੰਤ ਮਾਨ ਜੀ ਦੇ ਜਲਦ ਸਿਹਤਮੰਦ ਹੋਣ ਦੀ ਕਾਮਨਾ ਕਰਦਿਆਂ ਇਸ ਗੱਲ ਤੇ ਹੈਰਾਨ ਹਾਂ ਕਿ ਜਦੋਂ ਵੀ ਉਨ੍ਹਾਂ ਨੂੰ ਇਲਾਜ ਲਈ ਹਸਪਤਾਲ ਜਾਣਾ ਪੈਂਦਾ ਹੈ, ਤਾਂ ਇਸ ਨੂੰ ਉਨ੍ਹਾਂ ਦੀ ਬਿਮਾਰੀ ਨਾਲ ਜੋੜ ਕੇ ਦੇਖਣ ਦੀ ਬਜਾਏ ਇਸਦੇ ਹੋਰ ਅਰਥ ਕੱਢੇ ਜਾਂਦੇ ਹਨ।' ਜਾਖੜ ਨੇ ਕਿਹਾ, ਮੁੱਖ ਮੰਤਰੀ ਨੂੰ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਜੋ ਵਿਅਕਤੀ ਕਿਸੇ ਉੱਚੇ ਅਤੇ ਜ਼ਿੰਮੇਵਾਰ ਅਹੁਦੇ ਜਾਂ ਮਰਿਆਦਾ ਵਾਲੀ ਸਥਿਤੀ 'ਤੇ ਹੋਵੇ, ਉਸਦਾ ਆਚਰਣ ਸ਼ੱਕ ਤੋਂ ਪਰੇ ਹੋਣਾ ਚਾਹੀਦਾ ਹੈ। ਮੁੱਖ ਮੰਤਰੀ ਦੇ ਅਹੁਦੇ ਦੀ ਆਪਣੀ ਇਕ ਮਰਿਆਦਾ ਹੁੰਦੀ ਹੈ ਅਤੇ ਮਾਨ ਨੂੰ ਆਪਣੇ ਅਹੁਦੇ ਅਤੇ ਵਰਤਾਰਾ ਇਸ ਤਰ੍ਹਾਂ ਰੱਖਣਾ ਚਾਹੀਦਾ ਹੈ ਕਿ ਉਨ੍ਹਾਂ ਦੇ ਹਸਪਤਾਲ ਜਾਣ ਨੂੰ ਸ਼ੱਕ ਦੀ ਨਜ਼ਰ ਤੋਂ ਨਾ ਦੇਖਿਆ ਜਾਏ।



ਜਾਖੜ ਨੇ ਕਿਹਾ ਕਿ ਇਹ ਵੀ ਸ਼ੱਕ ਪੈਦਾ ਹੁੰਦਾ ਹੈ ਕਿਉਂਕਿ ਲਗਾਤਾਰ ਦੂਜੀ ਵਾਰ ਮੁੱਖ ਮੰਤਰੀ ਬਿਮਾਰ ਹੋ ਗਏ ਹਨ ਜਦੋਂ ਉਨ੍ਹਾਂ ਦੀ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਪੰਜਾਬ 'ਚ ਸਨ। ਹਾਲਾਂਕਿ ਮੁੱਖ ਮੰਤਰੀ ਨੇ ਇਸ ਵਾਰ ਸਿਹਤ ਨਾਲ ਮੋਗਾ 'ਚ ਕੇਜਰੀਵਾਲ ਨਾਲ ਮੰਚ ਸਾਂਝੀ ਕੀਤੀ, ਪਰ 4 ਸਤੰਬਰ 2025 ਦਾ ਦਿਨ ਭੁੱਲਿਆ ਨਹੀਂ ਜਾ ਸਕਦਾ ਜਦੋਂ ਮੁੱਖ ਮੰਤਰੀ ਮਾਨ ਨੇ ਕੇਜਰੀਵਾਲ ਨਾਲ ਹੜ੍ਹ ਪ੍ਰਭਾਵਿਤ ਖੇਤਰ ਦਾ ਦੌਰਾ ਕਰਨਾ ਸੀ ਅਤੇ ਉਹ ਅਚਾਨਕ ਬਿਮਾਰ ਹੋ ਗਏ।

ਉਸੇ ਦਿਨ ਕੇਂਦਰੀ ਖੇਤੀਬਾੜੀ ਮੰਤਰੀ ਸ਼ਿਵਰਾਜ ਚੌਹਾਨ ਵੀ ਪੰਜਾਬ ਦੇ ਹੜ੍ਹ ਪ੍ਰਭਾਵਿਤ ਇਲਾਕਿਆਂ ਦਾ ਦੌਰਾ ਕਰ ਰਹੇ ਸਨ। 9 ਸਤੰਬਰ 2025 ਨੂੰ, ਜਦੋਂ ਪ੍ਰਧਾਨ ਮੰਤਰੀ ਨੇ ਹੜ੍ਹ ਪ੍ਰਭਾਵਿਤ ਖੇਤਰ ਦਾ ਦੌਰਾ ਕੀਤਾ, ਮੁੱਖ ਮੰਤਰੀ ਉਦੋਂ ਵੀ ਹਸਪਤਾਲ 'ਚ ਹੀ ਸਨ। ਇਸ ਤੋਂ ਇਕ ਦਿਨ ਪਹਿਲਾਂ ਮੁੱਖ ਮੰਤਰੀ ਹਸਪਤਾਲ ਤੋਂ ਆਨਲਾਈਨ ਕੈਬਨਿਟ ਮੀਟਿੰਗ 'ਚ ਵੀ ਸ਼ਾਮਲ ਹੋਏ ਸਨ। ਜਾਖੜ ਨੇ ਕਿਹਾ ਕਿ ਇਸ ਤਰ੍ਹਾਂ ਮੁੱਖ ਮੰਤਰੀ ਦੇ ਲਗਾਤਾਰ ਬਿਮਾਰ ਹੋਣ ਨਾਲ ਲੋਕਾਂ ਨੂੰ ਚਰਚਾ ਕਰਨ ਦਾ ਮੌਕਾ ਮਿਲਦਾ ਹੈ।

# ਪੰਜਾਬ ਵਿਚ 85 ਥਾਵਾਂ 'ਤੇ ਮਾਈਨਿੰਗ 'ਤੇ ਪਾਬੰਦੀ

**ਗੁਰਦਾਸਪੁਰ:** ਨੈਸ਼ਨਲ ਗ੍ਰੀਨ ਟ੍ਰਿਬਿਊਨਲ (ਐੱਨਜੀਟੀ) ਨੇ ਸੂਬੇ 'ਚ ਸਾਰੀਆਂ 85 ਥਾਵਾਂ 'ਤੇ ਮਾਈਨਿੰਗ 'ਤੇ ਪਾਬੰਦੀ ਲਗਾ ਦਿੱਤੀ ਹੈ।

ਇਹ ਪਾਬੰਦੀ ਗੁਰਦਾਸਪੁਰ ਜ਼ਿਲ੍ਹੇ ਦੇ ਗਾਹਲੜੀ ਪਿੰਡ ਦੀ ਪੰਚਾਇਤ ਵੱਲੋਂ ਦਰਿਆ ਤੋਂ ਰੇਤ ਕੱਢਣ ਲਈ ਟੈਂਡਰਿੰਗ ਪ੍ਰਕਿਰਿਆ ਦਾ ਵਿਰੋਧ ਕਰਨ ਵਾਲੀ ਇੱਕ ਅਰਜ਼ੀ ਤੋਂ ਬਾਅਦ ਲਗਾਈ ਗਈ ਹੈ। ਇਹ ਹੁਕਮ ਨਵੀਂ ਦਿੱਲੀ 'ਚ ਐੱਨਜੀਟੀ ਦੇ ਪ੍ਰਿੰਸੀਪਲ ਬੈਂਚ ਵੱਲੋਂ ਪਾਸ ਕੀਤਾ ਗਿਆ ਹੈ। ਦੱਸ ਦਈਏ ਕਿ ਐੱਨਜੀਟੀ ਇੱਕ ਕਾਨੂੰਨੀ ਨਿਆਂਇਕ ਸੰਸਥਾ ਹੈ ਜੋ ਵਾਤਾਵਰਣ ਸੁਰੱਖਿਆ ਅਤੇ ਜੰਗਲਾਤ ਸੰਭਾਲ 'ਤੇ ਕੇਂਦ੍ਰਿਤ ਹੈ। ਜ਼ਿਕਰਯੋਗ ਹੈ ਕਿ ਇਨ੍ਹਾਂ ਥਾਵਾਂ ਦੀ ਪਛਾਣ ਪਿਛਲੇ ਸਾਲ ਪੰਜਾਬ ਦੇ ਜਲ ਸਰੋਤ ਵਿਭਾਗ ਦੁਆਰਾ ਕੀਤੀ ਗਈ ਸੀ। ਇਹ ਪਾਬੰਦੀ ਅਗਲੇ ਹੁਕਮਾਂ ਤੱਕ ਲਾਗੂ ਰਹੇਗੀ।




ਪੰਜਾਬ ਸਰਕਾਰ ਨੇ ਹਾਲ ਹੀ 'ਚ ਇਨ੍ਹਾਂ ਥਾਵਾਂ 'ਤੇ ਦਰਿਆਈ ਰੇਤ ਕੱਢਣ ਤੇ ਮਾਈਨਿੰਗ ਲਈ ਟੈਂਡਰ ਜਾਰੀ ਕੀਤੇ ਹਨ। ਗਾਹਲੜੀ ਪੰਚਾਇਤ ਦੀ ਨੁਮਾਇੰਦਗੀ ਕਰਨ ਵਾਲੇ ਵਕੀਲ ਨੇ ਦਲੀਲ ਦਿੱਤੀ ਕਿ ਕਿਉਂਕਿ ਰੇਤ ਤੇ ਬੱਜਰੀ ਕੱਢਣ ਦਾ ਕੰਮ ਕਾਰੋਬਾਰੀ ਉਦੇਸ਼ਾਂ ਲਈ ਸੀ, ਇਸ ਲਈ ਵਾਤਾਵਰਣ ਪ੍ਰਵਾਨਗੀ ਦੀ ਲੋੜ ਸੀ। ਇਹ ਵੀ ਕਿਹਾ ਗਿਆ ਸੀ ਕਿ ਪਿੰਡ ਦਰਿਆ ਤੋਂ ਨੀਵਾਂ ਹੈ ਤੇ ਮਾਈਨਿੰਗ ਪਿੰਡ ਦੀ ਜ਼ਮੀਨ 'ਤੇ ਮਾੜਾ ਪ੍ਰਭਾਵ ਪਾਵੇਗੀ। ਹਾਲਾਂਕਿ ਐੱਨਜੀਟੀ ਨੇ ਫ਼ੈਸਲਾ ਸੁਣਾਇਆ ਕਿ ਟੈਂਡਰ ਪ੍ਰਕਿਰਿਆ ਤਾਂ ਅੱਗੇ ਵਧੇਗੀ ਪਰ ਰੇਤ ਅਤੇ ਬੱਜਰੀ ਕੱਢਣ ਦਾ ਕੰਮ ਸ਼ੁਰੂ ਨਹੀਂ ਹੋਵੇਗਾ। ਵਕੀਲ ਨੇ ਵਾਤਾਵਰਣ ਨਿਯਮਾਂ ਦੀ ਪਾਲਣਾ ਦਾ ਮੁੱਦਾ ਵੀ ਉਠਾਇਆ। ਇਹ ਹੁਕਮ ਪਿੰਡ ਵਾਸੀਆਂ ਲਈ ਮਹੱਤਵਪੂਰਨ ਹੈ ਕਿਉਂਕਿ ਪਿਛਲੇ ਸਾਲ ਅਗਸਤ ਅਤੇ ਸਤੰਬਰ ਵਿਚ ਰਾਜ ਨੂੰ ਤਬਾਹ ਕਰਨ ਵਾਲੇ ਹੜ੍ਹਾਂ ਦੌਰਾਨ ਗ਼ੈਰ-ਕਾਨੂੰਨੀ ਮਾਈਨਿੰਗ ਦੁਆਰਾ ਜ਼ਮੀਨ ਦੇ ਵੱਡੇ ਹਿੱਸੇ ਤਬਾਹ ਹੋ ਗਏ ਸਨ। ਸਾਬਕਾ ਸਰਪੰਚ ਗੁਰਪਾਲ ਸਿੰਘ, ਸਤਨਾਮ ਸਿੰਘ, ਸੁਖਦੇਵ ਸਿੰਘ ਤੇ ਹੋਰਾਂ ਨੇ ਐੱਨਜੀਟੀ ਦੇ ਫ਼ੈਸਲੇ ਦਾ ਸਵਾਗਤ ਕੀਤਾ। ਉਨ੍ਹਾਂ ਕਿਹਾ ਕਿ ਦਰਿਆ ਤੋਂ ਲਗਾਤਾਰ ਮਾਈਨਿੰਗ ਆਲੇ ਦੁਆਲੇ ਦੇ ਪਿੰਡਾਂ ਨੂੰ ਕਾਫ਼ੀ ਨੁਕਸਾਨ ਪਹੁੰਚਾ ਰਹੀ ਹੈ। ਹਾਲ ਹੀ 'ਚ ਆਏ ਹੜ੍ਹਾਂ ਦੌਰਾਨ ਮਾਈਨਿੰਗ ਨੇ ਖੇਤਰ 'ਚ ਖੇਤੀਬਾੜੀ ਜ਼ਮੀਨ ਨੂੰ ਵੀ ਕਾਫ਼ੀ ਨੁਕਸਾਨ ਪਹੁੰਚਾਇਆ ਹੈ। ਇਸ ਖੇਤਰ 'ਚ ਮਾਈਨਿੰਗ 'ਤੇ ਪੂਰੀ ਤਰ੍ਹਾਂ ਪਾਬੰਦੀ ਲਗਾਈ ਜਾਣੀ ਚਾਹੀਦੀ ਹੈ। ਇਸ ਸਬੰਧੀ ਜਦੋਂ ਤਹਿਸੀਲਦਾਰ ਦਲਵਿੰਦਰ ਸਿੰਘ ਨਾਲ ਗੱਲ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਜੇਕਰ ਕੋਈ ਮਾਈਨਿੰਗ ਕਰਦਾ ਪਾਇਆ ਗਿਆਂ ਤਾਂ ਉਸ ਖਿਲਾਫ ਕਾਰਵਾਈ ਕੀਤੀ ਜਾਵੇਗੀ।

## ਆਨਲਾਈਨ ਪਿਆਰ, ਕਰਨਾਟਕ ਤੋਂ ਅਬੋਹਰ ਪਹੁੰਚ ਗਈ ਔਰਤ

**ਅਬੋਹਰ:** ਕਰਨਾਟਕ ਤੋਂ ਦੋ ਬੱਚਿਆਂ ਦੀ ਮਾਂ ਨੂੰ ਆਨਲਾਈਨ ਗੇਮ ਖੇਡਦੇ ਹੋਏ ਇੱਕ ਨੌਜਵਾਨ ਨਾਲ ਪਿਆਰ ਹੋ ਗਿਆ ਅਤੇ 2,100 ਕਿਲੋਮੀਟਰ ਦਾ ਸਫ਼ਰ ਤੈਅ ਕਰ ਕੇ ਉਹ ਅਬੋਹਰ ਪਹੁੰਚ ਗਈ। ਜਦੋਂ ਉਸ ਦੇ ਰਿਸ਼ਤੇਦਾਰ ਪੁਲਿਸ ਨੂੰ ਉਸ ਦੀ ਭਾਲ ਵਿੱਚ ਲੈ ਕੇ ਅਬੋਹਰ ਪਹੁੰਚੇ ਤਾਂ ਉਸ ਨੇ ਵਾਪਸ ਜਾਣ ਤੋਂ ਇਨਕਾਰ ਕਰ ਦਿੱਤਾ। ਕਰਨਾਟਕ ਤੋਂ ਦੋ ਬੱਚਿਆਂ ਦੀ ਮਾਂ ਆਨਲਾਈਨ ਗੇਮ ਰਾਹੀਂ ਅਬੋਹਰ ਦੇ ਇੱਕ ਨੌਜਵਾਨ ਨੂੰ ਮਿਲੀ। ਗੇਮ ਖੇਡਦੇ ਹੋਏ ਉਹ ਗੱਲਾਂ ਕਰਨ ਲੱਗ ਪਏ ਅਤੇ ਉਨ੍ਹਾਂ ਦੀ ਦੋਸਤੀ ਹੌਲੀ-ਹੌਲੀ ਪਿਆਰ ਵਿੱਚ ਬਦਲ ਗਈ। ਔਰਤ ਆਪਣੇ ਘਰ ਤੋਂ ਦਿੱਲੀ ਗਈ ਜਿੱਥੇ ਨੌਜਵਾਨ ਉਸ ਨੂੰ ਮਿਲਿਆ ਅਤੇ ਫਿਰ ਉਸ ਨੂੰ ਅਬੋਹਰ ਲੈ ਆਇਆ। ਉਨ੍ਹਾਂ ਨੇ ਇਕੱਠੇ ਰਹਿਣ ਦਾ ਫੈਸਲਾ ਕੀਤਾ। ਔਰਤ ਦੀ ਮਾਂ ਨੇ ਕਰਨਾਟਕ ਵਿੱਚ ਉਸ ਦੀ ਗੁਮਸ਼ੁਦਗੀ ਦੀ ਰਿਪੋਰਟ ਦਰਜ ਕਰਵਾਈ। ਜਾਂਚ ਦੌਰਾਨ ਕਰਨਾਟਕ ਪੁਲਿਸ ਨੇ ਔਰਤ ਦੇ ਮੋਬਾਈਲ ਫੋਨ ਦਾ ਪਤਾ ਲਗਾਇਆ ਅਤੇ ਅਬੋਹਰ ਵਿੱਚ ਉਸ ਦੀ ਸਥਿਤੀ ਦਾ ਪਤਾ ਲਗਾਇਆ। ਕਰਨਾਟਕ ਪੁਲਿਸ ਦੀ ਟੀਮ ਫਿਰ ਅਬੋਹਰ ਪਹੁੰਚੀ। ਅਬੋਹਰ ਪੁਲਿਸ ਦੀ ਮਦਦ ਨਾਲ ਔਰਤ ਨੂੰ ਲੱਭ ਲਿਆ ਗਿਆ। ਹਾਲਾਂਕਿ ਪੁੱਛਗਿੱਛ ਦੌਰਾਨ ਔਰਤ ਨੇ ਘਰ ਵਾਪਸ ਜਾਣ ਤੋਂ ਇਨਕਾਰ ਕਰ ਦਿੱਤਾ। ਉਸ ਨੇ ਕਿਹਾ ਕਿ ਉਹ ਬਾਲਗ ਹੈ ਅਤੇ ਆਪਣੀ ਮਰਜ਼ੀ ਨਾਲ ਅਬੋਹਰ ਦੇ ਰਾਮਨਗਰ ਦੇ ਰਹਿਣ ਵਾਲੇ ਨੌਜਵਾਨ ਨਾਲ ਰਹਿਣਾ ਚਾਹੁੰਦੀ ਹੈ।



## ਵਪਾਰ ਸਮਝੌਤਾ ਕੇਂਦਰ ਦਾ ਕਿਸਾਨਾਂ ਨਾਲ ਧੋਖਾ: ਸੰਧਵਾਂ

**ਚੰਡੀਗੜ੍ਹ:** ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਕੇਂਦਰ ਸਰਕਾਰ ਭਾਰਤ-ਅਮਰੀਕਾ ਵਪਾਰ ਸਮਝੌਤੇ ਰਾਹੀਂ ਦੇਸ਼ ਦੇ ਕਿਸਾਨਾਂ ਨਾਲ ਠੱਗੀ ਕਰਨ ਦਾ ਇਲਜ਼ਾਮ ਲਾਇਆ ਹੈ। ਉਨ੍ਹਾਂ ਕਿਹਾ ਕਿ ਇਹ ਸਮਝੌਤਾ ਭਾਰਤ ਦੇ ਕਿਸਾਨਾਂ ਲਈ ਬਹੁਤ ਨੁਕਸਾਨਦਾਇਕ ਸਾਬਤ ਹੋਵੇਗਾ। ਇਹ ਸਮਝੌਤਾ ਸਿਰਫ ਸਾਡੇ ਅੰਨਦਾਤਾ ਨੂੰ ਬਰਬਾਦ ਹੀ ਨਹੀਂ ਕਰੇਗਾ ਸਗੋਂ ਉਨ੍ਹਾਂ ਦੇ ਹਿੱਤਾਂ ਨੂੰ ਵੀ ਨੁਕਸਾਨ ਪਹੁੰਚਾਏਗਾ। ਉਨ੍ਹਾਂ ਕੇਂਦਰ ਸਰਕਾਰ ਦੇ ਇਸ ਫ਼ੈਸਲੇ ਦੀ ਸਖ਼ਤ ਨਿਖੇਧੀ ਕਰਦਿਆਂ ਕਿਹਾ ਕਿ ਭਾਜਪਾ ਸਰਕਾਰ ਲਗਾਤਾਰ ਸਾਡੇ ਦੇਸ਼ ਦੇ ਕਿਸਾਨਾਂ ਨੂੰ ਗੁੰਮਰਾਹ ਕਰ ਰਹੀ ਹੈ। ਪੰਜਾਬ ਸਰਕਾਰ ਹਰ ਕਦਮ 'ਤੇ ਕਿਸਾਨਾਂ ਨਾਲ ਮੋਢੇ ਨਾਲ ਮੋਢਾ ਲਾ ਕੇ ਖੜ੍ਹੀ ਹੈ।



ਸੰਧਵਾਂ ਨੇ ਦੱਸਿਆ ਕਿ ਸਹੀ ਕੀਮਤਾਂ, ਸਬਸਿਡੀਆਂ, ਬੁਨਿਆਦੀ ਢਾਂਚੇ ਅਤੇ ਖਤਰਿਆਂ ਤੋਂ ਸੁਰੱਖਿਆ ਵਰਗੀ ਮਜ਼ਬੂਤ ਘਰੇਲੂ ਹਮਾਇਤ ਬਿਨਾਂ, ਵਿਦੇਸ਼ੀ ਵਪਾਰ ਲਈ ਭਾਰਤੀ ਬਜ਼ਾਰ ਖੋਲ੍ਹਣ ਦਾ ਇਹ ਕਦਮ ਛੋਟੇ ਅਤੇ ਸਰਹੱਦੀ ਕਿਸਾਨਾਂ ਲਈ ਵੱਡੀ ਸਮੱਸਿਆ ਖੜ੍ਹੀ ਕਰ ਸਕਦਾ ਹੈ। ਇਸ ਸਬੰਧੀ ਕਿਸਾਨਾਂ ਦਾ ਵਿਰੋਧ ਇਕ ਚੇਤਾਵਨੀ ਸੰਕੇਤ ਹੈ।

## ਫ਼ੌਜ ਵਲੋਂ ਸਿੱਖ ਰੈਜੀਮੈਂਟ 'ਚ ਭਰਤੀ...

**(ਪਹਿਲੇ ਸਫ਼ੇ ਦਾ ਬਾਕੀ)**

ਸਮਰੱਥਾ ਦੀ ਘਾਟ, ਖੇਤੀ ਸੰਕਟ, ਬੇਰੁਜ਼ਗਾਰੀ ਅਤੇ ਘੱਟ ਰੋਜ਼ਗਾਰ ਮੌਕਿਆਂ ਕਾਰਨ ਵਿਦੇਸ਼ ਨੂੰ ਤਰਜੀਹ ਦੇਣ ਤੋਂ ਇਲਾਵਾ ਪਰਿਵਾਰਾਂ ਵਿਚ ਇਕੋ ਇਕ ਪੁੱਤਰ ਹੋਣ ਕਾਰਨ ਵੀ ਪੰਜਾਬੀ ਖ਼ਤਰਾ ਲੈਣ ਤੋਂ ਝਿਜਕਦੇ ਮੰਨੇ ਜਾਂਦੇ ਹਨ।ਪੰਜਾਬ ਤੋਂ ਫ਼ੌਜ 'ਚ ਭਰਤੀ ਦਾ ਕੋਟਾ 2 ਫੀਸਦੀ ਸੀਮਤ ਕਰਨ ਵਾਲੀ ਸਥਿਤੀ ਭਾਰਤੀ ਫ਼ੌਜ ਵਿੱਚ ਸੂਬਾ ਆਧਾਰਿਤ ਕੋਟਾ ਸਿਸਟਮ ਲਾਗੂ ਹੈ, ਜੋ ਰਿਕਰੂਟੇਬਲ ਮੇਲ ਪਾਪੂਲੇਸ਼ਨ (ਭਰਤੀਯੋਗ ਪੁਰਸ਼ ਆਬਾਦੀ) ਦੇ ਅਧਾਰ 'ਤੇ ਬਣਿਆ ਹੈ। ਪੰਜਾਬ ਲਈ 2008 ਵਿੱਚ 2 ਫ਼ੀਸਦੀ ਦਾ ਕੋਟਾ ਸੀ, ਜਿਸ ਨੂੰ ਪੰਜਾਬ ਸਰਕਾਰ ਨੇ ਨਿਰਪੱਖ ਭਰਤੀ ਵਿੱਚ ਰੁਕਾਵਟ ਮੰਨ ਕੇ ਖ਼ਤਮ ਕਰਨ ਦੀ ਮੰਗ ਵੀ ਕੀਤੀ ਸੀ। ਭਾਵੇਂ ਇਹ ਕੋਟਾ ਖ਼ਾਸ ਤੌਰ ਤੇ ਸਿੱਖਾਂ ਲਈ ਨਹੀਂ ਸੀ, ਸਗੋਂ ਪੂਰੇ ਪੰਜਾਬ ਅਤੇ ਦੇਸ਼ ਲਈ ਸੀ। ਅੱਜ ਕੱਲ੍ਹ ਅਗਨੀਵੀਰ ਸਕੀਮ ਵਿਚ ਵੀ ਸੂਬਿਆਂ ਦਾ ਹਿੱਸਾ ਬਰਕਰਾਰ ਹੈ, ਪਰ ਹੁਣ ਤਾਂ ਪੰਜਾਬ ਵਿਚੋਂ ਇਹ 2 ਫ਼ੀਸਦੀ ਕੋਟਾ ਵੀ ਭਰਦਾ ਨਹੀਂ ਲੱਗਦਾ। ਸਿੱਖ ਰੈਜੀਮੈਂਟ ਜਿਸ ਵਿਚ ਭਰਤੀ ਹੋਣ ਲਈ ਅਪੀਲਾਂ ਕੀਤੀਆਂ ਜਾ ਰਹੀਆਂ ਹਨ, ਨੇ ਭਾਰਤੀ ਫ਼ੌਜ ਵਿੱਚ ਬਹਾਦਰੀ ਦੀਆਂ ਮਿਸਾਲਾਂ ਕਾਇਮ ਕੀਤੀਆਂ ਹਨ। 1965 ਦੀ ਭਾਰਤ- ਪਾਕ ਜੰਗ ਵਿਚ ਸਿੱਖ ਰੈਜੀਮੈਂਟ ਨੇ ਪੈਟਨ ਟੈਂਕਾਂ ਨੂੰ ਤਬਾਹ ਕੀਤਾ, ਬਹੁਤ ਸਾਰੇ ਸਿੱਖ ਜਵਾਨਾਂ ਨੇ ਟੈਂਕਾਂ ਹੇਠਾਂ ਜਾ ਕੇ ਗ੍ਰਨੇਡ ਸੁੱਟੇ ਅਤੇ ਆਪਣੀ ਸ਼ਹਾਦਤ ਦਿੱਤੀ। 1971 ਦੀ ਭਾਰਤ-ਪਾਕਿ ਜੰਗ ਵਿਚ ਵੀ ਸਿੱਖ ਰੈਜੀਮੈਂਟ ਨੇ ਅਹਿਮ ਭੂਮਿਕਾ ਨਿਭਾਈ। ਲੈਫ਼ਟੀਨੈਂਟ ਜਨਰਲ ਜਗਜੀਤ ਸਿੰਘ ਅਰੋੜਾ ਨੇ 16 ਦਸੰਬਰ 1971 ਨੂੰ ਢਾਕਾ ਵਿੱਚ ਪਾਕਿਸਤਾਨੀ ਲੈਫ਼ਟੀਨੈਂਟ ਜਨਰਲ ਏ. ਕੇ. ਨਿਆਜ਼ੀ ਤੋਂ 93,000 ਪਾਕਿਸਤਾਨੀ ਫ਼ੌਜੀਆਂ ਦਾ ਆਤਮ ਸਮਰਪਣ ਕਰਵਾਇਆ ਜੋ ਕਿ ਦੂਜੀ ਵਿਸ਼ਵ ਜੰਗ ਤੋਂ ਬਾਅਦ ਕਿਸੇ ਫ਼ੌਜ ਦਾ ਸਭ ਤੋਂ ਵੱਡਾ ਆਤਮ ਸਮਰਪਣ ਸੀ ਅਤੇ ਇਸ ਦੇ ਕਾਰਨ ਹੀ ਬੰਗਲਾਦੇਸ਼ ਬਣਿਆ। 2020 ਵਿਚ ਗਲਵਾਨ ਵੈਲੀ ਝਗੜੇ ਵਿਚ ਚੀਨ ਨਾਲ ਹੋਈਆਂ ਝੜਪਾਂ ਵਿਚ ਸਿੱਖ ਰੈਜੀਮੈਂਟ ਦੇ ਸਿਪਾਹੀ ਗੁਰਤੇਜ ਸਿੰਘ ਨੂੰ ਮੌਤ ਉਪਰੰਤ ਵੀਰ ਚੱਕਰ ਨਾਲ ਸਨਮਾਨਿਤ ਕੀਤਾ ਗਿਆ। ਗਲਵਾਨ ਵਿੱਚ ਸਿੱਖ ਜਵਾਨਾਂ ਨੇ ਬਿਨਾਂ ਹਥਿਆਰ ਲੜਾਈ ਲੜੀ ਅਤੇ ਚੀਨੀ ਫੌਜ ਨੂੰ ਭਾਰੀ ਨੁਕਸਾਨ ਪਹੁੰਚਾਇਆ ਸੀ। ਇਸ ਲੜਾਈ ਵਿਚ 20 ਭਾਰਤੀ ਫ਼ੌਜੀ ਸ਼ਹੀਦ ਹੋਏ ਸਨ ਅਤੇ ਆਸਟ੍ਰੇਲੀਆਈ 'ਅਖ਼ਬਾਰ ਦੀ ਕਲੈਕਸਨ ਮੁਤਾਬਿਕ ਚੀਨ ਦੇ 38 ਤੋਂ 42 ਫ਼ੌਜੀ ਮਾਰੇ ਗਏ ਸਨ। ਸਿੱਖ ਰੈਜੀਮੈਂਟ ਵਿਚ ਫ਼ੌਜੀਆਂ ਦੀ ਭਰਤੀ ਦੀ ਘਾਟ ਦਾ ਸੰਕਟ ਇਕ ਪਾਸੇ ਰਾਸ਼ਟਰੀ ਸੁਰੱਖਿਆ ਦਾ ਸੰਕਟ ਹੈ ਤੇ ਦੂਜੇ ਪਾਸੇ ਫ਼ੌਜ ਵਿਚ ਸਿੱਖ ਪਛਾਣ ਅਤੇ ਪੰਜਾਬ ਦੇ ਸਮਾਜਿਕ ਸਥਿਤੀ ਦਾ ਵੀ ਸੰਕਟ ਹੈ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਜਸਬੀਰ ਕੌਰ ਢਿੱਲੋਂ
ਡਾ. ਇਨਕਲਾਬੀ ਥਾਂਦੀ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਪਰਮਿੰਦਰ ਸਿੰਘ ਵਾਲੀਆ
ਡਾ. ਹਰਗੁਰਮੁਖਪਾਲ ਸਿੰਘ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਡਾ. ਗੁਰਚਰਨ ਸਿੰਘ ਗਰੇਵਾਲ
ਗੁਰਦੇਵ ਸਿੰਘ ਜੌੜਾ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ
ਗੁਰਵੀਰ ਸਿੰਘ ਗਿੱਲ
ਜਸਕਰਨ ਸਿੰਘ ਧਾਲੀਵਾਲ
ਅਮਰੀਕ ਸਿੰਘ (ਅਮਰ ਕਾਰਪੇਟ)
ਅੰਮ੍ਰਿਤਪਾਲ ਸਿੰਘ ਸੰਘਾ
ਭੁਪਿੰਦਰ ਸਿੰਘ ਧਾਲੀਵਾਲ
ਹਰਵਿੰਦਰਪਾਲ ਸਿੰਘ ਲੈਲ
ਜਗਜੀਤ ਸਿੰਘ ਢੀਂਡਸਾ
ਸੁਖਮੇਲ ਸਿੰਘ ਅਟਵਾਲ
ਮੁਖਤਿਆਰ ਸਿੰਘ (ਹੈਪੀ ਹੀਰ)
ਆਗਿਆਪਾਲ ਸਿੰਘ ਬਾਠ
ਪਰਮਵੀਰ ਸਿੰਘ ਬੈਂਸ
ਮਨਮਿੰਦਰ ਸਿੰਘ ਹੀਰ
ਅਮੋਲਕ ਸਿੰਘ ਗਾਖਲ
ਜਸਵਿੰਦਰ ਸਿੰਘ (ਜੱਸੀ) ਗਿੱਲ

# ਭਾਰਤ ਬੇਹੱਦ ਕਾਮਯਾਬ ਤੇ ਉੱਭਰਦਾ ਅਰਥਚਾਰਾ: ਗੁਟੇਰਸ

**ਸੰਯੁਕਤ ਰਾਸ਼ਟਰ:**ਸੰਯੁਕਤ ਰਾਸ਼ਟਰ ਦੇ ਸਕੱਤਰ ਜਨਰਲ ਐਂਟੋਨੀਓ ਗੁਟੇਰਸ ਨੇ ਕਿਹਾ ਹੈ ਕਿ ਭਾਰਤ ਬਹੁਤ ਸਫਲ ਉੱਭਰਦਾ ਹੋਇਆ ਅਰਥਚਾਰਾ ਹੈ। ਉਸ ਦਾ ਨਾ-ਸਿਰਫ਼ ਆਲਮੀ ਅਰਥਚਾਰਾ ਹੈ, ਸਗੋਂ ਕੌਮਾਂਤਰੀ ਮਾਮਲਿਆਂ ਵਿਚ ਵੀ ਅਹਿਮ ਕਿਰਦਾਰ ਹੈ। ਇਹ ਏਆਈ ਸਿਖਰ ਸੰਮੇਲਨ ਦੀ ਮੇਜ਼ਬਾਨੀ ਲਈ ਇਕਦਮ ਢੁਕਵਾਂ ਸਥਾਨ ਹੈ। ਗੁਟੇਰਸ ਨੇ ਇਕ ਇੰਟਰਵਿਊ ਦੌਰਾਨ ਕਿਹਾ ਹੈ ਕਿ ਮਸਨੂਈ ਸਿਆਣਪ (ਏਆਈ) ਦਾ ਲਾਹਾ ਪੂਰੇ ਸੰਸਾਰ ਨੂੰ ਮਿਲਣਾ ਚਾਹੀਦਾ ਹੈ, ਨਾ ਕਿ ਸਿਰਫ਼ ਵਿਕਸਤ ਮੁਲਕਾਂ ਜਾਂ ਦੋ ਮਹਾ-ਸ਼ਕਤੀਆਂ ਨੂੰ। ਉਨ੍ਹਾਂ ਦਾ ਇਸ਼ਾਰਾ ਦਰਅਸਲ ਅਮਰੀਕਾ ਤੇ ਚੀਨ ਵੱਲ ਸੀ। ਉਨ੍ਹਾਂ ਨੇ ਭਾਰਤ ਨੂੰ ਇਹ ਸਿਖਰ ਸੰਮੇਲਨ ਕਰਵਾਉਣ ਦੀ ਵਧਾਈ ਦਿੱਤੀ ਤੇ ਆਖਿਆ ਕਿ ਏਆਈ ਦਾ ਵਿਕਾਸ ਸਾਰਿਆਂ ਦੇ ਲਾਭ ਲਈ ਹੋਵੇ। ਗਲੋਬਲ ਸਾਊਥ ਦੇ ਮੁਲਕ ਵੀ ਇਸ ਦਾ ਹਿੱਸਾ ਬਣਨ। ਇਹ ਆਲਮੀ ਪ੍ਰੋਗਰਾਮ 'ਆਲਮੀ ਦੱਖਣ' ਵਿਚ ਪਹਿਲਾ ਏਆਈ ਸਿਖਰ ਸੰਮੇਲਨ ਹੈ ਜੋ ਕਿ ਲੋਕਾਂ, ਗ੍ਰਹਿਆਂ ਤੇ ਪ੍ਰਗਤੀ ਦੇ ਤਿੰਨ ਮਾਰਗਦਰਸ਼ਕ ਸਿਧਾਂਤਾਂ 'ਤੇ ਅਧਾਰਤ ਹੈ। ਗੁਟੇਰਸ ਨੇ ਕਿਹਾ ਕਿ



ਏਆਈ ਨੂੰ ਮਨੁੱਖਤਾ ਦੇ ਲਾਭ ਲਈ ਇਕ ਕੌਮਾਂਤਰੀ ਉਪਕਰਨ ਬਣਾਉਣਾ ਜ਼ਰੂਰੀ ਹੈ। ਉਨ੍ਹਾਂ ਨੇ ਭਾਰਤ ਦੀ ਭੂਮਿਕਾ ਨੂੰ ਉਜਾਗਰ ਕਰਦੇ ਹੋਏ ਕਿਹਾ ਕਿ ਇਹ ਸਿਖਰ ਸੰਮੇਲਨ ਏਆਈ ਦੀਆਂ ਸਾਰੀਆਂ ਸੰਭਾਵਨਾਵਾਂ ਤੇ ਜੋਖਮਾਂ ਉੱਤੇ ਡੂੰਘੀ ਚਰਚਾ ਦਾ ਮੌਕਾ ਮਿਲੇਗਾ। ਗੁਟੇਰਸ ਨੇ ਅੱਗੇ ਕਿਹਾ ਕਿ ਭਾਰਤ ਤੇ ਯੂਰਪੀ ਸੰਘ ਵਿਚਾਲੇ ਹਾਲੀਆ ਵਪਾਰ ਸਮਝੌਤਾ ਚੰਗੀ ਮਿਸਾਲ ਹੈ।

# ਟਰੰਪ ਦੌਰ ਦੀ ਰਾਜਨੀਤੀ ਜੋਕਰਾਂ ਦਾ ਸ਼ੋਅ: ਓਬਾਮਾ

**ਵਾਸ਼ਿੰਗਟਨ:**ਸਾਬਕਾ ਰਾਸ਼ਟਰਪਤੀ ਬਰਾਕ ਓਬਾਮਾ ਨੇ ਮੌਜੂਦਾ ਟਰੰਪ ਦੌਰਾਨ ਸਰਕਾਰ ਅਮਰੀਕੀ ਸਿਆਸਤ ਦੇ ਡਿੱਗਦੇ ਪੱਧਰ ਉੱਤੇ ਤਿੱਖਾ ਹਮਲਾ ਕੀਤਾ ਹੈ। ਇਕ ਹਾਲੀਆ ਇੰਟਰਵਿਊ ਵਿਚ ਓਬਾਮਾ ਨੇ ਟਰੰਪ ਦੇ ਦੂਜੇ ਕਾਰਜਕਾਲ ਦੌਰਾਨ ਅਮਰੀਕੀ ਰਾਜਨੀਤੀ ਨੂੰ 'ਜੋਕਰਾਂ ਦਾ ਸ਼ੋਅ' ਕਿਹਾ ਹੈ। ਉਨ੍ਹਾਂ ਨੇ ਦੱਸਿਆ ਕਿ ਵ੍ਹਾਈਟ ਹਾਊਸ ਤੋਂ ਜਾਰੀ ਕੀਤੀ ਗਈ ਬਿਆਨਬਾਜ਼ੀ ਨੇ ਬਹੁਤ ਸਾਰੇ ਅਮਰੀਕੀ ਲੋਕਾਂ ਨੂੰ ਪਰੇਸ਼ਾਨ ਕੀਤਾ ਹੈ। ਬ੍ਰਾਇਨ ਟਾਇਲਰ ਕੋਹਨ ਦੇ 'ਨੋ ਲਾਈ' ਪੋਡਕਾਸਟ 'ਤੇ ਗੱਲ ਕਰਦਿਆਂ ਓਬਾਮਾ ਨੇ ਉਸ ਵਿਵਾਦਤ ਵੀਡੀਓ ਦਾ ਜ਼ਿਕਰ ਕੀਤਾ, ਜਿਸ ਵਿਚ ਉਨ੍ਹਾਂ ਅਤੇ ਸਾਬਕਾ ਪ੍ਰਥਮ ਔਰਤ ਮਿਸ਼ੇਲ ਓਬਾਮਾ ਨੂੰ ਅਪਮਾਨਜਨਕ ਢੰਗ ਨਾਲ ਦਰਸਾਇਆ ਗਿਆ ਸੀ। ਇਸ ਮਾਮਲੇ 'ਤੇ ਟਰੰਪ ਵੱਲੋਂ ਮਾਫੀ ਨਾ ਮੰਗਣ ਅਤੇ ਇਸ ਨੂੰ ਇਕ ਮੁਲਾਜ਼ਮ ਦੀ ਗ਼ਲਤੀ ਦੱਸਣ 'ਤੇ ਓਬਾਮਾ ਨੇ ਕਿਹਾ, "ਇਹ ਜਾਣਨਾ ਅਹਿਮ ਹੈ ਕਿ ਬਹੁਤ ਸਾਰੇ ਅਮਰੀਕੀ ਇਸ ਵਿਹਾਰ ਨੂੰ ਬਹੁਤ ਪਰੇਸ਼ਾਨ ਕਰਨ ਵਾਲਾ ਮੰਨਦੇ ਹਨ। ਓਬਾਮਾ ਨੇ ਇੰਟਰਨੈੱਟ ਮੀਡੀਆ ਅਤੇ ਟੈਲੀਵਿਜ਼ਨ 'ਤੇ ਚੱਲ ਰਹੀ ਮੌਜੂਦਾ ਰਾਜਨੀਤੀ ਨੂੰ ਸਰਕਸ ਵਾਂਗ ਦੱਸਿਆ। ਜਦੋਂ 'ਸੰਵਾਦ ਦੇ ਪਤਨ ਅਤੇ ਇਮੀਗ੍ਰੇਸ਼ਨ ਮੁਹਿੰਮਾਂ ਦੌਰਾਨ ਮਾਰੇ ਗਏ ਨਾਗਰਿਕਾਂ ਨੂੰ



"ਘਰੇਲੂ ਅੱਤਵਾਦੀ" ਕਹਿਣ 'ਤੇ ਕੋਹਨ ਨੇ ਸਵਾਲ ਕੀਤਾ, ਤਾਂ ਓਬਾਮਾ ਨੇ ਇਸ ਨੂੰ ਮੁੱਖ ਮਸਲਿਆਂ ਤੋਂ ਧਿਆਨ ਭਟਕਾਉਣ ਵਾਲੀ ਰਣਨੀਤੀ ਦੱਸਿਆ।

ਓਬਾਮਾ ਨੇ ਕਿਹਾ ਕਿ ਰਿਪਬਲਿਕਨ ਸਿਰਫ ਸਥਾਪਤ ਨਿਯਮਾਂ ਅਤੇ ਕਾਨੂੰਨਾਂ ਨੂੰ ਉਲਝਾਉਣ ਦਾ ਕੰਮ ਕਰ ਰਹੇ ਹਨ। ਉਨ੍ਹਾਂ ਨੇ ਡੈਮੋਕ੍ਰੇਟਸ ਨੂੰ ਚਿਤਾਵਨੀ ਦਿੱਤੀ ਕਿ ਉਹ ਜਵਾਬ ਦੇਣ ਲਈ ਰਿਪਬਲਿਕਨ ਵਰਗੀਆਂ 'ਸਾੜੋ ਤੇ ਨਸ਼ਟ ਕਰੋ' ਦੀ ਨੀਤੀ ਨਾ ਅਪਣਾਉਣ।

# ਰੂਸ ਤੋਂ ਤੇਲ ਖ਼ਰੀਦਣ ਬਾਰੇ ਫ਼ੈਸਲਾ ਦੇਸ਼ ਦੇ ਹਿੱਤਾਂ ਮੁਤਾਬਕ: ਜੈਸ਼ੰਕਰ

## ਊਰਜਾ ਸਬੰਧੀ ਫ਼ੈਸਲਿਆਂ 'ਚ ਰਣਨੀਤਕ ਖ਼ੁਦਮੁਖ਼ਤਾਰੀ ਬਾਰੇ ਕੀਤੀ ਗੱਲ

**ਮਿਊਨਿਖ:**ਰੂਸ ਤੋਂ ਕੱਚੇ ਤੇਲ ਦੀ ਖਰੀਦ ਜਾਰੀ ਰੱਖਣ ਦੇ ਸਵਾਲ 'ਤੇ ਭਾਰਤ ਨੇ ਸਪੱਸ਼ਟ ਸੰਕੇਤ ਦਿੱਤਾ ਹੈ ਕਿ ਅੰਤਮ ਫੈਸਲਾ ਕੌਮੀ ਹਿੱਤ ਤੇ ਬਾਜ਼ਾਰ ਦੀ ਹਾਲਤ ਦੇ ਅਧਾਰ 'ਤੇ ਹੋਵੇਗਾ। ਵਿਦੇਸ਼ ਮੰਤਰੀ ਐਸ ਜੈਸ਼ੰਕਰ ਨੇ ਇੱਥੇ ਮਿਊਨਿਖ ਸਕਿਓਰਟੀ ਕਾਨਫਰੰਸ ਵਿਚ ਕਿਹਾ ਕਿ ਭਾਰਤ ਆਪਣੀ 'ਰਟਨੀਤਕ ਖ਼ੁਦਮੁਖਤਾਰੀ ਦੇ ਸਿਧਾਂਤਾਂ ਨਾਲ ਵਚਨਬੱਧ ਹੈ ਤੇ ਊਰਜਾ ਨਾਲ ਜੁੜੇ ਫੈਸਲੇ ਉਪਲਬਧਤਾ ਲਾਗਤ ਤੇ ਜੋਖਮ ਨੂੰ ਦੇਖ ਕੇ ਕੀਤੇ ਜਾਂਦੇ ਹਨ। ਸਿੱਧੇ ਸਵਾਲ 'ਤੇ ਕਿ ਕੀ ਭਾਰਤ, ਰੂਸੀ ਤੇਲ ਖ਼ਰੀਦ ਬੰਦ ਕਰ ਸਕਦਾ ਹੈ। ਉਨ੍ਹਾਂ ਕਿਹਾ, 'ਹਾ, ਦਿੱਬ ਹੋ ਸਕਦਾ ਹੈ। ਇਹ ਬਿਆਨ ਅਜਿਹੇ ਸਮੇਂ ਆਇਆ ਹੈ ਜਦੋਂ ਅਮਰੀਕਾ ਨੇ ਰੂਸ ਦੇ ਊਰਜਾ ਖੇਤਰ 'ਤੇ ਨਵੀਆਂ ਪਾਬੰਦੀਆਂ ਲਗਾਈਆਂ ਹਨ ਤੇ ਵਾਸ਼ਿੰਗਟਨ ਵੱਲੋਂ ਦਾਅਵਾ ਕੀਤਾ ਗਿਆ ਹੈ ਕਿ ਨਵੀਂ ਦਿੱਲੀ ਨੇ ਵਧੇਰੇ ਰੂਸੀ ਤੇਲ ਖਰੀਦ ਤੋਂ ਪਰਹੇਜ਼ ਦਾ ਭਰੋਸਾ ਦਿੱਤਾ ਹੈ। ਅਮਰੀਕੀ ਵਿਦੇਸ਼ ਮੰਤਰੀ ਮਾਰਕੋ ਰੂਬੀਓ ਨੇ ਸੰਮੇਲਨ ਦੌਰਾਨ ਕਿਹਾ ਕਿ ਅਮਰੀਕਾ ਨੂੰ ਭਾਰਤ ਕੋਲੋਂ ਅਜਿਹੀ ਪ੍ਰਤੀਬੱਧਤਾ ਮਿਲੀ ਹੈ, ਜਦਕਿ ਇਸ ਤੋਂ ਪਹਿਲਾਂ ਰਾਸ਼ਟਰਪਤੀ ਡੌਨਲਡ ਟਰੰਪ ਵੀ ਇਸ ਤਰ੍ਹਾਂ ਦਾ ਦਾਅਵਾ ਕਰ ਚੁੱਕੇ ਹਨ।

ਜਦੋਂ ਜੈਸ਼ੰਕਰ ਕੋਲੋਂ ਪੁੱਛਿਆ ਗਿਆ ਕਿ



ਕੀ ਵਪਾਰ ਸਮਝੌਤੇ ਦੀਆਂ ਸ਼ਰਤਾਂ ਤਹਿਤ ਭਾਰਤ, ਰੂਸ ਤੋਂ ਤੇਲ ਖ਼ਰੀਦਣਾ ਬੰਦ ਕਰ ਦੇਵੇਗਾ? ਤਾਂ ਵਿਦੇਸ਼ ਮੰਤਰੀ ਨੇ ਸਾਫ਼ ਤੌਰ 'ਤੇ ਕਿਹਾ ਕਿ ਜੇ ਤੁਹਾਡੇ ਸਵਾਲ ਦਾ ਮਤਲਬ ਇਹ ਹੈ ਕਿ ਕੀ ਆਜ਼ਾਦਾਨਾ ਸੋਚ ਰੱਖਦੇ ਹੋਏ ਆਪਣੇ ਫੈਸਲੇ ਖੁਦ ਲਵਾਂਗਾ ਤੇ ਅਜਿਹੇ ਬਦਲ ਚੁਣ ਸਕਦਾ ਹਾਂ ਜਿਹੜੇ ਤੁਹਾਡੀ ਸੋਚ ਨਾਲ ਮੇਲ ਨਾ ਖਾਂਦੇ ਹੋਣ ਤਾਂ ਹਾਂ, ਇੰਝ ਹੋ ਸਕਦਾ ਹੈ। ਜੈਸ਼ੰਕਰ ਨੇ ਇਹ ਵੀ ਸਪੱਸ਼ਟ ਕੀਤਾ ਕਿ ਬਾਰਤ ਦੀ ਵਿਦੇਸ਼ ਤੇ ਊਰਜਾ ਨੀਤੀ ਸੁਤੰਤਰ ਫ਼ੈਸਲਾ ਪ੍ਰਕਿਰਿਆ 'ਤੇ ਅਧਾਰਤ ਰਹੇਗੀ। ਉਨ੍ਹਾਂ ਮੁਤਾਬਕ ਆਲਮੀ ਤੇਲ ਬਾਜ਼ਾਰ ਗੁੰਝਲਦਾਰ ਹੈ ਤੇ ਭਾਰਤੀ ਤੇਲ ਕੰਪਨੀਆਂ ਵੀ ਹੋਰਨਾਂ ਮੁਲਕਾਂ ਵਾਂਗ ਉਪਬਲਧਤਾ, ਕੀਮਤ ਤੇ ਸੰਭਾਵਤ ਜੋਖਮ ਨੂੰ ਤੋਲ ਕੇ ਖ਼ਰੀਦ ਦਾ ਫ਼ੈਸਲਾ ਕਰਦੀਆਂ ਹਨ। ਭਾਰਤ ਨੇ ਹੁਣ ਤੱਕ ਰਸਮੀ ਤੌਰ 'ਤੇ ਨਾ ਤਾਂ ਅਮਰੀਕੀ ਦਾਅਵਿਆਂ ਦੀ ਪੁਸ਼ਟੀ ਕੀਤੀ ਹੈ ਤੇ ਨਾ ਹੀ ਖੰਡਨ ਕੀਤਾ ਹੈ। ਜਾਣਕਾਰਾਂ ਦਾ ਕਹਿਣਾ ਹੈ ਕਿ ਆਉਣ ਵਾਲੇ ਸਮੇਂ ਵਿਚ ਤੇਲ ਦੀਆਂ ਕੌਮਾਂਤਰੀ ਕੀਮਤਾਂ, ਸਪਲਾਈ ਦੀ ਸਥਿਤੀ ਤੇ ਭੂ-ਸਿਆਸੀ ਜੋਖਮ ਇਹ ਤੈਅ ਕਰਨਗੇ ਕਿ ਭਾਰਤ ਰੂਸੀ ਤੇਲ ਖ਼ਰੀਦ ਵਿਚ ਬਦਲਾਅ ਕਰੇਗਾ ਕਿ ਨਹੀਂ।

### ਜੈਸ਼ੰਕਰ ਨੇ ਕੀਤੀਆਂ ਅਹਿਮ ਮੀਟਿੰਗਾਂ

ਜਰਮਨੀ ਦੇ ਮਿਊਨਿਖ ਵਿਚ ਕਰਵਾਏ ਸੁਰੱਖਿਆ ਸੰਮੇਲਨ ਦੇ ਦੂਸਰੇ ਦਿਨ ਵਿਦੇਸ਼ ਮੰਤਰੀ ਐੱਸ ਜੈਸ਼ੰਕਰ ਨੇ ਕਈ ਉੱਚ-ਪੱਧਰੀ ਦੁਵੱਲੀਆਂ ਮੀਟਿੰਗਾਂ ਕੀਤੀਆਂ ਤੇ ਆਲਮੀ ਮੁੱਦਿਆਂ 'ਤੇ ਵਿਚਾਰ ਵਟਾਂਦਰਾ ਕੀਤਾ। ਉਨ੍ਹਾਂ ਨੇ ਸੰਮੇਲਨ ਦੇ ਮੁਖੀ ਵੋਲਫਗੈਂਗ ਇੰਸ਼ੀਗਰ ਨਾਲ ਗੱਲਬਾਤ ਨੂੰ ਫਾਇਦਾਮੰਦ ਦੱਸਿਆ। ਜਰਮਨੀ ਦੇ ਸੀਡੀਯੂ/ਸੀਐੱਸਯੂ ਆਗੂ ਜੇਮਸ ਸਪਾਨ ਨਾਲ ਭਾਰਤ- ਜਰਮਨੀ ਸਬੰਧ ਮਜ਼ਬੂਤ ਕਰਨ ਬਾਰੇ ਚਰਚਾ ਹੋਈ। ਰੋਮਾਨੀਆ ਦੀ ਵਿਦੇਸ਼ ਮੰਤਰੀ ਓਆਨਾ ਸਿਲਵੀਆ ਤੋਈਉ ਨਾਲ ਮੁਲਾਕਾਤ ਵਿਚ ਦੁਵੱਲੇ ਸਹਿਯੋਗ ਦੀਆਂ ਸੰਭਾਵਨਾਵਾਂ ਬਾਰੇ ਸਮੀਖਿਆ ਕੀਤੀ ਗਈ। ਜੈਸ਼ੰਕਰ ਨੇ ਜੀ7 ਮੁਲਕਾਂ ਦੇ ਵਿਦੇਸ਼ ਮੰਤਰੀਆਂ ਨਾਲ ਵੀ ਮੁਲਾਕਾਤ ਕੀਤੀ ਅਤੇ ਸੰਯੁਕਤ ਰਾਸ਼ਟਰ ਏਜੰਡੇ ਪ੍ਰਤੀ ਭਾਰਤ ਦੀ ਹਮਾਇਤ ਦੁਹਰਾਈ ਤੇ ਸਮੁੰਦਰੀ ਸੁਰੱਖਿਆ, ਬੰਦਰਗਾਹ ਸੁਰੱਖਿਆ ਤੇ ਆਲਮੀ ਸੰਚਾਰ ਲਾਈਨਾਂ ਦੀ ਸੁਰੱਖਿਆ ਵਿਚਭਾਰਤ ਦੀ ਭੂਮਿਕਾ ਉੱਤੇ ਜ਼ੋਰ ਦਿੱਤਾ। ਸੰਮੇਲਨ ਤੋਂ ਵੱਖਰੇ ਤੌਰ 'ਤੇ ਉਨ੍ਹਾਂ ਨੇ ਕੈਨੇਡਾ, ਜਾਪਾਨ ਤੇ ਫਰਾਂਸ ਦੇ ਵਿਦੇਸ਼ ਮੰਤਰੀਆਂ ਨਾਲ ਮੁਲਾਕਾਤ ਕੀਤੀ।

# ਨਵਲਨੀ ਸੰਬੰਧੀ ਯੂਰਪੀ ਦੇਸ਼ਾਂ ਦੀ ਰਿਪੋਰਟ 'ਤੇ ਸਵਾਲ ਕਿਉਂ: ਰੂਬੀਓ

**ਬੁਡਾਪੈਸਟ:**ਅਮਰੀਕੀ ਵਿਦੇਸ਼ ਮੰਤਰੀ ਮਾਰਕੋ ਰੂਬੀਓ ਨੇ ਐਤਵਾਰ ਨੂੰ ਪੰਜ ਯੂਰਪੀ ਸਹਿਯੋਗੀਆਂ ਦੀ ਉਸ ਰਿਪੋਰਟ ਨੂੰ ਚਿੰਤਾਜਨਕ ਦੱਸਿਆ, ਜਿਸ ਵਿਚ ਰੂਸ 'ਤੇ ਕ੍ਰੈਮਲਿਨ ਦੇ ਆਲੋਚਕ ਐਲੇਕਸੀ ਨਵਲਨੀ ਦੇ ਕਤਲ ਲਈ ਜ਼ਹਿਰੀਲੇ ਡੱਡੂਆਂ ਦੀ ਜ਼ਹਿਰ ਦੀ



ਵਰਤੋਂ ਬਾਰੇ ਦੋਸ਼ ਲਾਇਆ ਹੈ। ਇਸ ਸਬੰਧ ਵਿਚ ਉਨ੍ਹਾਂ ਕਿਹਾ ਕਿ ਵਾਸ਼ਿੰਗਟਨ ਕੋਲ ਇਸ 'ਤੇ ਹੈ। ਸਵਾਲ ਕਰਨ ਦੀ ਕੋਈ ਵਜ੍ਹਾ ਨਹੀਂ ਉਨ੍ਹਾਂ ਨੇ ਇਹ ਵੀ ਕਿਹਾ ਕਿ ਉਹ ਇਸ ਰਿਪੋਰਟ ਪ੍ਰਤੀ ਪੂਰੀ ਤਰ੍ਹਾਂ ਜਾਣੂ ਹਨ ਅਤੇ ਇਸ 'ਤੇ ਸਵਾਲ ਉਠਾਉਣ ਦਾ ਕੋਈ ਕਾਰਨ ਨਹੀਂ ਹੈ।

# ਅਮਰੀਕਾ ਰਿਆਇਤਾਂ ਬਾਰੇ ਸਾਨੂੰ ਕਹਿੰਦੈ, ਰੂਸ ਨੂੰ ਨਹੀਂ: ਜ਼ੇਲੈਂਸਕੀ

**ਕੀਵ:**ਯੂਕਰੇਨ ਦੇ ਰਾਸ਼ਟਰਪਤੀ ਵੋਲੋਦੀਮੀਰ ਜੇਲੈਂਸਕੀ ਨੇ ਕਿਹਾ ਹੈ ਕਿ ਅਮਰੀਕਾ ਯੂਕਰੇਨ ਤੋਂ ਰਿਆਇਤਾਂ ਦੀ ਮੰਗ ਕਰਦਾ ਹੈ ਜਦਕਿ ਯੂਕਰੇਨ ਨੇ ਪਹਿਲਾਂ ਹੀ ਕਾਫ਼ੀ ਰਿਆਇਤਾਂ ਦਿੱਤੀਆਂ ਹੋਈਆਂ ਹਨ। ਹਾਲਾਂਕਿ ਉਸ ਨੇ ਆਸ ਪ੍ਰਗਟ ਕੀਤੀ ਕਿ ਅਗਲੇ ਹਫ਼ਤੇ ਜਨੇਵਾ ਵਿਚ ਅਮਰੀਕਾ ਦੀ ਵਿਚੋਲਗੀ ਵਿਚ ਹੋਣ ਵਾਲੀਆਂ ਸ਼ਾਂਤੀ ਗੱਲਬਾਤ ਸਾਰਥਕ ਰਹੇਗੀ। ਜੇਲੈਂਸਕੀ ਨੇ ਇਹ ਦੋਸ਼ ਲਾਇਆ ਹੈ ਕਿ ਫੈਸਲਿਆਂ ਵਿਚ ਦੇਰੀ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।


1945 ਤੋਂ ਬਾਅਦ ਯੂਰਪ ਦੇ ਸਭ ਤੋਂ ਲੰਮੇ ਯੁੱਧ ਨੂੰ ਖ਼ਤਮ ਕਰਨ ਲਈ ਸਮਝੌਤਿਆਂ ਦੇ ਯਤਨਾਂ ਤਹਿਤ ਰੂਸੀ ਤੇ ਅਮਰੀਕੀ ਵਫ਼ਦ ਸਵਿਟਜਰਲੈਂਡ ਦੇ ਜਨੇਵਾ ਸ਼ਹਿਰ ਵਿਚ ਆਉਣ ਵਾਲਾ ਹੈ। ਰੂਸ ਨੇ ਕਿਹਾ ਹੈ ਕਿ ਜਨੇਵਾ ਵਿਚ ਵਫਦ ਦੀ ਅਗਵਾਈ ਪੁਤਿਨ ਦੇ ਸਲਾਹਕਾਰ ਵਲਾਦੀਮੀਰ ਮੇਦਿੰਸਕੀ ਕਰਨਗੇ ਜਦਕਿ ਆਬੂਧਾਬੀ ਵਿਚ ਹੋਈ ਗੱਲਬਾਤ ਵਿਚ ਰੂਸ ਦੀ ਅਗਵਾਈ ਫੌਜ ਮੁਖੀ ਇਗੋਰ ਕੋਸਤਯੁਕੋਵ ਨੇ ਕੀਤਾ ਸੀ। ਇਸ ਤਬਦੀਲੀ ਨਾਲ ਯੂਕਰੇਨ ਨੂੰ ਹੈਰਾਨੀ ਹੋਈ ਹੈ। ਉਨ੍ਹਾਂ ਕਿਹਾ ਕਿ ਰੂਸ ਕਿਸੇ ਵੀ ਫੈਸਲੇ 'ਤੇ ਸਹਿਮਤੀ ਬਣਨ ਵਿਚ ਦੇਰੀ ਕਰਨਾ ਚਾਹੁੰਦਾ ਹੈ। ਇਸ ਤੋਂ ਪਹਿਲਾਂ ਅਮਰੀਕਾ ਦੀ ਵਿਚੋਲਗੀ ਵਿਚ ਆਬੂਧਾਬੀ ਵਿਚ ਰੂਸ- ਯੂਕਰੇਨ ਵਿਚ ਹੋਈ ਦੋ ਪੜਾਆਂ ਦੀ ਗੱਲਬਾਤ ਨੂੰ ਦੋਵਾਂ ਧਿਰਾਂ ਨੇ ਰਚਨਾਤਮਕ ਦੱਸਿਆ ਹੈ ਪਰ ਇਸ



ਵਿਚ ਕੋਈ ਖ਼ਾਸ ਪ੍ਰਗਤੀ ਨਹੀਂ ਹੋਈ। ਜ਼ੇਲੈਂਸਕੀ ਨੇ ਰੂਸ 'ਤੇ ਸ਼ਾਂਤੀ ਸਥਾਪਤ ਕਰਨ ਲਈ ਦਬਾਅ ਦੇ ਬਣਾਉਣ ਲਈ ਯੂਕਰੇਨ ਸਹਿਯੋਗੀਆਂ ਤੋਂ ਵੱਧ ਕਾਰਵਾਈ ਕਰਨ ਦੀ ਅਪੀਲ ਕੀਤੀ, ਜਿਸ ਵਿਚ ਸਖ਼ਤ ਪਾਬੰਦੀਆਂ ਤੇ ਵਾਧੂ ਹਥਿਆਰਾਂ ਦੀ ਸਪਲਾਈ ਦੋਵੇਂ ਸ਼ਾਮਲ ਹਨ। ਜ਼ੇਲੈਂਸਕੀ ਨੇ ਕਿਹਾ ਕਿ ਅਮਰੀਕਾ ਦਾ ਰਾਸ਼ਟਰਪਤੀ ਡੋਨਾਲਡ ਟਰੰਪ ਪੁਤਿਨ ਨੂੰ ਜੰਗਬੰਦੀ ਦਾ ਐਲਾਨ ਕਰਨ ਲਈ ਮਜਬੂਰ ਕਰਨ ਵਿਚ ਸਮਰੱਥ ਹੈ ਤੇ ਟਰੰਪ ਨੂੰ ਇੰਝ ਕਰਨਾ ਚਾਹੀਦਾ ਹੈ।ਰੂਸ ਦੀ ਮੁੱਖ ਮੰਗ ਹੈ ਕਿ ਯੂਕਰੇਨ, ਡੋਨੇਸਕ ਦੇ ਪੂਰਬੀ ਖ਼ਿੱਤੇ ਦੇ ਬਕਾਇਆ 20 ਫ਼ੀਸਦ ਹਿੱਸੇ ਨੂੰ ਛੱਡ ਦੇਵੇ, ਜਿਸ 'ਤੇ ਮਾਸਕੋ ਕਬਜ਼ਾ ਨਹੀਂ ਕਰ ਸਕਿਆ ਹੈ ਪਰ ਯੂਕਰੇਨ ਜ਼ਮੀਨ ਛੱਡਣ ਨੂੰ ਤਿਆਰ ਨਹੀਂ ਹੈ। ਯੂਕਰੇਨ ਦੇ ਮੁੱਖ ਗੱਲਬਾਤ ਸਲਾਹਕਾਰ ਰੁਸਤਮ ਉਮੇਰੋਵ ਨੇ ਕਿਹਾ ਕਿ ਸਿਰਫ਼ ਦੋ ਹੀ ਬਦਲ ਹਨ ਜਾਂ ਤਾਂ ਯੂਕਰੇਨ ਮੌਜੂਦਾ ਕੰਟਰੋਲ ਰੇਖਾਵਾਂ 'ਤੇ ਕਾਇਮ ਰਹੇ ਜਾਂ ਫਿਰ ਮੁਕਤ ਵਿੱਤੀ ਖੇਤਰ ਸਥਾਪਤ ਕੀਤਾ ਜਾਵੇ। ਰੂਸ ਨੇ ਯੂਕਰੇਨ ਦੀ ਕਰੀਬ 20 ਫ਼ੀਸਦ ਜ਼ਮੀਨ 'ਤੇ ਕਬਜ਼ਾ ਕੀਤਾ ਹੋਇਆ ਹੈ, ਜਿਸ ਵਿਚ ਕ੍ਰੀਮੀਆ ਤੇ ਪੂਰਬੀ ਡੋਨਬਾਸ ਖੇਤਰ ਦੇ ਕੁਝ ਹਿੱਸੇ ਸ਼ਾਮਲ ਹਨ। ਵਿਸ਼ਲੇਸ਼ਕਾਂ ਦਾ ਕਹਿਣਾ ਹੈ ਕਿ ਮਾਸੋਕ ਨੇ 2024 ਦੀ ਸ਼ੁਰੂਆਤ ਤੋਂ ਹੁਣ ਤੱਕ ਕਰੀਬ 1.5 ਫ਼ੀਸਦ ਯੂਕਰੇਨੀ ਖੇਤਰ ਹਾਸਿਲ ਕੀਤਾ ਹੈ। ਜ਼ੇਲੈਂਸਕੀ ਦਾ ਕਹਿਣਾ ਹੈ ਕਿ ਰੂਸ ਨੂੰ ਜੰਗਬੰਦੀ ਦਰਮਿਆਨ ਹੋਣ ਵਾਲੇ ਆਦਾਨ-ਪ੍ਰਦਾਨ ਨੂੰ ਸਵੀਕਾਰ ਕਰਨਾ ਪਵੇਗਾ।

# ਅਮਰੀਕਾ 'ਚ ਲਾਪਤਾ ਭਾਰਤੀ ਵਿਦਿਆਰਥੀ ਦੀ ਲਾਸ਼ ਬਰਾਮਦ

**ਨਿਊਯਾਰਕ:**ਅਮਰੀਕਾ 'ਚ ਕੁਝ ਦਿਨਾਂ ਤੋਂ ਲਾਪਤਾ ਭਾਰਤੀ ਵਿਦਿਆਰਥੀ ਸਾਕੇਤ ਸ਼੍ਰੀਨਿਵਾਸੈਯਾ ਦੀ ਲਾਸ਼ ਮਿਲੀ ਹੈ। ਕਰਨਾਟਕ ਮੂਲ ਦੇ ਸਾਕੇਤ ਕੈਲੀਫੋਰਨੀਆ ਯੂਨੀਵਰਸਿਟੀ, ਬਰਕਲੇ 'ਚ ਕੈਮੀਕਲ ਤੇ ਬਾਇਓਮੋਲੇਕਿਊਲਰ ਇੰਜੀਅਨੀਅਰਿੰਗ ਦੇ ਪੋਸਟ ਗ੍ਰੈਜੂਏਸ਼ਨ ਕਰ ਰਹੇ ਸਨ। ਉਨ੍ਹਾਂ ਨੂੰ ਆਖ਼ਰੀ ਵਾਰ ਨੌਂ ਫਰਵਰੀ ਨੂੰ ਕੈਂਪਸ ਤੋਂ ਇਕ ਕਿਲੋਮੀਟਰ ਦੂਰ ਦੇਖਿਆ ਗਿਆ ਸੀ, ਜਿਸ ਤੋਂ



ਬਾਅਦ ਲੋਕ ਅੰਜਾਨ ਤੇ ਬਰਕਲੇ ਹਿਲਸ ਨੇੜੇ ਇਲਾਕਿਆਂ 'ਚ ਉਨ੍ਹਾਂ ਦੀ ਭਾਲ ਸ਼ੁਰੂ ਕੀਤੀ ਗਈ ਸੀ। ਸਾਨ ਫਰਾਂਸਸਿਕੋ ਸਥਿਤ ਭਾਰਤੀ ਦੂਤ ਘਰ ਨੇ ਪੁਸ਼ਟੀ ਕੀਤੀ ਹੈ ਕਿ ਸਥਾਨਕ ਅਧਿਕਾਰੀਆਂ ਨੇ ਉਨ੍ਹਾਂ ਦੀ ਲਾਸ਼ ਬਰਾਮਦ ਕਰ ਲਈ ਹੈ। ਅੰਬੈਸੀ ਨੇ ਕਿਹਾ ਹੈ ਕਿ ਉਨ੍ਹਾਂ ਦੀ ਦੇਹ ਛੇਤੀ ਤੋਂ ਛੇਤੀ ਭਾਰਤ ਲਿਆਉਣ ਲਈ ਜ਼ਰੂਰੀ ਮਦਦ ਦਿੱਤੀ ਜਾਵੇਗੀ।

# ਵੈਨੇਜ਼ੁਏਲਾ 'ਚ 17 ਸਿਆਸੀ ਕੈਦੀ ਰਿਹਾਅ

**ਕਰਾਕਾਸ:**ਵੈਨੇਜ਼ੁਏਲਾ ਵਿਚ ਸੱਤਾਧਾਰੀ ਦਲ ਦੀ ਵਿਰੋਧੀ ਪਾਰਟੀ 'ਵੈਂਤੇ ਵੈਨੇਜ਼ੁਏਲਾ ਨੇ ਸ਼ਨੀਵਾਰ ਨੂੰ ਕਿਹਾ ਕਿ ਸਰਕਾਰ ਨੇ 17 ਸਿਆਸੀ ਕੈਦੀਆਂ ਨੂੰ ਰਿਹਾਅ ਕਰ ਦਿੱਤਾ ਹੈ। ਗ਼ੈਰ-ਸਰਕਾਰੀ ਸੰਗਠਨ ਕਲਿਪਵੇ ਨੇ ਵੱਖਰੇ ਤੌਰ 'ਤੇ ਇਨ੍ਹਾਂ ਸਿਆਸੀ ਕੈਦੀਆਂ ਦੀ ਰਿਹਾਈ ਬਾਰੇ ਸੂਚਨਾ ਦਿੱਤੀ। ਉਨ੍ਹਾਂ ਕਿਹਾ ਕਿ ਕਰਾਕਾਸ ਦੀ ਜੋਨਾ-7 ਜੇਲ੍ਹ ਤੋਂ 10 ਪੁਰਸ਼ ਤੇ ਸੱਤ ਔਰਤ ਕੈਦੀਆਂ ਨੂੰ ਰਿਹਾਅ ਕੀਤਾ ਗਿਆ ਹੈ। ਮਨੁੱਖੀ ਅਧਿਕਾਰ ਗਰੁੱਪਾਂ ਨੇ ਕਿਹਾ ਹੈ ਕਿ ਜੇਲ੍ਹ ਦੇ ਬਾਹਰ ਮੌਜੂਦ ਰਿਸ਼ਤੇਦਾਰਾਂ ਨੇ ਕੈਦੀਆਂ ਵੱਲੋਂ ਸ਼ੁਰੂ ਕੀਤੀ ਗਈ ਭੁੱਖ- ਹੜਤਾਲ ਵਿਚ ਹਿੱਸਾ ਲਿਆ ਕਿਉਂਕਿ 500 ਤੋਂ ਵੱਧ ਕੈਦੀਆਂ ਵਿੱਚੋਂ ਸਿਰਫ਼ 17 ਨੂੰ ਹੀ ਰਿਹਾਅ ਕੀਤਾ ਗਿਆ ਹੈ। ਕਲਿਪਵੇ ਨੇ ਕਿਹਾ ਹੈ ਕਿ ਮੁਜ਼ਾਹਰਾਕਾਰੀਆਂ ਨੇ ਸਰਕਾਰ ਕੋਲੋਂ ਵੈਨੇਜ਼ੁਏਲਾ ਦੀ ਕੌਮੀ ਅਸੰਬਲੀ ਦੇ ਮੁਖੀ ਜਾਰਜ ਰੋਡ੍ਰਿਗਜ਼ ਵੱਲੋਂ ਪਿਛਲੇ ਹਫ਼ਤੇ ਕੀਤੇ ਗਏ ਵਾਅਦੇ ਪੂਰੇ ਕਰਨ ਦੀ ਮੰਗ ਕੀਤੀ ਹੈ।

# ਵਿਧਾਇਕ ਵਿਰੁੱਧ ਖ਼ਬਰਾਂ ਫੈਲਾਉਣ ਦੇ ਦੋਸ਼ ਹੇਠ ਪਰਚਾ ਦਰਜ

**ਲੁਧਿਆਣਾ:** ਸੋਸ਼ਲ ਮੀਡੀਆ 'ਤੇ ਵਿਧਾਇਕ ਰਾਜਿੰਦਰਪਾਲ ਕੌਰ ਛੀਨਾ ਨਾਲ ਸੰਬੰਧਿਤ ਭ੍ਰਮਕ ਅਤੇ ਝੂਠੀ ਜਾਣਕਾਰੀ ਫੈਲਾਉਣ ਅਤੇ ਬਿਨਾਂ ਮਨਜ਼ੂਰੀ ਵੀਡੀਓ ਅਪਲੋਡ ਕਰਨ ਦੇ ਮਾਮਲੇ ਵਿੱਚ ਥਾਣਾ ਸਾਹਨੇਵਾਲ ਦੀ ਪੁਲਿਸ ਨੇ ਇੱਕ ਸੋਸ਼ਲ ਮੀਡੀਆ ਇਨਫਲੂਐਸਰ ਖ਼ਿਲਾਫ਼ ਮਾਮਲਾ ਦਰਜ ਕੀਤਾ ਹੈ। ਸ਼ਿਕਾਇਤਕਰਤਾ ਵਿਸ਼ਾਲ ਕੁਮਾਰ ਵਾਸੀ ਹਰਕ੍ਰਿਸ਼ਨ ਨਗਰ ਨੇ ਪੁਲਿਸ ਨੂੰ ਦਿੱਤੀ ਸ਼ਿਕਾਇਤ ਵਿੱਚ ਦੱਸਿਆ ਕਿ ਮੁਲਜ਼ਮ ਨੇ ਆਪਣੇ ਫੇਸਬੁੱਕ ਪੇਜ 'ਤੇ ਕਥਿਤ ਤੌਰ 'ਤੇ ਗਲਤ ਅਤੇ ਬਿਨਾਂ ਆਧਾਰ ਵਾਲੀਆਂ ਪੋਸਟਾਂ ਸਾਂਝੀਆਂ ਕਰ ਕੇ ਵਿਧਾਇਕ ਛੀਨਾ 'ਤੇ ਨਿਰਾਧਾਰ ਇਲਜ਼ਾਮ ਲਗਾਏ ਅਤੇ ਉਨ੍ਹਾਂ ਦੇ ਅਕਸ ਨੂੰ ਨੁਕਸਾਨ ਪਹੁੰਚਾਉਣ ਦੀ ਕੋਸ਼ਿਸ਼ ਕੀਤੀ। ਇਸ ਤੋਂ ਇਲਾਵਾ ਮੁਲਜ਼ਮ ਨੇ ਵਿਧਾਇਕ ਦਾ ਇੱਕ ਵੀਡੀਓ ਬਿਨਾਂ ਇਜਾਜ਼ਤ ਆਪਣੇ ਸੋਸ਼ਲ ਮੀਡੀਆ ਪਲੇਟਫਾਰਮ 'ਤੇ ਅਪਲੋਡ ਕੀਤਾ। ਪੁਲਿਸ ਵੱਲੋਂ ਮਿਲੀ ਸ਼ਿਕਾਇਤ ਤੋਂ ਬਾਅਦ ਮਾਮਲੇ ਦੀ ਗੰਭੀਰ ਜਾਂਚ ਕੀਤੀ ਗਈ। ਕਰੀਬ ਤਿੰਨ ਮਹੀਨੇ ਤੱਕ ਤੱਥਾਂ ਦੀ ਪੁਸ਼ਟੀ ਕਰਨ ਉਪਰੰਤ ਮਨਦੀਪ ਸਿੰਘ ਦੁੱਗਲ ਖ਼ਿਲਾਫ਼ ਕੇਸ ਦਰਜ ਕੀਤਾ ਗਿਆ। ਵਿਧਾਇਕ ਰਾਜਿੰਦਰਪਾਲ ਕੌਰ ਛੀਨਾ ਨੇ ਕਿਹਾ ਕਿ ਮੁਲਜ਼ਮ ਪਹਿਲਾਂ ਵੀ ਸੋਸ਼ਲ ਮੀਡੀਆ ਰਾਹੀਂ ਉਨ੍ਹਾਂ ਖ਼ਿਲਾਫ਼ ਨਿੱਜੀ ਟਿੱਪਣੀਆਂ ਕਰਦਾ ਰਿਹਾ ਹੈ ਅਤੇ ਕਈ ਵਾਰ ਮੁੱਖ ਮੰਤਰੀ ਭਗਵੰਤ ਮਾਨ ਬਾਰੇ ਵੀ ਅਪਮਾਨਜਨਕ ਟਿੱਪਣੀਆਂ ਕਰ ਚੁੱਕਾ ਹੈ। ਉਨ੍ਹਾਂ ਕਿਹਾ ਕਿ ਮੁਲਜ਼ਮ ਦੀਆਂ ਸੋਸ਼ਲ ਮੀਡੀਆ ਗਤੀਵਿਧੀਆਂ ਬਾਰੇ ਪੂਰੀ ਜਾਣਕਾਰੀ ਪੁਲਿਸ ਅਧਿਕਾਰੀਆਂ ਕੋਲ ਮੌਜੂਦ ਹੈ।



# ਬੰਗਲਾਦੇਸ਼ ਨੇ ਭਾਰਤ ਨਾਲ ਨਵੇਂ ਰਿਸ਼ਤਿਆਂ ਦੀ ਕੀਤੀ ਸ਼ੁਰੂਆਤ

**ਨਵੀਂ ਦਿੱਲੀ:** ਨਵੀਂ ਸਰਕਾਰ ਦੇ ਸਹੁੰ ਚੁੱਕ ਸਮਾਗਮ ਵਿਚ ਭਾਰਤ ਦਾ ਸ਼ਾਮਿਲ ਹੋਣ ਨਾਲ ਬੰਗਲਾਦੇਸ਼ ਨਾਲ ਭਾਰਤ ਦੇ ਨਵੇਂ ਰਿਸ਼ਤਿਆਂ ਦੀ ਸ਼ੁਰੂਆਤ ਹੈ। ਬੰਗਲਾਦੇਸ਼ ਦਾ ਇਹ ਸੱਦਾ ਇਸ ਲਈ ਵੀ ਮਹੱਤਵਪੂਰਨ ਹੈ ਕਿਉਂਕਿ ਮੁਹੰਮਦ ਯੂਨੁਸ ਦੇ ਕਾਰਜਕਾਲ ਦੌਰਾਨ ਦੋਵਾਂ ਦੇਸ਼ਾਂ ਦੇ ਰਿਸ਼ਤਿਆਂ ਵਿਚ ਤਲਖੀ ਆ ਗਈ ਸੀ। ਯੂਨਸ ਦੇ ਸਮੇਂ ਘੱਟਗਿਣਤੀ ਹਿੰਦੂਆਂ 'ਤੇ ਵੀ ਅੱਤਿਆਚਾਰ ਹੁੰਦੇ ਰਹੇ ਜਿਸ ਨੇ ਭਾਰਤ ਨੂੰ ਅਸਹਿਜ ਕਰ ਦਿੱਤਾ ਸੀ। ਹੁਣ ਨਵੀਂ ਸਰਕਾਰ ਦੇ ਸਹੁੰ ਚੁੱਕ ਸਮਾਗਮ ਵਿਚ ਭਾਰਤ ਨੂੰ ਸੱਦਾ ਦੇ ਕੇ ਬੰਗਲਾਦੇਸ਼ ਨੇ ਲੀਹੋਂ ਲੱਥ ਚੁੱਕੇ ਰਿਸ਼ਤਿਆਂ ਨੂੰ ਸੁਧਾਰਨ ਦੀ ਦਿਸ਼ਾ ਵਿਚ ਇਕ ਹਾਂ-ਪੱਖੀ ਕਦਮ ਚੁੱਕਿਆ ਹੈ।

ਲੋਕ ਸਭਾ ਦੇ ਸਪੀਕਰ ਓਮ ਬਿਰਲਾ ਨੇ ਬੀਐਨਪੀ ਦੇ ਮੁਖੀ ਤਾਰਿਕ ਰਹਿਮਾਨ ਦੀ ਅਗਵਾਈ ਵਿਚ ਬਣਨ ਵਾਲੀ ਨਵੀਂ ਸਰਕਾਰ ਦੇ ਸਹੁੰ ਚੁੱਕ ਸਮਾਗਮ 'ਚ ਭਾਰਤ ਸਰਕਾਰ ਦੀ ਨੁਮਾਇੰਦਗੀ ਕੀਤੀ।

ਵਿਦੇਸ਼ ਮੰਤਰਾਲੇ ਮੁਤਾਬਕ, ਲੋਕ ਸਭਾ ਦੇ ਸਪੀਕਰ ਦਾ ਇਸ ਮਹੱਤਵਪੂਰਨ ਸਮਾਗਮ ਵਿਚ ਹਿੱਸਾ ਲੈਣਾ ਭਾਰਤ ਤੇ ਬੰਗਲਾਦੇਸ਼ ਦੇ ਲੋਕਾਂ ਵਿਚਾਲੇ ਸਥਾਈ ਦੋਸਤੀ ਨੂੰ ਦਰਸਾਉਂਦਾ ਹੈ।



ਬੰਗਲਾਦੇਸ਼ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਸਹੁੰ ਚੁੱਕ ਸਮਾਗਮ ਲਈ ਸੱਦਾ ਦਿੱਤਾ ਸੀ ਪਰ ਕੇਂਦਰ ਸਰਕਾਰ ਨੇ ਲੋਕ ਸਭਾ ਦੇ ਸਪੀਕਰ ਤੇ ਵਿਦੇਸ਼ ਸਕੱਤਰ ਨੂੰ ਭੇਜ ਕੇ ਇਹ ਸੰਦੇਸ਼ ਦਿੱਤਾ ਹੈ ਕਿ ਭਾਰਤ ਬੰਗਲਾਦੇਸ਼ ਨਾਲ ਆਪਣੇ ਰਿਸ਼ਤਿਆਂ ਨੂੰ ਆਮ ਬਣਾਉਣ ਅਤੇ ਮਜ਼ਬੂਤ ਕਰਨ ਵਿਚ ਕੋਈ ਦੇਰੀ ਨਹੀਂ ਕਰਨਾ ਚਾਹੁੰਦਾ। ਇਸ ਤੋਂ ਪਹਿਲਾਂ ਚੋਣਾਂ ਵਿਚ ਜਿੱਤ ਹਾਸਲ ਕਰਨ ਤੋਂ ਬਾਅਦ ਤਾਰਿਕ ਰਹਿਮਾਨ ਨੂੰ ਵਧਾਈ ਦਿੰਦੇ ਹੋਏ ਪ੍ਰਧਾਨ ਮੰਤਰੀ ਮੋਦੀ ਨੇ ਉਨ੍ਹਾਂ ਨਾਲ ਫੋਨ 'ਤੇ ਗੱਲ ਕੀਤੀ ਸੀ ਜੋ ਦੋਵਾਂ ਦੇਸ਼ਾਂ ਵਿਚਾਲੇ ਹਾਂ-ਪੱਖੀ ਜੁੜਾਅ ਦਾ ਪਹਿਲਾ ਸੰਕੇਤ ਸੀ। ਮੋਦੀ ਨੇ ਜਿੱਤ 'ਤੇ ਵਧਾਈ ਦਿੱਤੀ ਅਤੇ ਮਜ਼ਬੂਤ ਦੁਵੱਲੇ ਸਬੰਧਾਂ ਵਚਨਬੱਧਤਾ ਦੁਹਰਾਈ।

## ਬੰਗਲਾਦੇਸ਼ 'ਚ ਬਦਲਾਅ ਨੂੰ ਹਾਂ-ਪੱਖੀ ਮੌਕੇ ਵਜੋਂ ਦੇਖ ਰਿਹੈ ਭਾਰਤ

ਬੰਗਲਾਦੇਸ਼ ਦੀਆਂ ਹੁਣੇ ਹੋਈਆਂ ਆਮ ਚੋਣਾਂ 'ਚ ਬੀਐੱਨਪੀ ਦੀ ਜਿੱਤ ਤੋਂ ਬਾਅਦ ਬੰਗਲਾਦੇਸ਼ ਵਿਚ ਸਿਆਸੀ ਬਦਲਾਅ ਦਾ ਦੌਰ ਸ਼ੁਰੂ ਹੋਇਆ ਹੈ ਅਤੇ ਭਾਰਤ ਇਸ ਨੂੰ ਹਾਂ-ਪੱਖੀ ਮੌਕੇ ਵਜੋਂ ਦੇਖ ਰਿਹਾ ਹੈ। ਦੋਵਾਂ ਦੇਸ਼ਾਂ ਵਿਚਾਲੇ ਵਪਾਰ, ਸੁਰੱਖਿਆ, ਜਲ-ਭਾਈਵਾਲੀ ਤੇ ਖੇਤਰੀ ਸਥਿਰਤਾ ਵਰਗੇ ਮੁੱਦਿਆਂ 'ਤੇ ਸਹਿਯੋਗ ਅੱਗੇ ਵਧਾਉਣ ਦੀ ਉਮੀਦ ਹੈ। ਚੋਣ ਨਤੀਜੇ ਆਉਣ ਤੋਂ ਬਾਅਦ ਵੀ ਬੀਐੱਨਪੀ ਦੇ ਕੁਝ ਆਗੂਆਂ ਨੇ ਭਾਰਤ ਵਿਚ ਪਨਾਹ ਲੈਣ ਵਾਲੀ ਸਾਬਕਾ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਦਾ ਮੁੱਦਾ ਚੁੱਕਿਆ ਹੈ ਅਤੇ ਅੱਗੇ ਇਸ ਮੁੱਦੇ 'ਤੇ ਨਵੀਂ ਸਰਕਾਰ ਕੀ ਰਵੱਈਆ ਅਪਣਾਉਂਦੀ ਹੈ, ਇਹ ਕਾਫ਼ੀ ਹੱਦ ਤੱਕ ਦੋਵਾਂ ਦੇਸ਼ਾਂ ਦੇ ਰਿਸ਼ਤਿਆਂ ਦੀ ਦਿਸ਼ਾ ਤੈਅ ਕਰੇਗੀ। ਇਸ ਦੇ ਨਾਲ ਹੀ ਤਾਰਿਕ ਰਹਿਮਾਨ ਸਰਕਾਰ ਤੋਂ ਭਾਰਤ ਇਹ ਗਾਰੰਟੀ ਵੀ ਚਾਹੇਗਾ ਕਿ ਪਹਿਲਾਂ ਵਾਂਗ ਬੀਐੱਨਪੀ ਦੇ ਕਾਰਜਕਾਲ ਵਿਚ ਬੰਗਲਾਦੇਸ਼ ਨੂੰ ਭਾਰਤ ਵਿਰੋਧੀ ਸਰਗਰਮੀਆਂ ਦਾ ਅੱਡਾ ਨਹੀਂ ਬਣਨ ਦਿੱਤਾ ਜਾਵੇਗਾ।

# ਵਿਦੇਸ਼ਾਂ 'ਚ ਬੈਠੇ ਗੈਂਗਸਟਰਾਂ 'ਤੇ ਸ਼ਿਕੰਜਾ

**ਚੰਡੀਗੜ੍ਹ:** ਵਿਦੇਸ਼ਾਂ ਵਿਚ ਬੈਠ ਕੇ ਪੰਜਾਬ ਵਿਚ ਗੈਂਗ ਚਲਾ ਰਹੇ ਗੈਂਗਸਟਰਾਂ ਖ਼ਿਲਾਫ਼ ਪੰਜਾਬ ਪੁਲਿਸ ਨੇ ਫੈਸਲਾਕੁੰਨ ਜੰਗ ਛੇੜ ਦਿੱਤੀ ਹੈ। ਇਸ ਵਾਰ ਪੁਲਿਸ ਦੇ ਨਿਸ਼ਾਨੇ 'ਤੇ ਸਿਰਫ਼ ਇਹ ਗੈਂਗਸਟਰ ਹੀ ਨਹੀਂ ਸਗੋਂ ਉਨ੍ਹਾਂ ਦੀ ਵਿਦੇਸ਼ ਵਿਚ ਬਣਾਈ ਗਈ ਜਾਇਦਾਦ ਵੀ ਹੈ। ਪੰਜਾਬ ਪੁਲਿਸ ਪਹਿਲੀ ਵਾਰ ਇੰਟਰਪੋਲ ਜ਼ਰੀਏ ਅਜਿਹੇ ਗੈਂਗਸਟਰਾਂ ਖ਼ਿਲਾਫ਼ 'ਸਿਲਵਰ ਨੋਟਿਸ' ਜਾਰੀ ਕਰਨ ਦੀ ਪ੍ਰਕਿਰਿਆ ਵਿਚ ਲੱਗੀ ਹੈ ਤਾਂ ਜੋ ਉਨ੍ਹਾਂ ਦੀ ਵਿਦੇਸ਼ਾਂ ਵਿਚ ਚੱਲ-ਅਚੱਲ ਜਾਇਦਾਦ ਨੂੰ ਹੀਜ਼ ਕੀਤਾ ਜਾ ਸਕੇ। ਅਜਿਹਾ ਹੋਣ 'ਤੇ ਗੈਂਗਸਟਰ ਨਾ ਤਾਂ ਵਸੂਲੀ ਕਰ ਸਕਣਗੇ ਅਤੇ ਨਾ ਹੀ ਪੰਜਾਬ 'ਚ ਆਪਣੇ ਗੁਰਗਿਆ ਦੀ ਆਰਥਿਕ ਮਦਦ ਕਰ ਸਕਣਗੇ।

ਪੰਜਾਬ ਪੁਲਿਸ ਦੇ ਬਿਊਰੋ ਆਫ ਇਨਵੈਸਟੀਗੇਸ਼ਨ (ਬੀਓਆਈ) ਦੇ ਸੀਨੀਅਰ ਅਧਿਕਾਰੀ ਐਲਕੇ ਯਾਦਵ ਮੁਤਾਬਕ, ਜਿਵੇਂ ਭਾਰਤ ਵਿਚ ਮਨੀ ਲਾਂਡਿੰਗ ਜਾਂ ਡਰੱਗਸ ਨਾਲ ਜੁੜੇ ਮਾਮਲਿਆਂ ਵਿਚ ਜਾਇਦਾਦ ਜ਼ਬਤ ਕੀਤੀ ਜਾਂਦੀ ਹੈ, ਉਸੇ ਤਰ੍ਹਾਂ ਹੁਣ ਵਿਦੇਸ਼ ਵਿਚ ਵੀ ਇਹ ਕਾਰਵਾਈ ਸੰਭਵ ਹੋਵੇਗੀ। ਇਸ ਲਈ ਭਾਰਤ ਵੱਲੋਂ ਸੀਬੀਆਈ ਨੂੰ ਨੋਡਲ ਏਜੰਸੀ ਬਣਾਇਆ ਗਿਆ ਹੈ ਜੋ ਇੰਟਰਪੋਲ ਨਾਲ ਸੰਪਰਕ ਕਰ ਕੇ ਸੰਬੰਧਿਤ ਦੇਸ਼ਾਂ ਤੋਂ ਸਹਿਯੋਗ ਲਵੇਗੀ।

ਪੁਲਿਸ ਮੁਤਾਬਕ, ਹਾਲ ਹੀ ਵਿਚ 61 ਅਜਿਹੇ ਸਭ ਤੋਂ ਸਰਗਰਮ ਗੈਂਗਸਟਰਾਂ ਦੀ ਪਛਾਣ ਕੀਤੀ ਗਈ ਹੈ ਜਿਹੜੇ ਵਿਦੇਸ਼ਾਂ ਤੋਂ ਪੰਜਾਬ ਵਿਚ ਫਿਰੌਤੀ, ਟਾਰਗੇਟ ਕਿਲਿੰਗ ਅਤੇ ਅਪਰਾਧਕ ਨੈੱਟਵਰਕ ਚਲਾ ਰਹੇ ਹਨ। ਇਨ੍ਹਾਂ ਵਿਚੋਂ 38 ਖ਼ਿਲਾਫ਼ ਪਹਿਲਾਂ ਹੀ ਹਵਾਲਗੀ (ਐਕਸਟ੍ਰਡਿਸ਼ਨ) ਦੀ ਪ੍ਰਕਿਰਿਆ ਸ਼ੁਰੂ ਹੋ ਚੁੱਕੀ ਹੈ। ਹੁਣ ਅਗਲਾ ਕਦਮ ਉਨ੍ਹਾਂ ਦੀ ਆਰਥਿਕ ਮਦਦ ਨੂੰ ਤੋੜਨਾ ਹੈ।



## ਕੀ ਹੈ ਸਿਲਵਰ ਨੋਟਿਸ?

ਸ਼ੁਰੂਆਤ: ਇੰਟਰਪੋਲ ਨੇ ਜਨਵਰੀ 2025 ਤੋਂ ਸਿਲਵਰ ਨੋਟਿਸ ਜਾਰੀ ਕਰਨ ਦੀ ਆਤ ਕੀਤੀ ਸੀ। ਇਸ ਨੂੰ ਬੇਹੱਦ ਅਸਰਦਾਰ ਹਥਿਆਰ ਮੰਨਿਆ ਜਾ ਰਿਹਾ ਹੈ। ਇਹ ਨੋਟਿਸ ਕਿਸੇ ਵਿਅਕਤੀ ਦੀ ਗ੍ਰਿਫ਼ਤਾਰੀ ਲਈ ਨਹੀਂ ਸਗੋਂ ਉਸ ਦੀਆਂ ਜਾਇਦਾਦਾਂ ਦੀ ਪਛਾਣ, ਨਿਗਰਾਨੀ ਤੇ ਜ਼ਬਤੀ ਲਈ ਜਾਰੀ ਕੀਤਾ ਜਾਂਦਾ ਹੈ। ਇਸ ਵਿਚ ਬੈਂਕ ਖਾਤੇ, ਲਗਜ਼ਰੀ ਵਾਹਨ, ਜਾਇਦਾਦ ਤੇ ਕਾਰੋਬਾਰ ਤੱਕ ਸ਼ਾਮਲ ਹੁੰਦੇ ਹਨ। ਇਸ ਦਾ ਮਤਲਬ ਹੈ ਕਿ ਅਪਰਾਧੀ ਭਾਵੇਂ ਦੁਨੀਆ ਦੇ ਕਿਸੇ ਵੀ ਕੋਨੇ ਵਿਚ ਬੈਠਾ ਹੋਵੇ, ਉਸ ਦੀ ਕਮਾਈ ਸੁਰੱਖਿਅਤ ਨਹੀਂ ਰਹੇਗੀ। ਪਹਿਲਾ ਨੋਟਿਸ ਇਟਲੀ ਦੇ ਇਕ ਮਾਫੀਆ ਸਰਗਨਾ ਦੀਆਂ ਜਾਇਦਾਦਾਂ ਜ਼ਬਤ ਕਰਨ ਲਈ ਜਾਰੀ ਕੀਤਾ ਗਿਆ ਸੀ। ਪਾਇਲਟ ਪ੍ਰੋਜੈਕਟ ਤਹਿਤ 2025 ਦੇ ਅੱਧ ਤੱਕ 50 ਤੋਂ ਜ਼ਿਆਦਾ ਅਜਿਹੇ ਨੋਟਿਸ ਜਾਰੀ ਕੀਤੇ ਜਾ ਚੁੱਕੇ ਹਨ।

# ਭਾਜਪਾ ਨੂੰ ਝਟਕਾ; ਅਰਵਿੰਦ ਖੰਨਾ ਅਕਾਲੀ ਦਲ 'ਚ ਸ਼ਾਮਿਲ



**ਸੰਗਰੂਰ:** ਭਾਜਪਾ ਦੇ ਸੂਬਾਈ ਪ੍ਰਧਾਨ ਮੀਤ ਪ੍ਰਧਾਨ ਅਰਵਿੰਦ ਖੰਨਾ ਆਪਣੇ ਸਮਰਥਕਾਂ ਸਮੇਤ ਐਤਵਾਰ ਨੂੰ ਭਾਜਪਾ ਛੱਡ ਕੇ ਸ਼੍ਰੋਮਣੀ ਅਕਾਲੀ ਦਲ 'ਚ ਸ਼ਾਮਲ ਹੋ ਗਏ ਹਨ। ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਖੰਨਾ ਨਾਲ ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਧਰਮਿੰਦਰ ਸਿੰਘ ਦੁੱਲਟ, ਤਿੰਨ ਕੌਂਸਲਰਾਂ ਤੇ ਸੈਂਕੜਿਆਂ ਵਰਕਰਾਂ ਦਾ ਅਕਾਲੀ ਦਲ 'ਚ ਸਵਾਗਤ ਕੀਤਾ।

ਇਸ ਮੌਕੇ ਸੁਖਬੀਰ ਸਿੰਘ ਬਾਦਲ ਨੇ ਅਰਵਿੰਦ ਖੰਨਾ ਨਾਲ ਆਪਣੀ ਪੁਰਾਣੀ ਦੋਸਤੀ ਦਾ ਜ਼ਿਕਰ ਕਰਦਿਆਂ ਕਿਹਾ ਕਿ ਉਨ੍ਹਾਂ ਦਾ ਤੇ ਖੰਨਾ ਦਾ 40 ਸਾਲ ਪੁਰਾਣਾ ਰਿਸ਼ਤਾ ਹੈ। ਦੋਵੇਂ ਅਮਰੀਕਾ 'ਚ ਇਕੱਠੇ ਪੜ੍ਹਾਈ ਵੀ ਕਰਦੇ ਰਹੇ ਹਨ। ਬਾਦਲ ਨੇ ਕਿਹਾ ਕਿ ਉਨ੍ਹਾਂ ਦੀ ਲੰਮੇ ਸਮੇਂ ਤੋਂ ਇੱਛਾ ਸੀ ਕਿ ਅਰਵਿੰਦ ਖੰਨਾ ਸ਼੍ਰੋਮਣੀ ਅਕਾਲੀ ਦਲ 'ਚ ਸ਼ਾਮਲ ਹੋਣ, ਪਰ ਇਹ ਇੱਛਾ ਪੂਰੀ ਹੋਣ ਵਿਚ ਲੰਮਾ ਸਮਾਂ ਲੱਗ ਗਿਆ। ਸੁਖਬੀਰ ਨੇ ਖੰਨਾ ਨੂੰ ਸੰਗਰੂਰ ਹਲਕੇ ਦਾ ਇੰਚਾਰਜ ਨਿਯੁਕਤ ਕੀਤਾ। ਇਸ ਮੌਕੇ ਅਰਵਿੰਦ ਖੰਨਾ ਨੇ ਕਿਹਾ ਕਿ ਜੇ ਪੰਜਾਬ ਨੂੰ ਬਚਾਉਣਾ ਹੈ ਤਾਂ ਖੇਤਰੀ ਪਾਰਟੀਆਂ ਨੂੰ ਮਜ਼ਬੂਤ ਕਰਨਾ ਜ਼ਰੂਰੀ ਹੈ। ਇਸੇ ਉਦੇਸ਼ ਨਾਲ ਉਹ ਅਕਾਲੀ ਦਲ ਨੂੰ ਮਜ਼ਬੂਤ ਕਰਨ ਲਈ ਪੂਰੀ ਮਿਹਨਤ ਤੇ ਵਚਨਬੱਧਤਾ ਨਾਲ ਕੰਮ ਕਰਦੇ ਰਹਿਣਗੇ।

# ਕਹਾਣੀਕਾਰ ਲਾਲ ਸਿੰਘ ਦੇ ਦੇਹਾਂਤ 'ਤੇ ਕੇਂਦਰੀ ਪੰਜਾਬੀ ਲੇਖਕ ਸਭਾ ਵੱਲੋਂ ਗਹਿਰੇ ਦੁੱਖ ਦਾ ਇਜ਼ਹਾਰ

**ਅੰਮ੍ਰਿਤਸਰ:** ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ) ਨੇ ਪ੍ਰਸਿੱਧ ਪੰਜਾਬੀ ਕਹਾਣੀਕਾਰ ਸ੍ਰੀ ਲਾਲ ਸਿੰਘ ਦੇ ਦੇਹਾਂਤ 'ਤੇ ਗਹਿਰੇ ਦੁੱਖ ਅਤੇ ਅਫ਼ਸੋਸ ਦਾ ਪ੍ਰਗਟਾਵਾ ਕੀਤਾ ਹੈ। ਸਭਾ ਦੇ ਪ੍ਰਧਾਨ ਦਰਸ਼ਨ ਬੁੱਟਰ, ਜਨਰਲ ਸਕੱਤਰ ਸੁਸ਼ੀਲ ਦੁਸਾਂਝ, ਸੀਨੀਅਰ ਮੀਤ ਪ੍ਰਧਾਨ ਮੱਖਣ ਸਿੰਘ ਕੁਹਾੜ ਅਤੇ ਦਫ਼ਤਰ ਸਕੱਤਰ ਦੀਪ ਦੇਵਿੰਦਰ ਸਿੰਘ ਨੇ ਇੱਥੋਂ ਜਾਰੀ ਪ੍ਰੈੱਸ ਬਿਆਨ ਵਿੱਚ ਕਿਹਾ ਕਿ ਲਾਲ ਸਿੰਘ ਦਾ ਵਿਛੋੜਾ ਪੰਜਾਬੀ ਸਾਹਿਤ ਲਈ ਨਾ ਪੂਰਿਆ ਜਾਣ ਵਾਲਾ ਘਾਟਾ ਹੈ।

20 ਅਪ੍ਰੈਲ 1940 ਨੂੰ ਦਸੂਹਾ (ਜ਼ਿਲ੍ਹਾ ਹੁਸ਼ਿਆਰਪੁਰ) ਵਿਖੇ ਜਨਮੇ ਲਾਲ ਸਿੰਘ ਨੇ ਆਪਣੀ ਸਾਹਿਤ ਰਚਨਾ ਅਤੇ ਕਹਾਣੀਆਂ ਰਾਹੀਂ ਪੰਜਾਬੀ ਸਾਹਿਤ ਨੂੰ ਸਮਰੱਥ ਬਣਾਇਆ ਅਤੇ ਸਮਾਜਕ ਸਚਾਈਆਂ ਨੂੰ ਬੜੀ ਸੰਵੇਦਨਸ਼ੀਲਤਾ ਨਾਲ ਪੇਸ਼ ਕੀਤਾ।। ਉਨ੍ਹਾਂ ਨੇ ਸਮਾਜਕ ਹਕੀਕਤਾਂ, ਆਮ ਮਨੁੱਖ ਦੇ ਦੁੱਖ-ਦਰਦ ਅਤੇ ਜੀਵਨ ਸੰਘਰਸ਼ ਨੂੰ ਸੰਵੇਦਨਸ਼ੀਲ ਅਤੇ ਪ੍ਰਭਾਵਸ਼ਾਲੀ ਅੰਦਾਜ਼ ਵਿੱਚ ਪੇਸ਼ ਕੀਤਾ। ਉਨ੍ਹਾਂ ਦੇ ਕਹਾਣੀ ਸੰਗ੍ਰਹਿ ਮਾਰਖੋਰੋ (1984), ਬਲੌਰ (1986), ਧੁੱਪ-ਛਾਂ (1990), ਕਾਲੀ ਮਿੱਟੀ (1996), ਚੋਣਵੀਂ ਪੰਜਾਬੀ ਕਹਾਣੀ (1996), ਅੱਧੇ ਅਧੂਰੇ (2003), ਸਰਦੇ ਪੁੱਜਦੇ, ਗੜ੍ਹੀ ਬਖ਼ਸ਼ਾ ਸਿੰਘ (2010) ਅਤੇ ਸੰਸਾਰ (2017) ਪੰਜਾਬੀ ਕਹਾਣੀ ਸਾਹਿਤ ਦੀ ਮਹੱਤਵਪੂਰਨ ਵਿਰਾਸਤ ਹਨ।



ਉਹ ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ) ਨਾਲ ਲੰਬੇ ਸਮੇਂ ਤੱਕ ਸਰਗਰਮ ਤੌਰ 'ਤੇ ਜੁੜੇ ਰਹੇ ਅਤੇ ਮੀਤ ਪ੍ਰਧਾਨ ਸਮੇਤ ਕਈ ਅਹੁਦਿਆਂ 'ਤੇ ਆਪਣੀਆਂ ਜ਼ਿੰਮੇਵਾਰੀਆਂ ਨਿਭਾਉਂਦੇ ਰਹੇ। ਸਭਾ ਦੇ ਅਹੁਦੇਦਾਰਾਂ ਨੇ ਕਿਹਾ ਕਿ ਉਨ੍ਹਾਂ ਦੀ ਸਾਹਿਤਕ ਤੇ ਸਮਾਜਕ ਘਾਲਣਾ ਹਮੇਸ਼ਾਂ ਯਾਦ ਰੱਖੀ ਜਾਵੇਗੀ। ਉਨ੍ਹਾਂ ਨਮਿਤ ਭੋਗ 23 ਫਰਵਰੀ ਨੂੰ ਪਾਇਆ ਜਾਵੇਗਾ। ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ) ਦੀ ਸਮੁੱਚੀ ਕਾਰਜਕਾਰਨੀ ਨੇ ਵਿਛੜੇ ਸਾਹਿਤਕਾਰ ਨੂੰ ਸ਼ਰਧਾਂਜਲੀ ਅਰਪਿਤ ਕਰਦਿਆਂ ਉਨ੍ਹਾਂ ਦੇ ਪਰਿਵਾਰ ਨਾਲ ਡੂੰਘੀ ਸੰਵੇਦਨਾ ਪ੍ਰਗਟ ਕੀਤੀ ਹੈ


# ਕੇਦਾਰਨਾਥ ਧਾਮ ਦੇ ਕਿਵਾੜ 22 ਅਪ੍ਰੈਲ ਨੂੰ ਖੁੱਲ੍ਹਣਗੇ

**ਰੁਦਰਪ੍ਰਯਾਗ:** ਪੰਜਵੇਂ ਜੋਤਿਰਲਿੰਗ ਕੇਦਾਰਨਾਥ ਧਾਮ ਦੇ ਕਿਵਾੜ 22 ਅਪ੍ਰੈਲ ਨੂੰ ਸਵੇਰੇ ਅੱਠ ਵਜੇ ਬ੍ਰਿਸ਼ ਲਗਨ 'ਚ ਖੋਲ੍ਹੇ ਜਾਣਗੇ। ਸ਼ਿਵਰਾਤੀ ਮੌਕੇ ਬਾਬਾ ਕੇਦਾਰ ਦੇ ਸ਼ੀਤਕਾਲੀ ਗੱਦੀ ਸਥਾਨ ਉੱਤਰਾਖੰਡ ਸਥਿਤ ਓਂਕਾਰੇਸ਼ਵਰ ਮੰਦਰ ਊਖੀਮਠ 'ਚ ਇਸ ਦਾ ਐਲਾਨ ਕੀਤਾ ਗਿਆ। ਧਾਮ ਤੇ ਕਿਵਾੜ ਖੁੱਲ੍ਹਣ ਦੀ ਪ੍ਰਕਿਰਿਆ 18 ਅਪ੍ਰੈਲ ਨੂੰ ਓਂਕਾਰੇਸ਼ਵਰ ਮੰਦਰ 'ਚ ਪੂਜਾ ਅਰਚਨਾ ਨਾਲ ਸ਼ੁਰੂ ਹੋਵੇਗੀ। 19 ਅਪ੍ਰੈਲ ਨੂੰ ਬਾਬਾ ਪੰਚਮੁਖੀ ਉਤਸਵ ਡੋਲੀ ਊਖੀਮਠ ਤੋਂ ਫਾਟਾ ਲਈ ਪ੍ਰਸਥਾਨ ਕਰੇਗੀ। 20 ਅਪ੍ਰੈਲ ਨੂੰ ਡੋਲੀ ਗੌਰੀਕੁੰਡ ਤੇ 21 ਅਪ੍ਰੈਲ ਨੂੰ ਕੇਦਾਰਨਾਥ ਧਾਮ ਪੁੱਜੇਗੀ। 22 ਅਪ੍ਰੈਲ ਨੂੰ ਸਵੇਰੇ ਵਿਧੀ ਵਿਧਾਨ ਨਾਲ ਧਾਮ ਦੇ ਕਿਵਾੜ ਖੋਲ੍ਹੇ ਦਿੱਤੇ ਜਾਣਗੇ। ਯਮੁਨੋਤਰੀ ਤੇ ਗੰਗੋਤਰੀ ਧਾਮ ਦੇ ਕਿਵਾੜ 19 ਅਪ੍ਰੈਲ ਨੂੰ ਖੁੱਲ੍ਹਣਗੇ, ਜਦਕਿ ਬਦਰੀਨਾਥ ਧਾਮ ਦੇ ਕਿਵਾੜ 23 ਅਪ੍ਰੈਲ ਨੂੰ ਖੋਲ੍ਹੇ ਜਾਣਗੇ।



# ਲੁਧਿਆਣਾ ’ਚ ਔਰਤ ’ਤੇ ਐਸਿਡ ਅਟੈਕ, ਮੂੰਹ ਤੇ ਅੱਖਾਂ ਝੁਲਸੀਆਂ

**ਲੁਧਿਆਣਾ:** ਸਨਅਤੀ ਸ਼ਹਿਰ ਲੁਧਿਆਣਾ ਦੇ ਦੁਗਰੀ ਇਲਾਕੇ ’ਚ ਸੋਮਵਾਰ ਦੁਪਹਿਰ ਨੂੰ ਮੋਟਰ ਸਾਈਕਲ ਸਵਾਰ ਨੇ 40 ਸਾਲ ਮਜ਼ਦੂਰ ਔਰਤ ’ਤੇ ਤੇਜ਼ਾਬ ਸੁੱਟ ਦਿੱਤਾ। ਔਰਤ ਦੇ ਚਿਹਰੇ ਅਤੇ ਅੱਖਾਂ ’ਤੇ ਗੰਭੀਰ ਜ਼ਖਮ ਹੋਏ ਗਏ। ਇਸ ਕਰਤੂਤ ਨੂੰ ਅੰਜਾਮ ਦੇਣ ਤੋਂ ਬਾਅਦ ਮੋਟਰਸਾਈਕਲ ਸਵਾਰ ਫਰਾਰ ਹੋ ਗਿਆ। ਜ਼ਖਮੀ ਔਰਤ ਦੀ ਪਛਾਣ ਉੱਤਰ ਪ੍ਰਦੇਸ਼ ਦੇ ਹਰਦੋਈ ਇਲਾਕੇ ਦੀ ਰਹਿਣ ਵਾਲੀ ਸਾਵਿਤਰੀ ਵਜੋਂ ਹੋਈ ਹੈ। ਪੀੜਿਤਾ ਤਿੰਨ ਬੱਚਿਆਂ ਦੀ ਮਾਂ ਹੈ ਤੇ ਦੁਗਰੀ ਦੇ ਗੁਰੂ ਗਿਆਨ ਵਿਹਾਰ ਇਲਾਕੇ ’ਚ ਦੁਪਹਿਰ ਦਾ ਖਾਣਾ ਖਾਣ ਆਈ ਸੀ। ਮੌਕੇ ’ਤੇ ਮੌਜੂਦ ਲੋਕਾਂ ਮੁਤਾਬਿਕ ਹਮਲਾਵਰ ਨੇ ਪੀਲੇ ਰੰਗ ਦਾ ਪਰਨਾ ਬੰਨਿਆਂ ਹੋਇਆ ਸੀ ਤੇ ਉਸ ’ਤੇ ਹੈਲਮੈਟ ਰੱਖਿਆ ਹੋਇਆ ਸੀ। ਮੁਲਜ਼ਮ ਨੇ ਔਰਤ ਨੂੰ ਕੁਝ ਪੁੱਛਣ ਲਈ ਕੋਲ ਬੁਲਾਇਆ ਤੇ ਜਿਵੇਂ ਹੀ ਉਹ ਨੇੜੇ ਆਈ ਤਾਂ ਉਸ ਨੇ ਬੋਤਲ ’ਚ ਲਿਆਂਦਾ ਤੇਜ਼ਾਬ ਉਸ ’ਤੇ ਸੁੱਟ ਦਿੱਤਾ। ਮੌਕੇ ਤੇ ਮੌਜੂਦ ਇੱਕ ਔਰਤ ਲੱਜਾਵਤੀ ਨੇ ਦੱਸਿਆ ਕਿ ਹਮਲਾ ਇਨਾਂ ਅਚਾਨਕ ਸੀ ਕਿ ਦਖ਼ਲ ਦੇਣ ਦਾ ਮੌਕਾ ਹੀ ਨਹੀਂ ਮਿਲਿਆ। ਲੋਕਾਂ ਨੇ ਜ਼ਖਮੀ ਮਹਿਲਾ ਨੂੰ ਤੁਰੰਤ ਹਸਪਤਾਲ ਪਹੁੰਚਾਇਆ, ਜਿੱਥੇ ਡਾਕਟਰਾਂ ਨੇ ਉਸ ਦੇ ਚਿਹਰੇ ਤੇ ਅੱਖਾਂ ਦੇ ਗੰਭੀਰ ਹਾਲਤ ਤੱਕ ਝੁਲਸਣ ਦੀ ਗੱਲ ਕਹੀ। ਉਧਰ ਇਸ ਸਾਰੇ ਮਾਮਲੇ ’ਚ ਡਿਪਟੀ ਕਮਿਸ਼ਨਰ ਆਫ ਪੁਲਿਸ ਜਸ ਕਿਰਨਜੀਤ ਸਿੰਘ ਤੇਜਾ ਨੇ ਕਿਹਾ ਕਿ ਐਸਿਡ ਅਟੈਕ ਕਰਨ ਵਾਲੇ ਮੁਲਜ਼ਮ ਦੀ ਪਛਾਣ ਤੇ ਗ੍ਰਿਫਤਾਰੀ ਲਈ ਤਲਾਸ਼ੀ ਮੁਹਿੰਮ ਚਲਾਈ ਜਾ ਰਹੀ ਹੈ।




# ਐੱਸ.ਆਈ.ਆਰ. ਦੀ ‘ਕੈਂਚੀ’ ਬਾਰੇ ਆਪ ਨੇ ਵਿਧਾਇਕਾਂ ਨੂੰ ਕੀਤਾ ਚੌਕੰਨਾ

**ਚੰਡੀਗੜ੍ਹ:** ਪੰਜਾਬ ਦੀ ਆਮ ਆਦਮੀ ਪਾਰਟੀ ਵੀ ਵੋਟਰ ਸੂਚੀਆਂ ਦੀ ਖ਼ਾਸ ਮੁੜ ਸੁਧਾਈ ਬਿਹਾਰ ਦੇ ਕਈ ਲੋਕਾਂ ਦੇ ਨਾਂ ਹਟਾਏ ਜਾਣ ਤੋਂ ਘਬਰਾ ਗਈ ਹੈ। ਪੰਜਾਬ ’ਚ ਵੀ ਜਲਦੀ ਹੀ ਵਿਸ਼ੇਸ਼ ਤੌਰ ’ਤੇ ਸਮੀਖਿਆ ਕੀਤੀ ਜਾ ਰਹੀ ਹੈ ਕਿਉਂਕਿ ਪੰਜਾਬ ’ਚ 2027 ’ਚ ਵਿਧਾਨ ਵਿਧਾਨ ਸਭਾ ਚੋਣਾਂ ਹੋਣੀਆਂ ਹਨ। ਪਾਰਟੀ ਨੂੰ ਡਰ ਹੈ ਕਿ ਉਨ੍ਹਾਂ ਦੇ ਵੋਟ ਬੈਂਕ ਦੀਆਂ ਵੋਟਾਂ ’ਚ ‘ਕੈਂਚੀ’ ਨਾ ਫਿਰ ਜਾਵੇ। ਇਸ ਲਈ ਪਾਰਟੀ ਨੇ ਆਪਣੇ ਵਿਧਾਇਕਾਂ ਨੂੰ ਅੱਜ ਇਸ ਕੰਮ ’ਚ ਸ਼ਾਮਲ ਹੋਣ ਲਈ ਕਿਹਾ ਹੈ। ਮੋਗਾ ’ਚ ਰੈਲੀ ਤੋਂ ਬਾਅਦ ਪਾਰਟੀ ਦੇ ਪੰਜਾਬ ਮਾਮਲਿਆਂ ਦੇ ਇੰਚਾਰਜ ਮਨੀਸ਼ ਸਿਸੋਦੀਆ ਨੇ ਇਕ ਮੀਟਿੰਗ ਕੀਤੀ, ਜਿਸ ’ਚ ਸੂਬੇ ਦੇ ਸਾਰੇ ਆਮ ਆਦਮੀ ਪਾਰਟੀ ਵਿਧਾਇਕਾਂ ਨੇ ਹਿੱਸਾ ਲਿਆ। ਸਿਸੋਦੀਆ ਨੇ ਵਿਧਾਇਕਾਂ ਨੂੰ ਆਪੋ-ਆਪਣੇ ਖੇਤਰਾਂ ’ਚ ਜਾਣ ਅਤੇ ਇਹ ਯਕੀਨੀ ਬਣਾਉਣ ਲਈ ਕਿਹਾ ਕਿ ਹਰ ਕਿਸੇ ਦੀਆਂ ਵੋਟਾਂ ਬਰਕਰਾਰ ਰਹਿਣ। ਹਾਲਾਂਕਿ ਇਸ ਮੌਕੇ ਕਈ ਵਿਧਾਇਕਾਂ ਨੇ ਕਿਹਾ ਕਿ ਇਹ ਕੰਮ ਬੂਥ ਪੱਧਰ ਦੇ ਅਧਿਕਾਰੀ ਕਰ ਰਹੇ ਹਨ ਅਤੇ ਹਰ ਬੂਥ ਦਾ ਆਪਣਾ ਬੀਐੱਲਓ ਹੋਣਾ ਚਾਹੀਦਾ ਹੈ, ਤਦ ਹੀ ਸਾਨੂੰ ਜਾਣਕਾਰੀ ਮਿਲ ਸਕਦੀ ਹੈ ਕਿ ਕਿੰਨੇ ਲੋਕਾਂ ਦੇ ਨਾਂ ਕੱਟੇ ਗਏ ਹਨ। ਉਨ੍ਹਾਂ ਨੇ ਵਿਧਾਇਕਾਂ ਨੂੰ ਸੂਬੇ ਦੇ ਲੋਕਾਂ ਨੂੰ ਦਿੱਤੀ ਗਈ ਦਸ ਲੱਖ ਬੀਮਾ ਯੋਜਨਾ ਦੇ ਕਾਰਡ ਤਿਆਰ ਕਰਨ ’ਚ ਤੇਜ਼ੀ ਲਈ ਵੀ ਕਿਹਾ। ਉਨ੍ਹਾਂ ਦੀ ਸਿਫਾਰਿਸ਼ ਸੀ ਕਿ ਹੈਲਥ ਕਾਰਡ ਬਣਾਉਂਦੇ ਸਮੇਂ ਵੋਟਰ ਆਈ ਕਾਰਡ ਅਤੇ ਆਧਾਰ ਕਾਰਡ ਲਿਆ ਜਾ ਰਿਹਾ ਹੈ। ਇਸ ਤਰ੍ਹਾਂ ਪਾਰਟੀ ਕੋਲ ਪੂਰਾ ਡਾਟਾ ਆ ਜਾਵੇਗਾ ਅਤੇ ਇਹ ਪਤਾ ਲੱਗ ਜਾਵੇਗਾ ਕਿ ਕਿਨ੍ਹਾਂ ਦੇ ਕਾਰਡ ਕੱਟੇ ਹਨ।




ਉਹਨਾਂ ਸਾਰੇ ਵਿਧਾਇਕਾਂ ਨੂੰ ਇਹ ਵੀ ਪੁੱਛਿਆ ਕਿ ਉਨ੍ਹਾਂ ਨੂੰ ਹੈਲਥ ਕਾਰਡ ਬਣਾਉਣ ’ਚ ਕੀ ਮੁਸ਼ਕਲ ਆ ਰਹੀ ਹੈ? ਇਸ ਨੂੰ ਦੂਰ ਕਰਨ ਲਈ ਸਰਕਾਰ ਦੇ ਪੱਧਰ ’ਤੇ ਕਾਰਵਾਈ ਕਰਵਾਈ ਜਾਏਗੀ। ਇਸ ਤੋਂ ਇਲਾਵਾ ਬੈਠਕ ’ਚ ਤੀਰਥ ਯਾਤਰਾ ਯੋਜਨਾ ’ਤੇ ਵੀ ਚਰਚਾ ਕੀਤੀ ਗਈ। ਪਾਰਟੀ ਦੇ ਇੰਚਾਰਜ ਨੇ ਕਿਹਾ ਕਿ ਇਹਨਾਂ ਸਾਰੇ ਲੋਕਾਂ ਨੂੰ ਆਪਣੇ ਨਾਲ ਜੋੜਿਆ ਜਾਵੇ। ਵਿਧਾਇਕ ਕੋਸ਼ਿਸ਼ ਕਰਨ ਕਿ ਜ਼ਿਆਦਾ ਤੋਂ ਜ਼ਿਆਦਾ ਲੋਕਾਂ ਨੂੰ ਤੀਰਥ ਯਾਤਰਾ ਯੋਜਨਾ ’ਚ ਲਿਆ ਕੇ ਉਨ੍ਹਾਂ ਨੂੰ ਪਾਰਟੀ ਨਾਲ ਜੋੜਨ ਦਾ ਕੰਮ ਕੀਤਾ ਜਾਵੇ।

ਜ਼ਿਕਰਯੋਗ ਹੈ ਕਿ ਆਮ ਆਦਮੀ ਪਾਰਟੀ ਜ਼ਮੀਨੀ ਪੱਧਰ ’ਤੇ ਲੋਕਾਂ ਨੂੰ ਆਪਣੇ ਨਾਲ ਜੋੜਨ ਦਾ ਕੋਈ ਮੌਕਾ ਨਹੀਂ ਛੱਡ ਰਹੀ ਹੈ ਅਤੇ ਕਿਤੇ ਨਾ ਕਿਤੇ ਪਾਰਟੀ ਦੀ ਇਹ ਕੋਸ਼ਿਸ਼ ਨੇ ਵਿਰੋਧੀ ਧਿਰਾਂ ਨੂੰ ਪਰੇਸ਼ਾਨੀ ’ਚ ਪਾ ਦਿੱਤਾ ਹੈ। ਪਾਰਟੀ ਨੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਰੋਕਣ ਲਈ ਹਰ ਪਿੰਡ ’ਚ ਵਿਲੇਜ ਡਿਫੈਂਸ ਕਮੇਟੀਆਂ ਬਣਾ ਕੇ ਇਕ-ਇਕ ਪਿੰਡ ਨੂੰ ਕਵਰ ਕਰ ਲਿਆ ਹੈ। ਹਰ ਪਿੰਡ ’ਚ ਅੱਠ ਤੋਂ ਦਸ ਲੋਕਾਂ ਦੀ ਟੀਮ ਬਣਾਈ ਗਈ ਹੈ, ਜਿਨ੍ਹਾਂ ਨਾਲ ਪਾਰਟੀ ਕੋਲ ਲਗਭਗ ਸਵਾ ਲੱਖ ਲੋਕਾਂ ਦੀ ਇਕ ਟੀਮ ਤਿਆਰ ਹੋ ਗਈ ਹੈ।

# ਨਵਜੰਮੀ ਬੱਚੀ ਵੇਚਣ ਆਈ ਮਾਂ ਤੇ ਡਾਕਟਰ ਸਣੇ ਪੰਜ ਕਾਬੂ

**ਲੁਧਿਆਣਾ:** ਪੰਜਵੀਂ ਧੀ ਹੋਣ ’ਤੇ ਇਕ ਮਾਂ ਨੇ ਨਵਜੰਮੀ ਬੱਚੀ ਨੂੰ 210 ਲੱਖ ਰੁਪਏ ’ਚ ਵੇਚਣ ਦੀ ਸਾਜ਼ਿਸ਼ ਰਚ ਦਿੱਤੀ। ਡਵੀਜ਼ਨ ਨੰਬਰ-3 ਦੀ ਪੁਲਿਸ ਨੇ ਗੁਰਦੁਆਰਾ ਛੇਵੀਂ ਪਾਤਸ਼ਾਹੀ ਨੇੜੇ ਸਥਿਤ ਇਕ ਪਾਰਕ ’ਚ ਸੌਦਾ ਕਰਦੇ ਸਮੇਂ ਗਿਰੋਹ ਦਾ ਪਰਦਾਫਾਸ਼ ਕੀਤਾ। ਇਸ ਮਾਮਲੇ ’ਚ ਡਾਕਟਰ, ਨਰਸ ਆਸ਼ਾ ਵਰਕਰ, ਬੱਚੀ ਦੀ ਮਾਂ ਤੇ ਖ਼ਰੀਦਦਾਰ ਸਮੇਤ ਅੱਠ ਮਹਿਲਾਵਾਂ ਨੂੰ ਨਾਜ਼ਮਦ ਕੀਤਾ ਗਿਆ ਹੈ। ਇਨ੍ਹਾਂ ’ਚੋਂ ਪੰਜ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ।

ਮੁਲਜ਼ਮਾਂ ਦੀ ਪਛਾਣ ਸੁਨੀਤਾ (ਨਵਜੰਮੀ ਬੱਚੀ ਦੀ ਮਾਂ) । ਵਾਸੀ ਸ਼ੇਰਪੁਰ ਕਲਾਂ ਸਥਿਤ ਸ਼ਹੀਦ ਭਗਤ ਸਿੰਘ ਕਾਲੋਨੀ ਮੋਤੀ ਨਗਰ ਲੁਧਿਆਣਾ ਦੀ ਰਹਿਣ ਵਾਲੀ ਹੈ, ਜਦਕਿ ਮੂਲ ਰੂਪ ’ਚ ਉੱਤਰ ਪ੍ਰਦੇਸ਼ ਦੇ ਜ਼ਿਲ੍ਹਾ ਗੋਰਖਪੁਰ ਦੀ ਰਹਿਣਵਾਲੀ ਹੈ। ਪ੍ਰਵੀਨ (ਵਿਚੋਲੀਆ) ਵਾਸੀ ਖੁੱਡ ਮੁਹੱਲਾ ਲੁਧਿਆਣਾ, ਮਨਮੀਤ ਕੌਰ (ਡਾਕਟਰ) ਵਾਸੀ ਪੰਜਾਬ ਮਾਤਾ ਨਗਰ ਪੱਖੋਵਾਲ ਰੋਡ ਲੁਧਿਆਣਾ, ਰੂਚੀ (ਡਾਕਟਰ ਦੀ ਸਹੇਲੀ) ਵਾਸੀ ਸੰਤ ਕਬੀਰ ਨਗਰ ਢਾਬਾ ਰੋਡ ਲੁਧਿਆਣਾ, ਮਨਦੀਪ ਕੌਰ (ਖ਼ਰੀਦਦਾਰ) ਵਾਸੀ ਪਿੰਡ ਨੰਗਲ ਨੇੜੇ ਬਾਬਾ ਜੀਵਨ ਸਿੰਘ ਗੁਰਦੁਆਰਾ ਜ਼ਿਲ੍ਹਾ ਮੋਗਾ ਦੇ ਰੂਪ ’ਚ ਹੋਈ ਹੈ। ਜਦਕਿ ਫ਼ਰਾਰ ਮੁਲਜ਼ਮਾਂ ’ਚ ਆਸ਼ਾ ਵਰਕਰ ਪੰਮਾ ਵਾਸੀ ਅੰਮ੍ਰਿਤਸਰ, ਹਸਪਤਾਲ ਦੀ ਨਰਸ ਆਸ਼ਾ ਕੇਅਰ ਆਫ ਅਰੋੜਾ ਨਰਸਿੰਗ ਹੋਮ ਬਾਬਾ ਥਾਣ ਸਿੰਘ ਚੌਕ ਲੁਧਿਆਣਾ ਤੇ ਗੁਰਮੀਤ ਕੌਰ ਵਾਸੀ ਪਿੰਡ ਅਜੀਤ ਵਾਲ ਦਾ ਨਾਂ ਸਾਹਮਣੇ ਆਇਆ ਹੈ। ਇਨ੍ਹਾਂ ਦੀ ਭਾਲ ’ਚ ਪੁਲਿਸ ਛਾਪੇਮਾਰੀ ਕਰ ਰਹੀ ਹੈ।



ਪੁਲਿਸ ਮੁਤਾਬਕ ਸ਼ੇਰਪੁਰ ਕਲਾਂ ਸਥਿਤ ਸ਼ਹੀਦ ਭਗਤ ਸਿੰਘ ਕਾਲੋਨੀ ਵਾਸੀ ਸੁਨੀਤਾ ਦੇਵੀ ਨੇ 13 ਫਰਵਰੀ ਨੂੰ ਇਕ ਨਿੱਜੀ ਹਸਪਤਾਲ ’ਚ ਧੀ ਨੂੰ ਜਨਮ ਦਿੱਤਾ। ਪਹਿਲਾਂ ਤੋਂ ਚਾਰ ਧੀਆਂ ਹੋਣ ਕਾਰਨ ਉਹ ਨਵਜਾਤ ਨੂੰ ਰੱਖਣਾ ਨਹੀਂ ਚਾਹੁੰਦੀ ਸੀ। ਉਸ ਨੇ ਆਪਣੀ ਦੋਸਤ ਪ੍ਰਵੀਨ ਨਾਲ ਇਸ ਬਾਰੇ ਚਰਚਾ ਕੀਤੀ। ਜਾਂਚ ’ਚ ਪਤਾ ਲੱਗਾ ਹੈ ਕਿ ਹਸਪਤਾਲ ਦੀ ਨਰਸ ਆਸ਼ਾ ਨੇ ਬੀਏਐੱਮਐੱਸ ਡਾਕਟਰ ਮਨਮੀਤ ਕੌਰ ਨਾਲ ਸੰਪਰਕ ਕੀਤਾ। ਮਨਮੀਤ ਨੇ ਜਾਣੂ ਰੁਚੀ ਜ਼ਰੀਏ ਮੋਗਾ ਦੀ ਇਕ ਬੇਔਲਾਦ ਮਹਿਲਾ ਮਨਦੀਪ ਕੌਰ ਤੱਕ ਗੱਲ ਪਹੁੰਚਾਈ। ਕਰੀਬ ਅੱਠ ਸਾਲ ਪਹਿਲਾਂ ਵਿਆਹ ਦੇ ਬਾਵਜੂਦ ਸੰਤਾਨ ਨਾ ਹੋਣ ’ਤੇ ਮਨਦੀਪ ਕੌਰ ਬੱਚੀ ਲੈਣ ਲਈ ਤਿਆਰ ਹੋ ਗਈ। ਦੋਸ਼ ਹੈ ਕਿ 2.10 ਲੱਖ ਰੁਪਏ ਆਨਲਾਈਨ ਟ੍ਰਾਂਸਫਰ ਵੀ ਕਰ ਦਿੱਤੇ ਗਏ ਸਨ। ਇਹ ਰਕਮ ਡਾਕਟਰ ਕੋਲ ਪੁੱਜ ਚੁੱਕੀ ਸੀ ਤੇ ਉਸ ਨੂੰ ਗਿਰੋਹ ’ਚ ਵੰਡਿਆ ਜਾਣਾ ਸੀ। ਵਧੀਕ ਡਿਪਟੀ ਕਮਿਸ਼ਨਰ ਆਫ ਪੁਲਿਸ (ਏਡੀਸੀਪੀ-1) ਸਮੀਰ ਵਰਮਾ ਨੇ ਦੱਸਿਆ ਕਿ ਬੱਚੀ ਨੂੰ ਮੋਗਾ ਲੈ ਕੇ ਜਾਣ ਲਈ ਮੁਲਜ਼ਮ ਡਵੀਜ਼ਨ ਨੰਬਰ-3 ਖੇਤਰ ’ਚ ਗੁਰਦੁਆਰਾ ਛੇਵੀਂ ਪਾਤਸ਼ਾਹੀ ਨੇੜੇ ਪਾਰਕ ’ਚ ਇਕੱਠੇ ਹੋਏ ਸਨ। ਇੱਥੇ ਮੌਜੂਦ ਇਕ ਵਿਅਕਤੀ ਨੂੰ ਉਨ੍ਹਾਂ ਦੀ ਗੱਲਬਾਤ ’ਤੇ ਸ਼ੱਕ ਹੋਇਆ ਤੇ ਉਸ ਨੇ ਪੁਲਿਸ ਨੂੰ ਸੂਚਾ ਦੇ ਦਿੱਤੀ। ਪੁਲਿਸ ਨੇ ਬੱਚੀ ਸਮੇਤ ਮੁਲਜ਼ਮਾਂ ਨੂੰ ਕਾਬੂ ਕਰ ਲਿਆ। ਏਡੀਸੀਪੀ ਮੁਤਾਬਕ ਮਾਂ ਨੂੰ ਸਿਰਫ਼ ਹਸਪਤਾਲ ਦਾ ਬਿੱਲ ਚੁਕਾਉਣ ਲਈ ਰਕਮ ਮਿਲਣ ਵਾਲੀ ਸੀ, ਜਦਕਿ ਬਾਕੀ ਰਕਮ ਗਿਰੋਹ ਦੇ ਹੋਰ ਮੈਂਬਰਾਂ ’ਚ ਵੰਡੀ ਜਾਣੀ ਸੀ।

# ਪੁਸਤਕ ਲੋਕ ਅਰਪਣ ਅਤੇ ਸਨਮਾਨ ਸਮਾਗਮ


**ਚੰਡੀਗੜ੍ਹ:** ਇੰਟਰਨੈਸ਼ਨਲ ਅਕੈਡਮੀ ਆਫ਼ ਐਥਿਕਸ ਨੇ ਬਹਾਈ ਹਾਊਸ, ਚੰਡੀਗੜ੍ਹ ਵਿਖੇ ਆਯੋਜਿਤ ਇੱਕ ਸਾਹਿਤਕ ਸਮਾਗਮ ਵਿੱਚ ਸ੍ਰੀ ਅਸ਼ੋਕ ਕੇ. ਭਾਰਗਵ ਦੀ ‘ਜਰਨੀਜ਼ ਵਿਦਿਨ ਐਂਡ ਬਿਓਂਡ’, ਰਵਿੰਦਰ ਟੰਡਨ ਦੀ ‘ਮਾਈ ਇਮੇਜਸ ਹੈਵ ਬੋਲਟਡ ਐਂਡ ਅਦਰ ਪੋਇਮਜ਼’ ਅਤੇ ਰੂਪਾ ਰਾਓ ਦੀ ‘ਏ ਪੋਏਟਿਕ ਓਡੀਸੀ: ਏ ਬਾਇਓਗ੍ਰਾਫੀ ਆਫ ਡਾ. ਜੇ ਐਸ. ਆਨੰਦ’ ਰਿਲੀਜ਼ ਕੀਤੀ ਗਈ।

ਅਕੈਡਮੀ ਦੇ ਪ੍ਰਧਾਨ ਡਾ. ਜਰਨੈਲ ਸਿੰਘ ਆਨੰਦ ਦੀ ਪ੍ਰਧਾਨਗੀ ਹੇਠ ਹੋਏ ਇਸ ਸਮਾਗਮ ਵਿਚ ਸ੍ਰੀ ਵਿਨੋਦ ਖੰਨਾ, ਪ੍ਰਧਾਨ, ਰੀਡਰਜ਼ ਐਂਡ ਰਾਈਟਰਜ਼ ਸੋਸਾਇਟੀ ਆਫ਼ ਇੰਡੀਆ, ਚੰਡੀਗੜ੍ਹ, ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਵਿਸ਼ੇਸ਼ ਮਹਿਮਾਨਾਂ ਵਿੱਚ ਡਾ. ਸੁਨੀਲ ਭਾਟੀਆ ਨਵੀਂ ਦਿੱਲੀ ਮੁੱਖ ਸੰਪਾਦਕ, ‘ਸਲਾਹੀਅਤ’, ਅਤੇ ਪ੍ਰੋ. ਅਨਿਲ ਸਰਵਾਲ, ਚੇਅਰਮੈਨ ਸ਼ਾਮਲ ਸਨ।

ਪ੍ਰੋਫੈਸਰ ਅਨਿਲ ਸਰਵਾਲ, ਚੰਡੀਗੜ੍ਹ ਦੇ ਬਹਾਈਆਂ ਦੀ ਸਥਾਨਕ ਅਧਿਆਤਮਿਕ ਸਭਾ ਦੇ ਚੇਅਰਮੈਨ ਅਸ਼ੋਕ ਕੁਮਾਰ ਭਾਰਗਵ, ਕੈਨੇਡਾ ਤੋਂ ਇੱਕ ਪ੍ਰਸਿੱਧ ਐਨਆਰਆਈ, ਜੋ ਰਾਈਟਰਜ਼ ਇੰਟਰਨੈਸ਼ਨਲ ਨੈੱਟਵਰਕ ਦੇ ਮੁਖੀ ਵੀ ਹਨ, ਦੀ ਕਿਤਾਬ ‘ਜਰਨੀਜ਼ ਵਿਦਿਨ ਐਂਡ ਬਿਓਂਡ’ ਦੀ ਸਮੀਖਿਆ ਸ੍ਰੀ ਵਿਨੋਦ ਖੰਨਾ ਦੁਆਰਾ ਰਿਲੀਜ਼ ਕੀਤੀ ਗਈ ਸੀ, ਜਦੋਂ ਕਿ ਪ੍ਰੋ. ਅਨਿਲ ਸਰਵਾਲ ਨੇ ਸ੍ਰੀ ਰਵਿੰਦਰ ਟੰਡਨ ਦੇ ਕੰਮ ਦਾ ਵਿਸ਼ਲੇਸ਼ਣ ਕੀਤਾ, ਜੋ ਇੱਕ ਸਿਵਲ ਸੇਵਕ ਰਹੇ ਹਨ, ਅਤੇ ਹੁਣ ਕਵੀ ਅਤੇ ਕਲਾਕਾਰ ਬਣ ਗਏ ਹਨ।

ਇੰਟਰਨੈਸ਼ਨਲ ਅਕੈਡਮੀ ਆਫ਼ ਐਥਿਕਸ ਨੇ ਸ੍ਰੀ ਅਸ਼ੋਕ ਕੁਮਾਰ ਭਾਰਗਵ ਅਤੇ ਡਾ. ਸੁਨੀਲ ਭਾਟੀਆ ਨੂੰ ਸਾਹਿਤ ਅਤੇ ਸੱਭਿਆਚਾਰ ਦੇ ਖੇਤਰ ਵਿੱਚ ਉਨ੍ਹਾਂ ਦੇ ਵਿਸ਼ੇਸ਼ ਯੋਗਦਾਨ ਲਈ ਰੋਲ ਆਫ਼ ਆਨਰ ਨਾਲ ਸਨਮਾਨਿਤ ਕੀਤਾ।ਸੰਸਥਾ ਦੇ ਜਥੇਬੰਦਕ ਸਕੱਤਰ ਬ੍ਰਿਜ ਭੂਸ਼ਣ ਗੋਇਲ ਨੇ ਦੱਸਿਆ ਕਿ ਸਮਾਗਮ ਵਿੱਚ ਨਿਰਮਲ ਜਸਵਾਲ,ਰੇਖਾ ਮਿੱਤਲ,ਡਾਕਟਰ ਸ਼ਬਨਮ ਆਰੀਆ ਅਤੇ ਹੋਰ ਲੇਖਕ ਵੀ ਸ਼ਾਮਿਲ ਹੋਏ।

# ਚੋਣਾਂ ਤੋਂ ਪਹਿਲਾਂ ਸਿੱਧੂ ਜੋੜੇ ਦੀ ‘ਘਰ ਵਾਪਸੀ’ ਦੀਆਂ ਅਟਕਲਾਂ ਤੇਜ਼



**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ, ਭਾਰਤੀ ਜਨਤਾ ਪਾਰਟੀ ਨੇ ਨਵਜੋਤ ਸਿੰਘ ਸਿੱਧੂ ਅਤੇ ਉਨ੍ਹਾਂ ਦੀ ਪਤਨੀ ਨਵਜੋਤ ਕੌਰ ਸਿੱਧੂ ਦੀ ਸੰਭਾਵੀ “ਘਰ ਵਾਪਸੀ” ਨੂੰ ਲੈਕੇ ਯਤਨ ਤੇਜ਼ ਕਰ ਦਿੱਤੇ ਹਨ। ਪਾਰਟੀ ਸੂਤਰਾਂ ਅਨੁਸਾਰ, ਦੋਵਾਂ ਆਗੂਆਂ ਨੂੰ ਭਾਜਪਾ ਵਿੱਚ ਦੁਬਾਰਾ ਸ਼ਾਮਲ ਕਰਨ ਲਈ ਇੱਕ ਮੁੱਢਲਾ ਰੋਡਮੈਪ ਤਿਆਰ ਕੀਤਾ ਗਿਆ ਹੈ, ਅਤੇ ਸਿਖਰਲੀ ਲੀਡਰਸ਼ਿਪ ਅੰਤਿਮ ਫੈਸਲਾ ਲੈਣ ਤੋਂ ਪਹਿਲਾਂ ਸੀਨੀਅਰ ਆਗੂਆਂ ਨਾਲ ਸਲਾਹ-ਮਸ਼ਵਰਾ ਕਰੇਗੀ। ਸੂਤਰਾਂ ਦਾ ਕਹਿਣਾ ਹੈ ਕਿ ਇਸ ਮੁੱਦੇ ’ਤੇ ਇਸ ਮਹੀਨੇ ਦੇ ਅੰਤ ਤੱਕ ਸਪੱਸ਼ਟ ਫੈਸਲਾ ਲਿਆ ਜਾ ਸਕਦਾ ਹੈ। ਵਿਚਾਰ-ਵਟਾਂਦਰੇ ਇਸ ਸਮੇਂ ਆਪਣੇ ਸ਼ੁਰੂਆਤੀ ਪੜਾਅ ਵਿੱਚ ਹਨ, ਪਰ ਸੰਕੇਤ ਹਨ ਕਿ ਕੇਂਦਰੀ ਲੀਡਰਸ਼ਿਪ ਇਸ ਮਾਮਲੇ ਨੂੰ ਗੰਭੀਰਤਾ ਨਾਲ ਲੈ ਰਹੀ ਹੈ।

### ਵਾਪਸੀ ਦੇ ਵਿਰੋਧ ਦੀਆਂ ਵੀ ਆਵਾਜ਼ਾਂ

ਸਿੱਧੂ ਜੋੜੇ ਦੀ ਵਾਪਸੀ ਨੂੰ ਲੈ ਕੇ ਭਾਜਪਾ ਦੀ ਪੰਜਾਬ ਇਕਾਈ ਦੇ ਅੰਦਰ ਮਤਭੇਦ ਉੱਭਰ ਰਹੇ ਹਨ। ਸਾਬਕਾ ਮੁੱਖ ਮੰਤਰੀ ਅਮਰਿੰਦਰ ਸਿੰਘ ਅਤੇ ਸਿੱਧੂ ਦੀ ਕਾਂਗਰਸ ਯੁੱਗ ਤੋਂ ਚੱਲੀ ਆ ਰਹੀ ਰਾਜਨੀਤਿਕ ਦੁਸ਼ਮਣੀ ਹੈ। ਇਸ ਤੋਂ ਇਲਾਵਾ, ਸਾਬਕਾ ਮੰਤਰੀ ਮਨੋਰੰਜਨ ਕਾਲੀਆ ਸਮੇਤ ਕੁਝ ਸੀਨੀਅਰ ਨੇਤਾ ਵੀ ਸਿੱਧੂ ਦੀ ਵਾਪਸੀ ਦਾ ਸਮਰਥਨ ਨਹੀਂ ਕਰ ਰਹੇ ਹਨ। ਇਨ੍ਹਾਂ ਨੇਤਾਵਾਂ ਦਾ ਮੰਨਣਾ ਹੈ ਕਿ ਪਾਰਟੀ ਨੂੰ ਵਿਵਾਦਪੂਰਨ ਹਸਤੀਆਂ ਨੂੰ ਵਾਪਸ ਲਿਆਉਣ ਦੀ ਬਜਾਏ ਸੰਗਠਨਾਤਮਕ ਤਾਕਤ ’ਤੇ ਧਿਆਨ ਕੇਂਦਰਿਤ ਕਰਨਾ ਚਾਹੀਦਾ ਹੈ।

# ਰਿਸ਼ਵਤ ਮਾਮਲੇ ’ਚ ਡੀ.ਆਈ.ਜੀ. ਭੁੱਲਰ ਦੀ ਜ਼ਮਾਨਤ ਅਰਜ਼ੀ ਰੱਦ

**ਚੰਡੀਗੜ੍ਹ:** ਪੰਜਾਬ ਪੁਲਿਸ ਦੇ ਡੀ.ਆਈ.ਜੀ. ਹਰਚਰਨ ਸਿੰਘ ਭੁੱਲਰ ਨੂੰ ਰਿਸ਼ਵਤ ਮਾਮਲੇ ਵਿੱਚ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਤੋਂ ਵੱਡਾ ਝਟਕਾ ਲੱਗਾ ਹੈ। ਹਾਈ ਕੋਰਟ ਨੇ ਉਨ੍ਹਾਂ ਦੀ ਨਿਯਮਤ ਜ਼ਮਾਨਤ ਪਟੀਸ਼ਨ ਰੱਦ ਕਰ ਦਿੱਤੀ ਹੈ, ਜਿਸ ਨਾਲ ਉਨ੍ਹਾਂ ਨੂੰ ਫਿਲਹਾਲ । ਕੋਈ ਰਾਹਤ ਨਹੀਂ ਮਿਲ ਰਹੀ। ਹਾਲਾਂਕਿ ਉਨ੍ਹਾਂ ਨੂੰ ਪਹਿਲਾਂ ਹੀ ਹੇਠਲੀ ਅਦਾਲਤ ਵੱਲੋਂ ਆਮਦਨ ਤੋਂ ਵੱਧ ਜਾਇਦਾਦ ਨਾਲ ਸਬੰਧਤ ਇੱਕ ਵੱਖਰੇ ਮਾਮਲੇ ਵਿੱਚ ਜ਼ਮਾਨਤ ਦਿੱਤੀ ਜਾ ਚੁੱਕੀ ਹੈ ਪਰ ਉਹ ਰਿਸ਼ਵਤ ਮਾਮਲੇ ਵਿੱਚ ਮਾਡਲ ਜੇਲ੍ਹ, ਚੰਡੀਗੜ੍ਹ ਵਿੱਚ ਨਿਆਂਇਕ ਹਿਰਾਸਤ ਵਿੱਚ ਹਨ।

ਸੁਣਵਾਈ ਦੌਰਾਨ ਕੇਂਦਰੀ ਜਾਂਚ ਬਿਊਰੋ (ਸੀਬੀਆਈ) ਨੇ ਅਦਾਲਤ ਨੂੰ ਸੂਚਿਤ ਕੀਤਾ ਕਿ ਕੇਂਦਰ ਸਰਕਾਰ ਨੇ ਭੁੱਲਰ ’ਤੇ ਮੁਕੱਦਮਾ ਚਲਾਉਣ ਲਈ ਜ਼ਰੂਰੀ ਮਨਜ਼ੂਰੀ ਦੇ ਦਿੱਤੀ ਹੈ, ਜਿਸ ਨਾਲ ਮੁਕੱਦਮਾ ਅੱਗੇ ਵਧਣ ਦਾ ਰਾਹ ਪੱਧਰਾ ਹੋ ਗਿਆ ਹੈ। ਜਾਂਚ ਏਜੰਸੀ ਨੇ ਇਹ ਵੀ ਕਿਹਾ ਕਿ ਜਾਂਚ ਦੌਰਾਨ ਇਕੱਠੇ ਕੀਤੇ ਗਏ ਸਬੂਤ ਗੰਭੀਰ ਕਿਸਮ ਦੇ ਹਨ ਅਤੇ ਮੁਲਜ਼ਮ ਦੀ ਹਿਰਾਸਤ ਨਿਰਪੱਖ ਜਾਂਚ ਨੂੰ ਯਕੀਨੀ ਬਣਾਉਣ ਅਤੇ ਨਿਆਂਇਕ ਪ੍ਰਕਿਰਿਆ ਨੂੰ ਪ੍ਰਭਾਵਿਤ ਹੋਣ ਤੋਂ ਰੋਕਣ ਲਈ ਜ਼ਰੂਰੀ ਹੈ। ਭੁੱਲਰ ਵੱਲੋਂ ਦਾਇਰ ਪਟੀਸ਼ਨ ਵਿੱਚ ਦਲੀਲ ਦਿੱਤੀ ਗਈ ਸੀ ਕਿ ਉਸ ਨੇ ਜਾਂਚ ਵਿੱਚ ਪੂਰਾ ਸਹਿਯੋਗ ਕੀਤਾ ਹੈ ਅਤੇ ਲੰਬੇ ਸਮੇਂ ਤੋਂ ਨਿਆਂਇਕ ਹਿਰਾਸਤ ਵਿੱਚ ਹੈ, ਇਸ ਲਈ ਉਸ ਨੂੰ ਨਿਯਮਤ ਜ਼ਮਾਨਤ ਦਿੱਤੀ ਜਾਣੀ ਚਾਹੀਦੀ ਹੈ।



ਬਚਾਅ ਪੱਖ ਨੇ ਇਹ ਵੀ ਦਲੀਲ ਦਿੱਤੀ ਕਿ ਭੁੱਲਰ ਵੱਲੋਂ ਖ਼ੁਦ ਕੋਈ ਸਿੱਧੀ ਰਿਸ਼ਵਤ ਦੀ ਮੰਗ ਜਾਂ ਵਸੂਲੀ ਨਹੀਂ ਕੀਤੀ ਗਈ ਸੀ ਅਤੇ ਉਸ ਨੂੰ ਸਿਰਫ਼ ਕਥਿਤ ਵਿਚੋਲੇ ਦੇ ਬਿਆਨਾਂ ਦੇ ਆਧਾਰ ’ਤੇ ਫਸਾਇਆ ਗਿਆ ਸੀ। ਉਸ ਦੀ ਗ੍ਰਿਫ਼ਤਾਰੀ ਤੋਂ ਬਾਅਦ ਕੀਤੀ ਗਈ ਕਾਨੂੰਨੀ ਪ੍ਰਕਿਰਿਆ ਬਾਰੇ ਵੀ ਸਵਾਲ ਉਠਾਏ ਗਏ ਸਨ। ਸੀਬੀਆਈ ਅਨੁਸਾਰ, ਭੁੱਲਰ ਅਤੇ ਉਸ ਦੇ ਕਥਿਤ ਵਿਚੋਲੇ ਕ੍ਰਿਸ਼ਣੂ ਵਿਰੁੱਧ 16 ਅਕਤੂਬਰ, 2025 ਨੂੰ ਭ੍ਰਿਸ਼ਟਾਚਾਰ ਰੋਕਥਾਮ ਕਾਨੂੰਨ ਤਹਿਤ ਮਾਮਲਾ ਦਰਜ ਕੀਤਾ ਗਿਆ ਸੀ।

ਪੰਜਾਬ ਟਾਈਮਜ਼

21 ਫਰਵਰੀ, ਸ਼ਨਿਚਰਵਾਰ

# ਏ.ਆਈ. ਤੋਂ ਸਾਵਧਾਨ

ਪਿਛਲੇ ਇਕ ਦਹਾਕੇ ਦੌਰਾਨ ਦੁਨੀਆ ਜਿੰਨੀ ਤੇਜ਼ੀ ਨਾਲ ਬਦਲੀ ਹੈ, ਉਸ ਨੂੰ ਦੇਖਦਿਆਂ ਅਗਲੇ ਦਸ-ਵੀਹ ਸਾਲਾਂ ਦੀਆਂ ਸੰਭਾਵਿਤ ਤਬਦੀਲੀਆਂ ਨੂੰ ਸਮਝਣਾ ਜ਼ਰੂਰੀ ਹੋ ਗਿਆ ਹੈ। ਮਨੁੱਖੀ ਇਤਿਹਾਸ ਦੇ ਜ਼ਿਆਦਾਤਰ ਦੌਰ 'ਚ ਕਮੀਆਂ ਵਰਗੇ ਪਹਿਲੂ ਨੇ ਵੀ ਸੱਭਿਆਤਾਵਾਂ ਦਾ ਤਾਣਾ-ਬਾਣਾ ਰਚਿਆ ਹੈ। ਫਿਰ ਚਾਹੇ ਇਹ ਖਾਣ-ਪੀਣ ਦੀ ਕਮੀ ਹੋਵੇ, ਜ਼ਮੀਨ, ਕਿਰਤ, ਪੂੰਜੀ ਜਾਂ ਗਿਆਨ ਦੀ। ਸਾਡੇ ਆਰਥਿਕ ਸਿਧਾਂਤਾਂ ਦੀ ਉਤਪਤੀ ਅਤੇ ਸਿਆਸੀ ਸੰਸਥਾਨਾਂ ਦਾ ਵਿਕਾਸ ਵੀ ਕਮੀਆਂ ਦੀ ਮੈਨੇਜਮੈਂਟ 'ਤੇ ਕੇਂਦਰਿਤ ਰਿਹਾ। ਮਸ਼ੀਨੀ ਹੁਨਰ ਭਾਵ ਏਆਈ 'ਚ ਇਸ ਰਵਾਇਤੀ ਵਾਤਾਵਰਨ ਨੂੰ ਪਲਟਣ ਦੀ ਸਮਰੱਥਾ ਹੈ।

ਜੇ ਵੀਹਵੀਂ ਸਦੀ ਕਮੀਆਂ ਨਾਲ ਨਜਿੱਠਣ ਨਾਲ ਜੁੜੀ ਸੀ ਤਾਂ ਆਉਣ ਵਾਲਾ ਦਹਾਕਾ ਬਹੁਤਾਤ ਦੇ ਨਾਲ ਸੰਤੁਲਨ ਦੀ ਚੁਣੌਤੀ ਦੇ ਨਾਂ ਹੋ ਸਕਦਾ ਹੈ। ਨਵੇਂ ਵਾਤਾਵਰਨ 'ਚ ਤਕਨੀਕ ਜਿੰਨੀ ਤੇਜ਼ੀ ਨਾਲ ਅੱਗੇ ਵਧ ਰਹੀ ਹੈ, ਉਸ ਲਿਹਾਜ਼ ਨਾਲ ਸਾਡੀਆਂ ਸੰਸਥਾਵਾਂ ਪੱਛੜਦੀਆਂ ਜਾ ਰਹੀਆਂ ਹਨ। ਇਸ ਕਾਰਨ ਇਹ ਜ਼ਰੂਰੀ ਹੋ ਜਾਂਦਾ ਹੈ ਕਿ ਉਨ੍ਹਾਂ ਨੀਤੀਗਤ ਤਰੀਕਿਆਂ 'ਤੇ ਵਿਚਾਰ ਕੀਤਾ ਜਾਵੇ ਜੋ ਏਆਈ ਨਾਲ ਪੈਦਾ ਹੋਈ ਉਥਲ-ਪੁਥਲ ਨਾਲ ਨਜਿੱਠਣ 'ਚ ਕਾਰਗਰ ਸਾਬਿਤ ਹੋ ਸਕਣ।

ਰਵਾਇਤੀ ਅਰਥ-ਸ਼ਾਸਤਰ 'ਚ ਉਤਪਾਦਨ ਦੇ ਚਾਰ ਮੁੱਖ ਕਾਰਕ-ਕਿਰਤ, ਪੂੰਜੀ, ਜ਼ਮੀਨ ਤੇ ਤਕਨੀਕ ਮੰਨੇ ਗਏ ਹਨ। ਤਕਨੀਕ ਨੇ ਹਮੇਸ਼ਾ ਕਿਰਤ ਨੂੰ ਸਹਿਯੋਗ ਪ੍ਰਦਾਨ ਕੀਤਾ ਹੈ। ਹਰੇਕ ਤਕਨੀਕ ਉਤਪਾਦਕਤਾ ਅਤੇ ਮਿਹਨਤਾਨਾ ਵਧਾਉਣ ਦੇ ਨਾਲ ਹੀ ਮੰਗ ਦੇ ਵਿਸਥਾਰ ਤੇ ਨਵੀਆਂ ਨੌਕਰੀਆਂ ਦਾ ਜ਼ਰੀਆ ਬਣੀ ਹੈ। ਇਸ ਨਾਲ ਕੁਝ ਅਸਹੂਲਤ ਹੁੰਦੀ ਵੀ ਸੀ ਤਾਂ ਬਸ ਤਤਕਾਲੀ ਹੀ ਨਾ ਕਿ ਸਥਾਈ, ਪਰ ਏਆਈ ਨਾਲ ਇਹ ਰੁਝਾਨ ਪਲਟ ਸਕਦਾ ਹੈ। ਪਹਿਲੀ ਵਾਰ ਤਕਨੀਕ ਸਿੱਧੇ ਤੌਰ 'ਤੇ ਕਿਰਤ ਦਾ ਬਦਲ ਬਣਦੀ ਦਿਖਾਈ ਦੇ ਰਹੀ ਹੈ। ਨਾ ਸਿਰਫ਼ ਸਰੀਰਕ ਕਿਰਤ, ਬਲਕਿ ਬੌਧਿਕ, ਪੇਸ਼ੇਵਰ ਤੇ ਰਚਨਾਤਮਕ ਕੰਮਕਾਰ ਦੇ ਮਾਮਲੇ 'ਚ ਵੀ ਏਆਈ ਦਬਦਬਾ ਦਿਖਾ ਰਹੀ ਹੈ। ਏਆਈ ਦੇ ਨਾਲ ਉਤਪਾਦਕਤਾ ਤਾਂ ਵਧ ਰਹੀ ਹੈ, ਪਰ ਰੁਜ਼ਗਾਰ ਉਸ ਹਿਸਾਬ ਨਾਲ ਪੈਦਾ ਨਹੀਂ ਹੋ ਰਿਹਾ ਹੈ। ਇਸ ਨਾਲ ਸਾਂਝੀ ਤਰੱਕੀ ਦਾ ਰਾਹ ਮਜ਼ਬੂਤ ਹੁੰਦਾ ਨਹੀਂ ਦਿਖਾਈ ਦੇ ਰਿਹਾ। ਭਾਵ ਅਸਮਾਨਤਾ ਵਧੇਗੀ। ਕੁਦਰਤ ਤੇ ਸਵਰੂਪ 'ਚ ਵੀ ਏਆਈ ਪਿਛਲੀਆਂ ਤਕਨੀਕਾਂ ਦੀ ਤੁਲਨਾ 'ਚ ਵੱਖ ਹੈ। ਇਸ ਦਾ ਕੋਈ ਨਮੂਨਾ ਇਕ ਵਾਰ ਆਕਾਰ ਲੈਣ 'ਤੇ ਇਹ ਸੀਮਾਂਤ ਲਾਗਤ ਨੂੰ ਸਿਫ਼ਰ ਤੱਕ ਕਰਨ 'ਚ ਸਮਰੱਥ ਹੈ। ਏਆਈ ਨੂੰ ਕਾਮਯਾਬੀ ਨਾਲ ਅਪਨਾਉਣ ਵਾਲੇ ਦੇਸ਼ ਤੇਜ਼ ਆਰਥਿਕ ਵਿਕਾਸ ਕਰ ਰਹੇ ਹਨ। ਸਿਹਤ ਸੇਵਾਵਾਂ 'ਚ ਜ਼ਬਰਦਸਤ ਸੁਧਾਰ ਹੋਇਆ ਹੈ। ਜੀਵਨ ਪ੍ਰਤੀ ਆਸ ਵਧੀ ਹੈ ਤੇ ਬਿਮਾਰੀਆਂ 'ਤੇ ਭਾਰ ਘਟ ਰਿਹਾ ਹੈ। ਜੀਵਨ ਦੇ ਵਿਸਥਾਰ ਤੇ ਕੰਮ ਦਾ ਘੇਰਾ ਤੰਗ ਹੋਣ 'ਤੇ ਜਨਸੰਖਿਆ ਲਾਭਅੰਸ਼ ਆਪਣੇ ਅਰਥ ਗੁਆ ਦਿੰਦਾ ਹੈ। ਇਸ ਵਾਤਾਵਰਨ 'ਚ ਵਿਦੇਸ਼ ਤੋਂ ਭੇਜੀ ਜਾਣ ਵਾਲੀ ਰਕਮ 'ਤੇ ਨਿਰਭਰ ਰਾਸ਼ਟਰ-ਸਮਾਜ ਮੁਸ਼ਕਲਾਂ ਦਾ ਸਾਹਮਣਾ ਕਰਦੇ ਹਨ। ਤਦ ਮਾਣ ਤੇ ਰੋਜ਼ੀ-ਰੋਟੀ ਦੇ ਆਧਾਰ ਦੇ ਰੂਪ 'ਚ ਰੁਜ਼ਗਾਰ ਦਾ ਵਿਚਾਰ ਸੰਕਟ ਦਾ ਸ਼ਿਕਾਰ ਹੋਣ ਲਗਦਾ ਹੈ।

ਸਾਧਨਾਂ ਦਾ ਕੇਂਦਰੀਕਰਨ ਵੀ ਏਆਈ ਦੇ ਮੋਰਚੇ 'ਤੇ ਪੈਦਾ ਹੋਣ ਵਾਲੀ ਇਕ ਹੋਰ ਸਮੱਸਿਆ ਹੈ। ਇਸ ਕਾਰਨ ਸਾਧਨਾਂ ਦੀ ਦੁਬਾਰਾ ਵੰਡ ਲਈ ਕੋਈ ਕਾਰਗਰ ਨੀਤੀਗਤ ਤਰੀਕਾ ਲੱਭਣਾ ਹੀ ਪਵੇਗਾ। ਇਸ ਦੀ ਕਮੀ 'ਚ ਵਿਆਪਕ ਆਰਥਿਕ ਮਾੜੇ ਪ੍ਰਭਾਵ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਏਆਈ ਕਾਰਨ ਸਿੱਖਣ-ਸਮਝਣ ਦੀ ਸਮਰੱਥਾ 'ਤੇ ਵੀ ਸੰਕਟ ਮੰਡਰਾਉਂਦਾ ਦਿਖਾਈ ਦੇ ਰਿਹਾ ਹੈ।

ਜਦ ਮਸ਼ੀਨ ਹੀ ਫ਼ੈਸਲੇ ਲੈਣ 'ਚ ਭੂਮਿਕਾ ਨਿਭਾਉਣ ਲੱਗੇਗੀ ਤਾਂ ਲੋਕਾਂ 'ਚ ਸਿੱਖਣ ਦੇ ਪ੍ਰਤੀ ਝੁਕਾਅ ਘਟਣ ਦਾ ਸ਼ੱਕ ਵਧਦਾ ਹੈ। ਇਤਿਹਾਸਕਾਰ ਡੇਵਿਡ ਰੋਕਲਿਨ ਨੇ ਇਹ ਰੇਖਾਂਕਿਤ ਵੀ ਕੀਤਾ ਸੀ ਕਿ ਆਟੋ-ਪਾਇਲਟ ਮੋਡ 'ਤੇ ਵੱਧ ਨਿਰਭਰਤਾ ਸੰਕਟ ਦੇ ਸਮੇਂ ਪਾਇਲਟਾਂ ਦੇ ਹੱਥ-ਪੈਰ ਫੁਲਾ ਦਿੰਦੀ ਹੈ। ਵੱਡਾ ਖ਼ਤਰਾ ਇਹ ਨਹੀਂ ਕਿ ਮਸ਼ੀਨ ਇਨਸਾਨ ਵਾਂਗ ਕੰਮ ਕਰੇ, ਬਲਕਿ ਇਹ ਖ਼ਤਰਾ ਕਿਤੇ ਵੱਡਾ ਹੋਵੇਗਾ ਕਿ ਇਨਸਾਨ ਹੀ ਮਸ਼ੀਨ ਵਾਂਗ ਵਿਵਹਾਰ ਕਰਨ ਲੱਗੇ।

ਏਆਈ ਕਾਰਨ ਫ਼ਰਜ਼ੀ ਸੂਚਨਾਵਾਂ ਤੇ ਸਾਰੀ ਤਰ੍ਹਾਂ ਦੀ ਸ਼ੱਕੀ ਸਮੱਗਰੀ ਦਾ ਹੜ੍ਹ ਵੀ ਸੰਕਟ ਵਧਾ ਰਿਹਾ ਹੈ। ਇਸ ਨਾਲ ਭਰੋਸੇ ਦੀ ਭਾਵਨਾ 'ਤੇ ਸੱਟ ਲੱਗੀ ਹੈ। ਸੱਚ ਤੇ ਝੂਠ ਨੂੰ ਲੈ ਕੇ ਅਜਿਹਾ ਜਾਲ ਬੁਣਿਆ ਜਾ ਰਿਹਾ ਹੈ ਕਿ ਲੋਕ ਭੁਲੇਖੇ 'ਚ ਰਹਿ ਰਹੇ ਹਨ। ਏਆਈ 'ਤੇ ਪਕੜ ਰੱਖਣ ਵਾਲੇ ਹੋਰ ਤਾਕਤਵਰ ਬਣਨ ਦੇ ਰਾਹ 'ਤੇ ਹਨ। ਇਸ ਦੇ ਦਮ 'ਤੇ ਨਵੇਂ ਅਮੀਰਾਂ ਦਾ ਉਭਾਰ ਹੋ ਰਿਹਾ ਹੈ। ਭੂ-ਸਿਆਸੀ ਸੰਦਰਭ 'ਚ ਵੀ ਏਆਈ 'ਅਸਮਾਨਤਾ ਵਧਾ ਰਿਹਾ ਹੈ, ਕਿਉਂਕਿ ਆਧੁਨਿਕ ਤਕਨੀਕ ਤੋਂ ਵਾਂਝੇ ਦੇਸ਼ ਆਪਣੇ-ਆਪ ਪੱਛੜਦੇ ਜਾਣਗੇ। ਜੇਕਰ ਸਹੀ ਨੀਤੀਗਤ ਉਪਾਅ ਅਪਣਾਏ ਜਾਣ ਤਾਂ ਏਆਈ ਤਕਨੀਕ ਬਹੁਤ ਸਕਾਰਾਤਮਕ ਤਬਦੀਲੀ ਵੀ ਲਿਆ ਸਕਦੀ ਹੈ। ਇਸ ਲਈ ਏਆਈ ਨੂੰ ਤਕਨੀਕੀ ਉਪਕਰਨ ਤੋਂ ਵੱਧ ਸੱਭਿਅਤਾਵਾਦੀ ਸ਼ਕਤੀ ਦੇ ਰੂਪ 'ਚ ਦੇਖਣਾ ਪਵੇਗਾ।

ਏਆਈ ਦੀ ਵਰਤੋਂ ਮਨੁੱਖ ਦੀ ਥਾਂ ਲੈਣ ਦੀ ਜਗ੍ਹਾ ਉਸ ਦੀਆਂ ਸਮਰੱਥਾਵਾਂ ਨੂੰ ਵਧਾਉਣ 'ਤੇ ਕੇਂਦਰਿਤ ਹੋਣੀ ਚਾਹੀਦੀ ਹੈ। ਏਆਈ ਉਨ੍ਹਾਂ ਸਾਰੀਆਂ ਮੁਸ਼ਕਲਾਂ ਦਾ ਹੱਲ ਕਰਨ 'ਚ ਸਮਰੱਥ ਹੈ, ਜਿਸ ਲਈ ਅਸਾਧਾਰਨ ਮਨੁੱਖੀ ਕੋਸ਼ਿਸ਼ਾਂ ਦੀ ਜ਼ਰੂਰਤ ਪੈਂਦੀ ਹੈ। ਜਿਵੇਂ ਕਿ ਬਾਹਰੀ-ਪੁਲਾੜ 'ਚ ਕੋਈ ਨਵਾਂ ਮੋਰਚਾ ਖੋਲ੍ਹਣਾ, ਗਹਿਰੇ ਸਮੁੰਦਰ ਜਾਂ ਧਰਤੀ ਦੀਆਂ ਪੇਚੀਦਾ ਪਰਤਾਂ ਦੇ ਰਹੱਸਾਂ ਨੂੰ ਹੱਲ ਕਰਨਾ। ਇਸ ਨਾਲ ਕਈ ਗ੍ਰਹਿਆਂ 'ਤੇ ਮਨੁੱਖੀ ਜੀਵਨ ਨੂੰ ਸੰਭਵ ਬਣਾਇਆ ਜਾ ਸਕਦਾ ਹੈ। ਅਸੀਂ ਕੁਦਰਤ ਨੂੰ ਬਿਹਤਰ ਤਰੀਕੇ ਨਾਲ ਸਮਝ ਕੇ ਉਸ ਦੇ ਚੰਗੇ ਪ੍ਰਬੰਧਨ ਦੇ ਮੰਤਰ ਸਮਝ ਸਕਦੇ ਹਾਂ। ਤੱਥਾਂ ਅਤੇ ਸੂਚਨਾਵਾਂ ਦੀ ਵੈਰੀਫਿਕੇਸ਼ਨ ਲਈ ਵੀ ਇਸ ਦੀ ਸੇਵਾ ਬਹੁਤ ਕਾਰਗਰ ਹੋ ਸਕਦੀ ਹੈ।

ਇਹ ਸਵੀਕਾਰ ਕਰਨ 'ਚ ਕੋਈ ਸ਼ੱਕ ਨਹੀਂ ਕਿ ਏਆਈ ਕਿੰਨੀ ਵੀ ਸਮਰੱਥਾ ਪੈਦਾ ਕਰ ਲਵੇ, ਪਰ ਉਸ ਦਾ ਪਿਆਰ, ਦੇਖਭਾਲ, ਹਮਦਰਦੀ ਤੇ ਨੈਤਿਕ ਫ਼ਰਜ਼ ਵਰਗੀਆਂ ਮਨੁੱਖੀ ਭਾਵਨਾਵਾਂ ਨਾਲ ਲੈਸ ਹੋਣਾ ਸੰਭਵ ਨਹੀਂ ਹੈ। ਏਆਈ ਨਾਲ ਮਰੀਜ਼ ਦਾ ਇਲਾਜ ਚਾਹੇ ਬਿਹਤਰ ਹੋ ਜਾਵੇ, ਪਰ ਪਿਆਰ-ਦੁਲਾਰ ਤੇ ਦੇਖਭਾਲ ਪਰਿਵਾਰ ਵਾਲਿਆਂ ਤੋਂ ਹੀ ਸੰਭਵ ਹੈ। ਸਾਨੂੰ ਸਮਝਣਾ ਪਵੇਗਾ ਕਿ ਏਆਈ ਕੋਈ ਪ੍ਰਤੀਯੋਗੀ ਲਾਭ ਨਹੀਂ, ਬਲਕਿ ਇਕ ਸਾਂਝਾ ਫ਼ਰਜ਼ ਹੈ।

ਵਸੂਧੈਵ ਕੁਟੁੰਬਕਮ ਦਾ ਭਾਰਤੀ ਵਿਚਾਰ ਹੁਣ ਦਰਸ਼ਨ ਦੇ ਘੇਰੇ ਤੋਂ ਨਿਕਲ ਕੇ ਹੋਂਦ ਦੀ ਰਣਨੀਤੀ ਦਾ ਹਿੱਸਾ ਬਣ ਚੁੱਕਾ ਹੈ। ਇਸ ਕਾਰਨ ਭਾਰਤ ਆਪਣੀ ਸੱਭਿਅਤਾਗਤ ਗਹਿਰਾਈ ਤੇ ਭਰੋਸੇਯੋਗਤਾ ਰਾਹੀਂ ਨਵੇਂ ਸ਼ਾਸਕੀ ਢਾਂਚਿਆਂ ਲਈ ਵਿਸ਼ਵ ਪੱਧਰੀ ਏਆਈ ਮਾਪਦੰਡਾਂ ਨੂੰ ਆਕਾਰ ਦੇਣ 'ਚ ਬਹੁਤ ਮਹੱਤਵਪੂਰਨ ਭੂਮਿਕਾ ਨਿਭਾ ਸਕਦਾ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਹਾਕਮ ਦਾ ਹਥਿਆਰ

ਰਲ਼ਿਆ 'ਖੋਟ' ਜਦ ਸੋਨੇ 'ਚੋਂ ਕੱਢਦਾ ਏ, 'ਸੇਕ ਅੱਗ' ਦਾ ਦੇਵੇ ਸੁਨਿਆਰ ਮੀਆਂ।
ਕੱਢੇ 'ਚਿੱਬ' ਜਦ ਪਿੱਤਲ਼ ਦੇ ਭਾਂਡਿਆਂ 'ਚੋਂ, ਠੋਲੂ ਮਾਰਦਾ 'ਠਾਹ' ਠਠਿਆਰ ਮੀਆਂ।
'ਵਿੰਗੀ' ਇੱਟ ਨੂੰ ਕੰਧ ਵਿੱਚ ਚਿਣਨ ਵੇਲੇ, 'ਤੇਸੀ' ਮਾਰਦਾ ਜਿਉਂ ਦਸਤਕਾਰ ਮੀਆਂ।
ਹ਼ਲ ਵਾਹੁੰਦਿਆਂ ਬ਼ਲ੍ਹਦ 'ਸਿਆੜ' ਭੰਨੇਂ, ਪੁੜੇ ਉੱਪਰ ਝੱਟ ਪੈਂਦੀ ਏ 'ਆਰ' ਮੀਆਂ।
ਫੜ੍ਹਾਂ ਫੋਕੀਆਂ ਮਾਰਨ ਤੋਂ ਕਾਇਰ ਹਟਦੇ, ਸੁਣ ਕੇ 'ਸੂਰਮੇਂ' ਵਾ਼ਲੀ ਲਲਕਾਰ ਮੀਆਂ।
ਵਿੰਗਾ ਹੋ ਰਿਹਾ ਸਿੱਧਾ 'ਕੋਈ' ਕਰਨ ਵੇਲੇ, ਹਾਕਮ ਵਰਤਦੇ ਈਡੀ ਹਥਿਆਰ ਮੀਆਂ!

# ਭਾਰਤੀ ਸੰਸਦ ਅਖਾੜਾ, ਦੰਗਲ ਜਾਂ ਲੋਕਤੰਤਰ

ਦੇਸ਼ ਦੀ ਸੰਸਦ ਦੇ ਬਜਟ ਇਜਲਾਸ ਵਿਚ ਇਨ੍ਹੀਂ ਦਿਨੀਂ ਵੱਡੇ ਹੰਗਾਮੇ ਹੋਏ। ਸੱਤਾਧਾਰੀ ਅਤੇ ਵਿਰੋਧੀ ਪੱਖ ਵਿਚ ਵੱਡਾ ਦੰਗਲ ਵੇਖਣ ਨੂੰ ਮਿਲਿਆ। ਲੋਕ ਸਭਾ ਸਪੀਕਰ ਓਮ ਬਿਰਲਾ ਨੇ ਰਾਸ਼ਟਰਪਤੀ ਦੇ ਭਾਸ਼ਣ ਦੇ ਧੰਨਵਾਦ ਮਤੇ ਉੱਤੇ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੂੰ ਬੋਲਣ ਲਈ ਸਮਾਂ ਨਹੀਂ ਦਿੱਤਾ। ਲੋਕ ਸਭਾ ਵਿਚ ਇੰਨਾ ਹੰਗਾਮਾ ਹੋਇਆ ਕਿ ਕਾਂਗਰਸ ਦੇ ਅੱਠ ਲੋਕ ਸਭਾ ਮੈਂਬਰ ਮੁਅੱਤਲ ਕਰ ਦਿੱਤੇ ਗਏ। ਸਪੀਕਰ ਬਿਰਲਾ ਨੇ ਪ੍ਰਧਾਨ ਮੰਤਰੀ ਨੂੰ ਰਾਸ਼ਟਰਪਤੀ ਦੇ ਭਾਸ਼ਣ ਦੇ ਧੰਨਵਾਦ ਕਰਦੇ ਮਤੇ 'ਤੇ ਬਹਿਸ ਦਾ ਜਵਾਬ ਦੇਣ ਲਈ ਸਦਨ ਵਿਚ ਨਾ ਆਉਣ ਦੀ ਬੇਨਤੀ ਕੀਤੀ। ਲੋਕਤੰਤਰ ਦਾ ਇਹ ਵਿਸ਼ੇਸ਼ ਨਮੂਨਾ ਅੱਜ-ਕੱਲ੍ਹ ਦੇਸ਼ ਦੇ ਹਿੱਸੇ ਆ ਰਿਹਾ ਹੈ।



ਗੁਰਮੀਤ ਸਿੰਘ ਪਲਾਹੀ
ਫੋਨ: 9815802070

ਲੋਕ ਸਭਾ ਵਿਚ ਵਿਰੋਧੀ ਸੰਸਦ ਮੈਂਬਰਾਂ ਨੇ ਭਾਰਤ-ਅਮਰੀਕਾ ਵਪਾਰਕ ਢਾਂਚੇ 'ਤੇ ਚਰਚਾ ਦੀ ਮੰਗ ਕੀਤੀ। ਰਾਜ ਸਭਾ ਵਿਚ ਵਿਰੋਧੀ ਧਿਰ ਦੇ ਆਗੂ ਮੱਲਿਕਾਰਜੁਨ ਖੜਗੇ ਨੂੰ ਵੀ ਬੋਲਣ ਦੀ ਆਗਿਆ ਨਹੀਂ ਦਿੱਤੀ ਗਈ। ਲੋਕ ਸਭਾ ਅਤੇ ਰਾਜ ਸਭਾ ਵਿਚ ਸੱਤਾ ਤੇ ਵਿਰੋਧੀ ਧਿਰ ਆਪਸ ਵਿਚ ਬੁਰੀ ਤਰ੍ਹਾਂ ਉਲਝੀ ਰਹੀ। ਲੋਕ ਸਭਾ ਵਿਚ ਕਾਂਗਰਸ ਦੀਆਂ ਮਹਿਲਾ ਮੈਂਬਰਾਂ ਨੇ ਸਪੀਕਰ ਬਿਰਲਾ 'ਤੇ ਦੋਸ਼ ਲਗਾਇਆ ਕਿ ਉਹ ਪ੍ਰਧਾਨ ਮੰਤਰੀ ਦੇ ਸਦਨ ਵਿਚੋਂ ਗ਼ਾਇਬ ਰਹਿਣ ਨੂੰ ਦਰੁਸਤ ਠਹਿਰਾਅ ਰਹੇ ਹਨ, ਜੋ ਸੰਵਿਧਾਨਕ ਕਦਰਾਂ-ਕੀਮਤਾਂ ਦੇ ਉਲਟ ਹੈ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਸਦਨ ਵਿਚੋਂ ਮੈਂਬਰਾਂ ਵੱਲੋਂ ਕਿਸੇ ਖ਼ਤਰੇ ਕਰਕੇ ਗ਼ੈਰਹਾਜ਼ਰ ਨਹੀਂ ਹੋਏ, ਸਗੋਂ ਡਰ ਕਰਕੇ ਗ਼ੈਰਹਾਜ਼ਰ ਹੋਏ ਹਨ। ਕੀ ਇਹ ਰਾਜਾਸ਼ਾਹੀ ਦਾ ਸੰਕੇਤ ਤਾਂ ਨਹੀਂ?

ਅਮਰੀਕੀ ਯੌਨ ਸ਼ੋਸ਼ਣ ਅਪਰਾਧੀ ਜੈਫ਼ਰੀ ਐਪਸਟੀਨ ਨਾ਼ਲ ਜੁੜੀਆਂ ਫਾਈਲਾਂ 'ਚ ਕੇਂਦਰੀ ਪੈਟਰੋਲੀਅਮ ਮੰਤਰੀ ਹਰਦੀਪ ਪੁਰੀ ਦਾ ਨਾਮ ਸਾਹਮਣੇ ਆਉਣ ਕਾਰਨ ਵੱਡਾ ਹੰਗਾਮਾ ਅਤੇ ਨਾਅਰੇਬਾਜ਼ੀ ਵੇਖਣ ਨੂੰ ਮਿਲੀ। ਕੇਂਦਰ ਸਰਕਾਰ ਵੱਲੋਂ ਰਾਸ਼ਟਰੀ ਗੀਤ 'ਵੰਦੇ ਮਾਤਰਮ' ਦੇ ਛੇ ਬੰਦ ਅਤੇ ਉਸ ਦੇ ਆਦਰ ਲਈ ਤਿੰਨ ਮਿੰਟ ਕੁਝ ਸਕਿੰਟ ਖੜ੍ਹੇ ਰਹਿਣ, ਉਸਦੇ ਬਾਅਦ ਰਾਸ਼ਟਰ ਗਾਣ ਨੂੰ ਜ਼ਰੂਰੀ ਕਰਾਰ ਦਿੱਤੇ ਜਾਣ ਸੰਬੰਧੀ ਸਦਨ ਵਿਚ ਵੱਡੀ ਬਹਿਸ ਛਿੜੀ। ਇੱਕ ਪੱਖ ਦਾ ਕਹਿਣਾ ਸੀ ਕਿ ਅਸੀਂ ਤਾਂ ਅੱਲਾਹ ਨੂੰ ਮੰਨਦੇ ਹਾਂ, ਕਿਸੇ ਹੋਰ ਨੂੰ ਨਹੀਂ। ਇੱਕ ਨੇ ਕਿਹਾ ਕਿ ਮੁਸਲਿਮ ਲੀਗ ਨੇ ਇਸ 'ਤੇ ਇਤਰਾਜ਼ ਕੀਤਾ ਸੀ ਤੇ ਇਤਰਾਜ਼ ਮੰਨਿਆ ਗਿਆ ਸੀ। ਇੱਕ ਹੋਰ ਨੇ ਕਿਹਾ ਕਿ ਇਹ ਸੰਪਰਦਾਇਕਤਾ ਫੈਲਾਉਣ ਦੀ ਕੋਸ਼ਿਸ਼ ਹੈ, ਜਦਕਿ ਦੂਜੇ ਨੇ ਕਿਹਾ ਕਿ ਇਹ ਦੇਸ਼ ਭਗਤੀ ਦਾ ਗੀਤ ਹੈ।

ਲੋਕਤੰਤਰ ਦੇ ਅਖਾੜੇ ਸੰਸਦ 'ਚ ਬਜਟ ਉੱਤੇ ਬਹਿਸ ਦਰਕਾਰ ਸੀ। ਸੰਸਦ ਵਿਚ ਮਹਿੰਗਾਈ, ਬੇਰੁਜ਼ਗਾਰੀ, ਬਣਾਉਟੀ ਬੁੱਧੀਮਤਾ (ਏ.ਆਈ.) ਕਾਰਨ ਆ ਰਹੀਆਂ ਚੁਣੌਤੀਆਂ, ਅਮਰੀਕਾ-ਭਾਰਤ ਸਮਝੌਤੇ ਬਾਰੇ ਵਿਸ਼ੇਸ਼ ਚਰਚਾ ਲੋੜੀਂਦੀ ਸੀ। ਚਰਚਾ ਤਾਂ ਦਿੱਲੀ ਦੇ ਪ੍ਰਦਰਸ਼ਨ ਉੱਤੇ, ਮਨੀਪੁਰ ਦੇ ਬਲਾਤਕਾਰਾਂ ਅਤੇ ਕਈ ਥਾਵਾਂ 'ਤੇ ਗੰਦੇ ਪਾਣੀ ਪੀਣ ਕਾਰਨ ਹੋਈਆਂ ਮੌਤਾਂ ਬਾਰੇ ਵੀ ਲੋੜੀਂਦੀ ਸੀ, ਪਰ ਇਨ੍ਹਾਂ ਚਰਚਾਵਾਂ ਲਈ ਸਦਨ ਦੇ ਮਾਣਯੋਗ ਮੈਂਬਰ ਸਮਾਂ ਹੀ ਨਹੀਂ ਕੱਢ ਸਕੇ। ਸਮਾਂ ਨਹੀਂ ਕੱਢ ਸਕੇ, ਦੇਸ਼ ਦੇ ਕਾਨੂੰਨਦਾਨ, ਇਸ ਗੱਲ ਲਈ ਚਰਚਾ ਕਰਨ ਵਾਸਤੇ ਕਿ ਪਿਛਲੇ 10 ਸਾਲਾਂ ਵਿਚ ਜੱਜਾਂ ਦੇ ਖ਼ਿਲਾਫ ਭ੍ਰਿਸ਼ਟਾਚਾਰ, ਯੌਨ ਦੁਰਾਚਾਰ ਅਤੇ ਹੋਰ ਗੰਭੀਰ 8639 ਸ਼ਿਕਾਇਤਾਂ ਕਿਉਂ ਆ ਗਈਆਂ? ਕੀ ਕਾਰਨ ਹਨ ਇਸਦੇ? ਖ਼ਾਸ ਤੌਰ 'ਤੇ 2024 ਵਿਚ ਹੀ 1170 ਸ਼ਿਕਾਇਤਾਂ ਕਿਉਂ ਦਰਜ ਹੋਈਆਂ? ਕਿਵੇਂ ਨੌਜਵਾਨਾਂ ਵਿਚ ਬੇਰੁਜ਼ਗਾਰੀ 'ਤੇ ਨਿਰਾਸ਼ਾ ਵਧ ਰਹੀ ਹੈ?

ਕਿਉਂ ਨਹੀਂ ਦੇਸ਼ ਦੀ ਸੰਸਦ ਇਸ ਗੱਲ 'ਤੇ ਵਿਚਾਰ ਕਰ ਸਕੀ ਕਿ 28 ਰਾਜਾਂ ਦੇ ਕਿਸਾਨਾਂ ਉੱਤੇ ਔਸਤ ਕਰਜ਼ਾ ਰਕਮ ਵੱਧ ਰਹੀ ਹੈ? ਰਾਸ਼ਟਰੀ ਸੰਖਿਆ ਦਫ਼ਤਰ ਵੱਲੋਂ ਜਾਰੀ ਅੰਕੜਿਆਂ ਅਨੁਸਾਰ ਖੇਤੀ-ਪ੍ਰਧਾਨ ਸੂਬਿਆਂ ਆਂਧਰਾ ਪ੍ਰਦੇਸ਼, ਕੇਰਲ, ਪੰਜਾਬ, ਹਰਿਆਣਾ, ਤੇਲੰਗਾਨਾ ਦੇ ਕਿਸਾਨਾਂ ਉੱਤੇ ਪ੍ਰਤੀ ਸਾਲ ਪ੍ਰਤੀ ਕਿਸਾਨ ਕਰਜ਼ਾ



ਵੱਧ ਰਿਹਾ ਹੈ। ਆਂਧਰਾ ਪ੍ਰਦੇਸ਼ ਵਿਚ ਪ੍ਰਤੀ ਕਿਸਾਨ ਪ੍ਰਤੀ ਪਰਿਵਾਰ ਔਸਤ ਕਰਜ਼ਾ 2,45,554 ਰੁਪਏ, ਕੇਰਲ ਵਿਚ 2,42,482 ਰੁਪਏ, ਪੰਜਾਬ ਵਿਚ 2,03,249 ਰੁਪਏ, ਜਦਕਿ ਹਰਿਆਣਾ ਵਿਚ ਇਹ ਕਰਜ਼ਾ 1,82,922 ਰੁਪਏ ਹੈ।

ਇਹ ਜਾਣਦਿਆਂ ਵੀ ਕਿ ਕਿਸਾਨ ਦੀ ਆਮਦਨ ਘੱਟ ਰਹੀ ਹੈ, ਉਸ ਨੂੰ ਆਧੁਨਿਕ ਮਸ਼ੀਨਰੀ ਅਤੇ ਟਰੈਕਟਰ ਆਦਿ ਖਰੀਦਣ ਲਈ ਕਰਜ਼ਾ ਲੈਣਾ ਪੈ ਰਿਹਾ ਹੈ। ਉਸ ਲਈ ਸਰਕਾਰ ਵੱਲੋਂ ਉਸ ਅਹਿਮ ਖੇਤਰ ਲਈ ਸਬਸਿਡੀਆਂ ਮੁਹੱਈਆ ਕਰਨ ਦੀ ਲੋੜ ਹੈ, ਤਾਂ ਕਿ ਦੇਸ਼ ਦਾ ਅੰਨ ਭੰਡਾਰ ਸੁਰੱਖਿਅਤ ਰਹੇ। ਚਰਚਾ ਤਾਂ ਇਸ ਗੱਲ 'ਤੇ ਵੀ ਕਰਨੀ ਬਣਦੀ ਸੀ ਕਿ ਦੇਸ਼ ਕਣਕ-ਚਾਵਲ ਦੀ ਸੀਮਿਤ ਫ਼ਸਲ ਪ੍ਰਣਾਲੀ 'ਤੇ ਨਿਰਭਰ ਕਿਉਂ ਹੈ? ਦੇਸ਼ ਵਿਚ ਜ਼ਮੀਨ ਹੇਠਲਾ ਪਾਣੀ ਘੱਟ ਰਿਹਾ ਹੈ, ਤਾਂ ਕਿਉਂ ਘੱਟ ਰਿਹਾ ਹੈ? ਪਰ ਦੇਸ਼ ਦੇ ਨੇਤਾ ਤਾਂ ਸਿਰਫ਼ ਕੁਰਸੀ-ਯੁੱਧ ਵਿਚ ਗਲਤਾਨ ਰਹੇ। ਬਿਨਾਂ ਸ਼ੱਕ ਦੇਸ਼ ਦੀਆਂ ਸੀਮਾਵਾਂ ਨੂੰ ਸੁਰੱਖਿਆ ਚਾਹੀਦੀ ਹੈ। ਸੜਕਾਂ ਦੇ ਜਾਲ ਵਿਛਾਏ ਜਾਣੇ ਚਾਹੀਦੇ ਹਨ। ਦੇਸ਼ ਦੇ ਬੁਨਿਆਦੀ ਢਾਂਚੇ ਦਾ ਆਧੁਨਿਕੀਕਰਨ ਜ਼ਰੂਰੀ ਹੈ। ਡਿਜ਼ੀਟਲ ਇੰਡੀਆ ਵੀ ਲੋੜੀਂਦਾ ਹੈ। ਪਰ ਬਹਿਸ ਤਾਂ ਇਸ ਗੱਲ 'ਤੇ ਹੋਣੀ ਚਾਹੀਦੀ ਹੈ ਕਿ ਸਰਕਾਰ ਨਿੱਜੀਕਰਨ ਦੇ ਰਾਹ ਪੈ ਕੇ ਦੇਸ਼ ਦਾ ਸਰਮਾਇਆ ਕੁਝ ਧੁਰੰਤਰਾਂ ਨੂੰ ਕਿਉਂ ਲੁਟਾ ਰਹੀ ਹੈ? ਦੇਸ਼ ਦੇ ਹਿੱਤ ਵੱਡੇ ਸਰਮਾਏਦਾਰਾਂ, ਕਾਰਪੋਰੇਟਾਂ ਦੇ ਹੱਥ ਕਿਉਂ ਫੜਾ ਰਹੀ ਹੈ?

ਕਿਉਂ ਚਰਚਾ ਨਹੀਂ ਹੋਈ ਕਿ ਸਰਕਾਰ ਕਿਉਂ ਦਬਾਅ ਵਿਚ ਆ ਕੇ ਅਮਰੀਕਾ ਵਰਗੇ ਦੇਸ਼ ਨਾ਼ਲ ਟੈਰਿਫ਼ ਸਮਝੌਤਾ ਕਰ ਰਹੀ ਹੈ? ਅਮਰੀਕਾ 18 ਫ਼ੀਸਦੀ ਟੈਰਿਫ਼ ਲਏਗਾ ਅਤੇ ਭਾਰਤ 0 ਫ਼ੀਸਦੀ ਟੈਰਿਫ਼ ਲਵੇਗਾ-ਸਮਾਨਤਾ ਕਿੱਥੇ ਹੈ?

ਅਮਰੀਕੀ ਸਮਝੌਤੇ ਵਿਚ ਪਹੇਲੀ ਇਹ ਹੈ ਕਿ ਭਾਰਤ ਅਗਲੇ ਪੰਜ ਸਾਲਾਂ ਵਿਚ ਅਮਰੀਕਾ ਤੋਂ 500 ਅਰਬ ਡਾਲਰ ਦਾ ਕੀ ਖਰੀਦੇਗਾ? ਕੀ ਭਾਰਤ ਕੋਲ ਅਮਰੀਕਾ ਤੋਂ ਮਹਿੰਗੇ ਜਹਾਜ਼, ਸੈਨਿਕ ਸਮਾਨ ਅਤੇ ਉੱਚੀ ਕੀਮਤ 'ਤੇ ਤੇਲ ਖਰੀਦਣ ਤੋਂ ਬਿਨਾਂ ਹੋਰ ਕੋਈ ਬਦਲ ਹੈ? ਅਮਰੀਕਾ ਕੋਲ ਇਹੋ-ਜਿਹੀਆਂ ਹੋਰ ਕੋਈ ਚੀਜ਼ਾਂ ਨਹੀਂ, ਜੋ ਭਾਰਤ ਦੀ ਅਰਥਵਿਵਸਥਾ ਨੂੰ ਮਜ਼ਬੂਤ ਕਰ ਸਕਣ।

ਦੇਸ਼ ਦੀ ਸੰਸਦ ਦੇ ਸਿਆਣੇ ਇਸ ਗੱਲ 'ਤੇ ਚਰਚਾ ਤੋਂ ਕਿਉਂ ਕੰਨੀ ਕਤਰਾ ਰਹੇ ਹਨ ਕਿ ਵੋਟਾਂ ਤੋਂ ਪਹਿਲਾਂ ਨਕਦੀ ਟਰਾਂਸਫ਼ਰ ਕਰਕੇ ਸੂਬਿਆਂ 'ਚ ਹਾਕਮ ਧਿਰਾਂ ਵੋਟਾਂ ਪੱਕੀਆਂ ਕਰ ਰਹੀਆਂ ਹਨ। ਮੱਧਪ੍ਰਦੇਸ਼ ਵਿਚ ਲਾਡਲੀ ਬਹਿਨਾ, ਮਹਾਰਾਸ਼ਟਰ ਵਿਚ ਲਾਡਲੀ ਬਹਿਨ, ਕਰਨਾਟਕ ਵਿਚ ਗ੍ਰਹਿ ਲਕਸ਼ਮੀ, ਤਮਿਲਨਾਡੂ ਵਿਚ ਉਮਰਈ ਥੋਗਈ, ਹਰਿਆਣਾ ਵਿਚ ਲਾਡੋ, ਓਡੀਸ਼ਾ ਵਿਚ ਸੁਭੱਦਰਾ, ਝਾਰਖੰਡ ਵਿਚ ਮਈਆ ਸਨਮਾਨ, ਛੱਤੀਸਗੜ੍ਹ ਵਿਚ ਮਹਤਾਰੀ ਬੰਦਨ, ਬੰਗਾਲ ਵਿਚ ਲਕਸ਼ਮੀ ਭੰਡਾਰ, ਤੇਲੰਗਾਨਾ ਵਿਚ ਮਹਾ ਲਕਸ਼ਮੀ, ਅਸਾਮ ਵਿਚ ਔਰਨੋਦੋਈ, ਹਿਮਾਚਲ ਵਿਚ ਇੰਦਰਾ ਸਨਮਾਨ ਯੋਜਨਾਵਾਂ ਵਿਚ 1500 ਤੋਂ 2500 ਰੁਪਏ ਤੱਕ ਮਹੀਨਾਵਾਰ ਰਕਮ ਔਰਤਾਂ ਲਈ ਦੇ ਕੇ ਖਜ਼ਾਨੇ ਉੱਤੇ ਗੰਭੀਰ ਬੋਝ ਕਿਉਂ ਪਾਇਆ ਜਾ ਰਿਹਾ ਹੈ? ਕਿਉਂ ਨਹੀਂ ਇਸ ਮੁੱਦੇ ਉੱਤੇ ਚਰਚਾ ਹੁੰਦੀ ਕਿ 12 ਰਾਜਾਂ ਦੀਆਂ 12.8 ਕਰੋੜ ਔਰਤਾਂ ਨੂੰ ਹਰ ਸਾਲ 1.9 ਲੱਖ ਕਰੋੜ ਰੁਪਏ ਚੋਣਾਂ ਤੋਂ ਪਹਿਲਾਂ ਹੀ ਕਿਉਂ ਦਿੱਤੇ ਜਾਂਦੇ ਹਨ? ਔਰਤਾਂ ਦੀਆਂ ਵੋਟਾਂ ਖਰੀਦਣ ਲਈ ਲਾਲਚ ਦੇਣ ਦਾ ਰੁਝਾਨ ਕਿਉਂ ਵੱਧ ਰਿਹਾ ਹੈ?

ਮਸਲੇ ਤਾਂ ਦੇਸ਼ ਨੂੰ ਦਰਪੇਸ਼ ਹੋਰ ਵੀ ਬਥੇਰੇ ਹਨ, ਪਰ ਦੇਸ਼ ਦੇ ਨੇਤਾ ਸੰਜੀਦਗੀ ਨਾ਼ਲ ਵਿਚਾਰ ਕਰਨ ਦੇ ਰਾਹ ਨਹੀਂ ਪੈ ਰਹੇ। ਵੋਟਾਂ ਖਰੀਦੀਆਂ ਜਾਂਦੀਆਂ ਹਨ। ਆਗੂ ਕਾਨੂੰਨ-ਘੜਨੀ ਸਭਾ ਦੇ ਮੈਂਬਰ ਬਣਦੇ ਹਨ, ਉਹ ਲੋਕ ਵੀ ਇਨ੍ਹਾਂ ਸਦਨਾਂ ਦੇ ਮੈਂਬਰ ਬਣ ਜਾਂਦੇ ਹਨ, ਜਿਨ੍ਹਾਂ ਉੱਤੇ ਅਪਰਾਧਿਕ ਕੇਸ ਦਰਜ ਹਨ। ਫਿਰ ਸਦਨਾਂ ਵਿਚ ਜਾ ਕੇ ਦੇਸ਼-ਹਿੱਤ, ਲੋਕ-ਹਿੱਤ ਦੀ ਗੱਲ ਕਰਨੀ ਸ਼ਾਇਦ ਇਨ੍ਹਾਂ ਨੂੰ ਸੁਖਾਵੀਂ ਤੇ ਸਾਰਥਕ ਹੀ ਨਹੀਂ ਜਾਪਦੀ।

ਸੰਸਦ ਵਿਚ ਜਦੋਂ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੇ ਮੰਗ ਕੀਤੀ ਕਿ ਸਾਬਕਾ ਸੈਨਾ ਜਨਰਲ ਮਨੋਜ ਮੁਕੰਦ ਨਰਵਾਣੇ ਦੀ ਪੁਸਤਕ ਵਿਚ ਜ਼ਿਕਰ ਕੀਤੀਆਂ ਕੁਝ ਘਟਨਾਵਾਂ ਅਤੇ ਫ਼ੈਸਲਿਆਂ ਸੰਬੰਧੀ ਪ੍ਰਧਾਨ ਮੰਤਰੀ ਅਤੇ ਰੱਖਿਆ ਮੰਤਰੀ ਦੀ ਭੂਮਿਕਾ 'ਤੇ ਸਪਸ਼ਟੀਕਰਨ ਹੋਣਾ ਚਾਹੀਦਾ ਹੈ ਤਾਂ ਸੰਸਦ ਵਿਚ ਇੱਕ ਯੁੱਧ ਛਿੜ ਗਿਆ। ਇਸ ਚਰਚਾ ਨੂੰ ਨਿਯਮਾਂ ਵਿਰੁੱਧ ਦੱਸਿਆ ਗਿਆ। ਵਿਸ਼ੇਸ਼ ਅਧਿਕਾਰ ਹਨਨ ਦਾ ਮਤਾ ਪੇਸ਼ ਕਰਨ ਦੀਆਂ ਤਰਕੀਬਾਂ ਸੋਚੀਆਂ ਗਈਆਂ। ਸਪੀਕਰ ਵਿਰੁੱਧ ਅਵਿਸ਼ਵਾਸ ਦਾ ਮਤਾ ਪੇਸ਼ ਹੋਇਆ। ਹਾਏ-ਹਾਏ ਦੇ ਨਾਅਰੇ ਲੱਗੇ।

ਪਰ ਸਦਨ ਦਾ ਇਹ ਸੈਸ਼ਨ ਸੁਸਤ ਬਜਟ ਬਾਰੇ ਚੁੱਪ ਰਿਹਾ। ਕੋਈ ਬਹਿਸ ਨਹੀਂ ਕਰ ਸਕਿਆ। ਵੈਸੇ ਇਸ ਸਦਨ ਵਿਚ ਬਹਿਸ ਦੀ ਗੁੰਜਾਇਸ਼ ਹੀ ਕਿੱਥੇ ਹੈ? ਵਿਰੋਧੀ ਬੋਲਣ ਲੱਗਦੇ ਹਨ ਤਾਂ ਸੱਤਾਧਾਰੀ ਰੌਲਾ ਪਾਉਂਦੇ ਹਨ। ਅਵਾਜ਼ ਦਬਾ ਦਿੱਤੀ ਜਾਂਦੀ ਹੈ। ਮਸਲੇ ਸਦਨ ਦੇ ਮੈਂਬਰਾਂ ਦੇ ਝੋਲਿਆਂ ਤੋਂ ਬਾਹਰ ਹੀ ਨਹੀਂ ਨਿਕਲਣ ਦਿੱਤੇ ਜਾਂਦੇ।

ਹਾਂ, ਇੱਕ ਕੰਮ ਜ਼ਰੂਰ ਕਰ ਦਿੱਤਾ ਜਾਂਦਾ ਹੈ ਬਹੁਗਿਣਤੀ ਸਰਕਾਰ ਵੱਲੋਂ ਕਿ ਕਿਸਾਨਾਂ-ਮਜ਼ਦੂਰਾਂ ਵਿਰੋਧੀ ਕਾਨੂੰਨ ਇੱਕੋ ਝਟਕੇ ਵਿਚ ਪਾਸ ਕਰ ਦਿੱਤੇ ਜਾਂਦੇ ਹਨ। ਮਗਨਰੇਗਾ ਅਤੇ ਮਜ਼ਦੂਰਾਂ ਵਿਰੋਧੀ ਕਾਨੂੰਨਾਂ ਉੱਤੇ ਚਰਚਾ ਦੀ ਜ਼ਰੂਰਤ ਹੀ ਨਹੀਂ ਸਮਝੀ ਗਈ। ਭਾਰਤ ਦੀ ਸੰਸਦ ਲੋਕਤੰਤਰ ਦਾ ਘਰ ਹੈ। ਇਹ ਸਦਨ ਲੋਕਾਂ ਦੀ ਅਵਾਜ਼ ਸੁਣਨ-ਬਣਨ ਲਈ ਬਣਾਏ ਗਏ ਸਨ, ਪਰ ਅੱਜ ਇਹ ਲੋਕਾਂ ਦੀ ਅਵਾਜ਼ ਬੰਦ ਕਰਨ ਲਈ ਵਰਤੇ ਜਾ ਰਹੇ ਹਨ। ਕਾਰਨ ਸਿੱਧਾ ਤੇ ਸਪਸ਼ਟ ਹੈ ਕਿ ਇਸ ਸਦਨ ਵਿਚ ਲੋਕ-ਹਿੱਤਾਂ ਨੂੰ ਪਿਆਰ ਕਰਨ ਵਾਲੇ ਲੋਕਾਂ ਦੀ ਘਾਟ ਮਹਿਸੂਸ ਹੋਣ ਲੱਗੀ ਹੈ। ਸੰਸਦ ਵਿਚ ਆਪੋ-ਆਪਣੇ ਮਸਲੇ ਪੇਸ਼ ਕਰਨ ਦੀ ਗੱਲ ਗ਼ੈਰਹਾਜ਼ਰ ਹੈ। ਕੇਂਦਰੀਕਰਨ ਦੀ ਰਾਜਨੀਤੀ ਹਾਵੀ ਹੋਣ ਕਾਰਨ ਲੋਕਾਂ ਦੀ ਅਵਾਜ਼ ਜਿਵੇਂ ਪਾਰਟੀ ਪੱਧਰ 'ਤੇ ਦਬਾਈ ਜਾ ਰਹੀ ਹੈ, ਉਵੇਂ ਹੀ ਇਨ੍ਹਾਂ ਸਦਨਾਂ 'ਚ ਦੱਬੀ ਜਾ ਰਹੀ ਹੈ। ਸਿੱਟਾ ਆਪਸੀ ਗੁੱਟਬਾਜ਼ੀ ਤੇ ਲੜਾਈ ਵਿਚ ਨਿਕਲ ਰਿਹਾ ਹੈ।

ਦੇਸ਼ ਭੁੱਖਮਰੀ ਦਾ ਸ਼ਿਕਾਰ ਹੈ-ਕੀ ਸਦਨ ਚਿੰਤਤ ਹੈ? ਦੇਸ਼ ਬੇਰੁਜ਼ਗਾਰੀ ਦਾ ਮਾਰਿਆ ਪਿਆ ਹੈ-ਕੀ ਸਦਨ ਮੈਂਬਰਾਂ ਨੂੰ ਫ਼ਿਕਰ ਹੈ? ਦੇਸ਼ ਵਿਚ ਕਾਲੇ ਕਾਨੂੰਨ ਬਣ ਰਹੇ ਹਨ, ਕਿਸਾਨ-ਮਜ਼ਦੂਰ ਵਿਰੋਧੀ-ਕੀ ਵਿਰੋਧੀ-ਸੱਤਾਧਾਰੀ ਮੈਂਬਰਾਂ ਨੂੰ ਇਸ ਸੰਬੰਧੀ ਜਾਣਕਾਰੀ ਹੈ? ਦੇਸ਼ ਅੱਜ ਧਰਮ ਦੇ ਨਾਮ 'ਤੇ ਵੰਡਿਆ ਜਾ ਰਿਹਾ ਹੈ। ਫ਼ਿਰਕਾਪ੍ਰਸਤੀ ਵੱਧ ਰਹੀ ਹੈ। ਕੀ ਦੇਸ਼ ਦੀ ਸੰਸਦ ਵਿਚ ਇਸ ਸੰਬੰਧੀ ਕਿਸੇ ਚਰਚਾ ਕੀਤੀ ਹੈ? ਬੁਲਡੋਜ਼ਰ ਦੀ ਨੀਤੀ ਭਾਰੂ ਹੋ ਰਹੀ ਹੈ। ਨੇਤਾ-ਸ਼ਾਸਕ ਆਪੇ ਜੱਜ ਬਣ ਰਹੇ ਹਨ। ਕੀ ਸਦਨ ਦੇ ਮੈਂਬਰ ਇਸ ਸੰਬੰਧੀ ਸੁਚੇਤ ਹਨ? ਕੀ ਦੇਸ਼ ਦੇ ਕੁਦਰਤੀ ਸਾਧਨ ਕਾਰਪੋਰੇਟਾਂ ਹੱਥ ਗਿਰਵੀ ਕੀਤੇ ਜਾ ਰਹੇ ਹਨ-ਇਸ ਸੰਬੰਧੀ ਕਦੇ ਸੰਸਦ ਵਿਚ ਕੁਝ ਤੱਥ 'ਤੇ ਵਿਚਾਰ ਕਿਸੇ ਮੈਂਬਰ ਨੇ ਰੱਖੇ ਹਨ?

ਲੋਕਤੰਤਰ ਦਾ ਦਰਵਾਜ਼ਾ ਭਾਰਤੀ ਸਦਨ ਰੂਹ ਦੇ ਪੱਖੋਂ ਖਾਮੋਸ਼ ਹੈ, ਇਹ ਬੜਬੋਲੀ ਤੇ ਹਮਲਾਵਰ ਹੋਈ ਜ਼ਰੂਰ ਦਿਖਦੀ ਹੈ। 'ਵਿਸ਼ੇਸ਼ ਅਧਿਕਾਰ ਹਨਨ' ਲਿਆਉਣ ਦੇ ਮਾਮਲੇ 'ਤੇ ਦੇਸ਼ ਦਾ ਵਿਰੋਧੀ ਧਿਰ ਨੇਤਾ ਇਹ ਤਾਂ ਕਹਿੰਦਾ ਹੈ, 'ਮੈਨੂੰ ਪਾਰਲੀਮੈਂਟ ਵਿਚੋਂ ਕੱਢ ਦਿਓ, ਮੈਂ ਡਰਨ ਵਾਲਾ ਨਹੀਂ ਹਾਂ। ਮੈਂ ਸੱਚ ਦੇ ਨਾ਼ਲ ਖੜਾ ਹਾਂ। ਮੈਂ ਕਿਸਾਨ ਦੇ ਨਾ਼ਲ ਖੜਾ ਹਾਂ। ਮੈਂ ਮਜ਼ਦੂਰ ਦੇ ਨਾ਼ਲ ਖੜਾ ਹਾਂ।' ਪਰ ਕੀ ਇਹ ਸ਼ਹੀਦ ਦਾ ਦਰਜਾ ਪ੍ਰਾਪਤ ਕਰਨ ਦਾ ਯਤਨ ਤਾਂ ਨਹੀਂ?

ਸੰਸਦ ਦੇ ਸਮਾਗਮਾਂ 'ਤੇ ਕਰੋੜਾਂ ਰੁਪਏ ਪ੍ਰਤੀ ਦਿਨ ਦਾ ਖ਼ਰਚ ਹੈ। ਪਾਰਲੀਮੈਂਟ ਸਦਨ ਲੋਕਾਂ ਦੇ ਦਿੱਤੇ ਟੈਕਸ ਦੇ ਪੈਸਿਆਂ ਦੀ ਦੁਰਵਰਤੋਂ ਦਾ ਸਥਾਨ ਬਣ ਚੁੱਕੇ ਹਨ, ਜਿਹੜੇ ਆਮ ਲੋਕਾਂ ਨੂੰ ਕੋਈ ਰਾਹਤ ਜਾਂ ਚੈਨ ਨਹੀਂ ਦੇ ਰਹੇ। ਲੋਕਤੰਤਰ ਦਾ ਪਵਿੱਤਰ ਥਾਂ ਬਣਨ ਦੀ ਥਾਂ ਦੰਗਲ ਦਾ ਅਖਾੜਾ ਬਣ ਰਹੇ ਹਨ। ਇਹ ਸੱਚਮੁੱਚ ਦੇਸ਼ ਵਾਸੀਆਂ ਲਈ ਚਿੰਤਾ ਦਾ ਵਿਸ਼ਾ ਹੈ।

# ‘ਨਵਾਂ ਕਮਿਊਨਿਜ਼ਮ’ ਦਾ ਜਨਮ

***ਸੀ ਕਲਾਰਕ ਕਸਿੰਗਰ, 1960ਵਿਆਂ ਦੇ ਮੁੱਢ ਤੋਂ ਹੀ ਇਕ ਵਧੀਆ ਪ੍ਰਬੰਧਕ, ਕਾਰਕੁਨ, ਲੇਖਕ ਅਤੇ ਬੁਲਾਰੇ ਦੇ ਤੌਰ ‘ਤੇ ਜਾਣਿਆ ਜਾਂਦਾ ਹੈ। ਸੱਠਵਿਆਂ ਦੇ ਮੁੱਢ ‘ਚ ਉਹ ‘ਸਟੂਡੈਂਟਸ ਫਾਰ ਡੈਮੋਕਰੇਸੀ’ (ਧੰ) ਦਾ ਕੌਮੀ ਸਕੱਤਰ ਸੀ ਅਤੇ ਵੀਅਤਨਾਮ ਦੀ ਜੰਗ ਦੇ ਖ਼ਾਤਮੇ ਲਈ ਅਮਰੀਕਾ ਦੀ ਰਾਜਧਾਨੀ ਵਾਸ਼ਿੰਗਟਨ ‘ਚ ਉਸਨੇ ਪਹਿਲਾ ਮਾਰਚ ਜੱਥੇਬੰਦ ਕੀਤਾ ਸੀ। ਉਹ ਇਕ ਕਮਿਊਨਿਸਟ ਇਨਕਲਾਬੀ ਹੈ ਅਤੇ ਇਨਕਲਾਬੀ ਲੀਡਰ ਬਾਬ ਅਵੇਕੀਅਨ ਦੁਆਰਾ ਵਿਕਸਤ ‘ਨਿਊ ਕਮਿਊਨਿਜ਼ਮ’ ਦਾ ਸਮਰਥਕ ਹੈ। ਅੰਤਰਰਾਸ਼ਟਰੀ ਕਮਿਊਨਿਸਟ ਇਨਕਲਾਬੀ ਲਹਿਰ ਬਾਰੇ ਉਸ ਨੇ ਇੱਕ ਲੰਬਾ ਲੇਖ ਲਿਖਿਆ ਹੈ, ਜਿਸ ਦੇ ਤਿੰਨ ਭਾਗ ਹਨ। ਉਨ੍ਹਾਂ ’ਚੋਂ ਬਾਬ ਅਵੇਕੀਅਨ ਦੇ ‘ਨਿਊ ਕਮਿਊਨਿਜ਼ਮ’ ਨਾਲ ਸੰਬੰਧਿਤ ਭਾਗ ਦਾ ਅਨੁਵਾਦ ਕਰਕੇ ਮੈਂ ਖੁਸ਼ੀ ਲੈ ਰਿਹਾ ਹਾਂ। –ਪਰਮਜੀਤ ਰੋਡੇ***

ਬਹੁਤ ਹੀ ਮਹੱਤਵਪੂਰਨ ਚੀਜ਼ ਜੋ ਸੱਠਵਿਆਂ ਤੋਂ ਚੱਲੀ ਆ ਰਹੀ ਹੈ, ਉਹ ਹੈ ਬਾਬ ਅਵੇਕੀਅਨ ਦਾ ‘ਨਵਾਂ ਕਮਿਊਨਿਜ਼ਮ’ ਅਵੇਕੀਅਨ, ਮਨੁੱਖਤਾ ਦੀ ਮੁਕਤੀ ਲਈ ਫਰੇਮਵਰਕ ਦਾ ਘਾੜਾ ਹੈ ਅਤੇ ਬਿਨਾਂ ਸ਼ੱਕ ਸਾਡੇ ਸਮੇਂ ਦਾ ਕਾਰਲ ਮਾਰਕਸ ਹੈ। ਸੋਵੀਅਤ ਯੂਨੀਅਨ ਅਤੇ ਚੀਨ ‘ਚ ਸਮਾਜਵਾਦ ਦੀ ਹਾਰ ਨੇ ‘ਸੱਠਵਿਆਂ ਦੇ ਲੋਕਾਂ ਸਾਹਵੇਂ ਇੱਕ ਵੱਡਾ ਮੁੱਦਾ ਉਭਾਰਿਆ, ਪਰੰਤੂ ਬਾਬ ਅਵੇਕੀਅਨ ਨੇ ਸਰਮਾਏਦਾਰੀ ਦੇ ਪ੍ਰਚਾਰਕਾਂ ਦੇ ਜੇਤੂ ਦਾਅਵਿਆਂ ਨੂੰ ਮਨਜ਼ੂਰ ਕਰਨ ਤੋਂ ਇਨਕਾਰ ਕਰ ਦਿੱਤਾ। ਉਸਨੇ ਰੂਸ ਅਤੇ ਚੀਨ ਦੇ ਇਨਕਲਾਬਾਂ ਦੀਆਂ ਬੇਪਨਾਹ ਪ੍ਰਾਪਤੀਆਂ ਨੂੰ ਤਸਲੀਮ ਕਰਦਿਆਂ,

**ਲੇਖਕ: ਸੀ ਕਲਾਰਕ ਕਸਿੰਗਰ**
**ਅਨੁਵਾਦਕ: ਪਰਮਜੀਤ ਰੋਡੇ**
**ਫੋਨ: 737 274 2370**

ਇਸਦੀ ਪੜਤਾਲ ‘ਤੇ ਪੰਜਾਹ ਸਾਲ ਲਾਏ ਕਿ ਅਸਲ ‘ਚ ਵਾਪਰਿਆ ਕੀ? ਪਰੰਤੂ ਇਹ ਕਰਦਿਆਂ ਉਸਨੇ ਨਾ ਸਿਰਫ ਇਹ ਫਰੋਲਿਆ ਕਿ ਠੀਕ ਕੀ ਸੀ? ਪਰੰਤੂ ਇਹ ਵੀ ਕਿ ਗਲਤੀਆਂ (ਜਿਨ੍ਹਾਂ ’ਚੋਂ ਕੁਝ ਗੰਭੀਰ ਵੀ ਸਨ) ਕਿਉਂ ਹੋਈਆਂ? ਉਸਨੇ ਇਹ ਵੀ ਧਿਆਨ ‘ਚ ਲਿਆਂਦਾ ਕਿ ਇਨ੍ਹਾਂ ਇਨਕਲਾਬੀ ਸਮਾਜਾਂ ਦੇ ਲੀਡਰਾਂ ਨੇ, ਉਨ੍ਹਾਂ ਨੂੰ ਦਰਪੇਸ਼ ਆਜ਼ਾਦੀਆਂ ਤੇ ਜ਼ਰੂਰਤਾਂ ਦੇ ਮਸਲੇ ਦਾ ਕਿਹੜੇ ਢੰਗ ਅਤੇ ਪਹੁੰਚ ਨਾਲ ਸਾਹਮਣਾ ਕੀਤਾ ਅਤੇ ਇਹ ਵੀ ਕਿ ਅੱਜ ਅਸੀਂ ਇਸ ਤੋਂ ਵਧੀਆ ਤੇ ਵੱਖਰਾ ਕਿਵੇਂ ਕਰ ਸਕਦੇ ਹਾਂ?

ਮੈਂ ਕੋਸ਼ਿਸ਼ ਕਰਾਂਗਾ ਕਿ ਅਵੇਕੀਅਨ ਦੀ ਅੰਤਰ-ਦ੍ਰਿਸ਼ਟੀ ਅਤੇ ਉਸ ਵਲੋਂ ਕੱਢੇ ਕੁਝ ਮਹੱਤਵਪੂਰਨ ਸਿਟਿਆਂ ਨੂੰ ਠੀਕ-ਠੀਕ ਪੇਸ਼ ਕਰ ਸਕਾਂ, ਪਰ ਕਿਸੇ ਨੂੰ ਵੀ ਮੇਰੇ ਨਿਰੀਖਣ ਨੂੰ ‘ਅਧਿਕਾਰਤ’ ਹੋਣ ਵਜੋਂ ਨਹੀਂ ਲੈਣਾ ਚਾਹੀਦਾ ਕਿਉਂਕਿ ਇਹ ਨਿਰੀਖਣ ਅਵੇਕੀਅਨ ਦੀਆਂ ਲਿਖਤਾਂ ਨੂੰ ਖ਼ੁਦ ਪੜ੍ਹਨ ਦੀ ਥਾਂ ਨਹੀਂ ਲੈ ਸਕਦਾ।

ਅਵੇਕੀਅਨ ਨੇ ਜੋ ਖਾਸ ਗੱਲ ਕਹੀ ਉਹ ਹੈ ਵਿਗਿਆਨਕ ਹੋਣ ‘ਚ ਰਹੀ ਘਾਟ ਤੇ ਅਸਫਲਤਾ! ਵਿਗਿਆਨਕ ਤੋਂ ਭਾਵ ਕਿਸੇ ਦੇ ਵਿਚਾਰਾਂ ਦਾ ਇੱਛਾਵਾਦੀ ਹੋਣ ਦੀ ਥਾਂ ਹਕੀਕਤਾਂ ਨਾਲ ਮੇਲ ਖਾਂਦਾ ਤੋਂ ਹੈ! ਉਸ ਮੁਤਾਬਕ ਵੀਹਵੀਂ ਸਦੀ ਦਾ ਕਮਿਊਨਿਜ਼ਮ (ਪੁਰਾਣਾ ਕਮਿਊਨਿਜ਼ਮ) ਅਕਸਰ ਹੀ ਧਾਰਮਿਕ ਪਹੁੰਚ ‘ਚ ਫਸਿਆ ਰਿਹਾ ਅਤੇ ਉਸਨੇ ਵਿਸ਼ਵਾਸਾਂ ਨੂੰ ਹੀ ਹਕੀਕਤ ਦਾ ਬਦਲ ਮੰਨ ਲਿਆ! ਇਸਦੀ ਇੱਕ ਮਾਰੂ ਉਦਾਹਰਣ; ਉਨ੍ਹਾਂ ਦਾ ਇਹ ਅੰਤਮ-ਉਦੇਸ਼ੀ ਦਾਅਵਾ ਸੀ ਕਿ ਕਮਿਊਨਿਜ਼ਮ ਅਟੱਲ ਹੈ! ਜਦੋਂ ਕਿ ਕਮਿਊਨਿਜ਼ਮ ਅਟੱਲ ਨਹੀਂ, ਸੰਭਵ ਹੈ, ਕਿਉਂਕਿ ਇਸ ਸੰਭਾਵਨਾ ਦਾ ਪਦਾਰਥਕ ਅਧਾਰ ਮੌਜੂਦ ਹੈ, ਪਰ ਇਹ ਅਟੱਲ ਨਹੀਂ।


ਅਵੇਕੀਅਨ ਦੀਆਂ ਲਿਖਤਾਂ ‘ਚ ਜੀਹਨੇ ਮੈਨੂੰ ਸਭ ਤੋਂ ਵੱਧ ਪ੍ਰਭਾਵਿਤ ਕੀਤਾ, ਉਹ ਹੈ ਸੋਸ਼ਲਿਜ਼ਮ ਬਾਰੇ ਉਸਦਾ ਸੰਕਲਪ! ਅੱਜ-ਕਲ੍ਹ ਬਹੁਤੇ ਲੋਕ ਸੋਚਦੇ ਹਨ ਕਿ ਸਮਾਜਵਾਦੀ ਰਾਜ ਇਕ ਰਲੀ-ਮਿਲੀ ਆਰਥਿਕਤਾ ਹੁੰਦੀ ਹੈ, ਜੀਹਦੇ ‘ਚ ਸਰਮਾਏਦਾਰੀ ਨੂੰ, ਨੁਮਾਇੰਦਾ-ਜਮਹੂਰੀਅਤ ਦੀ ਤਾਕਤ ਰਾਹੀਂ ਕਾਬੂ ਕੀਤਾ ਜਾਂਦਾ ਹੈ ਅਤੇ ਜੀਹਦੇ ‘ਚ ਰਾਜ, ਰਹਿਣ-ਸਹਿਣ ਦੇ ਮੁਢਲੇ ਮਿਆਰਾਂ ਅਤੇ ਹਰ ਇਕ ਲਈ ਡਾਕਟਰੀ ਸਹਾਇਤਾ ਵਗੈਰਾ ਦੀ ਗਰੰਟੀ ਕਰਦਾ ਹੈ। ਪਰ ਇਸ ਸੋਚ ਦੇ ਉਲਟ ਮਾਰਕਸ ਦੀ ਇਸ ਧਾਰਨਾ ‘ਤੇ ਅਧਾਰਤ ਕਿ ਸੋਸ਼ਲਿਜ਼ਮ ਪਰਿਵਰਤਨ ਦਾ ਸਮਾਂ ਹੁੰਦਾ ਹੈ, ਜੀਹਦੇ ‘ਚ ਸਰਮਾਏਦਾਰ ਜਮਾਤ ਦੀ ਡਿਕਟੇਟਰਸ਼ਿਪ ਨੂੰ ਜਾਇਦਾਦ-ਹੀਣ ਕਿਰਤੀ ਲੋਕਾਂ ਅਤੇ ਉਨ੍ਹਾਂ ਦੇ ਸੰਗੀਆਂ ਦੀ ਡਿਕਟੇਟਰਸ਼ਿਪ ‘ਚ ਤਬਦੀਲ ਕੀਤਾ ਜਾਂਦਾ ਹੈ। ਅਵੇਕੀਅਨ ਇਹ ਸਮਝ ਲੈ ਕੇ ਆਉਂਦਾ ਹੈ ਕਿ ਇਸ ਪਰਿਵਰਤਨ ਦਾ ਚੇਤੰਨ-ਟੀਚਾ, ਆਰਥਕਤਾ ਨੂੰ ਵਸਤੂ-ਬਜ਼ਾਰ ਦੀ ਥਾਂ ਸਮਾਜਿਕ ਲੋੜਾਂ ਦੁਆਰਾ ਨਿਯੰਤਰਿਤ ਕੀਤਾ ਜਾਣਾ ਹੁੰਦਾ ਹੈ।

ਇਨ੍ਹਾਂ ਟੀਚਿਆਂ ਦਾ ਇੱਕ ਹੋਰ ਢੰਗ ਨਾਲ ਚਿੱਤਰਨ ਕਰਦਿਆਂ ਮਾਰਕਸ ਨੇ ਕਿਹਾ ਸੀ: ਸਾਰੇ ਜਮਾਤੀ ਵਖਰੇਵਿਆਂ ਨੂੰ ਖਤਮ ਕਰਨਾ, ਉਨ੍ਹਾਂ ਸਾਰੇ ਪੈਦਾਵਾਰੀ ਸੰਬੰਧਾਂ ਨੂੰ ਖਤਮ ਕਰਨਾ ਜਿਨ੍ਹਾਂ ‘ਤੇ ਇਹ ਜਮਾਤੀ ਵਖਰੇਵੇਂ ਟਿਕੇ ਹੋਏ ਹਨ, ਉਨ੍ਹਾਂ ਸਾਰੇ ਸਮਾਜਿਕ ਸੰਬੰਧਾਂ ਨੂੰ ਖਤਮ ਕਰਨਾ ਜਿਹੜੇ ਇਨ੍ਹਾਂ ਪੈਦਾਵਾਰੀ ਰਿਸ਼ਤਿਆਂ ਦੇ ਅਨੁਸਾਰੀ ਹੁੰਦੇ ਹਨ, ਅਤੇ ਉਨ੍ਹਾਂ ਸਾਰੇ ਵਿਚਾਰਾਂ ਦਾ ਇਨਕਲਾਬੀਕਰਨ ਕਰਨਾ, ਜਿਹੜੇ ਉਨ੍ਹਾਂ ਸਮਾਜਿਕ ਰਿਸ਼ਤਿਆਂ ਦੇ ਅਨੁਸਾਰੀ ਹੁੰਦੇ ਹਨ।

ਬਾਬ ਅਵੇਕੀਅਨ ਮੁਤਾਬਕ ਲੋਕਾਈ ਲਈ ਇਸ ਸਮਝ ਨੂੰ ਸਮਝਣ ‘ਚ ਵੱਡੀ ਰੁਕਾਵਟ, ਪੁਰਾਣੇ ਕਮਿਊਨਿਜ਼ਮ ਵਲੋਂ ਅਲੋਚਨਾਤਮਕ ਸੋਚ ਨੂੰ ਵਾਰ-ਵਾਰ ਦਬਾਉਣਾ ਸੀ। ਇਸ ਦੇ ਉਲਟ ਉਸ ਮੁਤਾਬਕ, ਸਮਾਜਵਾਦੀ ਸਮਾਜ ‘ਚ ਲੋਕਾਂ ਕੋਲ ਅਸਹਿਮਤੀ ਜਤਾਉਣ ਦਾ ਵਸੀਲਾ ਤੇ ਸੁਖਾਵਾਂ ਮਾਹੌਲ ਹੋਣਾ ਚਾਹੀਦਾ ਹੈ। ਸਰਮਾਏਦਾਰੀ ਦੀ ਬਹਾਲੀ ਲਈ ਹੋ ਰਹੀਆਂ ਹਿੰਸਕ ਕਾਰਵਾਈਆਂ ਦੇ ਵਿਰੁੱਧ ਸਮਾਜਵਾਦੀ ਰਾਜ ਦੀ ਤਾਕਤ ਬਣਾਈ ਰੱਖਣ ਲਈ, ਮਜ਼ਬੂਤ ਕੇਂਦਰ ਵਾਲਾ ਪਰ ਬਹੁਤ ਹੀ ਲਚਕੀਲੀ ਪਹੁੰਚ ਵਾਲਾ ਨਵਾਂ ਸਮਾਜਵਾਦੀ ਰਾਜ ਹੋਣਾ ਚਾਹੀਦਾ ਹੈ। ਕਮਿਊਨਿਸਟ ਸੱਚ ਤੋਂ ਕਦੇ ਵੀ ਨਹੀਂ ਡਰਦੇ ਅਤੇ ਉਨ੍ਹਾਂ ਨੂੰ ਚਾਹੀਦਾ ਹੈ ਕਿ ਉਹ ਅਸਹਿਮਤੀ ਨੂੰ ਉਤਸ਼ਾਹਿਤ ਕਰਨ ਕਿਉਂਕਿ ਸਾਰਾ ਸੱਚ ਇੱਥੋਂ ਹੀ ਮਿਲਦਾ ਹੈ।

ਅਵੇਕੀਅਨ ਧਿਆਨ ‘ਚ ਲਿਆਉਂਦਾ ਹੈ ਕਿ ਲੋਕਾਂ ਅਤੇ ਸਮਾਜਵਾਦੀ ਸਟੇਟ ‘ਚ ਵਿਰੋਧਤਾਈਆਂ ਪੈਦਾ ਹੋ ਸਕਦੀਆਂ ਹਨ। ਉਸ ਮੁਤਾਬਕ ਜਦੋਂ ਸਮਾਜਵਾਦੀ ਸਟੇਟ ਨੇ ਲੋਕਾਂ ਨੂੰ ਬਾਹਰਲੇ ਦੁਸ਼ਮਣਾਂ ਅਤੇ ਸਰਮਾਏਦਾਰੀ ਦੀ ਬਹਾਲੀ ਤੋਂ ਬਚਾਉਣਾ ਹੈ, ਤਾਂ ਉਸੇ ਸਮੇਂ ਉਸਨੇ ਲੋਕਾਂ ਦੇ ਅਧਿਕਾਰਾਂ ਨੂੰ ਖ਼ੁਦ ਸਟੇਟ ਤੋਂ ਵੀ ਸੁਰੱਖਿਅਤ ਰੱਖਣਾ ਹੁੰਦਾ ਹੈ। ਅਵੇਕੀਅਨ ਦੀ ਵਿਸ਼ੇਸ਼ ਮਹੱਤਤਾ ਉਸ ਦੇ ਇਸ ਗੱਲ ‘ਤੇ ਜ਼ੋਰ ਦੇਣ ‘ਚ ਹੈ ਕਿ ਕਮਿਊਨਿਸਟਾਂ ਨੂੰ ਸਟੇਟ ਦੀ ਅਗਵਾਈ ਮੁੱਖ ਤੌਰ ‘ਤੇ ਵਿਚਾਰਧਾਰਾ ਅਤੇ ਸਿਆਸੀ ਪ੍ਰਭਾਵ ਰਾਹੀਂ ਕਰਨੀ ਚਾਹੀਦੀ ਹੈ, ਨਾ ਕਿ ਜੱਥੇਬੰਦਕ ਕੰਟਰੋਲ ਰਾਹੀਂ! ਕਮਿਊਨਿਸਟ ਪਾਰਟੀ ਹਰ ਹਾਲ ‘ਚ ਕਾਨੂੰਨ ਅਤੇ ਸੋਸ਼ਲਿਸਟ ਸਟੇਟ ਦੇ ਸੰਵਿਧਾਨ ਦੇ ਅਧੀਨ ਹੈ, ਅਤੇ ਉਨ੍ਹਾਂ ਨੂੰ ਸਿਰਫ ਇਸ ਕਰਕੇ ਵਿਸ਼ੇਸ਼ ਅਧਿਕਾਰ ਨਹੀਂ ਮਿਲ ਜਾਂਦੇ ਕਿ ਉਹ ਤਾਂ ਕਮਿਊਨਿਸਟ ਪਾਰਟੀ ਦੇ ਮੈਂਬਰ ਹਨ।

ਵਿਸ਼ੇਸ਼ ਤੌਰ ‘ਤੇ, ਅਵੇਕੀਅਨ ਲੋਕਾਂ ਵੱਲੋਂ ਸਟੇਟ ਦੀ ਅਲੋਚਨਾ ਕਰਨ ਦੇ ਅਧਿਕਾਰ ਅਤੇ ਇੱਥੋਂ ਤਕ ਕਿ ਸਰਮਾਏਦਾਰੀ ਦੀ ਬਹਾਲੀ ਦੇ ਅਧਿਕਾਰ ਦੀ ਹੀ ਗੱਲ ਨਹੀਂ ਕਰਦਾ, ਉਹ ਤਾਂ ਇਸ ਤੋਂ ਵੀ ਅੱਗੇ ਸਟੇਟ ਵਲੋਂ ਉਨ੍ਹਾਂ ਲੋਕਾਂ ਨੂੰ, ਜੋ ਉਸਦੀ ਅਲੋਚਨਾ ਕਰਦੇ ਹਨ ਅਤੇ ਜਿਨ੍ਹਾਂ ‘ਤੇ ਸਟੇਟ ਵੱਲੋਂ ਮੁਕੱਦਮਾ ਚਲਾਇਆ ਜਾਂਦਾ ਹੈ, ਦੀ




ਵੀ ਉਸ ਹੱਦ ਤਕ ਵਿੱਤੀ ਸਹਾਇਤਾ ਦੇਣ ਦੀ ਮੰਗ ਕਰਦਾ ਹੈ, ਜਿਸ ਹੱਦ ਤਕ ਸਟੇਟ ਵਲੋਂ ਮੁਕੱਦਮਾ ਚਲਾਉਣ ਵਾਲਿਆਂ ਦੀ ਵਿੱਤੀ ਸਹਾਇਤਾ ਕੀਤੀ ਜਾਂਦੀ ਹੈ। ਕਾਨੂੰਨੀ ਹੱਕਾਂ ਦੀ ਇਹ ਉਹ ਧਾਰਨਾ ਹੈ ਜੀਹਨੂੰ ਹੁਣ ਤੱਕ ਕਿਸੇ ਵੀ ਸਰਮਾਏਦਾਰ ਰਾਜ ਨੇ ਤਸਲੀਮ ਕਰਨ ਦੀ ਜੁਰਅਤ ਨਹੀਂ ਕੀਤੀ।

ਅਵੇਕੀਅਨ ਨੇ ਉਨ੍ਹਾਂ ਵਿਚਾਰਾਂ ਦੀ ਵੀ ਤਿੱਖੀ ਆਲੋਚਨਾ ਕੀਤੀ ਹੈ ਜੋ ਬਾਹਰਮੁਖੀ ਹੋਣ ਦੀ ਥਾਂ ਇਹ ਕਹਿੰਦੇ ਹਨ ਕਿ ਸੱਚ ਦਾ ਜਮਾਤੀ ਅਧਾਰ ਹੁੰਦਾ ਹੈ, ਅਤੇ ਕਿਰਤੀ ਤੇ ਦੱਬੇ-ਕੁਚਲੇ ਲੋਕ ਸਚਾਈ ‘ਤੇ ਸਿਰਫ ਇਸ ਕਰਕੇ ਵਿਸ਼ੇਸ਼ ਮਾਲਕੀ ਰੱਖਦੇ ਹਨ ਕਿਉਂਕਿ ਉਹ ਲੁੱਟੇ-ਪੁੱਟੇ ਤੇ ਦੱਬੇ-ਕੁਚਲੇ ਹਨ। ਉਸ ਅਨੁਸਾਰ ਇਹਦੇ ‘ਚੋਂ ਹੀ ਇਹ ਨੁਕਸਦਾਰ ਵਿਚਾਰ ਜਨਮ ਲੈਂਦਾ ਹੈ ਕਿ ਇਕ ਵਾਰ ਕਿਰਤੀ ਲੋਕਾਂ ਨੂੰ ਰਾਜਸੱਤਾ ਦੀ ਪੁਜ਼ੀਸ਼ਨ ਤੱਕ ਲੈ ਆਓ ਤਾਂ ਮਸਲੇ ਹੱਲ ਹੋ ਜਾਣਗੇ। ਹਾਲਾਂਕਿ ਗੈਰਜਮਾਤੀ ਸਮਾਜ ਤੱਕ ਪਹੁੰਚਣ ਵਾਸਤੇ, ਇਸ ਸਬੰਧੀ ਸਾਰੇ ਸਮਾਜ ਦੀ ਡੂੰਘੀ ਸਮਝ ਬਣਾਉਣ ਤੇ ਉਸਦੀ ਪ੍ਰਾਪਤੀ ਲਈ ਸੰਘਰਸ਼ ਕਰਨ ਦੀ ਲੋੜ ਹੁੰਦੀ ਹੈ।

ਪੁਰਾਣੇ ਕਮਿਊਨਿਜ਼ਮ ਦੇ ਵਿਸ਼ਲੇਸ਼ਣ ਦੀ ਇੱਕ ਹੋਰ ਨੁਕਸਦਾਰ ਉਦਾਹਰਣ ਇਹ ਵਿਚਾਰ ਹੈ ਕਿ ਕਮਿਊਨਿਜ਼ਮ ਦਾ ਅਧਾਰ ‘ਪਦਾਰਥਕ ਬਹੁਲਤਾ’ ਹੁੰਦਾ ਹੈ। ਉਸ ਮੁਤਾਬਕ ਇਸ ਵਿਚਾਰ ‘ਚੋਂ ਹੀ ਇਹ ਗ਼ਲਤ ਵਿਚਾਰ ਸਾਹਮਣੇ ਆਉਂਦਾ ਹੈ ਕਿ ਸਮਾਜਵਾਦੀ ਰਾਜ ਸਿਰਫ ‘ਕਮਿਊਨਿਜ਼ਮ ਲਈ ਰਾਹ ਤਿਆਰ ਕਰਦਾ ਹੈ।’ ਇਹ ਠੀਕ ਹੈ ਕਿ ਕਮਿਊਨਿਸਟ ਆਰਥਿਕਤਾ ਲਈ ਇਕ ਪੱਧਰ ਤੱਕ ਬਹੁਲਤਾ ਦੀ ਲੋੜ ਹੈ ਪਰ ਮੁੱਖ ਲੋੜ ਲੋਕਾਂ ਦੀ ਸੋਚ ਅਤੇ ਸਮਾਜਿਕ ਸੰਬੰਧਾਂ ‘ਚ ਤਬਦੀਲੀ ਹੁੰਦੀ ਹੈ, ਨਾ ਕਿ ਇਹ, ਕਿ ਆਲੇ-ਦੁਆਲੇ ਕਿੰਨੀ ਪਦਾਰਥਿਕ ਦੌਲਤ ਮੌਜੂਦ ਹੈ।

ਕੌਮਾਂਤਰੀਵਾਦ ਦੇ ਮਾਮਲੇ ‘ਚ ਵੀ ਪੁਰਾਣਾ ਕਮਿਊਨਿਜ਼ਮ ਸਦਾ ਹੀ ਠੀਕ ਨਹੀਂ ਰਿਹਾ। ਕਮਿਊਨਿਸਟ ਇਨਕਲਾਬ ਦਾ ਨਿਸ਼ਾਨਾ ਸਿਰਫ਼ ਸਬੰਧਤ ਦੇਸ਼ ਦੇ ਲੋਕਾਂ ਦੀ ਜ਼ਿੰਦਗੀ ਸੁਧਾਰਨਾ ਹੀ ਨਹੀਂ ਹੁੰਦਾ, ਪ੍ਰੰਤੂ ਸਰਮਾਏ ਦੀਆਂ ਬੇੜੀਆਂ ਤੋਂ ਮਨੁੱਖਤਾ ਦੀ ਵਿਸ਼ਪਵਿਆਪੀ ਮੁਕਤੀ ਵੀ ਹੁੰਦਾ ਹੈ। ਜਿਵੇਂ ਕਿ ਅਵੇਕੀਅਨ ਨੇ ਧਿਆਨ ‘ਚ ਲਿਆਂਦਾ ਹੈ ਕਿ ਕਮਿਊਨਿਸਟ ਦੇਸ਼ ਦਾ ਮੁੱਖ ਮਕਸਦ ਸੰਸਾਰ ਇਨਕਲਾਬ ਲਈ ਅਧਾਰ ਇਲਾਕੇ ਵਜੋਂ ਕੰਮ ਕਰਨਾ ਹੁੰਦਾ ਹੈ। ਪਰ ਬਹੁਤ ਵਾਰ ਹੋਇਆ ਇਹ ਕਿ ਕਮਿਊਨਿਸਟ ਲੀਡਰ ਰਾਸ਼ਟਰਵਾਦ ਮੂਹਰੇ ਝੁਕ ਗਏ ਅਤੇ ਉਨ੍ਹਾਂ ਨੇ ਆਪਣਾ ਧਿਆਨ ਆਪਣੇ ਦੇਸ਼ ਦੇ ਹਿਤਾਂ ‘ਤੇ ਹੀ ਕੇਂਦਰਿਤ ਕਰੀ ਰੱਖਿਆ।

ਹੋਰ ਤਾਂ ਹੋਰ, ਕਮਿਊਨਿਜ਼ਮ ਅਤੇ ਉੱਥੇ ਪਹੁੰਚਣ ਦੇ ਪੈਂਡੇ ਦੌਰਾਨ ਲੋੜੀਂਦੀ ਨੈਤਿਕ ਮਜ਼ਬੂਤੀ ਦੇ ਮਾਮਲੇ ‘ਚ ਵੀ ਅਸੀਂ ਅਸਫਲ ਹੋਏ ਹਾਂ। ਬਾਬ ਅਵੇਕੀਅਨ ਦਾ ਨਵਾਂ ਕਮਿਊਨਿਜ਼ਮ ਦ੍ਰਿੜ ਹੈ ਕਿ ਸਾਡੇ ਉਦੇਸ਼, ਇਹ ਤੈਅ ਨਹੀਂ ਕਰ ਸਕਦੇ ਕਿ ਇਸ ਦੀ ਪ੍ਰਾਪਤੀ ਲਈ ਜੋ ਮਰਜ਼ੀ ਢੰਗ-ਤਰੀਕਾ ਅਪਨਾਓ। ਇਸ ਅਧਾਰ ‘ਤੇ ਜੁਰਮ ਨਹੀਂ ਕੀਤੇ ਜਾ ਸਕਦੇ ਕਿ ਇਸ ਤਰ੍ਹਾਂ ਉਹ ਕਮਿਊਨਿਜ਼ਮ ਦੇ ਨੇੜ ਪਹੁੰਚ ਜਾਣਗੇ। ਸਗੋਂ, ਕਮਿਊਨਿਸਟਾਂ ਦੇ ਢੰਗ-ਤਰੀਕੇ ਸਦਾ ਹੀ ਕਮਿਊਨਿਜ਼ਮ ਦੇ ਉਦੇਸ਼ਾਂ ‘ਚੋਂ ਨਿਕਲਣੇ ਅਤੇ ਉਨ੍ਹਾਂ ਦੇ ਅਨੁਸਾਰੀ ਹੋਣੇ ਚਾਹੀਦੇ ਨੇ।

ਮਾਰਕਸ ਵਾਂਗ, ਅਵੇਕੀਅਨ ਵੀ ਤਾਜ਼ਾ ਘਟਨਾਵਾਂ ਬਾਰੇ ਚੋਟੀ ਦਾ ਟਿੱਪਣੀਕਾਰ ਅਤੇ ਅਨਮੋਲ ਰਾਹ ਦਰਸਾਵਾ ਹੈ। ਵਿਸ਼ੇਸ਼ ਕਰਕੇ, ਕ੍ਰਿਸਚੀਅਨ ਫਾਸ਼ੀਵਾਦ ਦੇ ਸਿਰ ਚੁੱਕਣ ਬਾਰੇ ਉਹ ਪਿਛਲੇ ਚਾਲੀ ਸਾਲ ਤੋਂ ਲਗਾਤਾਰ ਲਿਖਦਾ ਤੇ ਚੌਕਸ ਕਰਦਾ ਆ ਰਿਹਾ ਹੈ। (ਬਾਬ ਅਵੇਕੀਅਨ ਦੀਆਂ 1996 ਤੋਂ 2025 ਤੱਕ ਦੀਆਂ ਫਾਸ਼ਿਜ਼ਮ ਬਾਰੇ ਲਿਖਤਾਂ **ਇਵਚੋਮ੍ਹ।ਸ** ਤੋਂ ਮਿਲ ਸਕਦੀਆਂ ਹਨ) ਸੋ, ਫਾਸ਼ਿਜ਼ਮ ਬਾਰੇ ਜਰਮਨ ਦੇ ਲੋਕ ਤਾਂ ਇਹ ਬਹਾਨਾ ਬਣਾ ਸਕਦੇ ਹੈ ਕਿ ‘ਕਿਸੇ ਨੂੰ ਵੀ ਪਤਾ ਨਹੀਂ ਸੀ ਕਿ ਕੀ ਹੋਣ ਜਾ ਰਿਹਾ ਹੈ’ ਪਰ ਇਸ ਦੇਸ਼ (ਅਮਰੀਕਾ) ਦੇ ਲੋਕ ਇਹ ਬਹਾਨਾ ਨਹੀਂ ਬਣਾ ਸਕਦੇ।

ਇਸੀ ਸਮੇਂ, ਅਵੇਕੀਅਨ ਨੇ ਵਿਕਸਤ ਸਰਮਾਏਦਾਰ ਦੇਸ਼ਾਂ ਲਈ ਇਨਕਲਾਬ ਦੇ ਰਾਹ ਨੂੰ ਡੂੰਘੀ ਤਰ੍ਹਾਂ ਘੋਖਿਆ ਅਤੇ ਦੱਸਿਆ ਹੈ ਕਿ; ਲੋਕਾਂ ਦੇ ਵਧੀਆ ਇਰਾਦੇ ਹੋਣ ਦੇ ਬਾਵਜੂਦ ਉਨ੍ਹਾਂ ਦਾ ਜ਼ਰੂਰਤ ਦੀ ਤਾਕਤ ਦਾ ਵਧਾ ਕੇ ਅਤੇ ਇਸ ਜ਼ਰੂਰਤ ਨੂੰ ਬਦਲਣ ਲਈ ਮੌਜੂਦ ਅਜ਼ਾਦੀ ਦਾ ਅੰਦਾਜ਼ਾ ਘਟਾ ਕੇ ਲਾਉਣ ਵੱਲ ਮਾਰੂ ਝੁਕਾਅ, ਉਨ੍ਹਾਂ ਨੂੰ ਲਾਜ਼ਮੀ ਹੀ ਇਨਕਲਾਬ ਦੀਆਂ ਸੰਭਾਵਨਾਵਾਂ ਤੋਂ ਇਨਕਾਰੀ ਹੋਣ, ਜਾਂ ਫਿਰ ਦਰਸ਼ਕ ਬਣਨ ਤੇ ਇਨਕਲਾਬ ਦੀ ਉਡੀਕ ਕਰਨ ਵੱਲ ਲੈ ਜਾਵੇਗਾ। ਅਸਲ ‘ਚ ਲੋੜ ਇਹ ਹੈ ਕਿ ਮੌਜੂਦਾ ਸਮਾਜ ਦੀਆਂ ਦਰਾੜਾਂ ਦਾ ਠੀਕ ਵਿਸ਼ਲੇਸ਼ਣ ਕੀਤਾ ਜਾਵੇ ਅਤੇ ਠੋਸ ਟੀਚੇ ਨੂੰ ਮਨ ‘ਚ ਵਸਾਉਂਦਿਆਂ— ਇਸ ਦੀਆਂ ਸੰਭਾਵਨਾਵਾਂ ਅਤੇ ਇਸ ‘ਤੇ ਪੈਣ ਵਾਲੇ ਨਿਰੰਤਰ ਦਬਾਆਂ ਨੂੰ ਵੀ ਧਿਆਨ ‘ਚ ਰੱਖਦਿਆਂ —ਇਨਕਲਾਬੀ ਹਾਲਤ ਪੈਦਾ ਹੋਣ ਵੱਲ ਤੇਜ਼ੀ ਲਿਆਂਦੀ ਜਾਵੇ।

ਇਹ ਸਮਝਣਾ ਮਹੱਤਵਪੂਰਨ ਹੈ ਕਿ ਬਾਬ ਅਵੇਕੀਅਨ ਦੀਆਂ ਸਮੂਹ ਰਚਨਾਵਾਂ; ਮਾਰਕਸਵਾਦ ‘ਚ ਸਿਰਫ ਵਾਧਾ, ਸੁਧਾਰ ਜਾਂ ਉਸ ਨੂੰ ਲਾਗੂ ਕਰਨ ‘ਚ ਵਿਸ਼ੇਸ਼ਤਾ ਹੀ ਨਹੀਂ, ਸਗੋਂ ਜੇ ਇਸ ਦੀ ਮਾਰਕਸ ਵਲੋਂ ਮਾਰੀ ਉੱਚੀ ਛਾਲ ਨਾਲ ਤੁਲਨਾ ਕਰੀਏ ਤਾਂ ਇਹ ਇਕ ਵਿਗਿਆਨਕ ਸਿਫਤੀ ਛਾਲ ਹੈ। ਮਾਰਕਸ ਦੇ ਸਮੇਂ ਸਰਮਾਏਦਾਰੀ ਨੇ ਅਮਰੀਕਾ ਅਤੇ ਯੂਰਪ ਦੇ ਮੁੱਖ ਦੇਸ਼ਾਂ ‘ਚ ਆਪਣੀ ਤਾਕਤ ਪੱਕੇ-ਪੈਰੀਂ ਕਰ ਲਈ ਸੀ ਅਤੇ ਮੈਟਾਸਟੈਟਿਕ ਕੈਂਸਰ ਵਾਂਗ ਸੰਸਾਰ ਭਰ ‘ਚ ਫੈਲ ਰਿਹਾ ਸੀ। ਉਸ ਸਮੇਂ ਮਨੁੱਖਤਾ ਕੋਲ ਸੁਰੱਖਿਅਤ ਬੁਰਜੂਆ ਡੈਮੋਕਰੇਸੀ, ਸਿੰਡੀਕਲਿਜ਼ਮ, ਜਾਂ ਖਿਆਲੀ ਸੋਸ਼ਲਿਜ਼ਮ ਦੀਆਂ ਧਾਰਨਾਵਾਂ, ਜਿਸ ਦੀਆਂ ਜੜ੍ਹਾਂ ਅਕਸਰ ਹੀ ਧਰਮਾਂ ‘ਚ ਹੁੰਦੀਆਂ ਸਨ ਨਾਲ ਟੱਕਰ ਲੈਣ ਲਈ ਕੁਝ ਵੀ ਨਹੀਂ ਸੀ। ਮਾਰਕਸ ਨੇ ਸਰਮਾਏਦਾਰੀ ਪ੍ਰਬੰਧ ਅਤੇ ਇਸ ਨੂੰ ਖਤਮ ਕਰਨ ਲਈ ਲੋੜੀਂਦੀ ਵਿਗਿਆਨਕ ਵਿਆਖਿਆ ਰਾਹੀਂ ਇਸ ਸਭ ਨੂੰ ਕੁਝ ਨੂੰ ਬਦਲ ਕੇ ਰੱਖ ਦਿੱਤਾ।

ਅੱਜ ਜਦੋਂ ਵੀਹਵੀਂ ਸਦੀ ਦੇ ਮਹਾਨ ਇਨਕਲਾਬ ਫੇਲ੍ਹ ਹੋ ਚੁੱਕੇ ਹਨ, ਸਰਮਾਏਦਾਰੀ ਪੈਦਾਵਾਰ ਦਾ ਸੰਸਾਰੀਕਰਨ ਹੋ ਚੁੱਕਾ ਹੈ, ਸਾਡੇ ਗ੍ਰਹਿ **(ਪਲਅਨਏਟ)** ‘ਤੇ ਵਾਤਾਵਰਣੀ ਖ਼ਤਰਾ ਮੰਡਰਾ ਰਿਹਾ ਹੈ ਅਤੇ ਫਾਸ਼ੀਵਾਦੀ ਲਹਿਰਾਂ ਦਾ ਦੁਨੀਆ ਪੱਧਰ ‘ਤੇ ਪਸਾਰਾ ਹੋਇਆ ਪਿਆ ਹੈ ਤਾਂ ਇਸ ਸਮੇਂ, ਸਰਮਾਏਦਾਰੀ ਉਦਾਰਵਾਦ, ਸੋਸ਼ਲ- ਡੈਮੋਕਰੇਟਿਕ ਮਜ਼ਦੂਰ ਲਹਿਰ ਅਤੇ ਇੱਥੋਂ ਤਕ ਕਿ ਬੀਤੇ ਦੀ ਵਧੀਆ ਕਮਿਊਨਿਸਟ ਵਿਚਾਰਧਾਰਾ ਦੇ ਪੁਰਾਣੇ ਹਥਿਆਰ ਵੀ; ਮਨੁੱਖਤਾ ਨੂੰ ਦਰਪੇਸ਼ ਚੁਣੌਤੀਆਂ ਨਾਲ ਸਿੱਝਣ ਲਈ ਪੂਰੀ ਤਰ੍ਹਾਂ ਕਾਫੀ ਨਹੀਂ। ਇਸ ਨੁਕਤੇ ‘ਤੇ ਆ ਕੇ ਬਾਬ ਅਵੇਕੀਅਨ ਇਹ ਦੱਸਣ ਲਈ ਮੂਹਰੇ ਆਉਂਦਾ ਹੈ ਕਿ ਸਾਨੂੰ ਕੀ ਕਰਨਾ ਚਾਹੀਦਾ ਹੈ! ਅਵੇਕੀਅਨ ਨੇ ਮਨੁੱਖਤਾ ਨੂੰ ਅਗਲੀ ਵੱਡੀ ਛਲਾਂਗ ਮਾਰਨ ਲਈ, ਸਬੂਤਾਂ ‘ਤੇ ਅਧਾਰਤ ਅਤੇ ਸਿਫਤੀ ਤੌਰ ‘ਤੇ ਵੱਧ ਵਿਗਿਆਨਕ ਢੰਗ-ਤਰੀਕੇ ਤੇ ਪਹੁੰਚ ਵਾਲੇ ਹੁਨਰ ਦੱਸੇ ਹਨ।

ਆਪਣੇ ਸਮਿਆਂ ‘ਚ ਮਾਰਕਸ ਇਕ ਵਿਵਾਦਪੂਰਨ ਸ਼ਖ਼ਸੀਅਤ ਸੀ, ਅੱਜ ਬਾਬ ਅਵੇਕੀਅਨ ਵੀ ਉਸ ਤਰ੍ਹਾਂ ਹੀ ਹੈ। ਮਾਰਕਸ ਦੇ ਸਮੇਂ ਦੇ ਸੁਧਾਰਵਾਦੀਆਂ ਵਲੋਂ ਉਸਨੂੰ ਕੱਟੜਪੰਥੀ ਅਤੇ ਸੰਪਰਦਾਇਕ ਸਮਝਿਆ ਜਾਂਦਾ ਸੀ। ਇਸ ਨੂੰ ਮਹਿਸੂਸ ਕਰਨ ਲਈ ਸਾਨੂੰ ‘ਰਾਉਲ ਪੈਕ’ ਦੀ ਫਿਲਮ ‘ਯੰਗ ਕਾਰਲ ਮਾਰਕਸ’ **(ਠਹਏ੍ਹਨਗ ਖਅਰਲੰ ਅਰਣ)** ਦੇਖਣੀ ਚਾਹੀਦੀ ਹੈ। ਮਾਰਕਸ ਤੋਂ ਪਹਿਲਾਂ ਅਤੇ ਬਾਅਦ ‘ਚ ਪੈਦਾ ਹੋਣ ਵਾਲੇ ਮਹਾਨ ਵਿਗਿਆਨੀਆਂ ਵਾਂਗ, ਮਾਰਕਸ ਦੀ ਸੂਝ-ਬੂਝ ਬੁਨਿਆਦੀ ਤੌਰ ‘ਤੇ ਸੱਚ ਸਾਬਤ ਹੋਈ ਅਤੇ ਉਸਨੇ ਦੁਨੀਆ ਬਾਰੇ ਸਾਡੀ ਸਮਝ ਦਾ ਰੂਪ ਬਦਲਣ ਤੋਂ ਇਲਾਵਾ ਇਤਿਹਾਸ ਨੂੰ ਵੀ ਨਵਾਂ ਮੋੜ ਦੇ ਦਿੱਤਾ!

ਪਿਛਲੇ ਕਾਫ਼ੀ ਸਾਲਾਂ ਦੀਆਂ ਘਟਨਾਵਾਂ ਦੇ ਗਵਾਹ ਵਜੋਂ ਮੈਂ ਹੁਣ ਦਾਅਵੇ ਨਾਲ ਕਹਿ ਸਕਦਾ ਹਾਂ ਕਿ ਜੇ ਤੁਸੀਂ ਮਨੁੱਖਤਾ ਦੀ ਨਿਜਾਤ ਲਈ ਗੰਭੀਰ ਹੋ, ਤਾਂ ਤੁਹਾਨੂੰ ਬਾਬ ਅਵੇਕੀਅਨ ਦੇ ਵਿਦਿਆਰਥੀ ਹੋਣਾ ਚਾਹੀਦਾ ਹੈ। ਅਵੇਕੀਅਨ ਦੇ ਵਿਦਿਆਰਥੀ ਹੋਣ ਦੇ ਨਾਤੇ ਮੈਨੂੰ ਸਵੀਕਾਰ ਕਰਨ ‘ਚ ਕੋਈ ਦਿੱਕਤ ਨਹੀਂ ਕਿ ਮੈਂ ਕਲਾਸ ‘ਚ ਅਕਸਰ ਹੀ ਲੇਟ ਪਹੁੰਚਦਾ ਅਤੇ ਹਮੇਸ਼ਾ ਵਧੀਆ ਨੰਬਰ ਨਹੀਂ ਸੀ ਲੈਂਦਾ, ਪਰ ਮੈਂ ਸਕੂਲ ਜਾਣਾ ਬੰਦ ਨਹੀਂ ਕੀਤਾ। ਅੱਜ ਦੇ ਇਨਕਲਾਬੀਆਂ ਕੋਲ ਜ਼ਿੰਦਗੀ ਭਰ ਲਈ ਦੁਨੀਆ ਦੀ ਬਹੁਤ ਉੱਤਮ ਤੇ ਵਿਕਸਤ ਵਿਚਾਰਧਾਰਾ ਹੈ। ਮੇਰੀ ਉਮਰ 85 ਸਾਲ ਹੈ ਤੇ ਮੈਨੂੰ ਲੱਗਦਾ ਹੈ ਕਿ ਮੇਰੇ ਕੋਲ ਜ਼ਿੰਦਗੀ ਦੇ 15 ਸਾਲ ਹੋਰ ਹਨ! ਆਓ ਰਲ-ਮਿਲ ਕੇ ਅੱਗੇ ਵਧੀਏ!

# ਲੰਮਾ ਸਮਾਂ ਅੱਖਾਂ ‘ਚ ਰੜਕੇਗਾ ਟੰਬਲਰ ਰਿਜ਼ ਗੋਲਾਬਾਰੀ ਦਾ ‘ਖ਼ੂਨੀ ਦੁਖਾਂਤ’!

**ਵੈਨਕੂਵਰ:** ਬ੍ਰਿਟਿਸ਼ ਕੋਲੰਬੀਆ ਦੇ ਪਹਾੜੀ ਖੇਤਰ ਵਿਚ ਸਥਿਤ ਟੰਬਲਰ ਰਿਜ਼ ਸ਼ਹਿਰ ਵਿਚ ਪਿਛਲੇ ਹਫ਼ਤੇ ਇਕ ਸਕੂਲ ਵਿਚ ਵਾਪਰੀ ਭਿਆਨਕ ਗੋਲਾਬਾਰੀ ਦੀ ਘਟਨਾ ਤੋਂ

***ਸ਼ਹਿਰ ਵਾਸੀਆਂ ‘ਚ ਅਜੇ ਤੱਕ ਸੋਗ ਦਾ ਮਾਹੌਲ***

ਬਾਅਦ ਪੂਰੇ ਇਲਾਕੇ ਵਿਚ ਅਜੇ ਤੱਕ ਸੋਗ ਦਾ ਮਾਹੌਲ ਹੈ। ਇਸ ਦਰਦਨਾਕ ਹਾਦਸੇ ਵਿਚ 6 ਮਾਸੂਮ ਬੱਚਿਆਂ ਸਮੇਤ 2 ਹੋਰਨਾਂ ਦੀ ਮੌਤ ਹੋ ਗਈ ਸੀ, ਜਿਸ ਨਾਲ ਪੂਰਾ ਕੈਨੇਡਾ ਹਿਲ ਗਿਆ ਸੀ।

ਘਟਨਾ ਤੋਂ ਕੁਝ ਦਿਨ ਬਾਅਦ ਸ਼ਹਿਰ ਵਿਚ ਇੱਕ ਵਿਸ਼ੇਸ਼ ਸ਼ਰਧਾਂਜਲੀ ਸਮਾਗਮ ਦਾ ਆਯੋਜਨ ਕੀਤਾ ਗਿਆ, ਜਿਸ ਵਿਚ ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ, ਕੈਨੇਡਾ ਦੇ ਹੋਰਨਾਂ ਸਿਆਸੀ ਆਗੂਆਂ ਤੋਂ ਇਲਾਵਾ ਸੈਂਕੜੇ ਲੋਕਾਂ ਨੇ ਸ਼ਾਮਲ ਹੋ ਕੇ ਮ੍ਰਿਤਕਾਂ ਨੂੰ ਯਾਦ ਕੀਤਾ। ਲੋਕਾਂ ਵੱਲੋਂ ਫੁੱਲ, ਮੋਮਬੱਤੀਆਂ ਅਤੇ ਖਿਡੌਣੇ ਰੱਖ ਕੇ ਆਪਣੇ ਦੁੱਖ ਅਤੇ ਅਤੇ ਮ੍ਰਿਤਕਾਂ ਦੇ ਸਨਮਾਨ ਦਾ ਪ੍ਰਗਟਾਵਾ ਕਰਨ ਦਾ



ਸਿਲਸਿਲਾ ਲਗਾਤਾਰ ਜਾਰੀ ਹੈ।

ਵੈਸਟ ਮੋਬਰਲੀ ਫਸਟ ਨੇਸ਼ਨਜ਼ ਦੇ ਬਜ਼ੁਰਗ ਜਾਰਜ ਡੈਸਜਾਰਲੇ ਨੇ ਇਸ ਮੌਕੇ ਦੁਆ ਕਰਵਾਈ ਅਤੇ ਲੋਕਾਂ ਨੂੰ ਹੌਸਲਾ ਦਿੱਤਾ। ਉਨ੍ਹਾਂ ਨੇ ਕਿਹਾ ਕਿ ਇਸ ਮੁਸ਼ਕਲ ਸਮੇਂ ਵਿਚ ਆਪਸੀ ਸਹਿਯੋਗ ਅਤੇ ਪਿਆਰ ਹੀ ਸਭ ਤੋਂ ਵੱਡੀ ਤਾਕਤ ਹੈ।

ਸਥਾਨਕ ਵਸਨੀਕਾਂ ਨੇ ਦੱਸਿਆ ਕਿ ਇਹ ਘਟਨਾ ਸਮੁੱਚੇ ਕੈਨੇਡਾ ਦੇ ਸਾਰੇ ਭਾਈਚਾਰਿਆਂ ਲਈ ਵੱਡਾ ਝਟਕਾ ਸੀ ਜਿਸ ਮਗਰੋਂ ਲੋਕ ਇਕ-ਦੂਜੇ ਦਾ ਸਾਥ ਦੇ ਕੇ ਹੌਂਸਲੇ ਨਾਲ ਅੱਗੇ ਵਧਣ ਲਈ ਯਤਨਸ਼ੀਲ ਹਨ। ਪ੍ਰਸ਼ਾਸਨ ਅਤੇ ਸਮਾਜਿਕ ਸੰਸਥਾਵਾਂ ਵੱਲੋਂ ਪੀੜਤ ਪਰਿਵਾਰਾਂ ਲਈ ਮਨੋਵਿਗਿਆਨਕ ਸਹਾਇਤਾ ਅਤੇ ਕੌਂਸਲਿੰਗ ਸੇਵਾਵਾਂ ਵੀ ਉਪਲੱਬਧ ਕਰਵਾਈਆਂ ਜਾ ਰਹੀਆਂ ਹਨ। ਨਾਲ ਹੀ, ਸਕੂਲਾਂ ਅਤੇ ਕਮਿਊਨਿਟੀ ਕੇਂਦਰਾਂ ਵਿੱਚ ਸੁਰੱਖਿਆ ਪ੍ਰਬੰਧਾਂ ਨੂੰ ਹੋਰ ਮਜ਼ਬੂਤ ਕੀਤਾ ਜਾ ਰਿਹਾ ਹੈ। ਇਸ ਦੁੱਖਦਾਈ ਘਟਨਾ ਦੇ ਬਾਵਜੂਦ, ਟੰਬਲਰ ਰਿਜ਼ ਦੇ ਵਸਨੀਕਾਂ ਵੱਲੋਂ ਦਿਖਾਇਆ ਗਿਆ ਆਪਸੀ ਪਿਆਰ ਅਤੇ ਇਕਜੁਟਤਾ ਸਮੁੱਚੀ ਮਨੁੱਖਤਾ ਦੀ ਇੱਕ ਨਵੀਂ ਮਿਸਾਲ ਬਣ ਕੇ ਸਾਹਮਣੇ ਆਈ ਹੈ।

***–ਰਿਪੋਰਟ: ਮਲਕੀਤ ਸਿੰਘ***

# ‘ਪਹੁੰਚਿਆ ਹੋਇਆ’ ਪਾਂਧੀ

ਜਦੋਂ ਪਹਿਲੀ ਵਾਰ ਪੂਰਨ ਸਿੰਘ ਪਾਂਧੀ ਨੂੰ ਜਰਨੈਲ ਸਿੰਘ ਕਹਾਣੀਕਾਰ ਦੇ ਘਰ ਮਿਲਿਆ ਤਾਂ ਮੈਨੂੰ ਉਸ ਵਿਚੋਂ ਦਰਵੇਸ਼ੀ ਰੂਹ ਦਾ ਝਲਕਾਰਾ ਮਿਲਿਆ। ਸਫ਼ੈਦ ਸਵਾਰਿਆ ਦਾੜ੍ਹਾ, ਸੁਨਹਿਰੀ ਫ਼ਰੇਮ ਵਾਲੀਆਂ ਐਨਕਾਂ ਪਿੱਛੋਂ ਝਾਕਦੀਆਂ ਬਰੀਕ ਤੇ ਤਿੱਖੀ ਨਜ਼ਰ ਵਾਲੀਆਂ ਜਗਿਆਸੂ ਅੱਖਾਂ। ਮਧੁਰ ਮੁਸਕਣੀ ਤੇ ਠਰ੍ਹੰਮੇ ਵਾਲੇ ਬੋਲ। ਸਹਿਜ-ਸਿਆਣਪੀ ਦਿੱਖ ਵਾਲਾ 'ਬਾਬਾਈ' ਚਿਹਰਾ। ਸਮੁੱਚੀ ਸ਼ਖ਼ਸੀਅਤ ਦਾ ਅਜਿਹਾ ਸੁਖਾਵਾਂ ਪ੍ਰਭਾਵ, ਜਿਵੇਂ ਸੁਰ ਕੀਤਾ ਕੋਈ ਸਾਜ਼ ਹੋਵੇ; ਨਿੰਦਰਾਈ ਮੁਦਰਾ ਵਿਚ ਆਸੀਣ ਮਧੁਰ ਰਾਗ-ਰਾਗਣੀਆਂ ਸੁਤ-ਅਨੀਂਦੇ ਵਿਚੋਂ ਜਾਗ ਕੇ ਨਰਗਸੀ ਨੈਣ ਖੋਲ੍ਹਣ ਲਈ ਜਿਵੇਂ ਕਲਵਲ ਹੋ ਰਹੀਆਂ ਹੋਣ। ਅਜਿਹੇ ਫ਼ਰਿਸ਼ਤਾ-ਦਿੱਖ ਬੰਦੇ ਕਈ ਵਾਰ ਧਰਤੀ ਤੋਂ ਕਿਤੇ ਵੱਖਰੇ ਤੇ ਉਚੇਰੇ ਮੰਡਲ ਦੇ ਵਾਸੀ ਲੱਗਦੇ ਹਨ। ਅਸਲੋਂ ਅਪਹੁੰਚ। ਉਨ੍ਹਾਂ ਦੇ



**ਵਰਿਆਮ ਸਿੰਘ ਸੰਧੂ**
ਫੋਨ: 647-535-1539
ਵਟਸਐਪ-98726-02296

ਪ੍ਰਸ਼ੰਸਕ ਜਾਂ ਸ਼ਰਧਾਲੂ ਤਾਂ ਬਣਿਆ ਜਾ ਸਕਦਾ ਹੈ, ਪਰ ਉਨ੍ਹਾਂ ਨਾਲ ਅਪਣੱਤ ਦਾ ਰਿਸ਼ਤਾ ਕਾਇਮ ਹੋ ਸਕਣਾ ਕੁਝ ਮੁਸ਼ਕਿਲ ਜਾਪਦਾ ਹੈ। ਅਪਣੱਤ ਦਾ ਰਿਸ਼ਤਾ ਤਾਂ ਆਪਣਿਆਂ ਜਾਂ ਆਪਣੇ ਵਰਗਿਆਂ ਨਾਲ ਹੀ ਬਣ ਸਕਦਾ ਹੈ। ਧਰਤੀ ਦੇ ਜੀਵਾਂ ਨਾਲ ਹੀ। ਅਸਮਾਨੀ ਹਸਤੀਆਂ ਨੂੰ ਹੱਥ ਲਾ ਸਕਣਾ ਸਹਿਲ ਕਾਰਜ ਨਹੀਂ।

ਜਦੋਂ ਉਸਨੇ ਜਰਨੈਲ ਸਿੰਘ ਦੇ, 'ਚੱਲੋ ਫਿਰ ਛਕੋ ਭੋਜਨ!' ਕਹਿਣ 'ਤੇ ਮੇਜ਼ ਉਤੇ ਪਏ ਪਦਾਰਥਾਂ ਨੂੰ ਹੱਥ ਪਾਇਆ ਤਾਂ ਲੱਗਾ, ਉਹ ਅਸਮਾਨ ਤੋਂ ਉਤਰ ਕੇ ਸਾਡੇ ਵਿਚਕਾਰ ਆਣ ਬੈਠਾ ਹੈ। ਸਾਡਾ ਆਪਣਾ ਬਣ ਕੇ। ਏਸੇ ਧਰਤੀ ਦਾ ਰੰਗ-ਰਤੜਾ ਜੀਵ। ਮੇਰੇ ਹੱਥ ਵਿਚ ਹੋਰ ਕੁਝ ਨਹੀਂ ਸੀ, ਸਗੋਂ ਪਾਂਧੀ ਦਾ ਹੱਥ ਆ ਗਿਆ ਸੀ। ਫੜਨ ਲਈ। ਘੁੱਟਣ ਲਈ।

ਪਾਂਧੀ ਦੇ ਵਿਹਾਰ ਤੇ ਅੰਦਾਜ਼ ਤੋਂ ਸਹਿਜੇ ਹੀ ਅਨੁਮਾਨ ਲਾਇਆ ਜਾ ਸਕਦਾ ਸੀ ਕਿ ਉਸਦੇ ਸਮੁੱਚੇ ਵਜੂਦ ਵਿਚ ਇਕ ਰਾਗਾਤਮਕ ਗੋਲਾਈ ਹੈ। ਉਸਦੇ ਆਪਣੇ ਸ਼ਬਦਾਂ ਵਿਚ ਹੀ ਜੇ ਗੱਲ ਨੂੰ ਬੰਨ੍ਹਣਾ ਹੋਵੇ ਤਾਂ ਕਿਹਾ ਜਾ ਸਕਦਾ ਹੈ ਕਿ 'ਹਰ ਸੋਧੀ ਤੇ ਸ਼ਿੰਗਾਰੀ ਵਸਤੂ ਜਿਵੇਂ ਮਨ ਨੂੰ ਗਹਿਰਾ ਪ੍ਰਭਾਵਤ ਕਰਦੀ ਤੇ ਖਿੱਚਾਂ ਪਾਉਂਦੀ ਹੈ', ਕੁਝ ਇੰਜ ਹੀ ਹੈ ਪਾਂਧੀ ਦੀ ਸ਼ਖ਼ਸੀਅਤ ਦਾ ਆਕਰਸ਼ਣ। ਉਹ ਸਚਮੁੱਚ 'ਸੁਰੀਲੀ ਰੂਹ' ਹੈ। ਗੁਰਬਖ਼ਸ਼ ਸਿੰਘ ਪ੍ਰੀਤ-ਲੜੀ ਦੀ ਸੁਖਾਵੀਂ-ਸੁਧਰੀ ਜ਼ਿੰਦਗੀ ਦਾ ਪ੍ਰਤੀਕ ਰੂਪ ਹੋਵੇ ਜਿਵੇਂ।

ਫਿਰ ਜਦੋਂ ਉਸ ਨਾਲ ਜਾਣ-ਪਛਾਣ ਦਾ ਨਿੱਕਾ ਜਿਹਾ ਝਰੋਖਾ ਖੁੱਲ੍ਹਿਆ ਤਾਂ ਪਤਾ ਲੱਗਾ ਕਿ ਜਿਸ ਤਰ੍ਹਾਂ ਦਾ ਉਸਨੂੰ ਪਹਿਲੀ ਨਜ਼ਰੇ ਵੇਖਿਆ ਸੀ, 'ਜਾਣਿਆਂ' ਵੀ ਉਹ ਓਸੇ ਤਰ੍ਹਾਂ ਦਾ ਸੀ। ਵਿਹਾਰ ਤੇ ਬੋਲ-ਬਾਣੀ ਵਿਚ ਅੰਤਾਂ ਦਾ ਸੁਹਜ, ਸੰਜਮ ਤੇ ਸਲੀਕਾ। ਸਮੁਲਚੀ ਹਸਤੀ ਵਿਚ ਮਿਸ਼ਰੀ ਵਾਂਗ ਘੁਲੀ ਹੋਈ ਨਿਮਰਤਾ। ਸਵੈ-ਮੋਹ ਤੇ ਸਵੈ-ਪ੍ਰਦਰਸ਼ਨ ਦੀ ਕੋਈ ਲਾਲਸਾ ਨਹੀਂ ਪਰ ਦੂਜੇ ਦੀ ਵਡਿਆਈ ਕਰਨ ਦਾ ਵਡੱਪਨੀ ਮੌਕਾ ਕਦੀ ਹੱਥੋਂ ਜਾਣ ਨਹੀਂ ਦੇਣਾ। ਫਿਰ ਪਤਾ ਲੱਗਾ ਕਿ ਉਹ ਬਹੁਤ ਚੰਗੀ ਵਾਰਤਕ ਦਾ ਸਿਰਜਣਹਾਰ ਵੀ ਹੈ। ਉਹਦੀ ਵਾਰਤਕ ਦੀ ਸੰਗਤ ਵਿਚ ਬੈਠ ਕੇ ਅਹਿਸਾਸ ਹੋਇਆ ਕਿ ਉਹ ਦਿੱਖ ਦੀ ਪੱਧਰ 'ਤੇ ਹੀ ਨਹੀਂ ਤੱਤ ਰੂਪ ਵਿਚ ਵੀ ਸੁਖਾਵੀਂ-ਸੁਧਰੀ ਜ਼ਿੰਦਗੀ ਦਾ ਆਸ਼ਕ ਹੈ ਤੇ ਪ੍ਰਚਾਰਕ ਵੀ। ਜਦੋਂ ਕੁਝ ਸਾਲ ਪਹਿਲਾਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ ਕਾਨਫ਼ਰੰਸ ਵਿਚ ਪੇਸ਼ ਕਰਨ ਲਈ ਮੈਂ 'ਕਨੇਡੀਅਨ ਪੰਜਾਬੀ ਵਾਰਤਕ' ਬਾਰੇ ਪਰਚਾ ਲਿਖਿਆ ਤਾਂ ਨਿਮਨ-ਲਿਖਤ ਸ਼ਬਦਾਂ ਵਿਚ ਪੂਰਨ ਸਿੰਘ ਪਾਂਧੀ ਦੀ ਵਾਰਤਕ ਦੇ ਵਿਵੇਕ ਨੂੰ ਬਿਆਨ ਕੀਤਾ ਸੀ:

'ਵਾਰਤਕ ਲੇਖਕ ਪੂਰਨ ਸਿੰਘ ਪਾਂਧੀ ਦਾ ਉਚੇਚਾ ਜ਼ਿਕਰ ਕਰਨ ਦੀ ਵਾਜਬੀਅਤ ਇਸ ਕਰਕੇ ਬਣਦੀ ਹੈ ਕਿ ਉਹ ਗੁਰਬਖ਼ਸ਼ ਸਿੰਘ ਪ੍ਰੀਤਲੜੀ ਵਾਂਗ ਨਿਰੋਲ ਮਨੁੱਖੀ ਜੀਵਨ-ਜਾਚ ਬਾਰੇ ਲਿਖਣ ਵਾਲਾ ਇਕੋ-ਇਕ ਕਨੇਡੀਅਨ ਪੰਜਾਬੀ ਵਾਰਤਕ ਲੇਖਕ ਹੈ। ਉਹ ਗੁਰਬਾਣੀ, ਗੁਰ-ਇਤਿਹਾਸ ਅਤੇ ਸੰਗੀਤ ਦਾ ਗਿਆਤਾ ਹੈ। ਖੋਜੀ ਬਿਰਤੀ ਦਾ ਮਾਲਕ ਹੈ। ਕਨੇਡਾ ਵਿਚ ਜਿੱਥੇ ਇਧਰਲੇ ਪੰਜਾਬ ਨਾਲੋਂ ਵੀ ਕਈ ਗੁਣਾਂ ਵੱਧ ਦਿੱਖ ਦੀ ਸਿੱਖੀ ਦਾ ਬੋਲਬਾਲਾ ਹੈ, ਜਿੱਥੇ ਗੁਰੂਘਰਾਂ ਵਿਚ ਦਰਜਨਾਂ ਮਾਸੂਮਾਂ ਤੇ ਬੇਕਸੂਰੇ ਲੋਕਾਂ ਦੇ ਕਾਤਲਾਂ ਦੀਆਂ ਤਸਵੀਰਾਂ ਨਾਇਕਾਂ ਵਾਂਗ ਲਾਈਆਂ ਮਿਲਦੀਆਂ ਹਨ; ਓਥੇ ਆਪਣੀਆਂ ਲਿਖਤਾਂ ਰਾਹੀਂ ਸਿੱਖੀ ਦੇ ਤੱਤ ਨੂੰ, ਗੁਰਬਖ਼ਸ਼ ਸਿੰਘ ਵਾਂਗ ਹੀ, ਵਿਗਿਆਨਕ ਚੇਤਨਾ ਤੇ ਤਰਕਸ਼ੀਲਤਾ ਦੀ ਪੁੱਠ ਦੇ ਕੇ ਪੇਸ਼ ਕਰਨਾ ਤੇ ਭੇਖ ਦੀ ਸਿੱਖੀ ਨੂੰ ਵੰਗਾਰਦਿਆਂ, ਗੁਰਮਤਿ ਪ੍ਰੇਮੀਆਂ, ਖੋਜੀਆਂ, ਰਾਗੀਆਂ, ਢਾਡੀਆਂ, ਪਾਠੀਆਂ ਤੇ ਪ੍ਰਚਾਰਕਾਂ ਲਈ ਮਾਰਗ-ਦਰਸ਼ਨ ਕਰਨ ਦਾ ਸਾਹਿਤਕ ਹੀਲਾ ਕਰਨਾ ਜਿਗਰੇ ਦਾ ਕੰਮ ਵੀ ਹੈ ਤੇ ਵਿਚਾਰਾਂ ਨਾਲ ਪ੍ਰਤੀਬੱਧਤਾ ਨਿਭਾਉਣ ਦਾ ਮਿਸਾਲੀ ਨਮੂਨਾ ਵੀ। ਸੰਜਮਤਾ, ਸੰਖੇਪਤਾ, ਸਹਿਜਤਾ ਤੇ ਸੰਗੀਤਾਤਮਕਤਾ ਉਹਦੀ ਵਾਰਤਕ ਦੇ ਮੀਰੀ ਗੁਣ ਹਨ।'

ਇਨ੍ਹਾਂ ਸਤਰਾਂ ਵਿਚੋਂ ਪਾਂਧੀ ਦੀ ਬਹੁਰੰਗੀ ਸ਼ਖ਼ਸੀਅਤ ਦੇ ਕਈ ਝਲਕਾਰੇ ਮਿਲਦੇ ਹਨ। ਉਹਦਾ ਨਜ਼ਰੀਆ, ਉਹਦੀ ਪ੍ਰਤੀਬੱਧਤਾ, ਉਹਦਾ ਗੱਲ ਕਹਿਣ ਦਾ ਹੁਨਰ ਤੇ ਹੁਸਨ, ਉਹਦਾ ਬਹੁ-ਪਰਤੀ ਤੇ ਬਹੁ-ਪਸਾਰੀ ਗਿਆਨ, ਉਹਦਾ ਰਚਨਾਤਮਕ ਵਿਵੇਕ ਅਤੇ ਕਨੇਡੀਅਨ ਪੰਜਾਬੀ ਵਾਰਤਕ ਵਿਚ ਉਹਦੀ ਅਨੋਖੀ ਤੇ ਇਕੱਲੀ ਪਛਾਣ। ਉਪ੍ਰੋਕਤ ਸਤਰਾਂ ਵਿਚ ਉਹਦੇ ਇਕ ਰੰਗ 'ਸੰਗੀਤ ਗਿਆਤਾ' ਹੋਣ ਵੱਲ ਵੀ ਸੰਕੇਤ ਹੈ। ਏਥੇ ਅਸੀਂ ਏਸੇ ਰੰਗ ਦੇ ਤਲਿਸਮ ਵਿਚ ਉਤਰਨਾ ਹੈ। ਜਦੋਂ ਮੈਂ ਉਪਰਲੀਆਂ ਸਤਰਾਂ ਲਿਖੀਆਂ ਸਨ ਤਾਂ ਚਲਾਵਾਂ ਜਿਹਾ ਹੀ ਪਤਾ ਸੀ ਕਿ ਉਹ ਸੰਗੀਤ ਦਾ ਚੰਗਾ ਜਾਣਕਾਰ ਹੈ। ਫਿਰ ਕਦੀ ਕਦੀ ਕਿਸੇ ਸੰਗੀਤਕ ਮਹਿਫ਼ਲ ਵਿਚ ਉਹਦੀ ਡੁੱਲ੍ਹ ਡੁੱਲ੍ਹ ਪੈਂਦੀ ਉਤੇਜਨਾ, ਉਤਸ਼ਾਹ ਤੇ ਉਮਾਹ ਦੀ ਦਰਿਆਫ਼ਤ ਕਰਨ 'ਤੇ ਜਾਣਕਾਰੀ ਮਿਲੀ ਕਿ ਉਹ ਤਾਂ ਸੰਗੀਤ-ਸਮੁੰਦਰ ਦੇ ਡੂੰਘੇ ਪਾਣੀਆਂ ਦਾ ਤੈਰਾਕ ਹੈ। ਕਲਾਸੀਕਲ ਗਾਇਕੀ ਦਾ ਡਿਪਲੋਮਾ ਹੋਲਡਰ, ਵਾਇਲਨ, ਦਿਲਰੁਬਾ ਤੇ ਕਈ ਹੋਰ ਸਾਜ਼ਾਂ ਦਾ ਉਸਤਾਦ। ਉਮਰ ਦੇ ਕੀਮਤੀ ਛੱਤੀ ਸਾਲ ਪੰਜਾਬ ਦੇ ਸਕੂਲਾਂ ਵਿਚ ਮਾਂ ਬੋਲੀ ਪੰਜਾਬੀ ਅਧਿਆਪਕ ਰਿਹਾ ਹੈ। ਹੁਣ ਜਦੋਂ ਮੈਂ ਹਥਲੀ ਕਿਤਾਬ ਦੀ ਸੰਗਤ ਮਾਣ ਕੇ ਹਟਿਆ ਤਾਂ ਲੱਗਾ ਕਿ ਰਾਗ ਤਾਂ ਉਹਦੀਆਂ ਰਗਾਂ ਵਿਚ ਲਹੂ ਬਣ ਕੇ ਹੀ ਨਹੀਂ ਵਗਦਾ ਪਿਆ ਸਗੋਂ, ਬਾਕੌਲ ਬਾਬਾ ਬੁੱਲ੍ਹੇ ਸ਼ਾਹ ਉਹਦੀਆਂ 'ਅੱਖਾਂ ਵਿਚੋਂ ਵੀ ਟਪਕਦਾ' ਪਿਆ ਹੈ। 'ਰਾਂਝਾ ਰਾਂਝਾ ਕਰਦੀ ਨੀ ਮੈਂ ਆਪੇ ਰਾਂਝਾ ਹੋਈ' ਵਾਂਗ ਉਹ 'ਰਾਗ! ਰਾਗ!!' ਅਲਾਪਦਾ ਜਿਵੇਂ ਆਪ ਹੀ 'ਰਾਗ' ਹੋ ਗਿਆ ਹੋਵੇ। ਰਾਗ ਤੇ ਸੰਗੀਤ ਉਹਦੀ ਰੂਹ ਵੀ ਹਨ ਤੇ ਜਿਸਮ ਵੀ। ਉਹਦਾ ਚੇਤਨ ਵੀ ਤੇ ਅਵਚੇਤਨ ਵੀ। ਉਹਦਾ ਓਢਣਾ ਤੇ ਵਿਛਾਉਣਾ ਵੀ। ਉਹ ਪੰਜਾਬ ਦੀ ਵਿਰਾਸਤ ਨੂੰ ਪ੍ਰਣਾਇਆ ਰੰਗ-ਰੱਤਾ ਆਸ਼ਕ ਹੈ।

ਮੈਂ ਇਹ ਗੱਲ ਬੜੀ ਵਾਰ ਕੀਤੀ ਹੈ ਕਿ ਅਸੀਂ ਪੰਜਾਬੀ ਲੋਕ ਸ਼ਾਇਰੀ ਦੇ ਜੰਮੇ-ਜਾਏ ਹਾਂ। ਗੁਰਬਾਣੀ ਤੇ ਸੂਫ਼ੀ ਕਲਾਮ ਸਾਡੀ ਕਾਵਿਕ ਵਿਰਾਸਤ ਤੇ ਸ਼ਬਦ ਦੀ ਵਡਿਆਈ ਦੇ ਬੁਲੰਦ ਪ੍ਰਮਾਣ ਹਨ। ਬਾਬਾ ਨਾਨਕ ਤਾਂ ਜਿੱਥੇ ਵੀ ਜਾ ਕੇ ਵਿਰੋਧੀ ਤੇ ਪਿਛਾਖੜੀ ਧਿਰਾਂ ਨਾਲ ਸੰਵਾਦ ਰਚਾਉਂਦਾ ਸੀ, ਓਥੇ ਉਸਦਾ ਸਭ ਤੋਂ ਵੱਡਾ ਸੰਵਾਦੀ ਹਥਿਆਰ ਸ਼ਾਇਰੀ ਤੇ ਸ਼ਬਦ ਹੀ ਹੁੰਦਾ ਸੀ। ਵਿਰੋਧੀਆਂ ਦੇ ਗੜ੍ਹ ਵਿਚ ਜਾ ਕੇ, ਉਨ੍ਹਾਂ ਦੇ ਗੁੱਸੇ ਅਤੇ ਸਵਾਲਾਂ ਦੀ ਬੌਛਾੜ ਦਾ ਸਾਹਮਣਾ ਕਰਨ ਲਈ ਉਸਦੀ ਢਾਲ-ਤਲਵਾਰ ਸ਼ਾਇਰੀ ਤੇ ਸ਼ਬਦ ਦੀ ਤਾਕਤ ਹੀ ਹੁੰਦੀ ਸੀ। ਅਜਿਹੇ ਤਣਾਓ ਨਾਲ ਤਣੇ ਮਾਹੌਲ ਵਿਚ ਬਾਬਾ ਸਹਿਜ ਨਾਲ ਮੁਸਕਰਾਉਂਦਾ ਤੇ ਆਪਣੇ ਸੰਗੀ ਮਰਦਾਨੇ ਨੂੰ ਆਖਦਾ, 'ਮਰਦਾਨਿਆਂ! ਰਬਾਬ ਵਜਾਇ!'

ਮਰਦਾਨਾ ਰਬਾਬ ਦੀਆਂ ਤਾਰਾਂ ਨੂੰ ਚਮਤਕਾਰੀ ਛੂਹ ਨਾਲ ਬੋਲਣ ਲਾ ਦਿੰਦਾ। ਮਨਾਂ ਤੇ ਮਾਹੌਲ ਉੱਤੇ ਇੱਕ ਇਲਾਹੀ ਵੱਜਦ ਤਾਰੀ ਹੋ ਜਾਂਦਾ। ਜਿਵੇਂ ਘਾਹ-ਫੂਸ ਤੇ ਨਦੀਨ ਨਾਲ ਭਰੀ ਅੱਪੜ ਜ਼ਮੀਨ ਵਿਚ ਹਲ ਵਗ ਰਿਹਾ ਹੋਵੇ। ਰਬਾਬ ਦੀਆਂ ਛੇੜੀਆਂ ਸੁਰਾਂ ਦੀ ਸੰਵੇਦਨੀ ਛੂਹ ਨਾਲ ਜਦੋਂ ਮਨ ਦੀ ਧਰਤੀ ਵੱਤਰ ਹੋ ਕੇ ਵਾਹੀ ਤੇ ਸੁਹਾਗੀ ਜਾਂਦੀ ਤਾਂ ਬਾਬਾ ਰਾਗ ਤੇ ਰਬਾਬ ਨਾਲ ਵਾਹੇ ਸਿਆੜਾਂ ਵਿਚ ਆਪਣੇ ਸ਼ਬਦ ਦਾ ਬੀਜ ਬੀਜਦਾ। ਪੂਰਨ ਸਿੰਘ ਪਾਂਧੀ ਦੀਆਂ ਜਦੋਂ ਮੈਂ ਨਿਮਨ ਲਿਖਤ ਸਤਰਾਂ ਪੜ੍ਹੀਆਂ ਤਾਂ ਲੱਗਾ; ਉਹ ਤਾਂ ਮੇਰਾ ਹੀ ਵੱਡਾ ਭਰਾ ਹੈ।

'ਰਬਾਬ ਦੀਆਂ ਧੁਨਾਂ ਵਿਚ ਸੁਰ ਹੋਈ ਆਤਮਾ ਹੀ ਧਰਮ ਦੇ ਇੱਕ ਵੱਡੇ ਗੜ੍ਹ ਵਿਚ, ਇੱਕ ਵੱਡੇ ਹਜੂਮ ਨੂੰ ਉਚੀ ਬਾਹ ਕਰ ਕੇ ਆਖ ਸਕਦੀ ਹੈ, 'ਠਹਿਰੋ! ਕਿਉਂ ਏਨਾ ਸ਼ੋਰ ਮਚਾਇਆ ਹੈ?' ਅੱਗੋਂ ਖ਼ਲਕਤ ਆਖਦੀ ਹੈ, 'ਸ਼ੋਰ ਨਹੀਂ, ਅਸੀਂ ਭਗਵਾਨ ਦੀ ਆਰਤੀ ਕਰਦੇ ਪਏ ਹਾਂ।' ਤੇ ਫਿਰ ਜਦੋਂ ਉਹ ਸੁਹਣੀ ਆਤਮਾ ਆਪਣੇ ਸੁਰੀਲੇ ਕੰਠ ਵਿਚੋਂ ਆਰਤੀ ਦੇ ਅਸਲ ਅਰਥ ਉਜਾਗਰ ਕਰਦੀ ਹੈ ਤਾਂ ਸੁੰਨ ਹੋਈ ਖ਼ਲਕਤ ਦੇਖਦੀ ਰਹਿ ਜਾਂਦੀ ਹੈ।'

ਤੇ ਬਾਬੇ ਨਾਨਕ ਨੇ ਕਿਤੇ ਇੱਕੋ 'ਗੜ੍ਹ' ਹੀ ਤਾਂ ਨਹੀਂ ਸੀ ਫ਼ਤਹਿ ਕੀਤਾ। ਨਾਨਕ ਤੇ ਮਰਦਾਨੇ ਦਾ ਸੰਗਮ ਸੰਗੀਤ ਤੇ ਸ਼ਬਦ ਦੇ ਮਿਲਾਪ ਦਾ



ਅਲੌਕਿਕ ਚਮਤਕਾਰ ਸੀ। ਕਿੰਨੇ ਸੱਜਣ, ਕੌਡੇ, ਵਲੀ ਕੰਧਾਰੀ, ਮੁੱਲਾਂ-ਕਾਜ਼ੀ, ਸਿੱਧ, ਪੰਡਿਤ ਤੇ ਜੋਗੀ ਸ਼ਬਦ ਤੇ ਸੰਗੀਤ ਦੀ ਸ਼ਕਤੀ ਨੇ ਕੀਲ ਕੇ ਕਾਗੋਂ ਹੰਸ ਬਣਾ ਦਿੱਤੇ।

ਲੱਗਦਾ ਹੈ ਪਾਂਧੀ ਜਿਵੇਂ ਮੇਰੇ ਵਾਂਗ ਹੀ ਸੋਚਣ, ਬੋਲਣ ਤੇ ਲਿਖਣ ਵਾਲਾ ਬੰਦਾ ਹੈ! ਨਹੀਂ ਸੱਚ; ਕਹਿਣਾ ਤਾਂ ਇਹ ਚਾਹੀਦਾ ਹੈ ਕਿ ਇਸ ਪੱਖੋਂ ਮੈਂ ਵੀ ਉਹਦੇ ਵਾਂਗ ਹੀ ਸੋਚਦਾ ਤੇ ਬੋਲਦਾ ਹਾਂ। ਅਜਿਹੇ 'ਆਪਣੇ ਕਰੂਰੇ' ਵਾਲੇ ਬੰਦੇ ਕਿਤੇ ਸੌਖਿਆਂ ਤਾਂ ਨਹੀਂ ਲੱਭਦੇ। ਹਮਾਕਤ ਨਾ ਸਮਝ ਲਈ ਜਾਵੇ ਤਾਂ ਕੀ ਮੈਂ ਆਖਣ ਦੀ ਖੁੱਲ੍ਹ ਲੈ ਸਕਦਾ ਹਾਂ ਕਿ ਇਸ ਨੁਕਤੇ 'ਤੇ 'ਦੋ 'ਸਿਆਣੇ' ਇੱਕ ਮੱਤ' ਹੋ ਗਏ ਜਾਪਦੇ ਨੇ!!! ਉਂਜ ਮੈਂ ਜਾਣਦਾਂ ਕਿ ਅਸਲੀ ਸਿਆਣਾ ਤਾਂ ਪੂਰਨ ਸਿੰਘ ਪਾਂਧੀ ਹੀ ਹੈ, ਮੈਂ ਤਾਂ ਮੌਕਾ ਬਣਦਾ ਵੇਖ 'ਘਰ ਨੂੰ ਸਿਆਣਾ' ਹੋਣ ਦੀ ਮੱਲ ਮਾਰਨ ਦਾ ਮੌਕਾ ਬਣਾ ਲਿਐ! ਗੱਲ ਕਿਤੇ 'ਮੈਂ ਤੇ ਬੇਬੇ ਇੱਕੀ ਵਾਲੀ' ਤਾਂ ਨਹੀਂ ਬਣ ਗਈ!

ਪਾਂਧੀ ਲਈ ਸੰਗੀਤ ਕੇਵਲ ਕਿਸੇ ਸਾਜ਼ ਦੇ ਵੱਜਣ ਤੇ ਉਹਦੀ ਸੁਰ ਨਾਲ ਕਿਸੇ ਗਾਇਕ ਦੀ ਆਵਾਜ਼ ਦੇ ਸੁਜੋੜ ਦਾ ਨਾਂ ਹੀ ਨਹੀਂ ਸਗੋਂ ਉਹ ਸੰਗੀਤ ਨੂੰ ਵਿਆਪਕ ਅਰਥਾਂ ਤੱਕ ਫੈਲਾ ਦਿੰਦਾ ਹੈ ਤੇ ਸਾਡੀ ਸੋਚ ਦੇ ਦਿਸਹੱਦਿਆਂ ਦਾ ਘੇਰਾ ਵਿਸ਼ਾਲ ਤੋਂ ਵਿਸ਼ਾਲਤਰ ਕਰਦਾ ਜਾਂਦਾ ਹੈ। ਉਸ ਲਈ ਤਾਂ ਸੰਗੀਤ ਨਿਰ-ਆਕਾਰ ਮਹਾਂ-ਸ਼ਕਤੀ ਦਾ ਨਾਦ ਹੈ। ਅਨਹਦ ਨਾਦ ਦੀ ਧੁਨੀ ਹੈ। ਪ੍ਰਕਿਰਤੀ ਦੇ ਲੋਹੜੇ ਦੇ ਹੁਸਨ ਵਿਚ, ਸਮੁੱਚੀ ਕਾਇਨਾਤ ਦੇ ਅਦਭੁਤ ਪਸਾਰੇ ਤੇ ਨੇਮ-ਵਿਧਾਨ ਵਿਚ, ਮਨੁੱਖੀ ਮਨ ਦੀਆਂ ਸੰਵੇਦਨਾਵਾਂ ਤੇ ਭਾਵਨਾਵਾਂ ਵਿਚ ਰਾਗ, ਨਾਦ, ਸੁਰ, ਸ਼ਬਦ ਦੀਆਂ ਮੂਲ ਗੂੰਜਾਂ ਵਿਦਮਾਨ ਹਨ। ਖੁਸ਼ਕ ਜਾਪਦਾ ਗਿਆਨ ਵੀ ਜਦੋਂ ਸੁਰ ਹੋ ਕੇ ਜਾਗਦਾ ਤੇ ਬੋਲਦਾ ਹੈ ਤਾਂ ਬੁੱਧ ਦੀ ਆਤਮਾ ਵਿਚ ਪ੍ਰਕਾਸ਼ ਫੈਲ ਜਾਂਦਾ ਹੈ; ਅਸ਼ੋਕ ਨੂੰ ਹਜ਼ਾਰ-ਹਾਅ ਲੋਕਾਂ ਨੂੰ ਕਤਲ ਕਰ ਕੇ ਪ੍ਰਾਪਤ ਕੀਤੀ ਜਿੱਤ ਵੀ ਹਾਰ ਜਾਪਣ ਲੱਗ ਪੈਂਦੀ ਹੈ। ਸੁਰ ਹੋਈਆਂ ਆਤਮਾਵਾਂ ਦਾ ਕੌਤਕ ਹੀ ਮੀਰਾ ਤੇ ਰਾਬਿਆ ਜਿਹੀਆਂ ਹਸਤੀਆਂ ਨੂੰ ਇਤਿਹਾਸ ਦਾ ਹਸਤਾਖ਼ਰ ਬਣਾ ਧਰਦਾ ਹੈ। ਸੁਰ ਹੋਈ ਆਤਮਾ ਵਿਚੋਂ ਖ਼ੁਦਾ ਬੋਲਦਾ ਹੈ ਤਾਂ ਕਿਸੇ ਮਨਸੂਰ ਲਈ ਸੂਲੀ ਵੀ ਫੁੱਲਾਂ ਦੀ ਸੇਜ ਬਣ ਜਾਂਦੀ ਹੈ, ਇਬਰਾਹੀਮ ਵਰਗਿਆਂ ਦੇ ਪੈਰ ਹੇਠਾਂ ਵਿਛਾਏ ਅੰਗਿਆਰ ਵੀ ਫੁੱਲ ਬਣ ਜਾਂਦੇ ਹਨ। ਸੁਰ ਹੋਈ ਆਤਮਾ ਜਦੋਂ ਹਜ਼ਰਤ ਮੁਹੰਮਦ ਦੇ ਰੂਪ ਵਿਚ ਉਮਰ ਵਰਗੇ ਹਮਲਾਵਰਾਂ ਨੂੰ ਮੁਖ਼ਾਤਬ ਹੁੰਦੀ ਹੈ ਤਾਂ ਕਤਲ ਕਰਨ ਲਈ ਉਠੀ ਤਲਵਾਰ ਜ਼ਮੀਨ 'ਤੇ ਢਹਿ ਪੈਂਦੀ ਹੈ। ਸੁਰ ਹੋਈ ਆਤਮਾ ਦੀ ਕਰਾਮਾਤ ਦਾ ਸਦਕਾ ਭਾਈ ਘਨਈਏ ਨੂੰ ਹਰੇਕ ਜ਼ਖ਼ਮੀ ਦੁਸ਼ਮਣ ਦੇ ਚਿਹਰੇ ਵਿਚੋਂ ਆਪਣੇ ਗੁਰੂ ਦਾ ਨੂਰ ਡਲਕਦਾ ਦਿਖਾਈ ਦਿੰਦਾ ਹੈ।

ਸੰਗੀਤਕ ਤੇ ਸੁਰੀਲੀਆਂ ਰੂਹਾਂ ਦੀ ਗੱਲ ਕਰਦੇ ਪਾਂਧੀ ਦੀ ਆਤਮਾ ਵਿਚੋਂ ਵੀ ਸੰਗੀਤਕ ਸੁਰਾਂ ਦੀ ਖਣਕ ਸੁਣਾਈ ਦੇਣ ਲੱਗਦੀ ਹੈ। ਚੰਦਨ ਦੇ ਕੋਲ ਰਹਿੰਦਿਆਂ ਉਹਦੇ ਵਿਚੋਂ ਵੀ ਚੰਦਨ ਦੀ ਵਾਸ ਆਉਣੀ ਕੁਦਰਤੀ ਹੈ। ਉਹ ਸੰਗੀਤ ਦੀਆਂ ਬਰੀਕੀਆਂ, ਪਰਤਾਂ ਅਤੇ ਪਸਾਰਾਂ ਨੂੰ ਹੀ ਪਰਿਭਾਸ਼ਤ ਨਹੀਂ ਕਰਦਾ ਸਗੋਂ ਇਸ ਨਾਲ ਜੁੜੇ ਇਤਿਹਾਸ-ਮਿਥਿਹਾਸ ਦੇ ਡੂੰਘ ਤੇ ਵਿਸਥਾਰ ਵਿਚ ਜਾਂਦਿਆਂ ਮਨੁੱਖੀ ਸ਼ਖ਼ਸੀਅਤ ਤੇ ਮਨੁੱਖੀ ਜ਼ਿੰਦਗੀ ਨੂੰ ਵੀ ਪਰਿਭਾਸ਼ਤ ਕਰਦਾ ਹੈ। ਉਹ ਜ਼ਿੰਦਗੀ ਨੂੰ ਵੀ ਸੁਰ-ਬੱਧ ਹੋਇਆ ਲੋਚਦਾ ਹੈ। ਗੁਰਬਖ਼ਸ਼ ਸਿੰਘ ਪ੍ਰੀਤ-ਲੜੀ ਵੱਲੋਂ ਪ੍ਰਚਿਤ ਕੀਤੀ 'ਸੁਖਾਵੀਂ ਸੁਧਰੀ ਜ਼ਿੰਦਗੀ' ਨੂੰ ਉਹ 'ਸੰਗੀਤਕ ਤੇ ਸੁਰੀਲੀ ਜ਼ਿੰਦਗੀ' ਦਾ ਨਵਾਂ ਆਯਾਮ ਤੇ ਨਵਾਂ ਨਾਮ ਦਿੰਦਾ ਹੈ। ਪੰਜਾਬੀ ਵਾਰਤਕ ਵਿਚ ਨਜ਼ਰਿਆਤੀ ਪੱਖ ਤੋਂ ਇਹ ਪਾਂਧੀ ਦੀ ਨਿਵੇਕਲੀ ਦੇਣ ਹੈ।

ਇਹ ਵੀ ਪਾਂਧੀ ਦੀ ਨਜ਼ਰ ਦਾ ਕੋਈ ਸੁਭਾਗਾ ਸੰਕੇਤ ਹੋਵੇਗਾ ਕਿ ਉਸਨੇ ਰਾਗ ਤੇ ਸੰਗੀਤ ਜਿਹੇ ਵਿਸ਼ੇ ਬਾਰੇ ਮੇਰੇ ਜਿਹੇ ਅਸਲੋਂ ਹੀ ਅਨਪੜ੍ਹ ਅਤੇ ਰਾਗ ਜਾਂ ਸੰਗੀਤ ਬਾਰੇ ਮੂਲੋਂ ਹੀ ਕੋਰੇ ਬੰਦੇ ਨੂੰ ਇਹ ਸਤਰਾਂ ਲਿਖਣ ਲਈ ਹੁਕਮ ਕੀਤਾ। ਸ਼ਾਇਦ ਇਸ ਕਰ ਕੇ ਕਿ ਸਾਡੀਆਂ ਅੰਦਰੂਨੀ ਸੁਰਾਂ ਕਿਤੇ ਆਪਸ ਵਿਚ ਮਿਲਦੀਆਂ ਹੋਣਗੀਆਂ! ਪੁਸਤਕ ਦੇ ਅਧਿਅਨ ਤੋਂ ਬਾਅਦ ਮੈਨੂੰ ਤਾਂ ਲੱਗਦਾ ਹੈ ਕਿ ਪੂਰਨ ਸਿੰਘ ਪਾਂਧੀ ਭਾਵੇਂ ਆਪ ਨੂੰ ਨਿਮਰਤਾ ਵੱਸ ਆਖਦਾ ਤਾਂ 'ਪਾਂਧੀ' ਹੀ ਹੈ ਪਰ ਸੰਗੀਤ ਬਾਰੇ ਉਸਦੇ ਗਿਆਨ ਤੋਂ ਸਹਿਜੇ ਹੀ ਅਨੁਮਾਨ ਲਾਇਆ ਜਾ ਸਕਦਾ ਹੈ ਕਿ ਹੈ ਉਹ ਇਸ ਖੇਤਰ ਦਾ 'ਪਹੁੰਚਿਆ' ਹੋਇਆ ਬੰਦਾ! ਉਹਨੇ ਆਪਣੇ ਨਾਂ 'ਪੂਰਨ' ਦੀ ਰੱਖ ਵਿਖਾਈ ਹੈ।

ਕਿਸੇ ਵੀ ਰਚਨਾ ਦੇ ਗੁਹਜ ਵਿਚ ਉਤਰਨ ਤੇ ਸੁਹਜ ਨੂੰ ਮਾਨਣ ਲਈ ਰਚਨਾ-ਵਸਤੂ ਦੀਆਂ ਵਿਭਿੰਨ ਤੰਦਾਂ ਨੂੰ ਪਕੜਨ ਤੇ ਤਰੰਗਾਂ ਨੂੰ ਮਹਿਸੂਸਣ ਦੀ ਜ਼ਰੂਰਤ ਹੁੰਦੀ ਹੈ। ਸ਼ਬਦ ਅਤੇ ਸੰਗੀਤ ਦੇ ਅਜਿਹੇ ਸੁਜੋੜ ਅਤੇ ਸ਼ਕਤੀ ਦਾ ਮੈਨੂੰ ਪਤਾ ਤਾਂ ਭਲੀ-ਭਾਂਤ ਹੈ ਪਰ ਜਿਸ ਸ਼ਿੱਦਤ ਨਾਲ ਰਾਗ ਤੇ ਸੰਗੀਤ ਦੀਆਂ ਡੂੰਘਾਣਾਂ ਵਿਚ ਉੱਤਰ ਕੇ ਇਸਦਾ ਤੀਬਰ ਅਹਿਸਾਸ ਮੈਨੂੰ ਪੂਰਨ ਸਿੰਘ ਪਾਂਧੀ ਨੇ ਕਰਾਇਆ ਹੈ, ਅਜਿਹਾ ਚਮਤਕਾਰ ਪਹਿਲਾਂ ਕਦੀ ਨਹੀਂ ਸੀ ਹੋਇਆ। ਰਾਗ ਅਤੇ ਸੰਗੀਤ ਦੀਆਂ ਬਰੀਕੀਆਂ ਤੇ ਡੂੰਘਾਈਆਂ ਦੇ ਅਨੇਕਾਂ ਝਰੋਖੇ ਮੇਰੀਆਂ ਅੱਖਾਂ ਅੱਗੇ ਇਕ-ਦਮ ਖੁੱਲ੍ਹ ਕੇ ਲਿਸ਼ ਲਿਸ਼ ਲਿਸ਼ਕਣ ਲੱਗ ਪਏ। ਰਾਗ ਅਤੇ ਸੰਗੀਤ ਦੇ ਵਿਸ਼ੇਸ਼ੱਗਾਂ ਲਈ, ਹੋ ਸਕਦੈ, ਇਹ ਸੰਗੀਤ ਦੇ ਸਰੂਪ, ਇਤਿਹਾਸ ਤੇ ਰੁਝਾਨ ਨਾਲ ਸੰਬੰਧਤ ਪ੍ਰਾਇਮਰੀ ਪੱਧਰ ਦੀ ਮੁਢਲੀ ਕਿਤਾਬ ਹੀ ਹੋਵੇ। ਪਰ ਮੇਰੇ ਵਰਗੇ ਲਈ, ਜਿਹੜਾ ਇਸ ਸਕੂਲ ਵਿਚ ਕਦੀ ਦਾਖ਼ਲ ਹੀ ਨਹੀਂ ਹੋਇਆ, ਇਹ ਵਡੇਰੇ ਮਹੱਤਵ ਵਾਲੀ ਕਿਤਾਬ ਹੈ। ਕਿਸੇ ਵੀ ਬੰਦੇ ਨੇ ਕਿਸੇ ਵਸਤ ਦਾ ਮੁੱਲ ਆਪਣੀ ਨਜ਼ਰ ਅਤੇ ਸਮਝ ਨਾਲ ਹੀ ਪਾਉਣਾ ਹੁੰਦਾ ਹੈ। ਮੇਰੀ ਨਜ਼ਰ ਤੇ ਮੇਰੀ ਸਮਝ ਵਿਚ ਪਾਂਧੀ ਕੋਲ ਸੰਗੀਤ ਨਾਲ ਸੰਬੰਧਤ ਇਤਿਹਾਸ-ਮਿਥਿਹਾਸ ਦਾ ਅਖੁੱਟ ਖ਼ਜ਼ਾਨਾ ਹੈ; ਇਸ ਖ਼ਜ਼ਾਨੇ ਨੂੰ ਸੋਹਣੀ ਤੇ ਸੁਹੰਡਣੀ ਵਾਰਤਕ ਵਿਚ ਲਿਸ਼ਕਾਉਣ-ਚਮਕਾਉਣ ਅਤੇ ਵਰਤਣ-ਖ਼ਰਚਣ ਦਾ ਸੁੰਦਰ ਸਲੀਕਾ ਵੀ ਹੈ।

ਸੰਗੀਤ ਬਾਰੇ ਉਹਦੇ ਗਿਆਨ ਤੇ ਸਿਆਣਪ ਦਾ ਕਲਾਵਾ ਡਾਢਾ ਮੋਕਲਾ ਹੈ। ਇਹ ਨਹੀਂ ਕਿ ਕਿਸੇ ਹੋਰ ਸੰਗੀਤ-ਸਿਆਣੇ ਕੋਲ ਅਜਿਹਾ ਗਿਆਨ ਨਹੀਂ। ਇਸਤੋਂ ਵੀ ਵੱਧ ਹੋਵੇਗਾ ਤੇ ਹੋ ਵੀ ਸਕਦਾ ਹੈ। ਦੁਨੀਆਂ ਪਰੇ ਸੇ ਪਰੇ! ਪਰ ਪੰਜਾਬੀ ਵਿਚ ਸ਼ਾਇਦ ਇਹ ਪਹਿਲੀ ਪੁਸਤਕ ਹੋਵੇ ਜਿਸ ਦੇ ਮਾਧਿਅਮ ਰਾਹੀਂ, ਸੰਗੀਤ ਬਾਰੇ ਸੰਗਠਿਤ ਰੂਪ ਵਿਚ ਏਨੇ ਵਿਸਥਾਰ ਅਤੇ ਬਰੀਕੀ ਵਿਚ ਲਿਖਤੀ ਸ਼ਬਦ-ਸੁਰਾਂ ਨਾਲ ਪੰਜਾਬੀ ਪਾਠਕ ਪ੍ਰੀਚਤ ਹੋਇਆ ਹੋਵੇ।

ਸੰਗੀਤ ਬਾਰੇ ਪਾਂਧੀ ਕੋਲ 'ਵਾਰਿਸਸ਼ਾਹੀ' ਗਿਆਨ ਹੈ। ਸੰਗੀਤ ਤੇ ਰਾਗ ਨਾਲ ਜੁੜੀਆਂ ਵਿਭਿੰਨ ਵੰਨਗੀਆਂ ਅਤੇ ਸੰਕਲਪਾਂ ਨੂੰ ਪਰਿਭਾਸ਼ਤ ਕਰਦਿਆਂ ਵਿਭਿੰਨ ਧਰਮਾਂ ਤੇ ਧਾਰਮਕ ਗ੍ਰੰਥਾਂ ਦਾ ਗਿਆਨ ਵੀ ਉਹਦੀ ਚੇਤਨਾ ਵਿਚ ਚਮਕਦਾ ਹੈ। ਰਿਗ ਵੇਦ ਦੇ ਸਮੇਂ ਤੋਂ ਲੈ ਕੇ ਦੂਜੇ ਵੇਦਾਂ, ਉਪਨਿਸ਼ਦਾਂ ਤੇ ਹੋਰ ਧਾਰਮਕ ਗ੍ਰੰਥਾਂ ਦੇ ਹਵਾਲਿਆਂ ਨਾਲ ਓਤ-ਪੋਤ ਗਿਆਨ ਉਹਦੀ ਵਾਰਤਕ ਦੀ ਕੀਮਤ ਤੇ ਸੋਭਾ ਬਣਦਾ ਹੈ। ਜੇ ਮਿਥਿਕ ਹਵਾਲਿਆਂ ਦੀ ਗੱਲ ਕਰੀਏ ਤਾਂ ਉਹ ਬ੍ਰਹਮਾ, ਸ਼ਿਵ, ਪਾਰਵਤੀ, ਨਾਰਦ, ਅਪਸਰਾਵਾਂ ਨਾਲ ਸੰਬੰਧਤ ਪੜਾਵਾਂ ਵਿਚੋਂ ਲੰਘ ਕੇ ਸਵਰਗ ਤੋਂ ਮਾਤਲੋਕ ਤੱਕ ਦੇ ਸੰਗੀਤਕ ਸਫ਼ਰ ਨੂੰ ਸਾਡੀ ਨਜ਼ਰ ਗੋਚਰੇ ਕਰ ਦਿੰਦਾ ਹੈ। ਅਤਿ ਪ੍ਰਾਚੀਨ ਕਾਲ ਤੋਂ ਲੈ ਕੇ ਵਰਤਮਾਨ ਦੌਰ ਤੱਕ ਦੇ ਗਾਇਕਾਂ, ਸੰਗੀਤਕਾਰਾਂ, ਗਾਇਨ-ਸ਼ੈਲੀਆਂ, ਗਾਇਕ ਘਰਾਣਿਆਂ, ਮਹਾਂ-ਪੁਰਖਾਂ, ਭਗਤਾਂ-ਸੰਤਾਂ, ਸੂਫ਼ੀਆਂ, ਗੁਰੂਆਂ ਬਾਰੇ ਉਹਦਾ ਗਿਆਨ ਉਹਦੀ ਡੂੰਘੀ ਖੋਜੀ ਬਿਰਤੀ ਦਾ ਪ੍ਰਮਾਣਿਕ ਸਬੂਤ ਹੈ। ਦੇਸ਼-ਵਿਦੇਸ਼ ਦੇ ਇਤਿਹਾਸ/ਮਿਥਿਹਾਸ ਵਿਚੋਂ ਡੂੰਘੀ ਚੁੱਭੀ ਮਾਰ ਕੇ ਲੱਭੇ ਗਿਆਨ ਦੇ ਕੀਮਤੀ ਹੀਰੇ-ਮੋਤੀਆਂ ਦੇ ਲੋੜੀਂਦੇ ਤੇ ਸੁਹਜੀਲੇ ਹਵਾਲੇ ਉਹਦੇ ਕਥਨ ਦੀ ਪ੍ਰਮਾਣਿਕਤਾ ਤੇ ਸਦਾਕਤ ਦੀ ਗਵਾਹੀ ਵੀ ਭਰਦੇ ਹਨ ਅਤੇ ਨਾਲ ਦੇ ਨਾਲ ਪਠਨ-ਆਨੰਦ ਦੀ ਆਭਾ ਨਾਲ ਪਾਠਕ ਦੇ ਮਨ-ਮਸਤਕ ਨੂੰ ਨੂਰੋ-ਨੂਰ ਵੀ ਕਰ ਦਿੰਦੇ ਹਨ।

ਸੰਗੀਤ ਜਿਹੀ ਸੂਖ਼ਮ ਕਲਾ ਦੀ ਗੱਲ ਖੁਰਦਰੀ ਵਾਰਤਕ ਵਿਚ ਸੋਭਾ ਨਹੀਂ ਪਾਉਂਦੀ। ਇਸ ਲਈ ਸੁਰੀਲਾ ਤੇ ਸੰਗੀਤਕ ਅੰਦਾਜ਼-ਏ-ਬਿਆਂ ਹੋਣਾ ਲਾਜ਼ਮੀ ਹੈ। ਪੂਰਨ ਸਿੰਘ ਪਾਂਧੀ ਨੇ ਇਹ ਅੰਦਾਜ਼-ਏ-ਬਿਆਂ ਆਪਣੀ ਮਿਹਨਤ ਨਾਲ ਕਮਾਇਆ ਹੈ। ਜਿਵੇਂ 'ਹਰ ਅਵਾਜ਼ ਗਾਇਕੀ ਦੇ ਸੰਚੇ ਦੇ ਫਿੱਟ ਨਹੀਂ ਹੁੰਦੀ। ਅਰੜਾਉਣ, ਬਰੜਾਉਣ, ਹੋਕਰੇ ਤੇ ਲਲਕਾਰੇ ਮਾਰਨ ਅਤੇ ਗਾਇਕੀ ਵਿਚ ਬੜਾ ਫ਼ਰਕ ਹੈ। ਕੁਹਾੜੇ ਨਾਲ ਤੱਛਣ ਤੇ ਰੰਦੇ ਨਾਲ ਰੰਦਣ ਤੇ ਖਰਾਦਣ ਵਿਚ ਬੜਾ ਫ਼ਰਕ ਹੈ।' ਇੰਜ ਹੀ ਬੜਾ ਫ਼ਰਕ ਹੈ ਸੁਹਜਾਤਮਕ ਤੇ ਖੁਰਦਰੀ ਵਾਰਤਕ ਦਾ। ਹੁਨਰ ਤੇ ਸੁਹਜ ਦੇ ਰੰਦੇ ਨਾਲ ਰੰਦੀ ਪਾਂਧੀ ਦੀ 'ਸੁਰੀਲੀ ਵਾਰਤਕ' ਦੀਆਂ ਸੁਰਾਂ ਦੀ ਗੂੰਜ ਤੇ ਧੁਨੀ ਅਗਲੇ ਵਰਕਿਆਂ 'ਤੇ ਸੁਣੀ ਜਾ ਸਕਦੀ ਹੈ।


ਕਿਸੇ ਵੀ ਚੰਗੀ ਲਿਖਤ ਦੀ ਪਹਿਲੀ ਵਿਸ਼ੇਸ਼ਤਾ ਇਹ ਹੋਣੀ ਚਾਹੀਦੀ ਹੈ ਕਿ ਉਸ ਵਿਚ ਪੜ੍ਹਨ-ਯੋਗਤਾ ਹੋਵੇ। ਜੇ ਲਿਖਿਆ ਹੋਇਆ ਪਹਿਲਾ ਫ਼ਿਕਰਾ ਜਾਂ ਪਹਿਲਾ ਪੈਰ੍ਹਾ ਪਾਠਕ ਨੂੰ ਅਗਲਾ ਫ਼ਿਕਰਾ ਜਾਂ ਅਗਲਾ ਪੈਰ੍ਹਾ ਪੜ੍ਹਨ ਲਈ ਉਤੇਜਤ ਨਹੀਂ ਕਰਦਾ ਤਾਂ ਸਮਝ ਲਿਆ ਜਾਣਾ ਚਾਹੀਦਾ ਹੈ ਕਿ ਲਿਖਤ ਆਪਣੇ ਕਲਾ-ਧਰਮ ਤੋਂ ਵਿਰਵੀ ਹੈ। ਪਾਠਕ ਨੂੰ ਲਿਖਤ ਨਾਲ ਜੋੜੀ ਰੱਖਣ ਲਈ, ਪ੍ਰਾਪਤ ਗਿਆਨ ਨੂੰ ਕਾਗਜ਼ ਉੱਤੇ ਢੇਰੀ ਕਰਨ ਦੀ ਥਾਂ, ਲੇਖਕ ਵਿਚਾਰਾਂ ਨੂੰ ਵਿਸ਼ੇਸ਼ ਜਗਿਆਸੂ ਤਰਤੀਬ ਵਿਚ ਪੇਸ਼ ਕਰਨ ਲਈ ਅਨੇਕ ਕਲਾ-ਜੁਗਤਾਂ ਦਾ ਸਹਾਰਾ ਲੈਂਦਾ ਹੈ। ਪਾਂਧੀ ਜਿੱਥੇ ਪੇਸ਼ ਕੀਤੀ ਜਾਣ ਵਾਲੀ ਵਸਤੂ ਬਾਰੇ ਅਧਿਕਾਰ-ਪੂਰਨ ਗਿਆਨ ਨਾਲ ਸਨਦਬੱਧ ਹੈ ਓਥੇ ਕਲਾਤਮਕ ਵਾਰਤਕ ਸਿਰਜਣ ਦੇ ਹੁਨਰ ਬਾਰੇ ਵੀ ਪੂਰਾ ਸੁਚੇਤ ਹੈ। ਏਸੇ ਕਰ ਕੇ ਇਹ ਕੇਵਲ ਸੰਗੀਤ ਦੇ ਮਹੱਤਵ ਬਾਰੇ ਜਾਣਕਾਰੀ ਦੇਣ ਵਾਲੀ ਵਾਰਤਕ ਹੀ ਨਹੀਂ ਸਗੋਂ ਇਸ ਵਿਚ ਸੁਹਜਾਤਮਕ ਤੇ ਸੁਹੰਢਣੀ ਵਾਰਤਕ ਦਾ ਕਲਾਤਮਕ ਜਲਵਾ ਵੀ ਝਲਕਦਾ ਹੈ।

ਪਾਂਧੀ ਸ਼ਬਦਾਂ ਦੇ ਸੁਹਜ ਤੇ ਸੰਗੀਤ ਦਾ ਗਿਆਤਾ ਵੀ ਹੈ ਅਤੇ ਇਨ੍ਹਾਂ ਨੂੰ ਸੋਹਣੀ ਤੇ ਆਕਰਸ਼ਕ ਤਰਤੀਬ ਵਿਚ ਜੋੜਨ ਤੇ ਬੀੜਨ ਦੀ ਕਲਾ ਦਾ ਮਾਹਿਰ ਵੀ ਹੈ। ਅੱਖਰਾਂ ਦੇ ਅੱਖਰ ਉਹਦੇ ਨਿੱਕੇ-ਨਿੱਕੇ ਹੱਥਾਂ ਵਿਚੋਂ ਡਿੰਗ-ਡਿੰਗ ਪੈਂਦੇ ਹਨ। ਡਿੰਗਦੇ ਵੀ ਐਨ ਟਿਕਾਣੇ ਉੱਤੇ ਅਤੇ ਸੋਹਣੀ ਤਰਤੀਬ ਵਿਚ ਹਨ। ਜਿਵੇਂ ਝਿਲਮਿਲਾਉਂਦੇ ਮੋਤੀਆਂ ਦੀ ਮਾਲਾ ਚਮਕ ਉਠੀ ਹੋਵੇ। ਵਾਰਤਕ ਨੂੰ ਰਸਦਾਰ ਤੇ ਪੜ੍ਹਨ ਯੋਗ ਬਣਾਉਣ ਲਈ ਉਹ ਵਿਚ-ਵਿਚ ਗਾਇਕਾਂ, ਸੰਗੀਤਕਾਰਾਂ, ਸੂਫ਼ੀਆਂ-ਦਰਵੇਸ਼ਾਂ, ਰਾਜਿਆਂ-ਮਹਾਰਾਜਿਆਂ ਨਾਲ ਜੁੜੇ ਇਤਿਹਾਸਕ-ਮਿਥਿਹਾਸਕ ਅਰਥਵਾਨ ਗਲਪ-ਟੋਟੇ ਵਰਤ ਕੇ ਕਹਾਣੀ ਰਸ ਵੀ ਪੈਦਾ ਕਰ ਲੈਂਦਾ ਹੈ। ਪੇਸ਼ ਕੀਤੇ ਗਏ ਵਿਸ਼ੇ ਜਾਂ ਵਿਚਾਰ ਨੂੰ ਪੁਸ਼ਟ ਤੇ ਪ੍ਰਮਾਣਿਤ ਕਰਨ ਲਈ ਉਹ ਲੋੜ ਪੈਣ 'ਤੇ ਗੁਰਬਾਣੀ ਦੀਆਂ ਤੁਕਾਂ, ਸੂਫ਼ੀਆਂ ਦੇ ਬੋਲਾਂ, ਗ਼ਜ਼ਲਾਂ ਦੇ ਸ਼ਿਅਰਾਂ, ਲੋਕ-ਚੇਤਿਆਂ ਵਿਚ ਵੱਸੇ ਕਾਵਿ-ਟੋਟਿਆਂ ਅਤੇ ਪ੍ਰਸਿੱਧ ਵਿਦਵਾਨਾਂ ਦੇ ਕਥਨਾਂ ਦੇ ਵਿਭਿੰਨ ਰੰਗ ਵੀ ਬਖੇਰੀ ਜਾਂਦਾ ਹੈ। ਇੰਜ ਵਿਸ਼ੇ ਦਾ ਗਿਆਨ ਤੇ ਪੇਸ਼ਕਾਰੀ ਦੀ ਕਲਾ ਇਸ ਸੰਜੁਗਤ ਕਲਾਤਮਕ ਅੰਦਾਜ਼ ਵਿਚ ਜੁੜ ਬੈਠਦੇ ਹਨ ਜਿਵੇਂ ਸ਼ਬਦ ਅਤੇ ਸੰਗੀਤ ਦੀ ਆਪਸੀ ਜੁਗਲਬੰਦੀ ਹੁੰਦੀ ਹੈ।

'ਜੇਕਰ ਸੰਗੀਤ ਤੇ ਉਸ ਦੀਆਂ ਸੁਰਾਂ, ਧੁਨਾਂ ਤੇ ਲੈਅ ਮਨੁੱਖ ਵਿਚੋਂ ਕੱਢ ਦਿੱਤੀ ਜਾਵੇ ਤਾਂ ਮਨੁੱਖ ਵਿਚ ਬਾਕੀ ਕੀ ਰਹਿ ਜਾਂਦਾ ਹੈ? ਇਸ ਹਾਲਤ ਵਿਚ ਰੁੱਖੀ, ਨਿਰਦਈ ਤੇ ਬੇਫ਼ਿਕਰ ਅਵਸਥਾ ਦੀ ਕਲਪਣਾ ਕਰਨੀ ਬਹੁਤ ਔਖੀ ਹੈ।' ਇਹੋ ਕਥਨ ਜਦੋਂ ਪਾਂਧੀ ਦੀ ਵਾਰਤਕ 'ਤੇ ਢੁਕਾ ਕੇ ਵੇਖਿਆ ਜਾਵੇ ਤਾਂ ਇਹ ਅਰਥ ਸਹਿਜੇ ਹੀ ਨਿਕਲ ਆਉਂਦੇ ਹਨ ਕਿ ਜੇ ਉਹਦੀ ਵਾਰਤਕ ਵਿਚ ਸ਼ਬਦਾਂ ਦੀ ਸੁੱਚੀ ਚੋਣ, ਵਾਕਾਂ ਵਿਚਲੀ ਸੁਨਹਿਰੀ ਜੁੜਤ ਤੇ ਤਰਤੀਬਣ ਦਾ ਹੁਸਨ ਨਾ ਹੁੰਦਾ ਅਤੇ ਜੇ ਵਾਰਤਕ ਨੂੰ ਸ਼ਿੰਗਾਰਨ ਲਈ ਵਰਤੀਆਂ ਗਈਆਂ ਹੋਰ ਕਲਾਤਮਕ ਜੁਗਤਾਂ ਤੋਂ ਪਾਂਧੀ ਦੀ ਵਾਰਤਕ ਵਿਰਵੀ ਹੁੰਦੀ ਤਾਂ ਇਸ ਵਾਰਤਕ ਦਾ ਸਰੂਪ ਨਿਸ਼ਚੇ ਹੀ ਸੁਰਾਂ, ਧੁਨਾਂ ਅਤੇ ਲੈਅ ਤੋਂ ਵਿਹੂਣੇ ਮਨੁੱਖ ਵਰਗਾ ਹੋਣਾ ਸੀ। ਪਰ ਅਜਿਹਾ ਨਹੀਂ ਹੈ। ਉਹਦੀ ਵਾਰਤਕ ਵਿਚ 'ਸੁਰ, ਧੁਨ ਤੇ ਲੈਅ' ਹੈ। ਏਸੇ ਕਰ ਕੇ ਮੈਂ ਇਸ ਵਾਰਤਕ ਨੂੰ 'ਸੁਰੀਲੀ ਵਾਰਤਕ' ਕਹਿੰਦਾ ਹਾਂ।

ਅਜਿਹੀ ਵਾਰਤਕ ਦੀ ਕ੍ਰਿਸ਼ਮਈ ਕਲਾ ਦਾ ਸਿਰਜਕ ਹੋਣਾ ਸਹਿਲ ਕਾਰਜ ਨਹੀਂ। ਮੇਰੇ ਮਨ

*(ਬਾਕੀ ਅਗਲੇ ਸਫੇ 'ਤੇ)*



# ਪਰਵੇਜ਼ ਸੰਧੂ ਨੂੰ ਜਨਮ ਦਿਨ ਮੁਬਾਰਕ!



**ਹਨੇਰੀ ਵਾਂਗ ਬਚਪਨ ਜੀਊਣ ਵਾਲੀ, ਤੂਫਾਨ ਵਾਂਗ ਵੱਡੀ ਹੋਈ ਤੇ ਸਮੁੰਦਰ ਵਾਂਗ ਜ਼ਿੰਦਗੀ ਜਿਊਂ ਰਹੀ, ਵਗਦੇ ਪਾਣੀਆਂ ਵਰਗੀ ਨਿਰਮਲ, ਨਿਰਛਲ ਪਰਵੇਜ਼ ਸੰਧੂ ਨੂੰ ਜਨਮ ਦਿਨ ਦੀਆਂ ਬਹੁਤ-ਬਹੁਤ ਮੁਬਾਰਕਾਂ! ਪਰਵੇਜ਼ ਸੰਧੂ ਜਿੱਥੇ ਪਰਪੱਕ ਲੇਖਿਕਾ ਹੈ, ਉਥੇ ਹੀ ਜ਼ਿੰਦਗੀ ਦੇ ਝੱਖੜਾਂ ਅੱਗੇ ਨਾ ਝੁਕ ਕੇ ਹੱਸ-ਖੇਡ ਕੇ ਜ਼ਿੰਦਗੀ ਜਿਊਣ ਦਾ ਵਲ ਦੱਸਣ ਵਾਲੀ ਇਕ ਖੂਬਸੂਰਤ ਇਨਸਾਨ ਵੀ ਹੈ। ਉਸਦਾ ਹਸੂੰ-ਹਸੂੰ ਕਰਦਾ ਚਿਹਰਾ ਕਈਆਂ ਦੇ ਗ਼ਮ ਭੁਲਾ ਦਿੰਦਾ ਹੈ। ਉਸ ਦੇ ਜਨਮ ਦਿਨ 'ਤੇ ਅਸੀਂ ਉਸ ਦਾ ਆਪਣੇ ਬਾਰੇ ਲਿਖਿਆ ਲੇਖ ਹੀ ਆਪਣੇ ਪਾਠਕਾਂ ਦੀ ਨਜ਼ਰ ਕਰ ਰਹੇ ਹਾਂ।**

ਉਂਜ ਉਹਨੂੰ ਮੈਂ ਰੋਜ਼ ਮਿਲਦੀ ਹਾਂ, ਰੋਜ਼ ਸ਼ਰਾਰਤਾਂ ਕਰਦੇ ਦੇਖਦੀ ਹਾਂ ਉਹ ਅਕਸਰ ਹੀ ਝੱਲ-ਵਲੱਲੀ ਜਿਹੀ, ਨਿੱਕੀ ਜਿਹੀ ਚੁੰਨੀ ਦੀ ਖੱਬੀ ਬੁੱਕਲ ਮਾਰੀ ਪਿੰਡ ਦੇ ਔਂਧੇ ਜੁਆਕ ਆਪਣੇ ਮਗਰ ਲਾ ਕੇ, ਗੁਰਦਵਾਰੇ ਦੀ ਡਿਉੜੀ 'ਚ ਲੱਗੇ ਪਿੱਤਲ ਦੇ ਵੱਡੇ ਸਾਰੇ ਟੱਲ ਨੂੰ ਬਿਨਾਂ ਵਜ੍ਹਾ ਸੋਟੀਆਂ ਮਾਰ ਕੇ ਭੱਜੀ ਜਾਂਦੀ ਦਿਸਦੀ ਹੈ। ਗੁਰਦਵਾਰੇ ਦੇ ਭਾਈ ਜੀ ਗਾਹਲਾਂ ਕੱਢਦੇ ਜੁਆਕਾਂ ਦੇ ਮਗਰ ਭੱਜਦੇ ਨੇ ਤੇ ਉਹ ਕੰਧ ਉਹਲੇ ਲੁਕਦੀ ਭਾਈ ਜੀ ਨੂੰ ਜਾਂਦੇ ਵੇਖ ਫੇਰ ਡਿਉੜੀ ਵੱਲ ਨੂੰ ਭੱਜਦੀ ਹੈ, ਤੇ ਉਹਦੇ ਮਗਰ ਉਹੀ ਜੁਆਕਾਂ ਦਾ ਟੋਲਾ ਮਸਤ-ਮਲੰਗ, ਬੇਖੌਫ, ਨਿਡਰ...।

****

ਉਸ ਨਿੱਕੇ ਜਿਹੇ ਪਿੰਡ 'ਚ ਹੋਰ ਹੈ ਵੀ ਕੁਝ ਨਹੀਂ ਸੀ ਤੇ ਉਹਦੇ ਕ੍ਰਿਏਟਿਵ ਮਾਈਂਡ ਲਈ ਇੱਲਤਾਂ ਕਰਨੀਆਂ ਜ਼ਰੂਰੀ ਸੀ ਸ਼ਾਇਦ। ਕਦੇ ਕਿਸੇ ਦਾ ਨਿਆਣਾ ਕੁੱਟ ਦਿੱਤਾ, ਕਦੇ ਬਾਹਮਣਾਂ ਦੀ ਇੱਕ ਅੱਖੋਂ ਵਾਂਝੀ ਮਾਂਜੀ ਦੇ ਸਿਰ 'ਤੇ ਚੁੱਕੇ ਟੋਕਰੇ ਵਿਚੋਂ ਕੁਝ ਚੋਰੀ ਕਰਕੇ ਭੱਜਣਾ, ਕਦੇ ਮਿਲਖੀ ਦੀ ਹੱਟੀ ਤੇ ਉਹਦੇ ਹੀ ਪੋਤੇ-ਪੋਤੀਆਂ ਨਾਲ ਮਿਲ ਕੇ ਕੈਂਡੀਆਂ ਚੋਰੀ ਕਰਨ ਦੀਆਂ ਸਕੀਮਾਂ ਘੜਨੀਆਂ।

****

ਘਰੇ ਰੋਜ਼ ਸ਼ਿਕਾਇਤਾਂ ਆਉਣੀਆਂ ਮਾਂ ਨੇ ਇੱਕੋ ਗੱਲ ਬਾਰ-ਬਾਰ ਕਹਿਣੀ ਕਿ ਚੰਗੇ ਘਰ ਦੀਆਂ ਕੁੜੀਆਂ ਇਉਂ ਨਹੀਂ ਕਰਦੀਆਂ ਹੁੰਦੀਆਂ ਪਰ ਬਾਪੂ ਨੇ 'ਸ਼ੇਰ ਪੁੱਤ' ਕਹਿ ਕੇ ਹਰ ਬਾਰ ਬੁੱਕਲ 'ਚ ਲੁਕੋ ਲੈਣਾ। ਬਾਪੂ ਵਲੋਂ ਤਾਂ ਸੱਤ ਖੂਨ ਵੀ ਮੁਆਫ ਸੀ। ਉਹ ਸਿਰਫ ਬਾਪੂ ਦਾ ਹੀ ਸ਼ੇਰ ਪੁੱਤ ਨਹੀਂ ਸੀ, ਉਹਦੇ 'ਚ ਆਪਣੇ ਦਾਦੇ ਦਾ ਵੀ ਖੂਨ ਸੀ। ਬਾਗੀਪੁਣਾ ਉਹਨੂੰ ਦਾਦਾ ਜੀ ਤੋਂ ਮਿਲਿਆ ਸੀ, ਜਿਹੜੀ ਗੱਲ ਇੱਕ ਵਾਰ ਧਾਰ ਲਈ ਫੇਰ ਉਹਦੇ ਉਪਰ ਖੜੇ ਰਹਿਣਾ।

'ਮੁੰਡਿਆ ਆਪਣੇ ਅਸੂਲਾਂ ਤੇ ਖੜੇ ਰਹਿਣਾ...ਗਲਤੀ ਵੀ ਕਰਨੀ ਤਾਂ ਸੀਨਾ ਠੋਕ ਕੇ ਕਹਿਣਾ ਕਿ ਹਾਂ ਗਲਤੀ ਹੋ ਗਈ, ਜਿਹੜੀ ਲੱਤ ਭੰਨਣੀ ਹੈ ਭੰਨ ਦਿਉ'

ਸਾਲਾਂ ਬਾਅਦ ਦਾਦਾ ਜੀ ਦੀ ਇਹ ਗੱਲ ਉਹਨੂੰ ਯਾਦ ਆਉਂਦੀ ਤਾਂ ਉਹ ਸੋਚਦੀ ਕਿ ਅੱਥਰਾਪਨ ਤੇ ਅੜਬ ਸੁਭਾਅ ਅਸੂਲ ਨਹੀਂ ਹੁੰਦੇ ਪਰ ਉਹਨੇ ਇਉਂ ਹੀ ਜਿਉਣਾ ਸਿੱਖਿਆ ਸੀ।

****

ਬਹੁਤ ਸਾਰਾ ਵਕਤ ਬੀਤ ਗਿਆ। ਬਾਪੂ ਦੀ ਬੁੱਕਲ ਤੋਂ ਬਾਹਰ ਬਹੁਤ ਵੱਡਾ ਜਹਾਨ ਸੀ, ਜਿਸਦੀ ਉਹਨੂੰ ਕਦੇ ਸਮਝ ਨਹੀਂ ਆਈ। ਬਾਹਰਲੀ ਦੁਨੀਆਂ ਨੂੰ ਸਮਝਣ ਲਈ ਤਾਂ ਮਾਂ ਦੀਆਂ ਦਲੀਲਾਂ, ਮਾਂ ਦੀਆਂ ਹਦਾਇਤਾਂ ਸੁਣਨੀਆਂ, ਸਾਂਭਣੀਆਂ ਹੁੰਦੀਆਂ ਨੇ ਪਰ ਮਾਂ ਨੂੰ ਉਹਨੇ ਕਦੇ ਸੁਣਿਆ ਹੀ ਨਹੀਂ ਸੀ, ਸ਼ਾਇਦ ਇਸੇ ਕਰਕੇ ਉਹਨੂੰ ਇਸ ਦੁਨੀਆਂ 'ਚ ਐਡਜੱਸਟ ਹੋਣਾ ਨਹੀਂ ਸੀ ਆਇਆ। ਹਮੇਸ਼ਾਂ ਇਹੀ ਸੋਚਦੀ ਰਹੀ ਜਿਵੇਂ ਇਹ ਦੁਨੀਆ ਉਹਦੇ ਲਈ ਨਹੀਂ ਬਣੀ ਜਾਂ ਉਹ ਇਸ ਦੁਨੀਆਂ ਲਈ ਨਹੀਂ ਸੀ ਬਣੀ।

****

ਉਹਨੇ ਜ਼ਿੰਦਗੀ ਨੂੰ ਆਰ ਦੇਖਿਆ ਹੈ ਜਾਂ ਪਾਰ। ਅੱਧ ਵਿਚਕਾਰ ਜਾਂ ਭੀੜ ਦਾ ਹਿੱਸਾ ਬਣ ਕੇ ਉਹਨੂੰ ਕਦੇ ਜਿਉਣਾ ਨਹੀਂ ਆਇਆ। ਕਿਸੇ ਨੂੰ ਮੁਹੱਬਤ ਕੀਤੀ ਤਾਂ ਰੂਹ ਨਾਲ ਨਿਭਾਈ, ਦੁਸ਼ਮਣੀ ਕੀਤੀ ਤਾਂ ਜੀਅ-ਜਾਨ ਲਾ ਕੇ ਕੀਤੀ। ਅਹੁਦੇ ਅਮੀਰੀਆਂ ਦੇਖੇ ਬਿਨਾ ਦੋਸਤੀਆਂ ਕੀਤੀਆਂ ਜੇ ਕਿਸੇ ਨਾਲੋਂ ਟੁੱਟੀ ਤਾਂ ਤੜੱਕ ਕਰ ਕੇ ਟੁੱਟੀ ਤੇ ਪਿਛਾਂਹ ਮੁੜ ਕੇ ਨਹੀਂ ਦੇਖਿਆ। ਸ਼ਾਇਦ ਇਸੇ ਕਰਕੇ ਉਹ ਅਕਸਰ ਇਕੱਲੀ ਹੋ ਜਾਂਦੀ ਹੈ।

****

ਕਲਮ ਵਾਹੁਣੀ ਉਹਨੂੰ ਆਪਣੇ ਦਾਦਾ ਜੀ ਤੋਂ ਮਿਲੀ। ਉਹ ਦਰਦ ਲਿਖਣਾ ਵੀ ਜਾਣਦੀ ਏ ਤਾਂ ਖੁਸ਼ੀਆਂ ਵੀ। ਉਹ ਆਪਣੀ ਰੂਹ ਲਈ ਲਿਖਦੀ ਹੈ ਮਾਨਾਂ-ਸਨਮਾਨਾਂ ਲਈ ਕਿਸੇ ਦੇ ਮੂਹਰੇ ਝੁਕਦੀ ਨਹੀਂ। ਸਾਹਿਤ ਸਭਾਵਾਂ ਤੇ ਸਾਹਿਤਕਾਰਾਂ ਤੋਂ ਦੂਰ ਉਹਦੀ ਆਪਣੀ ਦੁਨੀਆ ਹੈ, ਜਿਸ ਵਿਚ ਬਾਪੂ ਦੇ ਨਖਸ਼ਾਂ ਵਾਲਾ ਘਰਵਾਲਾ, ਇੱਕ ਕਮਰੇ ਵਿਚ ਵਿਛੜ ਗਈ ਧੀ ਦੀਆਂ ਨਿਸ਼ਾਨੀਆਂ ਤੇ ਦੂਜੇ ਕਮਰੇ ਵਿਚ ਵੀਲ ਚੇਅਰ 'ਤੇ ਬੈਠਾ ਜੁਆਨ ਪੁੱਤ...ਪਰ ਫੇਰ ਵੀ ਉਸ ਘਰ ਵਿਚ ਉਹਦੇ ਹਾਸੇ ਗੂੰਜਦੇ ਨੇ, ਉਹਦੇ ਪੈਰਾਂ ਦੇ ਘੁੰਗਰੂ ਛਣਕਦੇ ਨੇ। (ਹਾਂ ਉਹਨੂੰ ਉਹਦੇ ਉਪਰ ਤਰਸ ਕਰਨ ਵਾਲੇ ਲੋਕ ਜ਼ਹਿਰ ਦਿਸਦੇ ਨੇ)

****

ਜੇ ਉਹਦੇ ਘੁੰਗਰੂ ਚੁੱਪ ਹੋ ਜਾਣ ਤਾਂ ਉਹਦੇ ਘਰਦੀਆਂ ਕੰਧਾਂ ਉਦਾਸ ਹੋ ਜਾਂਦੀਆਂ ਨੇ ਤੇ ਉਦਾਸੀ ਉਹਦੇ ਤੋਂ ਬਾਹਲਾ ਚਿਰ ਦੇਖੀ ਨਹੀਂ ਜਾਂਦੀ। ਉਹ ਵੱਡੀ ਤਾਂ ਹੋ ਗਈ ਪਰ ਉਹਦੇ ਅੰਦਰਲੀ ਨਿੱਕੀ ਕੁੜੀ ਅਜੇ ਜਿਉਂਦੀ ਹੈ ਜਿਹੜੀ ਉਹਨੂੰ ਹਰ ਸਵੇਰ ਹੱਸ ਕੇ ਮਿਲਦੀ ਹੈ। ਭੈਣ ਭਰਾ ਪੁੱਛਦੇ ਨੇ ਕਿ ਐਨੇ ਪਿੰਡ ਦੇ ਲੋਕ ਤੈਨੂੰ ਯਾਦ ਕਿਵੇਂ ਨੇ, ਤੇ ਅਕਸਰ ਸੋਚਦੀ ਹੈ ਕਿ ਪਿੰਡ ਉਹਦੇ ਵਿਚੋਂ ਨਿੱਕਲਿਆ ਹੀ ਕਦ ਸੀ?

****

ਉਹ ਹੁਣ ਵੱਡੀ ਹੋ ਗਈ ਹੈ ਪਰ ਉਹ ਅਜੇ ਤੱਕ ਬਦਲੀ ਨਹੀਂ ਅੱਧਿਉਂ ਵੱਧ ਜ਼ਿੰਦਗੀ ਬੀਤਣ ਬਾਅਦ ਵੀ ਉਹ ਉਹੋ ਜਿਹੀ ਹੈ, ਕੁਝ ਕੁ ਸਿਰ ਫਿਰੀ, ਕੁਝ ਕਮਲੀ, ਕੁਝ ਫਕੀਰ ਜਿਹੀ ਆਪਣੀਆਂ ਟਰਮਜ਼ 'ਤੇ ਜ਼ਿੰਦਗੀ ਜਿਉਂਦੀ ਹੈ। ਬਹੁਤ ਵਾਰ ਦੁਨੀਆਂ ਤੋਂ ਧੋਖੇ ਖਾਧੇ, ਬਹੁਤ ਗਲਤੀਆਂ ਵੀ ਕੀਤੀਆਂ, ਲੱਖਾਂ ਤੋਂ ਕੱਖ ਹੋ ਕੇ ਵੀ ਦੇਖਿਆ, ਔਲਾਦ ਦਾ ਦੁੱਖ ਵੀ ਝੱਲਿਆ ਪਰ ਅਜੇ ਤੱਕ ਹੱਸਣਾ ਨਹੀਂ ਭੁੱਲੀ, ਜਿਉਣਾ ਨਹੀਂ ਭੁੱਲੀ।

****

ਹਾਂ ਸੱਚ ਉਹ ਜਿਹੜੀ ਨਿੱਕੀ, ਖੱਬੀ ਬੁੱਕਲ ਵਾਲੀ ਕੁੜੀ ਮੈਨੂੰ ਰੋਜ਼ ਮਿਲਦੀ ਹੈ, ਉਹ ਹੋਰ ਕੋਈ ਨਹੀਂ, ਉਹ ਮੈਂ ਹੀ ਹਾਂ, ਉਹ ਮੇਰੇ ਹੀ ਅੰਦਰ ਜਿਉਂਦੀ ਹੈ, ਮੈਂ ਉਹਨੂੰ ਮਰਨ ਨਹੀਂ ਦਿੰਦੀ, ਕਿਉਂਕਿ ਜਿਸ ਦਿਨ ਉਹ ਮਰ ਗਈ ਸ਼ਾਇਦ ਮੈਂ ਵੀ ਜਿਉਂਦੀ ਨਾ ਰਹਾਂ ਤੇ ਅੱਜ ਉਸ ਝੱਲੀ ਦਾ ਤੇ ਮੇਰਾ ਜਨਮ ਦਿਨ ਹੈ।

ਸੋਚਿਆ ਹਰ ਰੋਜ਼ ਮੈਂ ਕਿਸੇ ਨਾ ਕਿਸੇ ਨੂੰ ਜਨਮਦਿਨ ਦੀ ਵਧਾਈ ਦਿੰਦੀ ਹਾਂ। ਭੈਣਾਂ ਭਰਾਵਾਂ ਬਾਰੇ ਲਿਖਦੀ ਰਹਿੰਦੀ ਹਾਂ, ਕਿਉਂ ਨਾ ਅੱਜ ਇੱਕ ਨਵਾਂ ਟਰੈਂਡ ਸੈੱਟ ਕਰਾਂ, ਆਪਣੇ ਅੰਦਰਲੀ ਉਸ ਬਾਲੜੀ ਬਾਰੇ ਲਿਖਾਂ, ਜਿਹੜੀ ਮੈਨੂੰ ਕਦੇ ਧੋਖਾ ਨਹੀਂ ਦਿੰਦੀ, ਹਰ ਕਦਮ 'ਤੇ ਮੇਰੇ ਨਾਲ ਹੱਸਦੀ ਹੈ, ਰੋਂਦੀ ਹੈ। ਹਰ ਔਖੇ ਵੇਲੇ ਮੁਸਕਰਾ ਕੇ ਮੈਨੂੰ ਜਿਉਣ ਦਾ ਵੱਲ ਸਿਖਾਉਂਦੀ ਹੈ।

ਰਾਤ ਸੋਚਿਆ ਕਿ ਇਹ ਪਹਿਲਾ ਜਨਮ ਦਿਨ ਹੈ ਜਦੋਂ ਬਾਪੂ ਮਾਂ ਦੋਵੇਂ ਹੈ ਨਹੀਂ। ਬੀਬੀ ਨੂੰ ਫੋਨ ਕੀਤਾ ਬੀਬੀ ਕਹਿੰਦੀ ਮੈਂ ਜੁ ਹੈਗੀ ਆਂ ਪੁੱਤ ਤੂੰ ਆਪਣੇ ਆਪ ਨੂੰ ਯਤੀਮ ਨਾ ਸਮਝੀਂ...ਸੱਚੀਂ ਮੈਂ ਯਤੀਮ ਨਹੀਂ ਹਾਂ ਮੁਹੱਬਤ ਦੇ ਮਾਮਲੇ 'ਚ ਮੈਂ ਬਹੁਤ ਲੱਕੀ ਰਹੀ ਹਾਂ। ਭੈਣ-ਭਾਈ, ਦੋਸਤ-ਮਿੱਤਰ, ਸਹੇਲੀਆਂ ਦੇ ਪਿਆਰ ਸਦਕਾ ਮੈਂ ਵੀ ਜਿਉਂਦੀ ਹਾਂ ਤੇ ਮੇਰੇ ਅੰਦਰਲੀ ਉਹ ਕੁੜੀ ਵੀ। ਗੁਲਾਬੀ ਕੋਠੀ ਵਾਲੇ ਸਰਦਾਰ ਬੇਅੰਤ ਸਿੰਘ ਨਾਜ਼ ਦੀਏ ਪੋਤੀਏ ਜਨਮ ਦਿਨ ਮੁਬਾਰਕ।

---

*(ਪਿਛਲੇ ਸਫੇ ਦਾ ਬਾਕੀ)*

ਦੇ ਭਾਵਾਂ ਨੂੰ ਸਮਝਣ ਲਈ ਪੂਰਨ ਸਿੰਘ ਪਾਂਧੀ ਹੀ ਮੇਰੀ ਸਹਾਇਤਾ ਕਰਦਾ ਹੈ। ਉਹ ਲਿਖਦਾ ਹੈ ਕਿ 'ਕੋਮਲ ਕਲਾ ਦੀ ਪਰਿਭਾਸ਼ਾ ਅਨੁਸਾਰ ਹਰ ਵਿਅਕਤੀ ਸੰਗੀਤਕਾਰ ਨਹੀਂ ਬਣ ਸਕਦਾ। ਹਰ ਵਿਅਕਤੀ ਕਵੀ, ਚਿੱਤਰਕਾਰ, ਬੁੱਤਘਾੜਾ ਜਾਂ ਨਿਰਤਕਾਰ ਨਹੀਂ ਬਣ ਸਕਦਾ।' ਮੈਂ ਪਾਂਧੀ ਦੇ ਬਿਆਨ ਕੀਤੇ ਇਨ੍ਹਾਂ ਸਿਰਜਕਾਂ ਵਿਚ 'ਵਾਰਤਕਕਾਰ' ਸ਼ਬਦ ਨੂੰ ਵੀ ਸ਼ਾਮਲ ਕਰਨਾ ਚਾਹੁੰਦਾ ਹਾਂ। ਪਾਂਧੀ ਅੱਗੇ ਲਿਖਦਾ ਹੈ, 'ਮੌਲਕਤਾ ਅਤੇ ਪ੍ਰਤਿਭਾ ਦੀ ਦਾਤ ਹਰ ਵਿਅਕਤੀ ਦੇ ਭਾਗਾਂ ਵਿਚ ਨਹੀਂ ਹੁੰਦੀ। ਇਹ ਅਨਮੋਲ ਦਾਤ ਕਦੇ ਕਿਸੇ ਭਾਗਸ਼ੀਲ ਵਿਅਕਤੀਆਂ ਨੂੰ ਪ੍ਰਾਪਤ ਹੁੰਦੀ ਹੈ।'

ਮੈਂ ਕਹਿਣ ਦੀ ਖੁਸ਼ੀ ਲੈਣਾ ਚਾਹੁੰਦਾ ਹਾਂ ਕਿ ਪੂਰਨ ਸਿੰਘ ਪਾਂਧੀ ਉਨ੍ਹਾਂ ਭਾਗਸ਼ੀਲ ਵਿਅਕਤੀਆਂ ਵਿਚੋਂ ਹੈ ਜਿਨ੍ਹਾਂ ਨੂੰ ਕੁਦਰਤ ਵੱਲੋਂ ਮੌਲਿਕਤਾ ਤੇ ਪ੍ਰਤਿਭਾ ਦੀ ਦਾਤ ਪ੍ਰਾਪਤ ਹੋਈ ਹੁੰਦੀ ਹੈ। ਉਹ ਕਿਸੇ ਦੀ ਨਕਲ ਨਹੀਂ। ਇਹ ਵੀ ਠੀਕ ਹੈ ਕਿ 'ਹਰ ਲਲਤ ਕਲਾ ਬਹੁਤ ਸੂਖਮ, ਬਰੀਕ ਤੇ ਕੋਮਲ ਹੁੰਦੀ ਹੈ। ਇਸ ਲਈ ਬਹੁਤ ਕਰੜੀ ਘਾਲਣਾ, ਡੂੰਘੀ ਲਗਨ, ਅਪਾਰ ਮਿਹਨਤ ਤੇ ਘੋਰ ਤਪੱਸਿਆ ਦੀ ਲੋੜ ਹੈ ਅਤੇ ਇਹ ਤੀਖਣਬੁੱਧੀ, ਪ੍ਰਤਿਭਾਸ਼ਾਲੀ ਅਤੇ ਗਿਆਨਵਾਨ ਵਿਅਕਤੀਆਂ ਦਾ ਕਾਰਜ ਹੈ। ਸਾਲਾਂ ਦੀ ਕਠਨ ਘਾਲ-ਕਮਾਈ ਪਿੱਛੋਂ ਫਿਰ ਕਿਧਰੇ ਕੋਮਲ ਤੇ ਹੁਸੀਨ ਕਲਾ ਦੇ ਦੀਦਾਰ ਹੁੰਦੇ ਹਨ।' ਪਾਂਧੀ ਨੇ ਏਸੇ ਕਠਾਲੀ ਵਿਚ ਢਲ ਕੇ ਹੀ ਹੱਥਲੀਆਂ 'ਸੰਗੀਤਕ', 'ਸੁਨਹਿਰੀ' ਤੇ ਚਿਰਜੀਵੀ ਲਿਖਤਾਂ ਸਿਰਜੀਆਂ ਹਨ। ਇਸ ਲਿਖਤ ਦਾ ਮਹੱਤਵ ਸਦੀਵੀ ਹੈ। ਜਿਸਨੇ ਵੀ ਸੰਗੀਤ, ਸੁਰ, ਸਾਜ਼, ਰਾਗ ਆਦਿ ਦਾ ਮੁਢਲਾ ਗਿਆਨ ਜਦੋਂ ਜਦੋਂ ਵੀ ਲੈਣਾ ਹੋਵੇਗਾ, ਇਹ ਲਿਖਤ ਉਹਦੀ ਸਹਾਇਤਾ ਕਰੇਗੀ।

ਕਿਸੇ ਦੇ ਸੋਹਣੇ ਬੋਲ ਪੜ੍ਹ-ਸੁਣ ਕੇ ਮੇਰੇ ਅੰਦਰੋਂ ਵਾਰਿਸਸ਼ਾਹ ਆਪ-ਮੁਹਾਰੇ ਬੋਲ ਉੱਠਿਆ ਸੀ:

ਫਿਕਰਾ ਜੋੜ ਕੇ ਖੂਬ ਦਰੁਸਤ ਕੀਤਾ,
ਸੋਹਣਾ ਫੁੱਲ ਗੁਲਾਬ ਦਾ ਤੋੜਿਆ ਈ।

ਪੂਰਨ ਸਿੰਘ ਪਾਂਧੀ ਦੇ ਫਿਕਰਿਆਂ ਵਿਚਲਾ ਹੁਸਨ ਤੇ ਖੁਸ਼ਬੂ ਮਹਿਸੂਸ ਕਰ ਕੇ ਇਹ ਸ਼ਿਅਰ ਅੱਜ ਮੁੜ ਮੇਰੇ ਚੇਤੇ ਵਿਚ ਲਿਸ਼ਕ ਉੱਠਿਆ ਹੈ। ਅਜਿਹੇ ਜੋੜ ਕੇ ਦਰੁਸਤ ਹੋਏ ਗੁਲਾਬ ਦੇ ਫੁੱਲਾਂ ਵਰਗੇ ਫਿਕਰਿਆਂ ਦੇ ਖੁਸ਼ਬੂਦਾਰ ਝਲਕਾਰੇ ਪਾਂਧੀ ਦੀ ਵਾਰਤਕ ਵਿਚੋਂ ਥਾਂ-ਥਾਂ ਸੁਨਹਿਰੀ ਕਿਣਕਿਆਂ ਵਾਂਗ ਬਿਖਰੇ ਨਜ਼ਰ ਆਉਣਗੇ। ਨਿਮਨ ਲਿਖਤ ਸਤਰਾਂ ਦਾ ਪਾਠ ਮੇਰੇ ਲਿਖੇ ਦੀ ਸ਼ਾਹਦੀ ਭਰਦਾ ਹੈ:

'ਚਲਦੇ ਖੂਹ ਦੇ ਕੁੱਤੇ ਦੀ ਟੁਨਕਾਰ ਪ੍ਰਕਿਰਤੀ ਦੀ ਇਕਾਗਰਤਾ ਵਿਚ ਰਸ ਘੋਲਦੀ ਤੇ ਮਨ ਨੂੰ ਮੋਹਦੀ ਹੈ। ਬਲਦਾਂ ਦੇ ਗਲੀਂ ਟੱਲੀਆਂ, ਘੁੰਗਰੂ ਤੇ ਘੰਗਰਾਲਾਂ, ਊਠਾਂ ਤੇ ਘੋੜਿਆਂ ਦੇ ਪੈਰੀਂ ਝਾਂਜਰਾਂ ਕਿਸਾਨ ਨੂੰ ਹੁਲਾਰਾ ਪ੍ਰਦਾਨ ਕਰਦੀਆਂ ਅਤੇ ਚਾਅ ਤੇ ਉਤਸ਼ਾਹ ਵਿਚ ਉਤੇਜਨਾ ਭਰਦੀਆਂ ਹਨ। ਕਿਸਾਨ ਹਲ ਵਾਹੁੰਦਾ ਹੋਇਆ ਲੋਕ ਬੋਲੀਆਂ ਦੀਆਂ ਹੇਕਾਂ ਲਾਉਂਦਾ ਤੇ ਭਾਵਨਾ ਭਰੇ ਮਾਹੌਲ ਦੀ ਉਸਾਰੀ ਕਰਦਾ ਹੈ। ਸੁਹਾਗਣਾਂ ਦੇ ਹੱਥੀਂ ਚੂੜੀਆਂ, ਪੈਰੀਂ ਝਾਂਜਰਾਂ ਦੀ ਛਣਕਾਰ ਤੇ ਕੰਨਾਂ ਵਿਚ ਝੂਮਦੇ ਬੁੰਦਿਆਂ ਦੀ ਟੁਨਕਾਰ ਹੈ। ਚਰਖੇ ਦੀ ਘੂਕਰ ਵਿਚ ਤੇ ਤੱਕਲੇ ਦੀ ਤੰਦ ਵਿਚ ਗੱਭਰੂ ਦੀ ਹੇਕ ਵਰਗੇ ਨੈਣ ਨਕਸ਼ ਹਨ। ਨਿੱਕੇ ਨੰਨੇ ਬੱਚੇ ਨੂੰ ਮਾਂ ਲੋਰੀਆਂ ਦਿੰਦੀ ਤੇ ਖਿਡਾਉਣ ਲਈ ਛਣਕਣੇ ਦਿੰਦੀ ਹੈ। ਬੱਚਾ ਖੁਸ਼ ਹੁੰਦਾ ਹੈ। ਬੱਚੇ ਦਾ ਇਹ ਸੁਗਮ ਸੰਗੀਤ ਹੈ। ਦੇਖਿਆ ਜਾਂਦਾ ਹੈ; ਜਿੱਥੇ ਮੁਸ਼ੱਕਤੀ ਕੰਮਾਂ ਲਈ ਖੁਸ਼ੀ ਵਿਚ ਢੋਲ ਤੇ ਵਾਜੇ ਵਜਾਏ ਜਾਂਦੇ ਹਨ; ਉੱਥੇ ਜੰਗਾਂ ਯੁੱਧਾਂ ਲਈ ਬੀਰ-ਰਸੀ ਧੁਨਾਂ ਵਜਾਈਆਂ ਜਾਂਦੀਆਂ ਅਤੇ ਰਣਸਿੰਗੇ ਤੇ ਨਗਾਰੇ ਵਜਾਏ ਜਾਂਦੇ ਹਨ।'

ਪੂਰਨ ਸਿੰਘ ਪਾਂਧੀ ਦੀ ਵਾਰਤਕ ਬਾਰੇ ਚਰਚਾ ਕਰਦਿਆਂ ਇਕ ਬੜੇ ਅਹਿਮ ਪਹਿਲੂ ਦਾ ਜ਼ਿਕਰ ਕਰਨਾ ਲਾਜ਼ਮੀ ਹੈ। ਉਹ ਹੈ ਪਾਂਧੀ ਦਾ ਬੇਬਾਕ ਹੋ ਕੇ ਸੱਚ ਦੀ ਬਾਣੀ ਬੋਲਣਾ। ਉਹ ਜਿੱਥੇ ਸੰਗੀਤ ਦੀਆਂ ਉਚਾਣਾਂ ਦੇ ਇਤਿਹਾਸ ਨੂੰ ਬਿਆਨ ਕਰਦਾ ਹੈ ਓਥੇ ਸੰਗੀਤ ਵਿਚ ਆਈਆਂ ਨਿਵਾਣਾਂ ਬਾਰੇ ਉਹਦੀ ਚਿੰਤਾ ਕੌੜੀ ਤੇ ਤਲਖ਼ ਹਕੀਕਤ ਦਾ ਪਰਦਾ ਫ਼ਾਸ਼ ਕਰਦੀ ਹੈ। ਇਹ ਸਾਰੇ ਜਾਣਦੇ ਹਨ ਕਿ ਅੱਜ ਦਾ ਪ੍ਰਚੱਲਿਤ ਪੰਜਾਬੀ ਜਾਂ ਭਾਰਤੀ ਸੰਗੀਤ ਕਿੰਨੀਆਂ ਡੂੰਘੀਆਂ ਨਿਵਾਣਾਂ ਵਿਚ ਗਰਕਦਾ ਜਾ ਰਿਹਾ ਹੈ। ਅੱਜ ਨੰਗੇ ਨਾਚ, ਲੁੱਚੇ ਬੋਲ, ਬਾਂਦਰ-ਟਪੂਸੀਆਂ ਤੇ ਬੇਸੁਰੀਆਂ ਚੀਕਾਂ ਨੂੰ ਸੰਗੀਤ ਦੇ ਨਾਂ 'ਤੇ ਲੋਕਾਈ ਸਾਹਮਣੇ ਪਰੋਸਿਆ ਜਾ ਰਿਹਾ ਹੈ। ਬਾਬੇ ਨਾਨਕ ਦੇ ਬੋਲ ਅਰਥਹੀਣ ਹੁੰਦੇ ਜਾ ਰਹੇ ਹਨ ਤੇ ਮਰਦਾਨੇ ਦੀ ਰਬਾਬ ਤਿੜਕਦੀ ਜਾ ਰਹੀ ਹੈ। ਇਸ ਬਾਰੇ ਪੂਰਨ ਸਿੰਘ ਪਾਂਧੀ ਦੇ ਵਿਚਾਰ ਪੜ੍ਹੋ:

-ਅਜੋਕੀ ਗਾਇਕੀ ਵਿਚ ਇੱਕ ਵੱਡਾ ਚੈਪਟਰ ਤੂੰਬੀ ਵਾਲੇ ਗਾਇਕਾਂ ਦਾ ਹੈ। ਇਨ੍ਹਾਂ 'ਲੋਕ-ਗਾਇਕਾਂ' ਨੇ ਢੋਲ-ਢਮੱਕਾ, ਕੰਨ ਪਾੜੂ ਸ਼ੋਰ-ਸ਼ਰਾਬਾ ਤੇ ਟਪੂਸੀਆਂ ਦੀ ਗਾਇਕੀ ਦਾ ਦੌਰ ਪੈਦਾ ਕੀਤਾ ਹੈ, 'ਚੌਂਦੀ ਚੋਂਦੀ' ਸੁਣਨ ਦੇ ਸ਼ੁਕੀਨ ਪੈਦਾ ਕੀਤੇ ਹਨ। ਅਜੋਕੀ 'ਲੱਚਰ-ਗਾਇਕੀ' ਨੇ ਸਭਿਆਚਾਰ ਦੀ ਸੁੱਚਮਤਾ, ਕਵਿਤਾ ਦੀ ਸੂਖਮਤਾ ਤੇ ਸੰਗੀਤ ਦੀ ਕੋਮਲਤਾ ਵਿਚ ਘੋਰ ਗਿਰਾਵਟ ਪੈਦਾ ਕੀਤੀ ਹੈ। ਇਸ ਨਾਲ ਭਾਈਚਾਰਕ ਸਾਂਝ ਤੇ ਸ਼ਿਸ਼ਟਾਚਾਰ ਨੂੰ ਵੀ ਖੋਰਾ ਲੱਗਿਆ ਹੈ।

ਅਜੋਕੀ ਗਾਇਕੀ ਬਾਰੇ ਅਜਿਹੀ ਚਿੰਤਾ ਪਾਂਧੀ ਤੇ ਮੇਰੇ ਵਰਗਿਆਂ ਦੀ ਹੀ ਨਹੀਂ ਸਗੋਂ ਹਰੇਕ ਸੁਚੇਤ ਤੇ ਸੁਹਿਰਦ ਬੰਦਾ ਇੰਜ ਹੀ ਸੋਚਦਾ ਤੇ ਬੋਲਦਾ ਹੈ। ਇਸ ਪ੍ਰਥਾਇ ਪਾਂਧੀ ਦੇ ਵਿਚਾਰਾਂ ਦੇ ਜ਼ਿਕਰ ਤੇ ਜੇਰੇ ਦਾ ਬਿਆਨ ਕਰਨ ਤੋਂ ਪਹਿਲਾਂ ਮੈਂ ਆਪਣੀ ਪਰਿਵਾਰਕ ਹਕੀਕਤ ਨਸ਼ਰ ਕਰਨੀ ਚਾਹੁੰਦਾ ਹਾਂ। ਮੈਂ ਤੇ ਮੇਰੀ ਪਤਨੀ, ਭਾਵੇਂ ਇੰਡੀਆ ਹੋਈਏ ਜਾਂ ਕਨੇਡਾ, ਸਵੇਰੇ ਸ਼ਾਮ ਟੀ ਵੀ ਤੋਂ ਕੀਰਤਨ ਸੁਣਨ ਦੀ ਖੁਸ਼ੀ ਹਰ ਰੋਜ਼ ਲੈਂਦੇ ਹਾਂ। ਕਿਸੇ ਨਾ ਕਿਸੇ ਗੁਰਦੁਆਰੇ ਤੋਂ ਹੋ ਰਹੇ ਕੀਰਤਨ ਦਾ ਸੰਗੀਤਕ ਨੂਰ ਘਰ ਵਿਚ ਖਿਲਰਿਆ ਰਹਿੰਦਾ ਹੈ ਤੇ ਮਨ ਅਕਹਿ ਸ਼ਾਂਤੀ ਨਾਲ ਭਰਿਆ ਭਰਿਆ ਮਹਿਸੂਸ ਕਰਦਾ ਹੈ। ਪਰ ਇਹ ਤਦ ਹੀ ਹੁੰਦਾ ਹੈ ਜਦ ਕੀਰਤਨ ਕਰਨ ਵਾਲਾ ਰਾਗੀ ਜਥਾ ਸੁਰੀਲਾ ਤੇ ਪ੍ਰਭਾਵਸ਼ਾਲੀ ਹੋਵੇ। ਜਿਸ ਦਿਨ ਕੋਈ ਬੇਸੁਰਾ ਰਾਗੀ ਕੀਰਤਨ ਕਰ ਰਿਹਾ ਹੋਵੇ ਤਾਂ ਮਨ ਅਵਾਜ਼ਾਰ ਹੋ ਜਾਂਦਾ ਹੈ। ਜਦੋਂ ਮੇਰੀ ਅਵਾਜ਼ਾਰੀ ਸ਼ਬਦਾਂ ਵਿਚ ਪਰਗਟ ਹੁੰਦੀ ਹੈ ਤਾਂ ਸ੍ਰੀਮਤੀ ਜੀ ਨਰਾਜ਼ ਹੋ ਜਾਂਦੇ ਹਨ। ਝਿੜਕਦੇ ਹਨ, 'ਜਿਵੇਂ ਵੀ ਹੈ, ਉਹ ਰੱਬ ਦਾ ਨਾਂ ਲੈਂਦੇ ਨੇ। ਤੁਹਾਨੂੰ ਉਨ੍ਹਾਂ ਦੀ ਆਲੋਚਨਾ ਕਰਨ ਦਾ ਕੋਈ ਹੱਕ ਨਹੀਂ।' ਮੇਰਾ ਉਹ ਪ੍ਰਚਲਿਤ ਜਿਹਾ ਲਤੀਫ਼ਾ ਪਤਨੀ ਕੋਲ ਵਾਰ-ਵਾਰ ਦੁਹਰਾਉਣ ਨੂੰ ਦਿਲ ਨਹੀਂ ਕਰਦਾ, ਜਿਸ ਵਿਚ ਕਿਸੇ ਗਾਇਕ ਦੀ ਗਾਇਕੀ ਨੂੰ ਲਲਕਾਰਾ ਮਾਰ ਕੇ ਸਟੇਜ 'ਤੇ ਜਾ ਕੇ ਡਾਂਗ ਦੇ ਜ਼ੋਰ ਨਾਲ ਰੋਕਣ ਵਾਲੇ ਨੂੰ ਗਾਇਕ ਹੱਥ ਜੋੜ ਕੇ ਪੁੱਛਦਾ ਹੈ, 'ਹਜ਼ੂਰ! ਮੈਥੋਂ ਕੀ ਭੁੱਲ ਹੋ ਗਈ ਜੋ ਡਾਂਗ ਲੈ ਕੇ ਮੇਰੇ ਦੁਆਲੇ ਹੋ ਗਏ ਓ?' ਡਾਂਗ ਵਾਲਾ ਕਹਿੰਦਾ ਹੈ, 'ਤੇਰਾ ਤਾਂ ਮੈਂ ਗਾਉਣਾ ਈ ਬੰਦ ਕਰਾਉਣਾ ਸੀ ਪਰ ਡਾਂਗ ਵਾਹੁਣ ਲਈ ਤਾਂ ਮੈਂ ਉਨ੍ਹਾਂ ਨੂੰ ਲੱਭਦਾ ਫਿਰਦਾਂ ਜਿਨ੍ਹਾਂ ਨੇ ਤੈਨੂੰ ਬੁਲਾਇਐ।'

ਮੈਨੂੰ ਤਾਂ ਮੇਰੀ ਪਤਨੀ ਏਨੀ ਕੁ ਸੱਚੀ ਗੱਲ ਵੀ ਕਹਿਣ ਨਹੀਂ ਦਿੰਦੀ, ਪਰ ਇਹ ਪੂਰਨ ਸਿੰਘ ਪਾਂਧੀ ਦੀ ਹੀ ਹਿੰਮਤ ਹੈ ਕਿ ਉਹ ਬੇਸੁਰੇ ਰਾਗੀਆਂ, ਸੰਤ ਬਾਬਿਆਂ, ਗਾਇਕਾਂ ਅਤੇ ਧਾਰਮਿਕ ਅਦਾਰਿਆਂ ਵੱਲੋਂ ਸੁੱਚੇ ਸੰਗੀਤ ਦੀ ਮਾਣਯੋਗ ਪਰੰਪਰਾ ਨੂੰ ਲਾਈ ਜਾਂਦੀ ਢਾਹ ਬਾਰੇ ਬੇਖ਼ੌਫ਼ ਟਿੱਪਣੀਆਂ ਕਰਦਿਆਂ ਸੱਚੀਆਂ ਸੁਣਾ ਸਕਦਾ ਹੈ। ਪਾਂਧੀ ਦੀ ਇਸ ਬੇਬਾਕੀ ਤੇ ਦਲੇਰੀ ਲਈ ਤਾਂ ਅਸ਼-ਅਸ਼ ਕਰਨ ਨੂੰ ਵੀ ਦਿਲ ਕਰਦਾ ਹੈ ਤੇ ਉਹਨੂੰ ਸ਼ਾਬਾਸ਼ ਦੇਣ ਨੂੰ ਵੀ।

ਇਹ ਪੂਰਨ ਸਿੰਘ ਪਾਂਧੀ ਹੀ ਹੈ ਜੋ ਪਰੰਪਰਕ ਸੰਗੀਤਕ ਖੂਬੀਆਂ ਤੋਂ ਇੱਕ ਸੌ ਇੱਕ ਫ਼ੀ ਸਦੀ ਅਵੇਸਲੇ ਅਤੇ ਵਿਹੂਣੇ, ਗਿਣਤੀ ਪੱਖੋਂ ਬੇਅੰਤ ਤੇ ਬੇਹਿਸਾਬੇ ਅਜਿਹੇ ਰਾਗੀਆਂ ਬਾਰੇ ਆਪਣਾ ਮੱਤ ਪੇਸ਼ ਕਰਨ ਲੱਗਿਆਂ ਕਿਸੇ ਪ੍ਰਕਾਰ ਦੀ ਝਿਜਕ ਮਹਿਸੂਸ ਨਹੀਂ ਕਰਦਾ। ਅਜਿਹੇ ਚਲੰਤ ਕੀਰਤਨੀਆਂ ਨੇ ਕੀਰਤਨ ਨੂੰ ਏਨਾ ਸਰਲੀਕ੍ਰਿਤ ਕਰ ਦਿੱਤਾ ਹੈ 'ਕਿ ਕਈ ਵਾਰ ਗੁਰਬਾਣੀ ਕੀਰਤਨ ਤੇ ਹਿੰਦੂਆਂ ਦੀਆਂ 'ਭੇਟਾਂ' ਵਿਚ ਫ਼ਰਕ ਕਰਨਾ ਔਖਾ ਹੁੰਦਾ ਹੈ।'

ਕੀਰਤਨ ਦੇ ਬਹਾਨੇ ਕੀਰਤਨ ਘੱਟ ਪਰ ਕਰਾਮਾਤੀ ਸਾਖ਼ੀਆਂ ਦਾ ਵਿਖਿਆਨ ਅਜੋਕੇ ਰਾਗੀਆਂ ਦਾ ਚਲਨ ਬਣ ਗਿਆ ਹੈ ਜਿਹੜਾ ਸਰੋਤਿਆਂ ਨੂੰ ਸਿੱਖੀ ਤੇ ਸੰਗੀਤ ਤੋਂ ਦੂਰ ਲਿਜਾ ਰਿਹਾ ਹੈ। ਪਾਂਧੀ ਅਜਿਹੇ ਰਾਗੀਆਂ ਦਾ ਬੇਕਿਰਕ ਆਲੋਚਕ ਹੈ।

-'ਬਹੁਤੇ ਰਾਗੀ ਸਿੰਘ ਕੀਰਤਨ ਥੋੜ੍ਹਾ, ਵਿਆਖਿਆ ਬਹੁਤੀ ਕਰਦੇ ਹਨ। ਕੀਰਤਨ ਨਾਲੋਂ ਵਿਆਖਿਆ ਬਹੁਤ ਸੌਖੀ ਹੈ। ਇੱਕ ਵਿਅਕਤੀ ਬੋਲਦਾ ਹੈ, ਦੂਜੇ ਦੋ ਜਣੇ ਵਿਹਲੇ। ਵਿਆਖਿਆ ਵੀ ਘਸੀ-ਪਿਟੀ ਸ਼ੈਲੀ-ਸ਼ਬਦਾਵਲੀ ਵਾਲੀ। ਹੁੰਦੀਆਂ ਵੀ ਸਾਖੀਆਂ ਹਨ, ਕਈ ਵਾਰ ਹੁੰਦੀਆਂ ਵੀ ਗੁਰਮਤਿ ਦੇ ਐਨ ਵਿਪਰੀਤ, ਕਰਾਮਾਤੀ ਤੇ ਸਿਧਾਂਤ-ਹੀਣ ਸਾਖੀਆਂ। ਜਾਂ ਫਿਰ ਪ੍ਰਧਾਨਾਂ, ਸਕੱਤਰਾਂ ਤੇ ਹੋਰ ਅਹੁਦੇਦਾਰਾਂ ਦੀ ਚਾਪਲੂਸੀ ਭਰੇ ਪ੍ਰਵਚਨ ਅਤੇ ਜਾਂ ਬੀਬੀਆਂ-ਬੱਚਿਆਂ ਲਈ ਰੁੱਖੀਆਂ ਹਦਾਇਤਾਂ ਤੇ ਕਈ ਵਾਰ ਅਪਮਾਨ ਜਨਕ ਨੁਕਤਾਚੀਨੀ। ਇਹ ਟਾਈਮ ਪਾਸ ਕਰਨ ਦੀ ਨੀਤੀ ਹੈ।'-

ਜਾਂ

'ਸਿੱਖ ਰਾਗੀਆਂ ਕੋਲ ਹੁਣ ਤੜਕ ਭੜਕ ਤੇ ਚਕਾਚੌਂਧ ਕਰਨ ਵਾਲਾ ਬਾਹਰੀ ਲਿਬਾਸ ਤੇ ਫਿਲਮੀ ਅੰਦਾਜ਼ ਵਾਲੀ ਕਲਾਬਾਜ਼ੀ ਹੈ। ਦੁਨਿਆਵੀ ਕਿੱਤਿਆਂ ਵਾਂਗ ਕੀਰਤਨ ਹੁਣ ਕਿੱਤਾ ਬਣ ਗਿਆ ਹੈ। ਤਿਆਗ, ਤਪੱਸਿਆ ਤੇ ਸਮਰਪਣ ਦੀ ਭਾਵਨਾ ਅਲੋਪ ਹੈ। ਕੀਰਤਨ-ਭੇਟ ਦੀ ਥਾਂ ਹੁਣ ਕੀਰਤਨ-ਰੇਟ ਤੇ ਸੌਦੇਬਾਜ਼ੀ ਹੁੰਦੀ ਹੈ। ਕੀਰਤਨ ਘੰਟਿਆਂ ਦੀ ਥਾਂ ਹੁਣ ਘੜੀ ਦੇਖ ਕੇ ਮਿੰਟਾਂ ਸਕਿੰਟਾਂ ਵਿਚ ਸਿਮਟ ਕੇ ਰਹਿ ਗਿਆ ਹੈ।'

ਰਾਗੀਆਂ ਤੋਂ ਇਲਾਵਾ ਉਹ ਸੰਤਾਂ ਬਾਬਿਆਂ ਨੂੰ ਵੀ ਲੰਮੇ ਹੱਥੀਂ ਲੈਂਦਾ ਹੈ ਜਿਨ੍ਹਾਂ ਨੇ ਢੋਲਕੀਆਂ, ਚਿਮਟਿਆਂ, ਖੜਤਾਲਾਂ ਤੇ ਸਿਧੀਆਂ ਧਾਰਨਾ ਨੂੰ ਪਰਮਾਰਥ ਤੇ ਮੁਕਤੀ ਦਾ ਮਾਰਗ ਸਮਝ ਲਿਆ ਹੈ, ਤੇ ਅੰਨ੍ਹੇ ਸ਼ਰਧਾਲੂਆਂ ਦੀਆਂ ਲਾਮ ਡੋਰੀਆਂ ਪਿੱਛੇ ਲਾ ਕੇ ਸਿੱਖੀ ਤੇ ਸੰਗੀਤ ਦੋਵਾਂ ਦਾ ਘਾਣ ਕਰ ਛੱਡਿਆ ਹੈ।

ਸੱਚੀ ਤੇ ਖ਼ਰੀ ਗੱਲ ਕਹਿੰਦਿਆਂ ਉਹ ਕਿਸੇ ਦਾ ਲਿਹਾਜ਼ ਨਹੀਂ ਕਰਦਾ। ਦੁਨੀਆ ਭਰ ਦੇ ਗੁਰਦਵਾਰਿਆਂ ਦੀਆਂ ਕਮੇਟੀਆਂ ਤੇ ਉਨ੍ਹਾਂ ਦੇ ਅਹੁਦੇਦਾਰਾਂ ਦੇ ਹਵਾਲੇ ਨਾਲ, ਜਿਨ੍ਹਾਂ ਵਿਚ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਤੇ ਉਹਦੇ ਅਹੁਦੇਦਾਰ ਵੀ ਆਪਣੇ-ਆਪ ਆ ਜਾਂਦੇ ਹਨ, ਉਹ ਕੌੜਾ ਸੱਚ ਬਿਆਨ ਕਰਨੋ ਨਹੀਂ ਉੱਕਦਾ। ਉਸਦਾ ਮੰਨਣਾ ਹੈ ਕਿ ਸੰਸਾਰ ਭਰ ਦੇ ਗੁਰਦੁਆਰਾ ਕਮੇਟੀਆਂ ਦੇ ਅਹੁਦੇਦਾਰਾਂ ਦਾ ਸੰਗੀਤ ਕਲਾ ਤੋਂ, ਗੁਰਮਤਿ ਸਿਧਾਂਤ ਤੇ ਗੁਰਬਾਣੀ ਗਿਆਨ ਤੋਂ ਪੱਲਾ ਖਾਲੀ ਹੈ। 'ਇਸ ਹਾਲਾਤ ਵਿਚ ਸੰਸਾਰ ਭਰ ਦੇ ਗੁਰ ਅਸਥਾਨਾ ਵਿਚ ਸਿੱਖ ਇਤਿਹਾਸ, ਸਿੱਖ ਸਿਧਾਂਤ, ਕਲਾਸੀਕਲ ਸੰਗੀਤ ਤੇ ਗੁਰਮਤਿ ਗਿਆਨ ਦੀ ਪਰਖ-ਪੜਚੋਲ ਕਰਨ ਵਾਲਾ, ਰੋਕ ਟੋਕ ਕਰਨ ਵਾਲਾ ਅਤੇ ਰਾਹਨੁਮਾਈ ਕਰਨ ਵਾਲਾ ਕੋਈ ਕਾਬਲ ਮੁਰਸ਼ਦ ਦਿਖਾਈ ਨਹੀਂ ਦਿੰਦਾ।'

ਭਾਈ ਮਰਦਾਨੇ ਤੋਂ ਲੈ ਕੇ ਹੁਣ ਤੱਕ ਮੁਸਲਮਾਨ ਰਬਾਬੀਆਂ ਦੀ ਗੁਰਮਤਿ ਸੰਗੀਤ ਨੂੰ ਦਿੱਤੀ ਦੇਣ ਦਾ ਉਹ ਡਾਢਾ ਕਦਰਦਾਨ ਹੈ। ਕਦੀ ਇਹ ਰਬਾਬੀ ਹਰਿਮੰਦਰ ਸਾਹਿਬ ਵਿਚ ਹੁੰਦੇ ਕੀਰਤਨ ਦੀ ਰੂਹ ਹੁੰਦੇ ਸਨ। ਬਦਲਦੀ ਸਿੱਖ ਮਰਿਆਦਾ ਮੁਤਾਬਕ ਭਾਈ ਮਰਦਾਨੇ ਦੇ ਵੰਸ਼ਜ ਉਨ੍ਹਾਂ ਮਹਾਨ ਰਬਾਬੀਆਂ ਦੇ ਗੁਰਦਵਾਰਿਆਂ ਵਿਚ ਕੀਰਤਨ ਕਰਨ ਦੀ ਕੀਤੀ ਮਨਾਹੀ ਵੱਲ ਕੀਤਾ ਉਹਦਾ ਸੂਖਮ ਸੰਕੇਤ ਕੱਟੜ ਕਿਸਮ ਦੀ ਮਰਿਆਦਾ ਬਾਰੇ ਵੀ ਤਿੱਖਾ ਸਵਾਲ ਬਣ ਕੇ ਉਭਰਦਾ ਹੈ। ਅਜਿਹਾ ਤਿੱਖਾ ਸਵਾਲ ਕਰਨ ਦੀ ਜੁਰਅਤ ਵੀ ਸ਼ਾਇਦ ਉਸਨੇ ਆਪਣੇ ਵਡੇਰੇ ਬਾਬੇ ਨਾਨਕ ਕੋਲੋਂ ਲਈ ਹੈ ਜਿਸਨੇ ਉਚਾਰਿਆ ਸੀ, 'ਸੱਚ ਸੁਣਾਇਸੀ ਸੱਚ ਕੀ ਬੇਲਾ।'

ਸੰਗੀਤ ਬਾਰੇ ਗੱਲ ਕਰਦਿਆਂ ਨਾਲ ਦੇ ਨਾਲ ਪਾਂਧੀ ਧਰਮ, ਸਮਾਜ, ਸਭਿਆਚਾਰ, ਇਤਿਹਾਸ ਬਾਰੇ ਵੀ ਰੌਚਿਕ ਤੇ ਮੁੱਲਵਾਨ ਟਿੱਪਣੀਆਂ ਕਰਦਾ ਹੈ।

ਬੇਖ਼ੌਫ਼ ਹੋ ਕੇ ਸੱਚ ਦੀ ਗੱਲ ਕਹਿਣ ਵਾਲੇ ਬਾਬੇ ਨਾਨਕ ਦੇ ਸੱਚੇ ਸਿੱਖ ਪੂਰਨ ਸਿੰਘ ਪਾਂਧੀ ਬਾਰੇ ਲਿਖਦਿਆਂ ਜੇ ਸੌ ਹੱਥ ਰੱਸੇ ਦੇ ਸਿਰੇ 'ਤੇ ਗੰਢ ਦੇਣੀ ਹੋਵੇ ਤਾਂ ਕਿਹਾ ਜਾ ਸਕਦਾ ਹੈ ਕਿ ਪਾਂਧੀ ਸੁਰੀਲੀ ਸ਼ਖ਼ਸੀਅਤ ਹੈ; ਸੁਰੀਲੀ ਵਾਰਤਕ ਦਾ ਸਿਰਜਕ ਹੈ; ਸੁਰੀਲੇ ਜੀਵਨ, ਸੁਰੀਲੇ ਸਮਾਜ ਤੇ ਸੁਰੀਲੇ ਸਭਿਆਚਾਰ ਦਾ ਤਲਬਗਾਰ ਹੈ। ਉਹ ਸਚਮੁੱਚ ਪੰਜਾਬੀ ਵਾਰਤਕ ਦੇ ਖ਼ੇਤਰ ਦਾ 'ਪਹੁੰਚਿਆ ਹੋਇਆ ਪਾਂਧੀ' ਹੈ।

(ਪੂਰਨ ਸਿੰਘ ਪਾਂਧੀ ਦੀ ਪੁਸਤਕ 'ਸੰਗੀਤ ਦੀ ਦੁਨੀਆਂ' ਵਿਚੋਂ)

# ਕੱਲ੍ਹ, ਅੱਜ ਅਤੇ ਭਲਕ: ਹਮੇਸ਼ਾ ਜਵਾਨ ਰਹਿਣ ਵਾਲਾ ਮਾਧਿਅਮ ਰੇਡੀਓ

## ਵਿਸ਼ਵ ਰੇਡੀਓ ਦਿਵਸ 2026: ਵਿਕਾਸ ਅਤੇ ਸ਼ਾਂਤੀ ਦਾ ਇੱਕ ਸਦੀਵੀ ਸੁਰ

ਰੇਡੀਓ ਸਿਰਫ਼ ਪਲਾਸਟਿਕ ਜਾਂ ਲੋਹੇ ਦਾ ਇੱਕ ਡੱਬਾ ਨਹੀਂ ਹੈ, ਬਲਕਿ ਇਹ ਮਨੁੱਖੀ ਆਵਾਜ਼ਾਂ ਦਾ ਇੱਕ ਅਜਿਹਾ ਵਹਿਣ ਹੈ, ਜੋ ਥਾਵਾਂ ਅਤੇ ਸਮੇਂ ਦੀਆਂ ਹੱਦਾਂ ਨੂੰ ਪਾਰ ਕਰਕੇ ਸਾਡੇ ਤੱਕ ਪਹੁੰਚਦਾ ਹੈ। ਅੱਜ ਜਦੋਂ ਅਸੀਂ 2026 ਦੇ ਦੌਰ 'ਚ ਵਿਚਰ ਰਹੇ ਹਾਂ, ਤਾਂ ਇਹ ਅਹਿਸਾਸ ਹੋਰ ਵੀ ਗੂੜ੍ਹਾ ਹੋ ਜਾਂਦਾ ਹੈ ਕਿ ਤਕਨੀਕੀ ਚਮਕ-ਧਮਕ ਦੇ ਇਸ ਦੌਰ ਵਿਚ ਵੀ ਰੇਡੀਓ ਦੀ ਮਹੱਤਤਾ ਘਟੀ ਨਹੀਂ, ਸਗੋਂ ਵਧੀ ਹੈ। ਇਸ ਸਾਲ 2026 ਦੇ ਰੇਡੀਓ ਦਿਵਸ ਦਾ ਮੁੱਖ ਸੁਨੇਹਾ, ਜੋ ਰੇਡੀਓ ਨੂੰ 'ਟਿਕਾਊ ਵਿਕਾਸ ਅਤੇ ਸ਼ਾਂਤੀ ਦਾ ਦੂਤ' ਮੰਨਦਾ ਹੈ। ਇਹ ਦਰਸਾਉਂਦਾ ਹੈ ਕਿ ਇਹ ਸਾਧਨ ਸਾਡੀ ਧਰਤੀ ਨੂੰ ਬਚਾਉਣ ਅਤੇ ਲੋਕਾਂ ਦੇ ਦਿਲਾਂ ਵਿਚ



ਗੁਰਪ੍ਰੀਤ ਸਿੰਘ ਬਿਲਿੰਗ
ਫੋਨ 75086-98066

ਪਿਆਰ ਪੈਦਾ ਕਰਨ ਲਈ ਕਿੰਨਾ ਜ਼ਰੂਰੀ ਹੈ। ਜੇਕਰ ਅਸੀਂ ਗੌਰ ਕਰੀਏ, ਤਾਂ ਰੇਡੀਓ ਇੱਕ ਅਜਿਹਾ ਦੋਸਤ ਹੈ, ਜੋ ਬਿਨਾਂ ਕੁਝ ਮੰਗੇ ਸਾਨੂੰ ਦੁਨੀਆ ਭਰ ਦੀਆਂ ਖ਼ਬਰਾਂ, ਮਨੋਰੰਜਨ ਅਤੇ ਸਿੱਖਿਆ ਦੇ ਦਿੰਦਾ ਹੈ।

ਇਸ ਦੋਸਤੀ ਦੀ ਸ਼ੁਰੂਆਤ ਸਾਡੇ ਬਚਪਨ ਦੀਆਂ ਉਨ੍ਹਾਂ ਯਾਦਾਂ ਤੋਂ ਹੁੰਦੀ ਹੈ, ਜਿੱਥੇ ਸਵੇਰ ਦੀ ਚਾਹ ਦੀ ਚੁਸਕੀ ਦੇ ਨਾਲ ਰੇਡੀਓ ਦੀ ਸੁਰੀਲੀ ਆਵਾਜ਼ ਘਰ ਦੇ ਵਿਹੜੇ ਵਿਚ ਗੂੰਜਦੀ ਸੀ। ਉਸ ਸਮੇਂ ਸ਼ਾਇਦ ਅਸੀਂ 'ਟਿਕਾਊ ਵਿਕਾਸ' ਵਰਗੇ ਵੱਡੇ ਸ਼ਬਦਾਂ ਦਾ ਮਤਲਬ ਨਹੀਂ ਸੀ ਜਾਣਦੇ, ਪਰ ਰੇਡੀਓ ਸਾਨੂੰ ਅਣਜਾਣੇ ਵਿਚ ਹੀ ਕੁਦਰਤ ਨਾਲ ਜੋੜ ਰਿਹਾ ਸੀ। ਟਿਕਾਊ ਵਿਕਾਸ ਦਾ ਅਸਲ ਮਤਲਬ ਬਹੁਤ ਸਰਲ ਹੈ। ਇਹ ਇੱਕ ਅਜਿਹਾ ਤਰੀਕਾ ਹੈ ਜਿਸ ਨਾਲ ਅਸੀਂ ਅੱਜ ਆਪਣੀਆਂ ਲੋੜਾਂ ਇਸ ਤਰ੍ਹਾਂ ਪੂਰੀਆਂ ਕਰੀਏ ਕਿ ਸਾਡੇ ਆਉਣ ਵਾਲੇ ਬੱਚਿਆਂ ਲਈ ਵੀ ਇਹ ਧਰਤੀ, ਪਾਣੀ ਅਤੇ ਹਵਾ ਸੁਰੱਖਿਅਤ ਰਹਿ ਸਕੇ। ਰੇਡੀਓ ਇਸੇ ਗੱਲ ਨੂੰ ਬਹੁਤ ਸੌਖੇ ਤਰੀਕੇ ਨਾਲ ਸਾਡੇ ਤੱਕ ਪਹੁੰਚਾਉਂਦਾ ਹੈ। ਜਦੋਂ ਇੱਕ ਰੇਡੀਓ ਪੇਸ਼ਕਾਰ ਖੇਤਾਂ ਵਿਚ ਕੰਮ ਕਰਦੇ ਕਿਸਾਨ ਨੂੰ ਦੱਸਦਾ ਹੈ ਕਿ ਕਿਵੇਂ ਘੱਟ ਪਾਣੀ ਦੀ ਵਰਤੋਂ ਕਰਕੇ ਚੰਗੀ ਫ਼ਸਲ ਉਗਾਈ ਜਾ ਸਕਦੀ ਹੈ, ਤਾਂ ਉਹ ਸਿੱਧਾ ਟਿਕਾਊ ਵਿਕਾਸ ਦੀ ਨੀਂਹ ਰੱਖ ਰਿਹਾ ਹੁੰਦਾ ਹੈ।

ਇਹ ਜਾਣਕਾਰੀ ਦੇਣ ਦਾ ਸਿਲਸਿਲਾ ਸਿਰਫ਼ ਖੇਤੀ ਤੱਕ ਸੀਮਤ ਨਹੀਂ ਹੈ। 2026 ਦੇ ਇਸ ਦੌਰ ਵਿਚ, ਰੇਡੀਓ ਵਾਤਾਵਰਣ ਦੀ ਸੰਭਾਲ ਲਈ ਇੱਕ ਬਹੁਤ ਵੱਡਾ ਸਹਾਰਾ ਬਣ ਗਿਆ ਹੈ। ਅੱਜ ਜਦੋਂ ਅਸੀਂ 'ਗਲੋਬਲ ਵਾਰਮਿੰਗ' ਯਾਨੀ ਧਰਤੀ ਦੇ ਲਗਾਤਾਰ ਵਧ ਰਹੇ ਤਾਪਮਾਨ ਕਾਰਨ ਪਰੇਸ਼ਾਨ ਹਾਂ, ਤਾਂ ਰੇਡੀਓ ਸਾਨੂੰ ਚੇਤਾਵਨੀ ਵੀ ਦਿੰਦਾ ਹੈ ਅਤੇ ਹੱਲ ਵੀ ਦੱਸਦਾ ਹੈ। ਇਸਦੀ ਸਭ ਤੋਂ ਵੱਡੀ ਖ਼ੂਬਸੂਰਤੀ ਇਹ ਹੈ ਕਿ ਇਹ ਬਹੁਤ ਘੱਟ ਊਰਜਾ ਜਾਂ ਸਿਰਫ਼ ਸੈੱਲਾਂ ਨਾਲ ਚੱਲ ਸਕਦਾ ਹੈ। ਜਿੱਥੇ ਟੈਲੀਵਿਜ਼ਨ ਜਾਂ ਵੱਡੇ ਸਮਾਰਟਫ਼ੋਨ ਚਲਾਉਣ ਲਈ ਬਹੁਤ ਜ਼ਿਆਦਾ ਬਿਜਲੀ ਅਤੇ ਮਹਿੰਗੇ ਡਾਟਾ ਦੀ ਲੋੜ ਹੁੰਦੀ ਹੈ, ਉੱਥੇ ਰੇਡੀਓ ਇੱਕ ਅਜਿਹਾ ਸਾਧਨ ਹੈ ਜੋ ਗ਼ਰੀਬ ਤੋਂ ਗ਼ਰੀਬ ਇਨਸਾਨ ਤੱਕ ਵੀ ਬਿਨਾਂ ਕਿਸੇ ਵਾਧੂ ਖ਼ਰਚੇ ਦੇ ਸਹੀ ਜਾਣਕਾਰੀ ਪਹੁੰਚਾਉਂਦਾ ਹੈ। ਇਹੀ ਕਾਰਨ ਹੈ ਕਿ ਇਸ ਨੂੰ ਵਿਕਾਸ ਦਾ ਸਭ ਤੋਂ 'ਟਿਕਾਊ' ਜਾਂ ਲੰਬੇ ਸਮੇਂ ਤੱਕ ਸਾਥ ਨਿਭਾਉਣ ਵਾਲਾ ਮਾਧਿਅਮ ਕਿਹਾ ਜਾਂਦਾ ਹੈ।

ਜਿਵੇਂ-ਜਿਵੇਂ ਅਸੀਂ ਵਿਕਾਸ ਦੀ ਗੱਲ ਕਰਦੇ ਹਾਂ, ਉਸਦੇ ਨਾਲ-ਨਾਲ ਸ਼ਾਂਤੀ ਦੀ ਅਹਿਮੀਅਤ ਵੀ ਵਧ ਜਾਂਦੀ ਹੈ। ਸ਼ਾਂਤੀ ਦਾ ਮਤਲਬ ਸਿਰਫ਼ ਜੰਗਾਂ ਦਾ ਨਾ ਹੋਣਾ ਨਹੀਂ ਹੈ, ਬਲਕਿ ਲੋਕਾਂ ਦੇ ਮਨਾਂ ਵਿਚ ਇੱਕ-ਦੂਜੇ ਲਈ ਨਫ਼ਰਤ ਦਾ ਖ਼ਤਮ ਹੋਣਾ ਹੈ। ਰੇਡੀਓ ਨੇ ਇਤਿਹਾਸ ਵਿਚ ਕਈ ਵਾਰ ਸਾਬਤ ਕੀਤਾ ਹੈ ਕਿ ਇਹ ਕੁੜੱਤਣ ਨੂੰ ਮੁਹੱਬਤ ਵਿਚ ਬਦਲ ਸਕਦਾ ਹੈ। ਅੱਜ ਦੇ ਦੌਰ ਵਿਚ, ਜਿੱਥੇ ਸੋਸ਼ਲ ਮੀਡੀਆ 'ਤੇ ਅਕਸਰ ਗ਼ਲਤ ਅਫ਼ਵਾਹਾਂ ਬਹੁਤ ਤੇਜ਼ੀ ਨਾਲ ਫੈਲ ਜਾਂਦੀਆਂ ਹਨ ਅਤੇ ਲੋਕਾਂ ਨੂੰ ਆਪਸ ਵਿਚ ਲੜਾ ਦਿੰਦੀਆਂ ਹਨ। ਉੱਥੇ ਰੇਡੀਓ ਇੱਕ ਸਿਆਣੇ ਬਜ਼ੁਰਗ ਵਾਂਗ ਕੰਮ ਕਰਦਾ ਹੈ। ਰੇਡੀਓ ਤੋਂ ਆਉਣ ਵਾਲੀ ਆਵਾਜ਼ ਹਮੇਸ਼ਾ ਜ਼ਿੰਮੇਵਾਰ ਹੁੰਦੀ ਹੈ। ਇਹ ਸਾਨੂੰ ਸਿਖਾਉਂਦੀ ਹੈ ਕਿ ਅਸੀਂ ਅਫ਼ਵਾਹਾਂ 'ਤੇ ਯਕੀਨ ਨਾ ਕਰੀਏ ਅਤੇ ਆਪਸੀ ਭਾਈਚਾਰਾ ਬਣਾ ਕੇ ਰੱਖੀਏ।

ਸ਼ਾਂਤੀ ਸਥਾਪਤ ਕਰਨ ਦਾ ਇੱਕ ਹੋਰ ਅਹਿਮ ਤਰੀਕਾ ਹੈ। ਇੱਕ-ਦੂਜੇ ਦੇ ਸੱਭਿਆਚਾਰ ਨੂੰ ਸਮਝਣਾ। ਰੇਡੀਓ 'ਤੇ ਜਦੋਂ ਅਸੀਂ ਵੱਖ-ਵੱਖ ਬੋਲੀਆਂ ਦੇ ਗੀਤ ਸੁਣਦੇ ਹਾਂ ਜਾਂ ਦੂਰ-ਦੁਰਾਡੇ ਦੇ ਇਲਾਕਿਆਂ ਦੇ ਲੋਕਾਂ ਦੇ ਦੁੱਖ-ਸੁਖ ਸੁਣਦੇ ਹਾਂ, ਤਾਂ ਸਾਨੂੰ ਮਹਿਸੂਸ ਹੁੰਦਾ ਹੈ ਕਿ ਸਾਡੀਆਂ ਮਾਨਵੀ ਭਾਵਨਾਵਾਂ ਇੱਕੋ ਜਿਹੀਆਂ ਹਨ। ਇਹ ਸਾਡੀ ਮਨੁੱਖੀ ਸਾਂਝ ਨੂੰ ਮਜ਼ਬੂਤ ਕਰਦਾ ਹੈ। ਜਦੋਂ ਇੱਕ ਇਨਸਾਨ ਦੂਜੇ ਇਨਸਾਨ ਦੇ ਦਰਦ ਨੂੰ ਸੁਣਦਾ ਹੈ, ਤਾਂ ਹਿੰਸਾ ਦੀ ਗੁੰਜਾਇਸ਼ ਖ਼ਤਮ ਹੋ ਜਾਂਦੀ ਹੈ। ਰੇਡੀਓ ਇਸੇ ਲਈ 'ਸ਼ਾਂਤੀ ਦਾ ਦੂਤ' ਹੈ ਕਿਉਂਕਿ ਇਹ ਵੱਖ-ਵੱਖ ਭਾਈਚਾਰਿਆਂ ਦੇ ਵਿਚਕਾਰ ਇੱਕ ਮਜ਼ਬੂਤ ਪੁਲ ਦਾ ਕੰਮ ਕਰਦਾ ਹੈ। ਇਹ ਸਾਨੂੰ ਦੱਸਦਾ ਹੈ ਕਿ ਦੁਨੀਆ ਦੇ ਕਿਸੇ ਵੀ ਕੋਨੇ ਵਿਚ ਬੈਠਾ ਮਨੁੱਖ




ਸਾਡੇ ਵਰਗਾ ਹੀ ਹੈ, ਉਸ ਦੀਆਂ ਉਮੀਦਾਂ ਅਤੇ ਉਸ ਦੇ ਡਰ ਸਾਡੇ ਤੋਂ ਵੱਖਰੇ ਨਹੀਂ ਹਨ।

ਰੇਡੀਓ ਦੀ ਇਸ ਤਾਕਤ ਦੇ ਪਿੱਛੇ ਇਸ ਦਾ ਬਦਲਦਾ ਹੋਇਆ ਤਕਨੀਕੀ ਰੂਪ ਵੀ ਹੈ। ਅੱਜ ਅਸੀਂ 2026 ਵਿਚ ਸਿਰਫ਼ ਪੁਰਾਣੇ ਰੇਡੀਓ ਸੈੱਟਾਂ ਤੱਕ ਸੀਮਤ ਨਹੀਂ ਹਾਂ। ਹੁਣ ਰੇਡੀਓ ਸਾਡੇ ਮੋਬਾਈਲ ਫ਼ੋਨਾਂ ਵਿਚ ਹੈ, ਕਾਰਾਂ ਵਿਚ ਹੈ ਅਤੇ 'ਪੌਡਕਾਸਟ' ਦੇ ਰੂਪ ਵਿਚ ਸਾਡੇ ਕੋਲ ਮੌਜੂਦ ਹੈ। ਪੌਡਕਾਸਟ ਰਾਹੀਂ ਹੁਣ ਕੋਈ ਵੀ ਆਪਣੀ ਆਵਾਜ਼ ਦੁਨੀਆ ਤੱਕ ਪਹੁੰਚਾ ਸਕਦਾ ਹੈ, ਜਿਸ ਨਾਲ ਜਾਣਕਾਰੀ ਦਾ ਲੋਕਤੰਤਰੀਕਰਨ ਹੋਇਆ ਹੈ। ਪਰ ਭਾਵੇਂ ਰੂਪ ਬਦਲ ਗਿਆ ਹੋਵੇ, ਇਸਦੀ ਰੂਹ ਅੱਜ ਵੀ 'ਆਵਾਜ਼' ਹੀ ਹੈ। ਆਵਾਜ਼ ਵਿਚ ਇੱਕ ਜਾਦੂ ਹੁੰਦਾ ਹੈ। ਇਹ ਸਾਨੂੰ ਕਲਪਨਾ ਕਰਨ ਦੀ ਆਜ਼ਾਦੀ ਦਿੰਦੀ ਹੈ। ਜਦੋਂ ਅਸੀਂ ਰੇਡੀਓ 'ਤੇ ਕੋਈ ਵਾਰਤਾਲਾਪ ਜਾਂ ਕਹਾਣੀ ਸੁਣਦੇ ਹਾਂ, ਤਾਂ ਸਾਡਾ ਦਿਮਾਗ ਆਪਣੇ ਆਪ ਉਸ ਦੀਆਂ ਤਸਵੀਰਾਂ ਸਿਰਜਣ ਲੱਗਦਾ ਹੈ। ਇਹ ਰਚਨਾਤਮਕਤਾ ਸਾਨੂੰ ਮਾਨਸਿਕ ਤੌਰ 'ਤੇ ਜ਼ਿੰਦਾ ਅਤੇ ਸੁਚੇਤ ਰੱਖਦੀ ਹੈ।

ਇਸ ਡਿਜੀਟਲ ਯੁੱਗ ਵਿਚ, ਰੇਡੀਓ ਦੀ ਇੱਕ ਹੋਰ ਖ਼ੂਬਸੂਰਤੀ ਇਹ ਹੈ ਕਿ ਇਹ ਸਭ ਤੋਂ ਭਰੋਸੇਮੰਦ ਮਾਧਿਅਮ ਹੈ। ਕਈ ਵਾਰ ਜਦੋਂ ਵੱਡੀਆਂ ਕੁਦਰਤੀ ਆਫ਼ਤਾਂ ਆਉਂਦੀਆਂ ਹਨ—ਜਿਵੇਂ ਹੜ੍ਹ ਜਾਂ ਭੂਚਾਲ—ਤਾਂ ਅਕਸਰ ਬਿਜਲੀ ਗੁੱਲ ਹੋ ਜਾਂਦੀ ਹੈ ਅਤੇ ਇੰਟਰਨੈੱਟ ਦੇ ਟਾਵਰ ਠੱਪ ਹੋ ਜਾਂਦੇ ਹਨ। ਅਜਿਹੇ ਨਾਜ਼ੁਕ ਸਮੇਂ ਵਿਚ ਸਿਰਫ਼ ਰੇਡੀਓ ਹੀ ਹੁੰਦਾ ਹੈ ਜੋ ਲਗਾਤਾਰ ਸੰਪਰਕ ਬਣਾਈ ਰੱਖਦਾ ਹੈ। ਇਹ ਲੋਕਾਂ ਨੂੰ ਦੱਸਦਾ ਹੈ ਕਿ ਮਦਦ ਕਿੱਥੋਂ ਮਿਲੇਗੀ, ਕਿਹੜਾ ਰਸਤਾ ਸੁਰੱਖਿਅਤ ਹੈ ਅਤੇ ਕਿਵੇਂ ਆਪਣਾ ਬਚਾਅ ਕਰਨਾ ਹੈ। ਇਹ ਕਿਸੇ ਸੱਚੇ ਰਹਿਬਰ ਵਾਂਗ ਸਾਡਾ ਹੱਥ ਫੜ ਕੇ ਸਾਨੂੰ ਮੁਸੀਬਤ ਵਿਚੋਂ ਬਾਹਰ ਕੱਢਦਾ ਹੈ। ਇਸ ਤਰ੍ਹਾਂ ਇਹ ਸਿਰਫ਼ ਮਨੋਰੰਜਨ ਦਾ ਸਾਧਨ ਨਹੀਂ, ਬਲਕਿ ਜੀਵਨ ਰੱਖਿਅਕ ਪ੍ਰਣਾਲੀ ਦਾ ਇੱਕ ਹਿੱਸਾ ਹੈ।

ਮਨੁੱਖੀ ਸੰਵੇਦਨਾਵਾਂ ਦੇ ਨਜ਼ਰੀਏ ਤੋਂ ਦੇਖੀਏ ਤਾਂ ਰੇਡੀਓ ਇਕੱਲਤਾ ਦਾ ਸਭ ਤੋਂ ਵੱਡਾ ਦੁਸ਼ਮਣ ਹੈ। ਸਾਡੇ ਸਮਾਜ ਵਿਚ ਕਈ ਅਜਿਹੇ ਬਜ਼ੁਰਗ ਹਨ ਜਿਨ੍ਹਾਂ ਕੋਲ ਗੱਲ ਕਰਨ ਲਈ ਕੋਈ ਨਹੀਂ ਹੁੰਦਾ, ਜਾਂ ਅਜਿਹੇ ਨੌਜਵਾਨ ਹਨ ਜੋ ਅੱਜ ਦੀ ਭੱਜ-ਦੌੜ ਵਿਚ ਮਾਨਸੀ ਤਣਾਅ ਦਾ ਸ਼ਿਕਾਰ ਹਨ। ਉਨ੍ਹਾਂ ਲਈ ਰੇਡੀਓ ਪੇਸ਼ਕਾਰ (ਆਰ.ਜੇ.) ਦੀ ਨਿੱਘੀ ਆਵਾਜ਼ ਇੱਕ ਮੱਲ੍ਹਮ ਦਾ ਕੰਮ ਕਰਦੀ ਹੈ। ਜਦੋਂ ਰੇਡੀਓ ਤੋਂ ਕੋਈ ਕਹਿੰਦਾ ਹੈ, 'ਤੁਸੀਂ ਸੁਣ ਰਹੇ ਹੋ...' ਤਾਂ ਸੁਣਨ ਵਾਲੇ ਨੂੰ ਮਹਿਸੂਸ ਹੁੰਦਾ ਹੈ ਕਿ ਕੋਈ ਉਸ ਦੇ ਨਾਲ ਖੜ੍ਹਾ ਹੈ। ਇਹ ਮਨੁੱਖੀ ਰਿਸ਼ਤਾ ਹੀ ਰੇਡੀਓ ਨੂੰ ਹੋਰ ਸਾਰੇ ਡਿਜੀਟਲ ਮਾਧਿਅਮਾਂ ਤੋਂ ਉੱਤਮ ਬਣਾਉਂਦਾ ਹੈ। ਇਹ ਸਾਨੂੰ ਅਹਿਸਾਸ ਕਰਵਾਉਂਦਾ ਹੈ ਕਿ ਅਸੀਂ ਇਸ ਭੀੜ ਭਰੀ ਦੁਨੀਆ ਵਿਚ ਇਕੱਲੇ ਨਹੀਂ ਹਾਂ।

ਅਖ਼ੀਰ ਵਿਚ, 2026 ਦਾ ਵਿਸ਼ਵ ਰੇਡੀਓ ਦਿਵਸ ਸਾਨੂੰ ਇਹ ਸਮਝਾਉਂਦਾ ਹੈ ਕਿ ਅਸਲ ਤਰੱਕੀ ਉਹ ਨਹੀਂ ਜੋ ਸਾਨੂੰ ਕੁਦਰਤ ਤੋਂ ਦੂਰ ਕਰ ਦੇਵੇ, ਬਲਕਿ ਉਹ ਹੈ ਜੋ ਸਾਨੂੰ ਕੁਦਰਤ ਅਤੇ ਇੱਕ-ਦੂਜੇ ਦੇ ਨੇੜੇ ਲਿਆਵੇ। ਰੇਡੀਓ ਟਿਕਾਊ ਵਿਕਾਸ ਦਾ ਉਹ ਰਾਹ ਹੈ ਜੋ ਸਾਦਗੀ ਨਾਲ ਭਰਿਆ ਹੈ। ਇਹ ਸ਼ਾਂਤੀ ਦਾ ਉਹ ਦੂਤ ਹੈ ਜੋ ਬਿਨਾਂ ਕਿਸੇ ਸ਼ੋਰ-ਸ਼ਰਾਬੇ ਦੇ ਸਾਡੇ ਮਨਾਂ ਵਿਚ ਅਮਨ ਦੇ ਬੀਜ ਬੀਜਦਾ ਹੈ। ਸਾਨੂੰ ਚਾਹੀਦਾ ਹੈ ਕਿ ਅਸੀਂ ਰੇਡੀਓ ਦੀ ਇਸ ਪਰੰਪਰਾ ਨੂੰ ਸੰਭਾਲ ਕੇ ਰੱਖੀਏ। ਚਾਹੇ ਅਸੀਂ ਤਕਨੀਕੀ ਤੌਰ 'ਤੇ ਕਿੰਨੀ ਵੀ ਉੱਚੀ ਉਡਾਣ ਭਰ ਲਈਏ, ਪਰ ਰੇਡੀਓ ਦੀ ਉਹ ਮਿੱਠੀ ਗੂੰਜ ਸਾਡੀ ਜ਼ਿੰਦਗੀ ਦਾ ਅਟੁੱਟ ਹਿੱਸਾ ਬਣੀ ਰਹਿਣੀ ਚਾਹੀਦੀ ਹੈ, ਕਿਉਂਕਿ ਇਹ ਸਿਰਫ਼ ਸੂਚਨਾਵਾਂ ਨਹੀਂ ਵੰਡਦਾ, ਇਹ ਇਨਸਾਨੀਅਤ ਦੀ ਸਾਂਝੀ ਕਹਾਣੀ ਸੁਣਾਉਂਦਾ ਹੈ।

ਆਓ, ਇਸ ਰੇਡੀਓ ਦਿਵਸ 'ਤੇ ਅਸੀਂ ਇਹ ਅਹਿਦ ਕਰੀਏ ਕਿ ਅਸੀਂ ਰੇਡੀਓ ਵਾਂਗ ਬਣਾਂਗੇ—ਸਭ ਨੂੰ ਧੀਰਜ ਨਾਲ ਸੁਣਨ ਵਾਲੇ, ਸੱਚ ਦਾ ਸਾਥ ਦੇਣ ਵਾਲੇ ਅਤੇ ਹਮੇਸ਼ਾ ਸ਼ਾਂਤੀ ਦਾ ਪਾਸਾਰ ਕਰਨ ਵਾਲੇ। ਕਿਉਂਕਿ ਜਿੰਨਾ ਚਿਰ ਫ਼ਿਜ਼ਾਵਾਂ ਵਿਚ ਆਵਾਜ਼ਾਂ ਜਿਊਂਦੀਆਂ ਹਨ, ਓਨੀ ਦੇਰ ਤੱਕ ਸੁਖਦ ਭਵਿੱਖ ਦੀ ਉਮੀਦ ਵੀ ਜ਼ਿੰਦਾ ਹੈ। ਰੇਡੀਓ ਸਿਰਫ਼ ਪੁਰਾਣੇ ਸਮਿਆਂ ਦੀ ਯਾਦ ਨਹੀਂ, ਇਹ ਸਾਡੇ ਆਉਣ ਵਾਲੇ ਬਿਹਤਰ ਕੱਲ੍ਹ ਦੀ ਅਵਾਜ਼ ਹੈ।

# ਪੰਜਾਬ ਦੇ ਮੂਲ ਨਿਵਾਸੀਆਂ ਦੀ ਹੋਂਦ ਨੂੰ ਖ਼ਤਰਾ: ਨੌਕਰੀਆਂ ਦੀ ਲੁੱਟ ਅਤੇ ਨਸਲੀ ਤਬਦੀਲੀ ਦਾ ਸੰਕਟ

### ਭੂਮਿਕਾ: ਇੱਕ ਇਤਿਹਾਸਕ ਗਲਤੀ ਅਤੇ ਸਾਡੀ ਬੇਰੁਖ਼ੀ

ਪੰਜਾਬ ਦੀ ਸਮਾਜਿਕ ਬਣਤਰ ਅੱਜ ਇੱਕ ਅਜਿਹੇ ਗੰਭੀਰ ਮੋੜ 'ਤੇ ਖੜ੍ਹੀ ਹੈ, ਜਿੱਥੇ ਇਸ ਦੇ ਅਸਲ ਵਾਰਿਸ—ਐੱਸ.ਸੀ. ਅਤੇ ਬੀ.ਸੀ. ਭਾਈਚਾਰਾ ਆਪਣੀ ਹੋਂਦ ਗੁਆਉਣ ਦੇ ਕੰਢੇ 'ਤੇ ਹਨ। ਅਸੀਂ ਸਦੀਆਂ ਤੋਂ ਇਸ ਧਰਤੀ ਦੇ ਜਾਏ ਹਾਂ, ਪਰ ਅੱਜ ਸਾਨੂੰ ਇੱਕ ਅਜਿਹੀ 'ਬਣਾਉਟੀ ਜੰਗ' ਵਿਚ ਉਲਝਾ ਦਿੱਤਾ ਗਿਆ ਹੈ, ਜਿਸ ਦਾ ਮਕਸਦ ਸਾਡਾ ਧਿਆਨ ਅਸਲ ਲੁੱਟ ਤੋਂ ਭਟਕਾਉਣਾ ਹੈ। ਅਸੀਂ ਜੱਟਾਂ ਨਾਲ

ਪ੍ਰੋ. ਬਲਜਿੰਦਰ ਸਿੰਘ ਮੋਰਜੰਡ

ਜ਼ਮੀਨ ਜਾਂ ਸਮਾਜਿਕ ਰੁਤਬੇ ਦੀ ਲੜਾਈ ਵਿਚ ਇੰਨੇ ਮਸਰੂਫ ਹਾਂ ਕਿ ਸਾਨੂੰ ਉਹ 'ਪਰਵਾਸੀ ਹੜ੍ਹ' ਦਿਖਾਈ ਨਹੀਂ ਦੇ ਰਿਹਾ, ਜੋ ਸਾਡੀ ਰਿਜ਼ਰਵੇਸ਼ਨ, ਸਾਡੀਆਂ ਨੌਕਰੀਆਂ ਅਤੇ ਸਾਡੀ ਆਉਣ ਵਾਲੀ ਨਸਲ ਨੂੰ ਨਿਗਲ ਰਿਹਾ ਹੈ।

### 1. ਰਿਜ਼ਰਵੇਸ਼ਨ 'ਤੇ ਪਰਵਾਸੀਆਂ ਦਾ ਅਸਿੱਧਾ ਕਬਜ਼ਾ

ਸੰਵਿਧਾਨ ਨੇ ਸਾਨੂੰ ਰਿਜ਼ਰਵੇਸ਼ਨ ਇਸ ਲਈ ਦਿੱਤੀ ਸੀ ਤਾਂ ਜੋ ਪੰਜਾਬ ਦੇ ਪਛੜੇ ਹੋਏ ਮੂਲ ਨਿਵਾਸੀਆਂ ਦਾ ਜੀਵਨ ਪੱਧਰ ਉੱਚਾ ਹੋ ਸਕੇ। ਪਰ ਅੱਜ ਹਾਲਾਤ ਇਹ ਹਨ:

* **ਡੋਮਿਸਾਇਲ ਦੀ ਚੋਰ-ਮੋਰੀ:** ਪੰਜਾਬ ਵਿਚ ਹਿਮਾਚਲ ਜਾਂ ਰਾਜਸਥਾਨ ਵਾਂਗ ਸਖ਼ਤ ਡੋਮਿਸਾਇਲ ਨੀਤੀ ਨਾ ਹੋਣ ਕਰਕੇ, ਪਰਵਾਸੀ ਲੋਕ ਥੋੜ੍ਹਾ ਸਮਾਂ ਇੱਥੇ ਰਹਿ ਕੇ ਜਾਅਲੀ ਦਸਤਾਵੇਜ਼ਾਂ ਰਾਹੀਂ 'ਪੰਜਾਬੀ' ਬਣ ਰਹੇ ਹਨ।

* **ਕੋਟੇ ਦੀ ਲੁੱਟ:** ਸਰਕਾਰੀ ਨੌਕਰੀਆਂ ਅਤੇ ਵਿਦਿਅਕ ਸੰਸਥਾਵਾਂ ਵਿਚ ਐੱਸ.ਸੀ. ਕੋਟੇ ਦਾ ਲਾਭ ਉਹ ਲੋਕ ਲੈ ਰਹੇ ਹਨ, ਜਿਨ੍ਹਾਂ ਦਾ ਪੰਜਾਬ ਦੀ ਮਿੱਟੀ ਨਾਲ ਕੋਈ ਇਤਿਹਾਸਕ ਸਬੰਧ ਨਹੀਂ। ਸਾਡਾ ਆਪਣਾ ਮਜ੍ਹਬੀ, ਰਵਿਦਾਸੀਆ ਅਤੇ ਬੀ.ਸੀ. ਨੌਜਵਾਨ ਅੱਜ ਵੀ ਦਿਹਾੜੀ-ਟੱਪੇ ਲਈ ਮਜਬੂਰ ਹੈ, ਜਦਕਿ ਪਰਵਾਸੀ ਲੋਕ 'ਪੰਜਾਬੀ ਐੱਸ.ਸੀ.' ਬਣ ਕੇ ਅਫ਼ਸਰ ਲੱਗ ਰਹੇ ਹਨ।

### 2. ਜੱਟ-ਐੱਸ.ਸੀ. ਵਿਵਾਦ: ਇੱਕ ਸਿਆਸੀ ਸਾਜ਼ਿਸ਼

ਪੰਜਾਬ ਵਿਚ ਇਹ ਨੈਰੇਟਿਵ ਬਹੁਤ ਡੂੰਘਾਈ ਨਾਲ ਫੈਲਾਇਆ ਗਿਆ ਹੈ ਕਿ 'ਜੱਟ ਤੁਹਾਡਾ ਅਸਲ ਦੁਸ਼ਮਣ ਹੈ'। ਪ੍ਰੋ. ਮੋਰਜੰਡ ਦੇ ਅਨੁਸਾਰ, ਇਹ ਇੱਕ ਸੋਚੀ-ਸਮਝੀ ਸਾਜ਼ਿਸ਼ ਹੈ।

* **ਧਿਆਨ ਭਟਕਾਉਣਾ:** ਜੇਕਰ ਅਸੀਂ ਜੱਟਾਂ ਨਾਲ ਲੜਦੇ ਰਹਾਂਗੇ, ਤਾਂ ਅਸੀਂ ਕਦੇ ਇਹ ਸਵਾਲ ਨਹੀਂ ਪੁੱਛਾਂਗੇ ਕਿ ਸਾਡੀਆਂ ਫੈਕਟਰੀਆਂ, ਮੰਡੀਆਂ ਅਤੇ ਸ਼ਹਿਰਾਂ ਦੇ ਵਪਾਰ 'ਤੇ ਪਰਵਾਸੀਆਂ ਦਾ ਗਲਬਾ ਕਿਉਂ ਵਧ ਰਿਹਾ ਹੈ।

* **ਸਾਂਝੀ ਬਰਬਾਦੀ:** ਨੌਕਰੀਆਂ ਜੱਟਾਂ ਨੇ ਨਹੀਂ ਖੋਹੀਆਂ, ਸਗੋਂ ਉਸ ਸਿਸਟਮ ਨੇ ਖੋਹੀਆਂ ਹਨ ਜਿਸ ਨੇ ਪਰਵਾਸੀਆਂ ਨੂੰ ਪੰਜਾਬ ਦੇ ਵਾਰਿਸਾਂ ਦੇ ਬਰਾਬਰ ਲਿਆ ਕੇ ਖੜ੍ਹਾ ਕਰ ਦਿੱਤਾ ਹੈ। ਜਦੋਂ ਮੂਲ ਨਿਵਾਸੀ ਆਪਸ ਵਿਚ ਲੜਦੇ ਹਨ, ਤਾਂ ਤੀਜੀ ਧਿਰ (ਪਰਵਾਸੀ) ਮੁਨਾਫ਼ਾ ਕਮਾ ਕੇ ਸਾਡੇ ਵਸੀਲਿਆਂ 'ਤੇ ਕਾਬਜ਼ ਹੋ ਜਾਂਦੀ ਹੈ।

### 3. ਸਮਾਜਿਕ ਅਤੇ ਜੈਵਿਕ (Biological) ਪਤਨ: ਸਭ ਤੋਂ ਵੱਡਾ ਖ਼ਤਰਾ

ਇਹ ਨੁਕਤਾ ਸਾਡੇ ਸਮਾਜ ਦੀ ਰੀੜ੍ਹ ਦੀ ਹੱਡੀ ਨਾਲ ਜੁੜਿਆ ਹੋਇਆ ਹੈ। ਆਰਥਿਕ ਕਮਜ਼ੋਰੀ ਸਿਰਫ਼ ਗਰੀਬੀ ਨਹੀਂ ਲਿਆਉਂਦੀ, ਇਹ ਨਸਲੀ ਤਬਦੀਲੀ ਵੀ ਲਿਆਉਂਦੀ ਹੈ।



* **ਬੇਰੁਜ਼ਗਾਰੀ ਅਤੇ ਵਿਆਹੁਤਾ ਸਬੰਧ:** ਜਦੋਂ ਪੰਜਾਬ ਦੇ ਐੱਸ.ਸੀ. ਨੌਜਵਾਨ ਕੋਲ ਨੌਕਰੀ ਨਹੀਂ ਹੋਵੇਗੀ, ਤਾਂ ਉਸਦਾ ਸਮਾਜਿਕ ਰੁਤਬਾ ਡਿੱਗੇਗਾ। ਦੂਜੇ ਪਾਸੇ, ਪਰਵਾਸੀ ਲੋਕ ਜੋ ਵਪਾਰ ਅਤੇ ਨੌਕਰੀਆਂ ਵਿਚ ਮਜ਼ਬੂਤ ਹੋ ਰਹੇ ਹਨ, ਉਹ ਆਰਥਿਕ ਸ਼ਕਤੀ ਦੇ ਜ਼ੋਰ 'ਤੇ ਸਾਡੇ ਸਮਾਜਿਕ ਢਾਂਚੇ ਵਿਚ ਦਾਖਲ ਹੋਣਗੇ।

* **ਨਸਲੀ ਮਿਲਾਵਟ:** ਆਉਣ ਵਾਲੇ 20 ਸਾਲਾਂ ਵਿਚ, ਆਰਥਿਕ ਮਜਬੂਰੀਆਂ ਕਾਰਨ ਸਾਡੇ ਵਿਵਾਹਿਕ ਸਬੰਧ ਪਰਵਾਸੀਆਂ ਨਾਲ ਹੋਣਗੇ। ਇਸ ਨਾਲ ਪੰਜਾਬ ਦੀ 'ਮੂਲ ਨਸਲ' (Purity of Race) ਖ਼ਤਮ ਹੋ ਜਾਵੇਗੀ। ਸਾਡੀ ਅਗਲੀ ਪੀੜ੍ਹੀ ਨਾ ਪੰਜਾਬੀ ਬੋਲੇਗੀ, ਨਾ ਪੰਜਾਬੀ ਇਤਿਹਾਸ ਨੂੰ ਜਾਣੇਗੀ।

* **ਧਾਰਮਿਕ ਵਿਗਾੜ**: ਪਰਵਾਸੀ ਆਪਣੇ ਨਾਲ ਆਪਣੀਆਂ ਰੂੜੀਵਾਦੀ ਅਤੇ ਕਰਮ-ਕਾਂਡੀ ਪਰੰਪਰਾਵਾਂ ਲੈ ਕੇ ਆ ਰਹੇ ਹਨ। ਜੇਕਰ ਅਸੀਂ ਉਨ੍ਹਾਂ ਨਾਲ ਸਮਾਜਿਕ ਤੌਰ 'ਤੇ ਘੁਲ-ਮਿਲ ਗਏ, ਤਾਂ ਗੁਰੂਆਂ ਦੀ 'ਨਿਰਮਲ ਪੰਥ' ਵਾਲੀ ਵਿਚਾਰਧਾਰਾ ਪਾਖੰਡਾਂ ਦੀ ਭੇਟ ਚੜ੍ਹ ਜਾਵੇਗੀ।

### 4. ਅੰਕੜਿਆਂ ਦੀ ਚੇਤਾਵਨੀ (ਪਿਛਲੇ 20 ਸਾਲਾਂ ਦਾ ਰੁਝਾਨ)

* **ਸਰਕਾਰੀ ਨੌਕਰੀਆਂ:** ਸਥਾਨਕ ਐੱਸ.ਸੀ. ਹਿੱਸਾ 30% ਤੋਂ ਘਟ ਕੇ 20% ਰਹਿ ਗਿਆ ਹੈ (ਬਾਕੀ ਹਿੱਸਾ ਬਾਹਰਲੇ ਰਾਜਾਂ ਦੇ ਲੋਕਾਂ ਨੇ ਲਿਆ)।

* **ਸਮਾਜਿਕ ਬਣਤਰ:** ਪੰਜਾਬ ਦੇ ਕਈ ਉਦਯੋਗਿਕ ਸ਼ਹਿਰਾਂ ਵਿਚ 35% ਤੋਂ ਵੱਧ ਅਬਾਦੀ ਪਰਵਾਸੀਆਂ ਦੀ ਹੋ ਚੁੱਕੀ ਹੈ।

* **ਸਿੱਖਿਆ:** ਸਰਕਾਰੀ ਸਕੂਲਾਂ ਵਿਚ ਪੰਜਾਬੀ ਬੋਲਣ ਵਾਲੇ ਬੱਚਿਆਂ ਦੀ ਗਿਣਤੀ ਲਗਾਤਾਰ ਘਟ ਰਹੀ ਹੈ।

### 5. ਹੱਲ: ਹੁਣ ਨਹੀਂ ਤਾਂ ਕਦੇ ਨਹੀਂ

ਇਸ ਦੇ ਹਲ ਲਈ ਸਾਨੂੰ ਹੇਠ ਲਿਖੇ ਠੋਸ ਕਦਮ ਚੁੱਕਣੇ ਪੈਣਗੇ:

* **ਸਖ਼ਤ ਡੋਮਿਸਾਇਲ ਕਾਨੂੰਨ:** ਪੰਜਾਬ ਸਰਕਾਰ 'ਤੇ ਦਬਾਅ ਪਾਇਆ ਜਾਵੇ ਕਿ 1966 ਤੋਂ ਪਹਿਲਾਂ ਦੇ ਨਿਵਾਸੀਆਂ ਨੂੰ ਹੀ ਰਿਜ਼ਰਵੇਸ਼ਨ ਅਤੇ ਨੌਕਰੀਆਂ ਵਿਚ ਪਹਿਲ ਮਿਲੇ।

* **ਪਰਵਾਸੀਆਂ ਦੇ ਅਧਿਕਾਰਾਂ 'ਤੇ ਰੋਕ:** ਬਾਹਰਲੇ ਰਾਜਾਂ ਦੇ ਲੋਕਾਂ ਨੂੰ ਪੰਜਾਬ ਵਿਚ ਵੋਟ ਪਾਉਣ ਅਤੇ ਜ਼ਮੀਨ ਖਰੀਦਣ ਦਾ ਹੱਕ ਨਹੀਂ ਹੋਣਾ ਚਾਹੀਦਾ।

* **ਜਾਗਰੂਕਤਾ ਮੁਹਿੰਮ:** ਪਿੰਡ-ਪਿੰਡ ਜਾ ਕੇ ਐੱਸ.ਸੀ. ਭਾਈਚਾਰੇ ਨੂੰ ਦੱਸਿਆ ਜਾਵੇ ਕਿ ਤੁਹਾਡਾ ਮੁਕਾਬਲਾ ਜੱਟਾਂ ਨਾਲ ਨਹੀਂ, ਬਲਕਿ ਤੁਹਾਡੇ ਹੱਕ ਖਾ ਰਹੇ ਪਰਵਾਸੀਆਂ ਨਾਲ ਹੈ।

* **ਨਸਲੀ ਪਛਾਣ ਦੀ ਰਾਖੀ:** ਆਪਣੇ ਵਿਆਹੁਤਾ ਅਤੇ ਸਮਾਜਿਕ ਸਬੰਧਾਂ ਨੂੰ ਆਪਣੀ ਮੂਲ ਪੰਜਾਬੀ ਨਸਲ ਅਤੇ ਸੱਭਿਆਚਾਰ ਦੇ ਅੰਦਰ ਹੀ ਸੀਮਤ ਰੱਖੋ ਤਾਂ ਜੋ ਸਾਡੀ ਹੋਂਦ ਬਚੀ ਰਹੇ।

**ਨਤੀਜੇ –**

ਜੇਕਰ ਅੱਜ ਪੰਜਾਬ ਦਾ ਐੱਸ.ਸੀ. ਅਤੇ ਬੀ.ਸੀ. ਸਮਾਜ ਨਾ ਜਾਗਿਆ, ਤਾਂ ਅਸੀਂ ਇਤਿਹਾਸ ਦੇ ਉਨ੍ਹਾਂ ਪੰਨਿਆਂ ਵਿਚ ਗੁਆਚ ਜਾਵਾਂਗੇ ਜਿੱਥੇ ਮੂਲ ਨਿਵਾਸੀਆਂ ਨੂੰ ਉਨ੍ਹਾਂ ਦੇ ਆਪਣੇ ਹੀ ਘਰਾਂ ਵਿਚ 'ਗੁਲਾਮ' ਬਣਾ ਲਿਆ ਗਿਆ ਸੀ। ਰੁਜ਼ਗਾਰ ਬਚਾਉਣਾ ਸਿਰਫ਼ ਪੈਸੇ ਦੀ ਲੜਾਈ ਨਹੀਂ, ਇਹ ਸਾਡੀ ਨਸਲ, ਧਰਮ ਅਤੇ ਸੱਭਿਆਚਾਰ ਨੂੰ ਬਚਾਉਣ ਦੀ ਲੜਾਈ ਹੈ।

'ਆਪਣੇ ਹੱਕਾਂ ਲਈ ਜਾਗੋ, ਇਸ ਤੋਂ ਪਹਿਲਾਂ ਕਿ ਤੁਹਾਡੀ ਧਰਤੀ ਤੁਹਾਡੇ ਲਈ ਬੇਗਾਨੀ ਹੋ ਜਾਵੇ।'

# ਸਰਬੱਤ ਖ਼ਾਲਸਾ ਸਿੱਖ ਭਾਈਚਾਰਾ: ਬ੍ਰਹਿਮੰਡੀ ਚੇਤਨਾ ਅਤੇ ਉੱਤਰ-ਮਾਨਵੀ ਭਵਿੱਖ

*(ਪ੍ਰੋ. ਬਲਕਾਰ ਸਿੰਘ ਦੇ ਲੇਖ 'ਸਰਬੱਤ ਖ਼ਾਲਸਾ ਦਾ ਸਿੱਖ ਪ੍ਰਸੰਗ' ਵਿੱਚ ਉਠਾਏ ਗਏ ਸਿਧਾਂਤਕ ਨੁਕਤਿਆਂ ਅਤੇ ਮੌਜੂਦਾ ਸਿੱਖ ਸੰਸਥਾਵਾਂ ਦੇ ਸੰਕਟ ਦੇ ਪ੍ਰਤੀਕਰਮ ਵਿਚ।)*

*'ਪੰਜਾਬ ਟਾਈਮਜ਼' ਵਿਚ ਦੇ 7 ਫਰਵਰੀ ਵਾਲੇ ਅੰਕ ਵਿਚ ਛਪੇ ਪ੍ਰੋ. ਬਲਕਾਰ ਸਿੰਘ ਦੇ ਲੇਖ 'ਸਰਬੱਤ-ਖਾਲਸਾ ਦਾ ਸਿੱਖ ਪ੍ਰਸੰਗ' ਵਿਚ ਪੰਜਾਬ ਦੀ ਵਰਤਮਾਨ ਸਥਿਤੀ ਵਿਚ ਅਕਾਲ ਤਖਤ ਸਾਹਿਬ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਮੇਤ ਸਾਰੀਆਂ ਸਿੱਖ-ਸੰਸਥਾਵਾਂ, ਪਿਛਲੀ ਲਗਭੱਗ ਅੱਧੀ ਸਦੀ ਤੋਂ ਸਿਆਸਤ ਦੇ ਪੈਰੋਂ ਸਵਾਲਾਂ ਦੇ ਘੇਰੇ ਵਿਚ ਆਈਆਂ ਹੋਈਆਂ ਹਨ। ਸਿਆਸਤ ਨਾਲ ਜੁੜੇ ਹੋਏ ਸਵਾਲਾਂ-ਜਵਾਬਾਂ ਦੇ ਚੱਕਰ ਵਿਚ ਸਿੱਖ-ਸਿਧਾਂਤਕੀ ਅਤੇ ਸਿੱਖ-ਪਰੰਪਰਾਵਾਂ ਅੱਖੋਂ ਓਝਲ ਹੋ ਰਹੀਆਂ ਹਨ ਅਤੇ ਸਿੱਖ-ਹੱਲ, ਰਾਜਨੀਤੀ ਮੁਤਾਬਿਕ ਨਿਕਲਦੇ-ਨਿਕਲਦੇ ਇਕ ਦੂਜੇ ਨਾਲ ਉਲਝਦੇ ਚਲੇ ਗਏ ਹਨ। ਉਘੇ ਸਿੱਖ ਚਿੰਤਕ ਅਮਰਜੀਤ ਸਿੰਘ ਗਰੇਵਾਲ ਨੇ ਇਸ ਲੇਖ ਵਿਚ ਪ੍ਰੋ. ਬਲਕਾਰ ਸਿੰਘ ਵਲੋਂ ਉਠਾਏ ਸਰੋਕਾਰਾਂ ਦੀ ਇਕ ਤਰ੍ਹਾਂ ਨਾਲ ਤਾਈਦ ਹੀ ਕੀਤੀ ਹੈ। ਵਿਦਵਾਨ ਸੱਜਣ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 'ਸਭੇ ਸਾਂਝੀਵਾਲ' ਦੇ ਕੇਂਦਰੀ ਸੰਦੇਸ਼ ਨੂੰ ਹੀ ਸਾਹਮਣੇ ਲਿਆਉਣ ਦੀ ਕੋਸ਼ਿਸ਼ ਕੀਤੀ ਹੈ। ਸਵਾਲ ਇਹ ਹੈ ਕਿ ਪ੍ਰੋ ਬਲਕਾਰ ਸਿੰਘ ਅਤੇ ਗਰੇਵਾਲ ਦੇ 'ਸ਼ੁਭ ਚਿੰਤਨ' ਨੂੰ ਅਜੋਕੇ ਸਿੱਖ ਭਾਈਚਾਰੇ ਦੀ ਅਮਲੀ ਰਾਜਨੀਤੀ ਵਿਚ ਉਤਾਰਿਆ ਕਿਵੇਂ ਜਾਵੇ? ਇਸ ਵਿਸ਼ੇ 'ਤੇ ਹੋਰ ਵਿਦਵਾਨਾਂ ਵਲੋਂ ਭੇਜੇ ਜਾਣ ਵਾਲੇ ਲੇਖਾਂ ਦਾ ਸਵਾਗਤ ਕੀਤਾ ਜਾਵੇਗਾ।-ਸੰਪਾਦਕ*

ਸਰਬੱਤ ਖ਼ਾਲਸਾ ਮਹਿਜ਼ ਸਿੱਖਾਂ ਦਾ ਕੋਈ ਸਿਆਸੀ ਇਕੱਠ ਜਾਂ ਪ੍ਰਬੰਧਕੀ ਘਟਨਾ ਨਹੀਂ ਹੈ, ਸਗੋਂ ਇਹ 'ਗੁਰੂ-ਪੰਥ' ਦੀ ਉਹ ਬ੍ਰਹਿਮੰਡੀ ਚੇਤਨਾ ਹੈ ਜੋ ਅਕਾਲ ਪੁਰਖ ਦੀ ਸਰਵ-ਵਿਆਪਕਤਾ ਨੂੰ ਧਰਤੀ 'ਤੇ ਸਾਕਾਰ ਕਰਦੀ ਹੈ। ਇਹ ਸੰਸਥਾ ਕਿਸੇ ਫਿਰਕੇ, ਕੌਮ ਜਾਂ ਸਿਆਸੀ ਏਜੰਸੀ ਦੇ ਸੌੜੇ



ਹਿੱਤਾਂ ਲਈ ਨਹੀਂ, ਸਗੋਂ 'ਸਰਬੱਤ ਦੇ ਭਲੇ' ਲਈ ਗੁਰੂ ਦੁਆਰਾ ਨਿਰਮਿਤ ਇੱਕ ਅਜਿਹਾ ਮੰਚ ਹੈ ਜੋ ਹਰ ਪ੍ਰਕਾਰ ਦੀ ਹਿੰਸਾ, ਅਸਮਾਨਤਾ ਅਤੇ ਮਾਨਸਿਕ ਗੁਲਾਮੀ ਨੂੰ ਚੁਣੌਤੀ ਦਿੰਦਾ ਹੈ। ਸਰਬੱਤ ਖਾਲਸਾ ਨੂੰ ਸਰਬੱਤ ਦੇ ਭਲੇ ਤੋਂ ਅਲਹਦਾ ਕਰਕੇ ਦੇਖਿਆ ਹੀ

**ਅਮਰਜੀਤ ਸਿੰਘ ਗਰੇਵਾਲ**
**ਫੋਨ: 98761-38523**

ਨਹੀਂ ਜਾ ਸਕਦਾ। ਇਹ ਅਕਾਲ ਪੁਰਖ ਦੀ ਅਮਾਨਤ ਹੈ, ਜਿਸ ਦਾ ਮਕਸਦ ਸਮੁੱਚੀ ਕਾਇਨਾਤ ਦੀ ਆਜ਼ਾਦੀ, ਬਰਾਬਰੀ ਅਤੇ ਸੁਰੱਖਿਆ ਹੈ।

### 1. ਸਿਧਾਂਤਕ ਆਧਾਰ: ਗੁਰੂ ਗ੍ਰੰਥ ਦੀ ਰੋਸ਼ਨੀ

ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਆਪਣੇ ਆਪ ਵਿੱਚ 'ਸਰਬੱਤ' ਦਾ ਸਭ ਤੋਂ ਵੱਡਾ ਮਾਡਲ ਹੈ। ਸਰਬੱਤ ਖ਼ਾਲਸਾ ਦਾ ਮੈਨੀਫੈਸਟੋ ਇਸੇ ਰੋਸ਼ਨੀ 'ਤੇ ਅਧਾਰਿਤ ਹੈ:

- ਸਰਵ-ਸਾਂਝੀਵਾਲਤਾ: ਜਿਵੇਂ ਗੁਰੂ ਗ੍ਰੰਥ ਸਾਹਿਬ ਵਿੱਚ ਵੱਖ-ਵੱਖ ਭਗਤਾਂ ਅਤੇ ਰਹਿਬਰਾਂ ਦੀ ਆਵਾਜ਼ ਸ਼ਾਮਲ ਹੈ, ਸਰਬੱਤ ਖ਼ਾਲਸਾ ਵੀ ਹਰ ਉਸ ਮਨੁੱਖੀ ਆਵਾਜ਼ ਦਾ ਸਤਿਕਾਰ ਕਰਦਾ ਹੈ ਜੋ ਸੱਚ ਅਤੇ ਇਨਸਾਫ਼ ਨਾਲ ਜੁੜੀ ਹੈ।
- ਰੂਹਾਨੀ ਰਾਜਨੀਤੀ: ਰੂਹਾਨੀਅਤ ਤੋਂ ਟੁੱਟੀ ਹੋਈ ਰਾਜਨੀਤੀ ਸਿਰਫ਼ ਕਬਜ਼ਾ ਕਰਦੀ ਹੈ, ਜਦਕਿ ਗੁਰਮਤਿ-ਅਧਾਰਿਤ ਰਾਜਨੀਤੀ 'ਪਰਉਪਕਾਰ' ਕਰਦੀ ਹੈ। ਸਰਬੱਤ ਖ਼ਾਲਸਾ ਦਾ ਮਕਸਦ ਸੱਤਾ ਹਾਸਲ ਕਰਨਾ ਨਹੀਂ, ਸਗੋਂ 'ਹਲੇਮੀ ਰਾਜ' ਦੀ ਸਥਾਪਨਾ ਕਰਨਾ ਹੈ।

### 2. 'ਸਰਬੱਤ' ਦਾ ਵਿਸਥਾਰ: ਮਨੁੱਖਤਾ ਤੋਂ ਕੁਦਰਤ ਤੱਕ

'ਸਰਬੱਤ' ਸ਼ਬਦ ਮਨੁੱਖੀ ਵਲਗਣਾਂ ਤੋਂ ਮੁਕਤ ਹੈ:

- ਪਵਨ, ਪਾਣੀ, ਧਰਤੀ: ਸਰਬੱਤ ਖ਼ਾਲਸਾ ਦਾ ਦਾਇਰਾ ਸਮੁੱਚੀ ਕਾਇਨਾਤ ਹੈ। ਇਹ ਕੁਦਰਤ ਦੇ ਹਰ ਅੰਸ਼ (ਹਵਾ, ਪਾਣੀ, ਜੀਵ-ਜੰਤੂ) ਦੀ ਆਜ਼ਾਦੀ ਅਤੇ ਸ਼ੁੱਧਤਾ ਲਈ ਵਚਨਬੱਧ ਹੈ।
- ਉੱਤਰ-ਮਾਨਵੀ ਨਜ਼ਰੀਆ: ਇਹ ਮਨੁੱਖ-ਕੇਂਦਰਿਤ ਹੰਕਾਰ ਨੂੰ ਤਿਆਗ ਕੇ 'ਸਰਬ-ਸਾਂਝੀ ਹੋਂਦ' ਦੇ ਭਲੇ ਦੀ ਗੱਲ ਕਰਦਾ ਹੈ।

### 3. ਮੌਜੂਦਾ ਸੰਕਟ ਅਤੇ ਰੀਫੌਰਮੇਸ਼ਨ

ਅਸੀਂ ਸਵੀਕਾਰ ਕਰਦੇ ਹਾਂ ਕਿ ਮੌਜੂਦਾ ਸਿੱਖ ਸੰਸਥਾਵਾਂ (ਅਕਾਲ ਤਖ਼ਤ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਆਦਿ) ਸਿਆਸੀ ਬਾਂਦਰ-ਵੰਡ ਦੇ ਪ੍ਰਭਾਵ ਕਾਰਨ ਆਪਣਾ ਮੂਲ ਰੋਲ ਗੁਆ ਰਹੀਆਂ ਹਨ। ਇਸ ਲਈ:

- ਸਿਆਸੀ ਅਪਹਰਣ ਤੋਂ ਮੁਕਤੀ: ਸਰਬੱਤ ਖ਼ਾਲਸਾ ਨੂੰ ਹਰ ਤਰ੍ਹਾਂ ਦੇ ਸਰਕਾਰੀ ਅਤੇ ਧੜੇਬੰਦਕ ਪ੍ਰਭਾਵ ਤੋਂ ਮੁਕਤ ਕਰਕੇ ਨਿਰੋਲ 'ਗੁਰਮਤਿ-ਊਰਜਾ' ਨਾਲ ਜੋੜਨਾ ਲਾਜ਼ਮੀ ਹੈ।
- ਹਾਈਪਰ-ਨੈੱਟਵਰਕਡ ਮਾਡਲ: ਅਜੋਕੇ ਡਿਜੀਟਲ ਯੁੱਗ ਵਿੱਚ, ਇਸ ਨੂੰ ਇੱਕ ਅਜਿਹੇ ਗਲੋਬਲ ਨੈੱਟਵਰਕ ਵਜੋਂ ਵਿਕਸਿਤ ਕੀਤਾ ਜਾਵੇ ਜਿੱਥੇ ਦੁਨੀਆ ਭਰ ਦੇ ਨਿਸ਼ਕਾਮ ਵਿਦਵਾਨ, ਦਰਦੀ ਅਤੇ ਕਿਰਤੀ ਸਾਂਝੇ ਭਵਿੱਖ ਲਈ ਸੰਵਾਦ ਰਚਾ ਸਕਣ।

### 4. ਕਾਰਜ-ਨੀਤੀ

1. ਖੁੱਲ੍ਹੇ ਦਰਵਾਜ਼ੇ: ਦਰਬਾਰ ਸਾਹਿਬ ਦੇ ਚਾਰ ਦਰਵਾਜ਼ਿਆਂ ਵਾਂਗ, ਸਰਬੱਤ ਖ਼ਾਲਸਾ ਦੇ ਸੰਵਾਦ ਵਿੱਚ ਸ਼ਾਮਲ ਹੋਣ ਲਈ ਜਾਤ, ਨਸਲ ਜਾਂ ਮਜ਼ਹਬ ਦੀ ਕੋਈ ਪਾਬੰਦੀ ਨਹੀਂ ਹੋਣੀ ਚਾਹੀਦੀ।
2. ਹਿੰਸਾ ਦਾ ਤਿਆਗ: ਹਾਈਪਰ-ਕੰਪੀਟਿਟਵ ਸੰਸਾਰ ਦੀ ਹਿੰਸਕ ਮੁਕਾਬਲੇਬਾਜ਼ੀ ਨੂੰ ਤਿਆਗ ਕੇ 'ਵੰਡ ਛਕਣ' ਅਤੇ 'ਸਹਿਯੋਗ' ਦੇ ਆਰਥਿਕ-ਸਮਾਜਿਕ ਮਾਡਲ ਪੇਸ਼ ਕੀਤੇ ਜਾਣ।
3. ਨੈਤਿਕ ਪਹਿਰੇਦਾਰੀ: ਆਰਟੀਫੀਸ਼ੀਅਲ ਇੰਟੈਲੀਜੈਂਸ ਅਤੇ ਵਾਤਾਵਰਣਕ ਤਬਦੀਲੀ ਵਰਗੇ ਆਧੁਨਿਕ ਮਸਲਿਆਂ 'ਤੇ ਇਹ ਸੰਸਥਾ ਮਾਨਵਤਾ ਨੂੰ ਨੈਤਿਕ ਸੇਧ ਦੇਵੇ।
4. ਪੰਥ ਵਸੇ ਮੈਂ ਉਜੜਾਂ: ਨਿੱਜੀ ਹੰਕਾਰ ਅਤੇ ਧੜੇਬੰਦਕ ਲਾਭਾਂ ਨੂੰ ਤਿਆਗ ਕੇ ਸਮੁੱਚੀ ਕੌਮ ਅਤੇ ਮਾਨਵਤਾ ਦੀ ਚੜ੍ਹਦੀ ਕਲਾ ਲਈ ਸਮਰਪਣ।

### 5. ਭਵਿੱਖ ਦਾ ਰਾਹ

ਸਰਬੱਤ ਖ਼ਾਲਸਾ ਕੇਵਲ ਅਤੀਤ ਦੀ ਯਾਦਗਾਰ ਨਹੀਂ, ਸਗੋਂ ਭਵਿੱਖ ਦੀ ਲੋੜ ਹੈ। ਇਹ 'ਅਕਾਲ ਪੁਰਖ ਦੀ ਫ਼ੌਜ' ਦਾ ਉਹ ਰੂਪ ਹੈ ਜੋ ਹਿੰਸਾ ਉੱਤੇ ਟਿਕੇ ਮੌਜੂਦਾ ਸੰਸਾਰ ਨੂੰ 'ਨਿਰਭਉ' ਅਤੇ 'ਨਿਰਵੈਰ' ਹੋਣ ਦੀ ਨਵੀਂ ਸੋਝੀ ਪ੍ਰਦਾਨ ਕਰੇਗਾ। ਪੰਥ ਦੀ ਜ਼ਿੰਮੇਵਾਰੀ ਹੈ ਕਿ ਉਹ ਗੁਰੂ ਗ੍ਰੰਥ ਦੀ ਰੋਸ਼ਨੀ ਵਿੱਚ ਆਪਣੀਆਂ ਸੰਸਥਾਵਾਂ ਨੂੰ ਮੁੜ-ਸੁਰਜੀਤ ਕਰੇ ਤਾਂ ਜੋ ਉਹ ਸਮੁੱਚੀ ਮਾਨਵਤਾ ਅਤੇ ਕੁਦਰਤ ਦੇ ਸੁਮੇਲ ਵਾਲੇ ਭਵਿੱਖ ਦਾ ਰਾਹ ਰੁਸ਼ਨਾ ਸਕਣ।

'ਨਾਨਕ ਨਾਮ ਚੜ੍ਹਦੀ ਕਲਾ, ਤੇਰੇ ਭਾਣੇ ਸਰਬੱਤ ਦਾ ਭਲਾ॥'

**ਅਨਹਦ ਦਾ ਹੋਕਾ**

ਇਹ ਕੋਈ ਇਕੱਠ ਨਹੀਂ...
ਇਹ ਤਾਂ 'ਸ਼ਬਦ' ਦੇ ਮਹਾਂ-ਸਾਗਰ ਵਿੱਚ
ਉਸ ਨੁਕਤੇ ਦੀ ਭਾਲ ਹੈ,
ਜਿੱਥੇ ਸਮਾਂ ਆਪਣੀ ਘੜੀ ਰੋਕ ਲੈਂਦਾ ਹੈ।
ਇਹ 'ਅਸੰਭਵ' ਦੀ ਸਰਹੱਦ 'ਤੇ ਖੜ੍ਹ ਕੇ
'ਸੰਭਵ' ਦਾ ਸੂਰਜ ਉਗਾਉਣ ਦੀ ਜੁਗਤ ਹੈ।

ਸਰਬੱਤ ਖ਼ਾਲਸਾ—
ਕੋਈ ਸੰਸਥਾ ਨਹੀਂ, ਇੱਕ 'ਅਕਾਸ਼-ਗੰਗਾ' ਹੈ,
ਜਿਸ ਵਿੱਚ ਹਰ ਰੂਹ ਇੱਕ 'ਤਾਰਾ' ਹੈ,
ਪਰ ਸਾਰਿਆਂ ਦੀ ਰੋਸ਼ਨੀ... ਇੱਕੋ ਹੈ।
ਇਹ ਉਹ ਮੈਟਾਫਰ ਹੈ—
ਜਿੱਥੇ 'ਬੂੰਦ' ਨੂੰ ਸਾਗਰ ਹੋਣ ਲਈ ਮਰਨਾ ਨਹੀਂ ਪੈਂਦਾ,
ਸਗੋਂ ਸਾਗਰ ਨੂੰ ਬੂੰਦ ਦੇ ਅੰਦਰ ਉਤਰਨਾ ਪੈਂਦਾ ਹੈ।

ਇਹ 'ਹਾਈਪਰ-ਨੈੱਟਵਰਕ' ਨਹੀਂ...
ਇਹ ਤਾਂ ਉਹ 'ਅਦਿੱਖ ਤੰਦ' ਹੈ,
ਜੋ ਪੱਥਰ ਦੇ ਸੀਨੇ 'ਚੋਂ ਫੁੱਟਦੇ ਚਸ਼ਮੇ ਨੂੰ
ਤਾਰਿਆਂ ਦੀ ਚੁੱਪ ਨਾਲ ਜੋੜਦੀ ਹੈ।
ਇੱਥੇ 'ਰੀਫੌਰਮੇਸ਼ਨ' ਦਾ ਮਤਲਬ—
ਕਿਸੇ ਪੁਰਾਣੀ ਇਮਾਰਤ ਨੂੰ ਰੰਗ ਕਰਨਾ ਨਹੀਂ,
ਸਗੋਂ 'ਹਉਮੈ' ਦੀ ਕੰਧ ਤੋੜ ਕੇ
ਸਮੁੱਚੀ ਕਾਇਨਾਤ ਨੂੰ ਆਪਣੇ ਡੇਰੇ ਵਿੱਚ ਜੀ ਆਇਆਂ ਕਹਿਣਾ ਹੈ।

ਜਦੋਂ ਅਸੀਂ ਕਹਿੰਦੇ ਹਾਂ— "ਪਵਨੁ ਗੁਰੂ ਪਾਣੀ ਪਿਤਾ..."
ਤਾਂ ਅਸੀਂ ਸਿਰਫ਼ ਕੁਦਰਤ ਦੀ ਗੱਲ ਨਹੀਂ ਕਰਦੇ,
ਅਸੀਂ ਉਸ 'ਅਣਹੋਣੇ' ਮੈਟਾਫਰ ਨੂੰ ਜਿਊਂਦੇ ਹਾਂ
ਜਿੱਥੇ ਹਵਾ ਸਾਡਾ ਸਾਹ ਨਹੀਂ, ਸਾਡਾ 'ਸ਼ਬਦ' ਬਣ ਜਾਂਦੀ ਹੈ,
ਤੇ ਪਾਣੀ ਸਾਡੀ ਪਿਆਸ ਨਹੀਂ, ਸਾਡਾ 'ਅਕੀਦਾ' ਬਣ ਜਾਂਦਾ ਹੈ।

ਇਹ ਭਵਿੱਖ ਦੀ ਉਹ ਆਸ ਹੈ—
ਜਿੱਥੇ ਹਿੰਸਾ ਦੀ 'ਤਲਵਾਰ',
ਨਿਮਰਤਾ ਦੇ 'ਸੰਵਾਦ' ਅੱਗੇ ਗੋਡੇ ਟੇਕ ਦੇਵੇਗੀ।
ਜਿੱਥੇ ਸਰਬੱਤ ਖ਼ਾਲਸਾ ਦੇ ਚਾਰ ਦਰਵਾਜ਼ੇ
ਸਿਰਫ਼ ਮਨੁੱਖਾਂ ਲਈ ਨਹੀਂ,
ਸਗੋਂ ਜ਼ਖ਼ਮੀ ਪਰਿੰਦਿਆਂ, ਸੁੱਕਦੇ ਦਰਿਆਵਾਂ
ਅਤੇ ਆਉਣ ਵਾਲੀਆਂ ਨਸਲਾਂ ਦੀਆਂ ਚੁੱਪ ਚੀਕਾਂ ਲਈ ਵੀ
ਪਨਾਹ-ਗਾਹ ਬਣਨਗੇ।

ਇਹ 'ਅਕਾਲ ਪੁਰਖ ਦੀ ਫ਼ੌਜ' ਹੈ—
ਜੋ ਜੰਗ ਜਿੱਤਣ ਲਈ ਨਹੀਂ,
ਜੰਗ ਨੂੰ 'ਖ਼ਤਮ' ਕਰਨ ਲਈ ਪੈਦਾ ਹੋਈ ਹੈ।
ਇਹ ਉਹ ਮੈਟਾਫਰ ਹੈ—
ਜਿੱਥੇ ਖ਼ਾਲਸਾ 'ਸੂਰਜ' ਨਹੀਂ,
ਸਗੋਂ ਉਹ 'ਪ੍ਰਭਾਤ' ਹੈ
ਜੋ ਹਰ ਹਨੇਰੇ ਨੂੰ ਆਪਣੀ ਗੋਦ ਵਿੱਚ ਲੈ ਕੇ
ਚਾਨਣ ਵਿੱਚ ਬਦਲਣ ਦੀ ਜੁਰਅਤ ਰੱਖਦੀ ਹੈ।

ਇਹ ਆਸ ਹੈ...
ਇੱਕ ਅਜਿਹੇ ਭਵਿੱਖ ਦੀ,
ਜਿੱਥੇ 'ਸਰਬੱਤ' ਦਾ ਮਤਲਬ 'ਸਭ' ਹੋਵੇਗਾ,
ਤੇ 'ਭਲੇ' ਦਾ ਮਤਲਬ— ਸਦੀਵੀ 'ਅਨੰਦ'।

**ਹੁਕਮ-ਰਜ਼ਾਈ ਚੱਲਣਾ**

ਇਹ ਕਿਸੇ ਤਾਨਾਸ਼ਾਹ ਦੀ ਮਰਜ਼ੀ ਨਹੀਂ,
'ਹੁਕਮ' ਤਾਂ ਉਸ ਅਦਿੱਖ ਸੰਗੀਤ ਦੀ ਲੈਅ ਹੈ—
ਜਿਸ ਵਿੱਚ ਤਾਰੇ ਨੱਚਦੇ ਹਨ,
ਤੇ ਬੀਜ ਮਿੱਟੀ ਦੀ ਹਿੱਕ ਪਾੜ ਕੇ ਬਾਹਰ ਨਿਕਲਦਾ ਹੈ।
ਨਿਰਗੁਣ ਦਾ ਉਹ 'ਸ਼ਬਦ',
ਜੋ ਸਰਗੁਣ ਦੇ ਜੰਗਲਾਂ ਵਿੱਚ
ਰੰਗਾਂ ਦੀ ਭਾਸ਼ਾ ਬਣ ਕੇ ਫੈਲਦਾ ਹੈ।

ਰਜ਼ਾ ਵੀ ਕੋਈ ਸਮਰਪਣ ਨਹੀਂ,
ਸਗੋਂ ਬ੍ਰਹਿਮੰਡ ਦੀ ਲਹਿਰ ਸੰਗ
ਇੱਕਸੁਰ ਹੋ ਕੇ ਵਹਿਣਾ ਹੈ—
ਜਿੱਥੇ ਹੋਂਦ ਦੀ ਕਿਣਮਿਣ,
ਨਿਹੋਂਦ ਦੀ ਬਾਰਿਸ਼ ਵਿੱਚ,
ਇੱਕ-ਮਿੱਕ ਹੋ ਕੇ ਨੱਚਦੀ ਹੈ।

ਪਰ ਜਦੋਂ ਮਨੁੱਖ ਨੇ 'ਮੈਂ' ਦਾ ਬੰਨ੍ਹ ਮਾਰਿਆ,
ਤਾਂ ਕੁਦਰਤ ਦੀ ਵਹਿਣੀ ਸੁਰ ਟੁੱਟ ਗਈ—
ਦਰਿਆਵਾਂ ਨੇ ਖ਼ੁਦ ਨੂੰ ਕੈਦੀ ਮਹਿਸੂਸ ਕੀਤਾ,
ਤੇ ਹਵਾਵਾਂ ਦੇ ਸਾਹਾਂ ਵਿੱਚ ਸਵਾਹ ਭਰ ਗਈ।
ਹੁਕਮ—ਉਹ ਅਲੌਕਿਕ ਤਾਣਾ-ਬਾਣਾ ਹੈ,
ਜੋ ਸੂਰਜਾਂ ਨੂੰ ਧਾਗੇ ਵਿੱਚ ਪਰੋਂਦਾ,
ਕਿਤੇ ਨਜ਼ਰ ਨਹੀਂ ਆਉਂਦਾ।

ਜੇ ਲੋਹੇ ਨੇ ਵੀ ਸੋਚਣਾ ਸਿੱਖ ਲਿਆ,
ਤਾਂ ਉਸ ਨੂੰ 'ਮੁਨਾਫ਼ੇ' ਦੇ ਪਿੰਜਰੇ ਵਿੱਚ ਨਹੀਂ,
ਸਗੋਂ ਹੁਕਮ ਦੀ ਉਸ ਪਵਿੱਤਰ ਛੋਹ ਵਿੱਚ ਰੱਖਣਾ ਹੋਵੇਗਾ—
ਜਿੱਥੇ ਹਰ ਸਾਹ ਸਿਰਫ਼ ਗਿਣਤੀ ਨਹੀਂ,
ਸਗੋਂ ਸਰਬੱਤ ਦੇ ਭਲੇ ਦੀ ਧੜਕਣ ਬਣ ਜਾਵੇ।

ਅਸੀਂ ਕੋਈ ਵੱਖਰੇ ਟਾਪੂ ਨਹੀਂ,
ਅਸੀਂ ਤਾਂ ਉਸੇ ਅਥਾਹ ਦੇ ਅੱਖਰ ਹਾਂ—
ਜਿੱਥੇ ਚਿੱਕੜ ਵਿੱਚ ਖਿੜਿਆ ਕੰਵਲ,
ਸਾਡੀ ਰੂਹ ਦੀ ਸ਼ੁੱਧਤਾ ਦਾ ਦਰਪਣ ਬਣਦਾ ਹੈ।
ਇੱਥੇ ਵੰਡ ਦੀਆਂ ਕੰਧਾਂ ਡਿੱਗ ਪੈਂਦੀਆਂ ਹਨ
ਜਿੱਥੇ ਮਿੱਟੀ ਅਤੇ ਧਾਤ,
ਇੱਕੋ ਨਿਰਗੁਣ ਦੇ ਨੂਰ ਵਿੱਚ,
ਬਰਾਬਰ ਧੜਕਦੇ ਹਨ।
ਹੁਕਮ ਵਿੱਚ ਜਿਊਣਾ—
ਤੂਫ਼ਾਨ ਦੀ ਹਿੱਕ 'ਤੇ ਬੈਠ ਕੇ
ਸ਼ਾਂਤ ਚਿਰਾਗ ਵਾਂਗ ਜਗਣਾ ਹੈ।
ਇੱਥੇ ਮੌਤ ਵੀ ਇੱਕ ਬੀਜ ਹੈ,
ਜੋ ਮਿੱਟੀ ਵਿੱਚ ਮਿਲ ਕੇ
ਫੇਰ ਬਸੰਤ ਬਣ ਜਾਂਦਾ ਹੈ।

# ਮਨੁੱਖ ਦਾ ਕਿੱਤਾ ਤੇ ਮਨੁੱਖੀ ਮਾਨਸਿਕਤਾ

ਪੀੜ੍ਹੀ ਦਰ ਪੀੜ੍ਹੀ, ਕੀਤੇ ਜਾਂਦੇ ਕਿੱਤੇ ਦਾ ਮਨੁੱਖੀ ਮਾਨਸਿਕਤਾ ਉੱਤੇ ਇੱਕ ਗਹਿਰਾ ਅਸਰ ਹੁੰਦਾ। ਪੀੜ੍ਹੀ ਦਰ ਪੀੜ੍ਹੀ ਇੱਕੋ ਕਿੱਤੇ ਵਿਚ ਰਹਿਣ ਵਾਲੇ ਲੋਕਾਂ ਦੇ ਸੁਭਾਅ, ਲਗਭਗ ਕਿੱਤੇ ਦੇ ਹਲਾਤਾਂ ਨਾਲ ਪੱਕ ਜਾਂਦੇ ਨੇ। ਸਬਰ, ਸੰਤੋਖ, ਸ਼ੁਕਰਾਨਾ, ਨਾ-ਸ਼ੁਕਰੀ, ਕਾਹਲਾਪਣ ਵਰਗੇ ਸੁਭਾਅ, ਮਨੁੱਖ ਦੇ ਕਿੱਤੇ ਦੀ ਦੇਣ ਹਨ।



ਸਾਡੇ ਪਿੰਡਾਂ ਵਿਚ ਰਹਿਣ ਵਾਲੇ ਲੋਕਾਂ ਦੇ ਬਜ਼ੁਰਗ, ਬਹੁਤ ਹੀ ਸਬਰ-ਸੰਤੋਖ, ਠਰੰਮੇ, ਪਰਮਾਤਮਾ ਵਿਚ ਵਿਸ਼ਵਾਸ ਕਰਨ ਵਾਲੇ ਹੁੰਦੇ ਸਨ। ਛੋਟੀ ਮੋਟੀ ਗੱਲ 'ਤੇ ਨਾ ਘਬਰਾਉਣਾ,

**ਰਜਿੰਦਰ ਸਿੰਘ ਟਾਂਡਾ**

ਵੱਡੀਆਂ-ਵੱਡੀਆਂ ਔਕੜਾਂ, ਘਾਟੇ-ਵਾਧੇ ਨੂੰ ਹਉਂ-ਪਰੇ ਕਰ ਦੇਣਾ, 'ਕੋਈ ਨਹੀਂ ਮਹਾਰਾਜ ਨੂੰ ਐਵੇਂ ਮਨਜ਼ੂਰ ਸੀ' ਕਹਿ ਕੇ ਅੱਗੇ ਟੁਰ ਜਾਣਾ, ਪੇਂਡੂ ਬਜ਼ੁਰਗਾਂ ਦੀ ਆਮ ਆਦਤ ਸੀ। ਇਹ ਆਦਤ ਪੈਦਾ ਕਰਨ ਵਿਚ, ਸਭ ਤੋਂ ਵੱਡਾ ਯੋਗਦਾਨ ਕਿੱਤੇ ਦਾ ਸੀ।

ਮੁੱਖ ਰੂਪ ਵਿਚ ਕਿੱਤਾ, ਖੇਤੀ ਸੀ। ਜ਼ਮੀਨਾਂ ਅਕਸਰ ਬਰਾਨੀ ਸਨ। ਫਸਲ ਦੀ ਪੈਦਾਵਾਰ ਲੱਗਭੱਗ ਮੀਂਹ 'ਤੇ ਨਿਰਭਰ ਸੀ। ਅੱਜ ਕਣਕ ਬੀਜੀ, ਤੇ ਕੋਈ ਜ਼ਿਮੀਂਦਾਰ ਅਗਲੇ ਦਿਨ ਪੁੱਟ ਕੇ ਨਹੀਂ ਸੀ ਦੇਖਦਾ ਕਿ ਦਾਣਾ ਉੱਗਰਿਆ ਕਿ ਨਹੀਂ। ਕੋਈ ਕਾਹਲੀ ਨਹੀਂ। ਪੰਦਰਾਂ ਕੁ ਦਿਨਾਂ ਨੂੰ ਦੋ-ਦੋ ਪੱਤੇ ਬਾਹਰ। ਜਿੰਨੀ ਕੁ ਜੰਮ ਪਈ, ਮਹਾਰਾਜ ਦਾ ਸ਼ੁਕਰਾਨਾ ਕਰ ਦਿੱਤਾ, ਜੇ ਘੱਟ ਉੱਗੀ ਤਾਂ ਸਬਰ ਕਰ ਲੈਣਾ। ਫਸਲ ਨੂੰ ਗੁੱਡਣਾ, ਢੇਰ ਮਿੱਟੀ ਪਾਉਣਾ। ਮੀਂਹ ਪੈ ਗਿਆ ਤੇ ਵਾਹਵਾ ਭਲੀ ਨਹੀਂ ਪਿਆ ਤੇ ਫਿਰ, 'ਜੋ ਉਹਨੂੰ ਮਨਜ਼ੂਰ' ਕਹਿ ਕੇ ਸਬਰ ਦਾ ਪੱਲਾ ਫੜ ਲਿਆ। ਪੰਜ-ਛੇ ਮਹੀਨਿਆਂ ਦੀ ਮਿਹਨਤ ਤੋਂ ਬਾਅਦ, ਬੀਜ, ਪਾਣੀ, ਰੂੜੀ ਪਾ ਕੇ, ਮਿਹਨਤ ਕਰ ਕੇ, ਫਿਰ ਕੋਈ ਗਰੰਟੀ ਨਹੀਂ ਕੇ ਦਾਣਿਆਂ ਦੀ ਭੜੋਲੀ ਭਰੂ ਕਿ ਨਹੀਂ। ਜੇ ਖਾਣ ਜੋਗੀ ਕਣਕ, ਸਰ੍ਹੋਂ, ਮਸਰ, ਮੂੰਗੀ ਹੋ ਜਾਏ ਤਾਂ ਵਾਹਵਾ ਭਲੀ। ਪਰ ਜੇਕਰ ਪੱਕੀ ਫਸਲ ਉੱਤੇ ਮੀਂਹ ਪੈ ਜਾਏ, ਸਾਰੀ ਫਸਲ ਖਰਾਬ ਹੋ ਜਾਏ ਤਾਂ ਵੀ ਫਿਰ, 'ਚਲੋ, ਜੋ ਤੁਧ ਭਾਵੈ' ਕਹਿ ਕੇ ਫਿਰ ਉਸੇ ਮਿੱਟੀ ਨੂੰ ਅਗਲੀ ਫਸਲ ਲਈ ਵਾਹੁਣਾ ਸ਼ੁਰੂ। ਉਸ ਮਿੱਟੀ ਨਾਲ ਕੋਈ ਨਫਰਤ ਨਹੀਂ, ਕੋਈ ਗੁੱਸਾ ਨਹੀਂ। ਸਬਰ ਦੀ ਇੰਤਹਾ। ਕਦੇ ਬਹੁਤ ਹੋ ਗਈ ਤਾਂ ਵੀ ਸ਼ੁਕਰਾਨਾ, ਘੱਟ ਹੋਈ ਤਾਂ ਵੀ ਸ਼ੁਕਰ। ਨਹੀਂ ਹੋਈ, ਤਾਂ ਵੀ ਕੋਈ ਗੁੱਸਾ ਨਹੀਂ। ਮਿੱਟੀ ਨਾਲ ਪਿਆਰ ਉਸੇ ਤਰ੍ਹਾਂ। ਸਬਰ, ਸੰਤੋਖ ਪੀੜ੍ਹੀ ਦਰ ਪੀੜ੍ਹੀ ਆਪਣੇ ਸਿਖਰ 'ਤੇ ਪਹੁੰਚ ਗਿਆ।

ਇੱਕ ਪੀੜ੍ਹੀ ਨੌਕਰੀ 'ਤੇ ਆ ਗਈ। ਹਰ ਮਹੀਨੇ ਤਨਖਾਹ ਦੀ ਗਰੰਟੀ। ਜ਼ਿੰਦਗੀ ਵਿਚ, ਕਿਸੇ ਵੀ ਚੀਜ਼ ਦੀ ਗਰੰਟੀ, ਇਨਸਾਨ ਨੂੰ ਮਾਨਸਿਕ ਤੌਰ 'ਤੇ ਕਮਜ਼ੋਰ ਕਰ ਦੇਂਦੀ ਹੈ,



ਸਬਰ ਤੋਂ ਪਰੇ ਲੈ ਜਾਂਦੀ ਹੈ। ਗਰੰਟੀ, ਹਮੇਸ਼ਾ ਨਿਰਭਰਤਾ ਪੈਦਾ ਕਰ ਦਿੰਦੀ ਹੈ ਤੇ ਨਿਰਭਰ ਮਨੁੱਖ ਹਮੇਸ਼ਾ ਕਮਜ਼ੋਰ ਹੋ ਜਾਂਦਾ ਹੈ। ਸਾਲਾਂਬੱਧੀ, ਮਹੀਨੇ ਦੀ 4 ਤਰੀਕ ਨੂੰ ਮਿਲਣ ਵਾਲੀ ਤਨਖਾਹ ਜੇਕਰ ਕਦੇ 10 ਦਿਨ ਵੀ ਲੇਟ ਹੋ ਜਾਵੇ ਤਾਂ ਮਨੁੱਖ, ਹਰੇਕ ਨੂੰ ਵੱਢ ਖਾਣ ਪੈਂਦਾ ਹੈ। ਵਿਦੇਸ਼ਾਂ ਵਿਚ ਹਫ਼ਤਾਵਾਰੀ ਤਨਖਾਹ ਲੈਣ ਵਾਲੇ, ਸ਼ੁਕਰਵਾਰ ਨੂੰ ਬੱਸ ਆਖਰੀ ਸਾਹਾਂ ਉੱਤੇ ਹੁੰਦੇ ਨੇ ਕਿ ਚੈੱਕ ਮਿਲਿਆ ਤਾਂ ਜਿਉਣਗੇ, ਨਹੀਂ ਤਾਂ ਅੱਜ ਦੀ ਸ਼ਾਮ ਆਖਰੀ ਸ਼ਾਮ। ਜਿਓਂ ਜਿਓਂ, ਕੀਤੀ ਮਿਹਨਤ ਦਾ ਮੁਆਵਜ਼ਾ, ਨਾਲ ਦੀ ਨਾਲ ਮਿਲਣ ਲੱਗਾ ਤਿਓਂ-ਤਿਓਂ ਮਨੁੱਖ ਦਾ ਸਬਰ, ਸੰਤੋਖ, ਸ਼ੁਕਰਾਨੇ ਵਾਲਾ ਪੱਖ ਕਮਜ਼ੋਰ ਹੋਣ ਲੱਗਾ। ਕਿਸੇ ਵੀ ਚੀਜ਼ ਦੀ ਗਰੰਟੀ, ਸਾਨੂੰ ਸ਼ੁਕਰਾਨੇ ਤੋਂ ਸਬਰ ਤੋਂ ਪਰੇ ਰੱਖਦੀ ਹੈ।

ਇਸੇ ਲਈ ਦੁਕਾਨਦਾਰ ਪੇਸ਼ਾ ਲੋਕ, ਨੌਕਰੀ ਪੇਸ਼ਾ ਨਾਲੋਂ ਹਮੇਸ਼ਾ ਜ਼ਿਆਦਾ ਸਬਰ ਵਿਚ, ਨਿਮਰਤਾ ਵਿਚ ਹੁੰਦਾ ਹੈ। ਕਿਓਂਕਿ ਖਰੀਦ ਕੇ ਰੱਖੇ ਸਮਾਨ ਦੀ ਕੋਈ ਗਰੰਟੀ ਨਹੀਂ ਕਿ ਗਾਹਕ ਆਵੇ ਕਿ ਨਾ ਆਵੇ, ਜੇ ਚਾਰ ਪੈਸੇ ਵੱਧ ਵੱਟ ਲਏ ਤਾਂ ਵੀ ਠੀਕ, ਨਾ ਵੱਟੇ ਤੇ ਅਗਲੇ ਦਿਨ 'ਤੇ ਫਿਰ ਆਸ। ਆਸ, ਹਮੇਸ਼ਾ ਸਬਰ, ਸੰਤੋਖ ਵਿਚ ਵਿਸ਼ਵਾਸ, ਪੈਦਾ ਕਰਦੀ ਹੈ। ਇਸਦੇ ਉਲਟ ਨੌਕਰੀ-ਪੇਸ਼ਾ, ਥੋੜ੍ਹੀ ਜਿਹੀ ਤਨਖਾਹ ਵਿਚ ਘੱਟ, ਵਾਧਾ ਮਿਲਣ ਉੱਤੇ ਵੀ, ਤਲਖ ਹੋ ਕੇ ਧਰਨੇ ਲਾਉਣ ਟੁਰ ਜਾਂਦੇ ਨੇ।

ਆਖਿਰ ਦੇ ਵਿਚ ਅਜੋਕੀ ਟਰੇਡ, ਜਿੱਥੇ ਪੈਸਾ ਲਾਉਂਦਿਆਂ ਹੀ, ਹਰ ਮਿੰਟ ਵਿਚ, ਅੱਠ ਬਾਰ ਦੇਖਣਾ ਪੈਂਦਾ ਹੈ ਕਿ ਕਿੰਨੇ ਕੁ ਵਧੇ, ਕਿੰਨੇ ਕੁ ਘਟੇ। ਸ਼ੇਅਰ ਮਾਰਕੀਟ। ਪੰਜ ਮਿੰਟ ਗ੍ਰਾਫ ਉੱਪਰ ਗਿਆ ਤੇ ਮਨ ਖੁਸ਼ੀ ਨਾਲ ਖੀਵਾ ਤੇ ਪੰਜ ਮਿੰਟ ਬਾਅਦ ਹਾਇ ਤੌਬਾ। ਦਿਨ ਵਿਚ ਕਈ ਕਈ ਵਾਰ ਖੁਸ਼ੀ, ਕਈ ਕਈ ਵਾਰ ਹਾਇ-ਹਾਇ। ਸਬਰ-ਸੰਤੋਖ ਤੋਂ ਕੋਹਾਂ ਦੂਰ।

# ਗੁਰਬਾਣੀ ਚਿੰਤਨ; ਪ੍ਰੋ. ਕਿਸ਼ਨ ਸਿੰਘ ਦੀ ਵਿਆਖਿਆ ਅਤੇ ਸਮਾਜਿਕ ਸਰੋਕਾਰ

***ਪ੍ਰੋ. ਕਿਸ਼ਨ ਸਿੰਘ (10 ਅਗਸਤ 1911 ਤੋਂ 27 ਨਵੰਬਰ 1993) ਦੀਆਂ ਸਾਰੀਆਂ ਰਚਨਾਵਾਂ ਨੂੰ ਚਾਰ ਜਿਲਦਾਂ ਵਿਚ 'ਰੀਥਿੰਕਸ ਬੁਕਸ' ਵੱਲੋਂ ਛਾਪਿਆ ਜਾ ਚੁੱਕਾ ਹੈ। ਇਸ ਦਾ ਸੰਪਾਦਕ ਮਰਹੂਮ ਪ੍ਰੋ. ਗੁਰਮੀਤ ਸਿੰਘ ਟਿਵਾਣਾ ਹੈ। ਇਨ੍ਹਾਂ ਵਿਚੋਂ ਪਹਿਲੀ ਜਿਲਦ ਵਿਚ ਲੇਖਕ ਦੀਆਂ ਗੁਰਮਤਿ ਬਾਰੇ ਲਿਖੀਆਂ ਤੇ ਛਪੀਆਂ ਪੰਜ ਪੁਸਤਕਾਂ- 'ਸਿੱਖ ਇਨਕਲਾਬ ਦਾ ਮੋਢੀ-ਗੁਰੂ ਨਾਨਕ', 'ਸਿੱਖ ਲਹਿਰ', 'ਸ਼ਬਦ ਗੁਰੂ', 'ਗੁਰਬਾਣੀ ਦਾ ਇਨਕਲਾਬੀ ਵਿਰਸਾ' ਅਤੇ 'ਗੁਰਬਾਣੀ ਦਾ ਸੱਚ' ਸ਼ਾਮਲ ਹਨ। ਇਨ੍ਹਾਂ ਪੁਸਤਕਾਂ ਬਾਰੇ ਜਿਸ ਤਰ੍ਹਾਂ ਚਰਚਾ ਹੋਣੀ ਚਾਹੀਦੀ ਸੀ, ਉਸ ਤਰ੍ਹਾਂ ਨਹੀਂ ਹੋਈ। ਇਸ ਲੇਖ ਵਿਚ ਇਸ ਬਾਰੇ ਹੀ ਚਰਚਾ ਕੀਤੀ ਗਈ ਹੈ। -ਸੰਪਾਦਕ***

## ਪੁਸਤਕ ਰੀਵਿਊ

ਪ੍ਰੋ. ਕਿਸ਼ਨ ਸਿੰਘ ਦੀਆਂ ਗੁਰਮਤਿ ਬਾਰੇ ਲਿਖੀਆਂ ਤੇ ਛਪੀਆਂ ਪੁਸਤਕਾਂ ਬਾਰੇ ਜਿਸ ਤਰ੍ਹਾਂ ਚਰਚਾ ਹੋਣੀ ਚਾਹੀਦੀ ਸੀ, ਉਸ ਤਰ੍ਹਾਂ ਨਹੀਂ ਹੋਈ। ਕਾਰਣ ਬਹੁਤ ਸਾਰੇ ਹੋ ਸਕਦੇ ਹਨ ਪਰ ਮੈਨੂੰ ਇਹ ਜਾਪਦਾ ਹੈ ਕਿ ਪ੍ਰੋ. ਸਾਹਿਬ ਦੀ ਬਾਣੀ ਬਾਰੇ ਵਿਆਖਿਆ ਨਾਲ ਸਹਿਮਤ ਕਿਸੇ ਵੀ ਰੰਗ ਦਾ ਕੋਈ ਧੜਾ ਇਸ ਕਰਕੇ ਨਹੀਂ ਬਣ ਸਕਿਆ ਸੀ ਕਿਉਂਕਿ ਪੁਸਤਕਾਂ ਵਿਚਲੀ ਪਹੁੰਚ ਇਕ ਨਵੀਂ ਵਿਧਾ ਵਾਂਗ ਸਾਹਮਣੇ ਆਈ ਸੀ। ਇਹੋ ਜਿਹੀ ਸਥਿਤੀ ਵਿਚ ਪਾਠਕ ਹੀ ਨਵੀਆਂ ਵਿਧਾਵਾਂ ਨੂੰ ਸੰਭਾਲਣ ਅਤੇ ਬਚਾਉਣ ਦੇ ਕੰਮ ਆਉਂਦੇ ਰਹੇ ਹਨ ਅਤੇ ਆਉਂਦੇ ਰਹਿਣੇ ਹਨ ਕਿਉਂਕਿ ਪਾਠਕਾਂ ਦਾ ਕੋਈ ਧੜਾ ਨਹੀਂ ਹੁੰਦਾ। ਅਕਾਦਮਿਕ ਜਗਤ ਵਿਚ ਪ੍ਰੋ. ਕਿਸ਼ਨ ਸਿੰਘ ਮਾਰਕਸਵਾਦੀ ਚਿੰਤਕ ਵਜੋਂ ਜਾਣੇ ਜਾਂਦੇ ਸਨ ਅਤੇ ਇਸ ਨੂੰ ਲੈ ਕੇ ਸਿੱਖ-ਚੇਤਨਾ ਨੇ ਪਾਸਾ ਵੱਟਣਾ ਹੀ ਸੀ ਅਤੇ ਮਾਰਕਸਵਾਦੀ ਚੇਤਨਾ ਨੇ ਵੀ ਪਾਸਾ ਵੱਟ ਲਿਆ ਸੀ। ਬਾਣੀ ਬਾਰੇ ਲਿਖਦਿਆਂ ਜਿਵੇਂ ਇਨ੍ਹਾਂ ਪੁਸਤਕਾਂ ਵਿਚ ਨਵੀਆਂ ਸਥਾਪਨਾਵਾਂ ਕੀਤੀਆਂ ਗਈਆਂ ਹਨ, ਉਹ ਪੰਜਾਬੀ ਦੇ ਅਗਾਂਹਵਧੂ ਚਿੰਤਕਾਂ ਨੂੰ ਬਹੁਤ ਸਾਰੇ ਕਾਰਨਾਂ ਕਰਕੇ ਪਸੰਦ ਨਹੀਂ ਸਨ। ਇਸ ਪਰਥਾਏ ਦੋ ਮਾਰਕਸਵਾਦੀ ਚਿੰਤਕਾਂ ਪ੍ਰੋ. ਸੰਤ ਸਿੰਘ ਸੇਖੋਂ ਅਤੇ ਪ੍ਰੋ. ਕਿਸ਼ਨ ਸਿੰਘ ਵਿਚਕਾਰ ਲਿਖਤ ਰਾਹੀਂ ਅਤੇ ਪਬਲਿਕ ਵਿਚਾਰ ਵਟਾਂਦਰੇ ਰਾਹੀਂ ਗਰਮਾ-ਗਰਮ ਵਾਦਵਿਵਾਦ ਵੀ ਚੱਲਿਆ ਸੀ। ਓਸੇ ਦਾ ਕਿਸ਼ਨਸਿੰਘੀਅਨ ਬਿਰਤਾਂਤ ਪਰਤ-ਦਰ-ਪਰਤ ਇਨ੍ਹਾਂ



**ਬਲਕਾਰ ਸਿੰਘ ਪ੍ਰੋਫੈਸਰ**
**ਫੋਨ: +91- 93163-01328**


ਪੁਸਤਕਾਂ ਵਿਚ ਚੱਲਦਾ ਵੇਖਿਆ ਜਾ ਸਕਦਾ ਹੈ। ਇਸ ਕਰਕੇ ਦੋਹਾਂ ਪਾਸਿਆਂ ਅਰਥਾਤ ਗੁਰਮਤੀ ਚੇਤਨਾ ਅਤੇ ਮਾਰਕਸਵਾਦੀ ਚੇਤਨਾ ਵੱਲੋਂ ਅਣਗੌਲਿਆ ਰਹਿ ਜਾਣ ਕਰਕੇ ਹਵਾਲੇ ਵਿਚਲੀਆਂ ਪੁਸਤਕਾਂ ਬਾਰੇ ਬਹੁਤੀ ਚਰਚਾ ਨਹੀਂ ਹੋਈ ਸੀ। ਪਰ ਪੰਜਾਬੀ ਲਿਖਤਾਂ ਦੇ ਪਾਠਕਾਂ ਅਤੇ ਵਿਦਿਆਰਥੀਆਂ ਦਾ ਇਕ ਵਰਗ ਸੀ ਅਤੇ ਹੈ, ਜਿਹੜਾ ਪ੍ਰੋ. ਕਿਸ਼ਨ ਸਿੰਘ ਦੀਆਂ ਲਿਖਤਾਂ ਨੂੰ ਪੜ੍ਹਦਾ ਵੀ ਆ ਰਿਹਾ ਹੈ ਅਤੇ ਪ੍ਰਸ਼ੰਸਕ ਹੁੰਗਾਰਾ ਭਰਦਾ ਵੀ ਆ ਰਿਹਾ ਹੈ। ਇਕ ਪ੍ਰਭਾਵ ਇਹ ਬਣਿਆ ਸੀ ਕਿ ਕਿਸ਼ਨਸਿੰਘੀਅਨ ਪਹੁੰਚ ਨਾਲ ਮਾਰਕਸਵਾਦ ਅਤੇ ਗੁਰਮਤਿ ਦੋਹਾਂ ਦਾ ਨੁਕਸਾਨ ਹੋਇਆ ਹੈ ਕਿਉਂਕਿ ਦੋਹਾਂ ਦਾ ਕੁਝ ਵੀ ਸਾਂਝਾ ਨਹੀਂ ਹੈ। ਇਹੋ ਜਿਹਾ ਉਲਾਰ ਫੈਸਲਾ ਸਿਆਸੀ ਤਾਂ ਹੋ ਸਕਦਾ ਹੈ, ਅਕਾਦਮਿਕ ਨਹੀਂ। ਇਸ ਵਿਚ ਕੋਈ ਸ਼ੱਕ ਨਹੀਂ ਕਿ ਲੇਖਕ ਗੁਰਮਤਿ ਨੂੰ ਮਾਰਕਸਵਾਦੀ ਮੁਹਾਵਰੇ ਵਿਚ ਸਾਹਮਣੇ ਲਿਆਉਣ ਦੀ ਕੋਸ਼ਿਸ਼ ਕਰਦਾ ਹੈ ਅਤੇ ਇਸ ਨਾਲ ਗੁਰਮਤਿ ਦੀ ਅਕਾਦਮਿਕਤਾ ਵੱਲ ਦਲੇਰੀ ਅਤੇ ਸਪਸ਼ਟਤਾ ਨਾਲ ਸਥਾਪਤ ਕਰਣ ਦੀ ਕੋਸ਼ਿਸ਼ ਕਰਦਾ ਹੈ ਕਿ ਮਾਰਕਸਵਾਦੀ ਅਕਾਦਮਿਕਤਾ ਵਾਂਗ ਗੁਰਮਤਿ ਦੀ ਅਕਾਦਮਿਕਤਾ ਸਥਾਪਤ ਕੀਤੀ ਜਾ ਸਕਦੀ ਹੈ। ਇਸ ਪ੍ਰਾਜੈਕਟ ਨੂੰ ਸਾਹਮਣੇ ਲਿਆਉਣ ਵਾਸਤੇ ਲਗਾਤਾਰ ਸੰਘਰਸ਼ ਕਰਣ ਵਾਲਿਆਂ ਵਿਚ ਅਮਰੀਕ ਸਿੰਘ ਮੁਕਤਸਰ ਦੀ ਅਹਿਮ ਭੂਮਿਕਾ ਹੈ। ਟਰਾਂਟੋ (ਕਨੇਡਾ) ਰਹਿੰਦਿਆਂ ਜੋ ਉਸ ਨੇ ਪ੍ਰੋ. ਕਿਸ਼ਨ ਸਿੰਘ ਦੀਆਂ ਸੰਪੂਰਨ ਰਚਨਾਵਾਂ ਨੂੰ ਚਾਰ ਜਿਲਦਾਂ ਵਿਚ ਛਾਪਣ ਵਾਸਤੇ ਭੂਮਿਕਾ ਨਿਭਾਈ ਹੈ, ਉਹ ਸਲਾਹੁਣਯੋਗ ਹੈ। ਇਨ੍ਹਾਂ ਚਾਰਾਂ ਵਿਚੋਂ ਪਹਿਲੀ ਜਿਲਦ 766 ਸਫਿਆਂ ਦੀ ਹੈ ਅਤੇ ਇਸ ਵਿਚ ਗੁਰਬਾਣੀ ਨਾਲ ਜੁੜੀਆਂ ਹੋਈਆਂ ਬਹੁਤ ਸਾਰੀਆਂ ਪਰਤਾਂ ਸਾਹਮਣੇ ਆ ਗਈਆਂ ਹਨ। ਲੇਖਕ ਪ੍ਰਾਪਤ ਸਾਹਿਤ ਦੀ ਸਮਝ 'ਤੇ ਉਂਗਲੀ ਉਠਾਉਂਦਾ ਹੈ ਪ੍ਰਾਪਤ ਆਲੋਚਨਾ ਨੂੰ ਕੁਰਾਹੇ ਪਈ ਹੋਈ ਮੰਨਦਾ ਹੈ। ਉਹ ਆਪਣੀ ਚਰਚਾ ਵਿਚ ਬੰਦਾ, ਸਮਾਜ, ਸਟੇਟ, ਵਿਚਾਰਧਾਰਕ ਕਲਚਰਲ ਪਹਿਲੂ, ਮਨੁੱਖ ਦੀ ਆਜ਼ਾਦੀ ਅਤੇ ਮਾਇਆ ਦੀ ਤਰਜ਼ੇ-ਜ਼ਿੰਦਗੀ ਨੂੰ ਸ਼ਾਮਲ ਹਨ। 'ਗੁਰਬਾਣੀ ਦਾ ਸੱਚ' ਦੇ ਅਖੀਰਲੇ ਸ਼ਬਦਾਂ ਵਿਚਲੀ ਸਮਰਪਿਤ ਭਾਵਨਾ ਇਸ ਤਰ੍ਹਾਂ ਹੈ- 'ਗੁਰਬਾਣੀ ਵਾਲਿਆਂ ਤੇ ਉਨ੍ਹਾਂ ਹੋਰ ਮਹਾਂ-ਪੁਰਖਾਂ, ਜਿਨ੍ਹਾਂ ਸਾਡੇ ਇਤਿਹਾਸ ਤੇ ਕਲਚਰ ਵਿਚ ਬੰਦੇ ਦੀ ਸਰਬੱਤ ਦੀ ਆਜ਼ਾਦੀ ਦਾ ਮਸਲਾ ਸਮਝਿਆ-ਆਪਣੇ ਸਮੇਂ ਦੇ ਮੁਹਾਵਰੇ ਵਿਚ ਉਸ ਦੇ ਸੱਚ ਦੀ ਆਵਾਜ਼ ਬਣ ਕੇ ਖੜਕ ਕੇ ਬੋਲੇ-ਜੂਝੇ, ਉਨ੍ਹਾਂ ਸਭਨਾ ਦੇ ਚਰਨਾਂ 'ਤੇ ਸਿਰ ਰੱਖਦਿਆਂ ਹੋਇਆਂ ਤੁੱਛ ਜਿਹੇ ਇਸ ਉਪਰਾਲੇ ਨੂੰ ਸਮਾਪਤ ਕਰਣ ਦੀ ਆਗਿਆ ਮੰਗਦਾ ਹਾਂ'। ਇਹੋ ਜਿਹੀਆਂ ਸਦਾ ਸਚਾਈਆਂ ਨੂੰ ਬਾਣੀ ਦੁਆਰਾ ਪੁਸ਼ਟ ਕਰਕੇ ਲਿਖੀਆਂ ਹੋਈਆਂ ਬਾਰੇ ਗੱਲ ਕੀਤੀ ਜਾ ਰਹੀ ਹੈ।

ਬਾਣੀ ਦੇ ਵਿਦਿਆਰਥੀ ਦੇ ਤੌਰ 'ਤੇ ਇਸ ਜਿਲਦ ਵਿਚਲੀਆਂ ਰਚਨਾਵਾਂ ਨੂੰ ਪੜ੍ਹਦਿਆਂ ਮਹਿਸੂਸ ਹੋਇਆ ਹੈ ਕਿ ਇਸ ਵਿਚ ਵਿਗਿਆਨਕ ਪਹੁੰਚ ਅਤੇ ਗੁਰਮਤਿ ਦੇ ਅਨੁਭਵੀ ਪਾਸਾਰਿਆਂ ਨੂੰ ਗੁੰਨ੍ਹਕੇ ਪੇਸ਼ ਕੀਤਾ ਹੋਇਆ ਹੈ। ਲੇਖਕ ਨੇ ਬੀ-ਐਸ.ਸੀ ਕਰਣ ਮਗਰੋਂ ਅੰਗ੍ਰੇਜ਼ੀ ਦੀ ਐਮ.ਏ ਕੀਤੀ ਸੀ ਅਤੇ ਸਾਰੀ ਉਮਰ ਵਿਦਿਆਰਥੀਆਂ ਨੂੰ ਅੰਗ੍ਰੇਜ਼ੀ ਪੜ੍ਹਾਉਂਦੇ ਰਹੇ ਸੀ। ਖਾਲਸਾ ਕਾਲਜ ਅੰਮ੍ਰਿਤਸਰ ਦੇ ਵਿਦਿਆਰਥੀ ਹੋਣ ਦੀ ਵੀ ਉਨ੍ਹਾਂ ਦੀ ਇਸ ਪਹੁੰਚ ਵਿਚ ਅਹਿਮ ਭੂਮਿਕਾ ਨੂੰ ਧਿਆਨ ਵਿਚ ਰੱਖਾਂਗੇ ਤਾਂ ਸਮਝ ਸਕਾਂਗੇ ਕਿ ਉਹ ਸਮਾਂ ਸਿੰਘ ਸਭਾਈ ਚੇਤਨਾ ਦੇ ਬੋਲਬਾਲੇ ਦਾ ਸੀ ਅਤੇ ਖਾਲਸਾ ਕਾਲਜ ਅੰਮ੍ਰਿਤਸਰ, ਸਿੰਘ ਸਭਾਈ ਸੋਚ ਦੀ ਕੇਂਦਰੀ ਸੰਸਥਾ ਵਾਂਗ ਸਾਹਮਣੇ ਆ ਰਿਹਾ ਸੀ। ਇਸ ਦੇ ਵਿਸਥਾਰ ਵਿਚ ਜਾਏ ਬਿਨਾ ਕਿ ਖਾਲਸਾ ਕਾਲਜ ਅੰਮ੍ਰਿਤਸਰ ਦੇ ਵਿਦਿਆਰਥੀਆਂ ਅਤੇ ਅਧਿਆਪਕਾਂ ਵਿਚੋਂ ਕਾਫੀ ਗਿਣਤੀ ਸਵੇਰੇ ਉਠਕੇ ਹਰਿਮੰਦਰ ਸਾਹਿਬ ਮੱਥਾ ਟੇਕਣ ਕਿਉਂ ਅਤੇ ਕਿਵੇਂ ਜਾਂਦੀ ਹੁੰਦੀ ਸੀ ਅਤੇ ਇਸ ਤੋਂ ਅਭਿੱਜ ਰਹਿਣਾ ਸੌਖਾ ਕਿਉਂ ਨਹੀਂ ਸੀ, ਕਹਿਣਾ ਇਹ ਚਾਹ ਰਿਹਾ ਹਾਂ ਕਿ ਇਸ ਗੁਰਮਤੀ ਵਰਤਾਰੇ ਨਾਲ ਵਿਦਿਆਰਥੀਆਂ ਦੀ ਮਾਨਸਿਕਤਾ ਵਿਚ ਕਿਸੇ ਨ ਕਿਸੇ ਮਾਤਰਾ ਵਿਚ ਗੁਰਬਾਣੀ ਅਤੇ ਗੁਰਦੁਆਰੇ ਦਾ ਅਸਰ ਪਰਵੇਸ਼ ਕਰਦਾ ਰਿਹਾ ਸੀ। ਪੰਜਾਬ ਦੇ ਸਿੱਖਾਂ ਅਰਥਾਤ ਗੁਰੂਕਿਆਂ ਦੇ ਲਹੂ ਵਿਚੋਂ ਗੁਰਮਤਿ ਨ ਕਦੇ ਮਨਫੀ ਹੋਈ ਸੀ ਅਤੇ ਨ ਹੋਣੀ ਹੈ। ਪ੍ਰੋ. ਪੂਰਨ ਸਿੰਘ ਦੀ ਇਹ ਕਾਵਿ-ਟਿਪਣੀ 'ਪੰਜਾਬ ਸਾਰਾ ਜੀਂਦਾ ਗੁਰੂ ਦੇ ਨਾਮ 'ਤੇ' ਤੋਂ ਤਾਂ ਇਹ ਵੀ ਨਤੀਜਾ ਨਿਕਲ ਸਕਦਾ ਹੈ ਕਿ ਕੋਈ ਵੀ ਪੰਜਾਬੀ ਸਿੱਧੇ ਜਾਂ ਅਸਿੱਧੇ ਢੰਗ ਨਾਲ ਗੁਰਬਾਣੀ ਤੋਂ ਪ੍ਰਭਾਵਿਤ ਸੀ ਅਤੇ ਪ੍ਰਭਾਵਿਤ ਰਹਿਣਾ ਵੀ ਚਾਹੀਦਾ ਹੈ। ਇਹ ਪ੍ਰਭਾਵ ਸਿੱਖ ਲੇਖਕਾਂ ਦੀਆਂ ਲਿਖਤਾਂ ਵਿਚ ਖਾਸ ਕਰਕੇ ਅਤੇ ਪੰਜਾਬੀ ਲੇਖਕਾਂ ਦੀਆਂ ਲਿਖਤਾਂ ਵਿਚ ਆਮ ਕਰਕੇ ਲਗਾਤਾਰ ਪ੍ਰਗਟ ਹੁੰਦਾ ਰਿਹਾ ਹੈ। ਇਸ ਦਾ ਸਮਰਥਨ ਧਨੀ ਰਾਮ ਚਾਤ੍ਰਿਕ ਦੀਆਂ ਸਿੱਖ ਰੰਗ ਵਾਲੀਆਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਪੁਸਤਕ ਰੂਪ ਵਿਚ ਛਾਪੀਆਂ ਕਵਿਤਾਵਾਂ ਤੋਂ ਹੋ ਜਾਂਦਾ ਹੈ। ਕਹਿਣ ਦਾ ਭਾਵ ਇਹ ਹੈ ਕਿ ਪੰਜਾਬ ਵਿਚ ਸਦਾ ਹੀ ਸਮਕਾਲੀ ਅੰਤਰਦ੍ਰਿਸ਼ਟੀਆਂ ਅਤੇ ਗੁਰਮਤਿ-ਪਹੁੰਚ ਕਿਸੇ ਨਾ ਕਿਸੇ ਰੂਪ ਵਿਚ ਇਕੱਠੀਆਂ ਤੁਰਦੀਆਂ ਰਹੀਆਂ ਹਨ। ਸਿਆਸਤ ਪ੍ਰਧਾਨ ਵਰਤਮਾਨ ਵਿਚ ਪੰਜਾਬੀ ਚੇਤਨਾ ਮਹਿਸੂਸ ਕਰਣ ਲੱਗ ਪਈ ਹੈ ਕਿ ਪੰਜਾਬ ਵਿਚ ਖੱਬੂਆਂ ਅਤੇ ਸੱਜੂਆਂ ਦਾ ਉਲਾਰ ਇਕ ਦੂਜੇ ਨੂੰ ਫਿਹਲ ਕਰਣ ਵਾਲੀ ਸਿਆਸਤ ਵਿਚੋਂ ਨਿਕਲ ਕੇ, ਇਕ ਦੂਜੇ ਨਾਲ ਸਹਿਯੋਗੀ ਭੂਮਿਕਾ ਵਾਸਤੇ ਲੋੜੀਂਦੇ ਸਾਂਝੇ ਪਲ਼ੈਟਫਾਰਮ 'ਤੇ ਇਕੱਠਿਆਂ ਹੋਣਾ ਚਾਹੀਦਾ ਹੈ। ਇਸ ਤਰ੍ਹਾਂ ਸੋਚਣ ਵਾਲਿਆਂ ਵਾਸਤੇ ਇਸ ਪੁਸਤਕ ਨੇ ਲੋੜੀਂਦੀ ਧਰਾਤਲ ਮੁਹੱਈਆ ਕਰ ਦਿੱਤੀ ਹੈ। ਇਸ ਨਾਲ ਇਹ ਸੱਚ ਸਥਾਪਤ ਹੋਣ ਵਾਲੇ ਰਾਹ ਪੈ ਸਕਦਾ ਹੈ ਕਿ ਸ਼ਰਧਾ ਅਤੇ ਵਿਗਿਆਨ ਨੂੰ ਇਕੱਠਿਆਂ ਕਿਸੇ ਸੇਧ ਵਿਚ ਤੁਰਦਾ ਵੇਖਣਾ ਹੋਵੇ ਤਾਂ ਲੋੜੀਂਦੀ ਸਿਧਾਂਤਕ ਧਰਾਤਲ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚੋਂ ਲੱਭ ਕੇ ਸੰਭਾਲੇ ਜਾਣ ਦੀ ਲੋੜ ਹੈ। ਏਸੇ ਨੂੰ ਜੇ ਸਥਾਨਕਤਾ ਤੋਂ ਮੁਕਤ ਕਰਕੇ ਸਾਹਮਣੇ ਲਿਆਵਾਂਗੇ ਤਾਂ ਮਾਨਵਤਾ ਦੀਆਂ ਲੋੜਾਂ ਵਾਸਤੇ ਲੋੜੀਂਦੇ ਮਾਡਲ ਨੂੰ ਸਾਹਮਣੇ ਲਿਆ ਰਹੇ ਹੋਵਾਂਗੇ। ਮੈਨੂੰ ਇਹ ਪੁਸਤਕ ਇਸ ਪਾਸੇ ਚੁੱਕਿਆ ਗਿਆ ਨਰੋਆ ਕਦਮ ਲੱਗਦੀ ਹੈ। ਹਵਾਲੇ ਵਿਚਲੀ ਇਸ ਪੁਸਤਕ ਨੂੰ ਇਸ ਪਾਸੇ ਪੁੱਟੇ ਹੋਏ ਕਦਮ ਵਜੋਂ ਲੈਣ ਦਾ ਰਾਹ ਕਿਉਂ ਰੁਕਿਆ ਰਿਹਾ ਹੈ, ਸੋਚਿਆ ਵਿਚਾਰਿਆ ਜਾਣਾ ਚਾਹੀਦਾ ਹੈ। ਇਸ ਨੂੰ ਬਾਣੀ ਦਾ ਅਕਾਦਮਿਕ ਪ੍ਰਸੰਗ ਵੀ ਕਿਹਾ ਜਾ ਸਕਦਾ ਹੈ। ਏਸੇ ਨੂੰ ਲੇਖਕ ਨੇ ਇਸ ਤਰ੍ਹਾਂ ਪ੍ਰਸਤੁਤ ਕੀਤਾ ਹੋਇਆ ਹੈ- "ਮਨੁੱਖ ਦੀ ਆਜ਼ਾਦੀ ਵਾਸਤੇ ਜਦੋ-ਜਹਿਦ ਦੀਆਂ ਲੋੜਾਂ, ਕੀਮਤਾਂ ਹੀ ਗੁਰਬਾਣੀ ਵਿੱਚ ਪੇਸ਼ ਰੱਬ ਦੀਆਂ ਖਾਸੀਅਤਾਂ, ਉਸ ਦਾ ਵਜੂਦ ਹਨ। ਇਨ੍ਹਾਂ ਨੂੰ ਪਾਉਣਾ ਹੀ ਸਮਾਜਕ ਮਨੁੱਖੀ ਜ਼ਿੰਦਗੀ ਦਾ ਅੰਤਮ ਮਨੋਰਥ ਹੈ। ਇਹ ਢੂੰਢ ਸਦਾ ਤੋਂ ਚਲੀ ਆਈ, ਸਦਾ ਦਾ ਸੱਚ ਤੇ ਸਦਾ ਰਹਿਣ ਵਾਲਾ ਸੱਚ ਹੈ"। ਇਸ ਸੱਚ ਨੂੰ 'ਹਿਰਦੇ ਦੇ ਮਨੋਵੇਗ' ਤੋਂ ਲ਼ੈ ਕੇ 'ਸਰਬੱਤ ਦੀ ਆਜ਼ਾਦੀ' ਤੱਕ ਵਿਸਥਾਰਿਆ ਹੋਇਆ ਹੈ। ਇਸ ਵਿਸਥਾਰ ਵਿਚ ਕੇਂਦਰੀ ਦੋ ਕੋਟੀਆਂ ਦੀ ਨਿਸ਼ਾਨਦੇਹੀ ਕਰਦਿਆਂ ਇਕ ਨੂੰ ਮਾਇਆ ਅਰਥਾਤ ਰੱਬ ਦੀ ਵਿਰੋਧੀ ਕੋਟੀ ਅਤੇ ਦੂਜੀ ਨੂੰ ਨਾਮ ਵਾਲੀ ਅਰਥਾਤ ਰੱਬ ਨੂੰ ਪਰਵਾਨ ਕੋਟੀ ਵਜੋਂ ਪ੍ਰਸਤੁਤ ਕੀਤਾ ਹੋਇਆ ਹੈ। ਪਹਿਲੀ ਕੋਟੀ ਬੰਧਨਾ ਵੱਲ ਲੈ ਕੇ ਜਾਂਦੀ ਹੈ ਅਤੇ ਦੂਜੀ ਬੰਧਨਾਂ ਨੂੰ ਤੋੜਣ ਵੱਲ। ਦੋਹਾਂ ਦੀ ਧਰਾਤਲ ਬੰਦੇ ਦੀ ਮਾਨਸਿਕਤਾ ਹੈ ਕਿਉਂਕਿ 'ਚੱਲਦਾ ਹਰ ਨਿਜ਼ਾਮ ਮਨੁੱਖੀ ਸ਼ਕਤੀ ਦਾ ਚਲਾਇਆ ਹੈ ਅਤੇ ਮਨੁੱਖੀ ਸ਼ਕਤੀ ਮਨ ਦੇ ਮਨੋਰਥਾਂ ਦੀ ਜੋਈ ਜੁਪਦੀ ਹੈ'। ਤਾਂ ਤੇ ਸਮਾਜਕ ਵੇਗ ਉਸਾਰਨ ਦੇ ਰਾਹ ਨੂੰ ਹੀ ਅਸਲ ਰਾਹ ਪਰਵਾਨ ਕਰਦਿਆਂ ਕਿਹਾ ਹੋਇਆ ਹੈ ਕਿ ਇਸ ਰਾਹੇ ਤੁਰਨ ਦਾ ਮਾਰਗ ਹੀ ਗੁਰਮਤਿ-ਮਾਰਗ ਹੈ। ਇਸ ਨੂੰ ਲੇਖਕ 'ਰੱਬ ਦੇ ਹੁਕਮ ਦੀ ਤਾਮੀਲ' ਕਹਿੰਦਾ ਹੈ। ਇਸ ਨਾਲ ਜ਼ਿੰਦਗੀ ਨੂੰ ਸੁਤੇ ਰਾਹ ਮਿਲਦਾ ਰਿਹਾ ਹੈ। 1964-1966 ਤੱਕ ਮੈਂ ਸ਼ਹੀਦ ਸਿੱਖ ਮਿਸ਼ਨਰੀ ਕਾਲਜ ਅੰਮ੍ਰਿਤਸਰ ਵਿਚ ਪ੍ਰੋ. ਸਾਹਿਬ ਸਿੰਘ ਦਾ ਵਿਦਿਆਰਥੀ ਸੀ। ਉਸ ਵੇਲੇ ਉਨ੍ਹਾਂ ਦਾ ਟੀਕਾ ਛਪ ਰਿਹਾ ਸੀ। ਉਹ ਕਿਸੇ ਵੀ ਪੱਖੋਂ ਮਾਰਕਵਾਦੀ ਨਹੀਂ ਸਨ। ਪਰ ਉਨ੍ਹਾਂ ਨੂੰ ਉਨ੍ਹਾਂ ਦੇ ਆਪਣੇ ਖੇਤਰ ਦੇ ਵਿਰੋਧੀਆਂ ਵੱਲੋਂ ਕਾਮਰੇਡ ਕਿਹਾ ਜਾਂਦਾ ਰਿਹਾ ਸੀ। ਕਾਰਣ ਵਰਤਿਆ ਜਾ ਰਿਹਾ ਮੁਹਾਵਰਾ ਹੀ ਸੀ। ਇਹ ਭੇਦ ਮੈਨੂੰ ਇਹ ਪੁਸਤਕ ਪੜ੍ਹਦਿਆਂ ਕਈ ਰੰਗਾਂ ਵਿਚ ਸਮਝ ਆਉਂਦਾ ਰਿਹਾ ਹੈ। ਏਸੇ ਨੂੰ ਇਸ ਵੇਲੇ ਇਸ ਤਰ੍ਹਾਂ ਕਿਹਾ ਜਾ ਸਕਦਾ ਹੈ ਕਿ ਜੇ ਸਿੱਖੀ ਨੂੰ ਹਰ ਸਮਕਾਲ ਦੀ ਤਰਜ਼ੇ-ਜ਼ਿੰਦਗੀ ਵਾਂਗ ਸਮਝਣ ਦਾ ਯਤਨ ਕਰਾਂਗੇ ਤਾਂ ਉਲਾਰ ਤੇ ਬੇਤੁਕੀਆਂ ਊਜਾਂ ਤਾਂ ਲੱਗਦੀਆਂ ਹੀ ਰਹਿਣਗੀਆਂ।

ਇਸ ਪੁਸਤਕ ਵਿਚ ਸਮਾਜਿਕ ਇਨਕਲਾਬ ਦੀ ਗੱਲ ਵੀ ਆਮ ਕੀਤੀ ਹੋਈ ਹੈ ਅਤੇ ਇਸ ਨੂੰ ਸਿਆਸੀ ਪ੍ਰਸੰਗ ਵਿਚ ਜਾਂ ਮਾਰਕਸਵਾਦੀ ਮੁਹਾਵਰੇ ਵਿਚ ਸਮਝ ਕੇ, ਗੁਰਮਤਿ ਵਿਰੋਧੀ ਗਰਦਾਨਣ ਦੀ ਕੋਸ਼ਿਸ਼ ਕਰਾਂਗੇ ਤਾਂ ਗੁਰਮਤਿ ਦੀ ਜੀਵਨਦਾਨੀ ਪਹੁੰਚ ਨੂੰ ਰੂਹਾਨੀ ਉਲਾਰ ਵੱਲ ਧੱਕ ਰਹੇ ਹੋਵਾਂਗੇ। ਇਸ ਨਾਲ ਸਮਾਜਿਕਤਾ ਬਨਾਮ ਅਧਿਆਤਮਿਕਤਾ ਦੇ ਬੇਲੋੜੇ ਟਕਰਾ ਵਿਚ



ਪ੍ਰੋ. ਕਿਸ਼ਨ ਸਿੰਘ




'ਪ੍ਰੋ. ਕਿਸ਼ਨ ਸਿੰਘ ਰਚਨਾਵਲੀ' ਦਾ ਸਰਵਰਕ।

ਠਿਲ੍ਹਣਾ ਪਵੇਗਾ ਕਿਉਂਕਿ ਗੁਰਬਾਣੀ ਮੁਤਾਬਿਕ 'ਵਰਜਤ ਮਾਇਆ ਹੈ, ਸੰਸਾਰ ਨਹੀਂ। ਮਨਾਹੀ ਮਾਇਆ ਦੀ ਹੈ, ਕੁਦਰਤ ਦੇ ਪਦਾਰਥਾਂ ਤੇ ਨਿਆਮਤਾਂ ਦੀ ਨਹੀਂ'। ਗੁਰਮਤਿ ਦਾ ਇਹ ਪ੍ਰਸੰਗ ਬਾਣੀ ਦੁਆਰਾ ਸਥਾਪਤ ਸਹਿਜ-ਮਾਰਗ ਹੈ ਅਤੇ ਇਹੀ ਇਸ ਪੁਸਤਕ ਵਿਚ ਕਿਸੇ ਨ ਕਿਸੇ ਰੂਪ ਵਿਚ ਪ੍ਰਗਟ ਹੋ ਰਿਹਾ ਹੈ। ਪ੍ਰਾਪਤ ਵਿਚਕਾਰ ਸਹਿਜ ਸਥਾਪਤ ਕਰਣ ਦੀ ਗੁਰਮਤੀ-ਵਿਧੀ, ਇਸ ਪੁਸਤਕ ਵਿਚ 'ਰੱਬ ਦਾ ਰਾਹ' ਵਜੋਂ ਸਾਹਮਣੇ ਆ ਗਈ ਹੈ। ਇਸ 'ਤੇ ਚੱਲ ਕੇ ਵਿਕਾਰਾਂ ਨੂੰ ਮਾਰਨ ਦੀ ਥਾਂ ਵਿਕਾਰਾਂ ਨਾਲ ਨਿਭਣ ਦੀ ਜਾਚ ਨੂੰ ਸਮਝਿਆ ਅਤੇ ਸਮਝਾਇਆ ਗਿਆ ਹੈ (ਹਉਮੈ ਨਿਵਰੈ ਗੁਰਸਬਦੁ ਵੀਚਾਰੈ॥ ਚੰਚਲ ਮਤਿ ਤਿਆਗੈ ਪੰਚ ਸੰਘਾਰੈ॥)। ਇਸ ਪੁਸਤਕ ਵਿਚ ਪ੍ਰਾਪਤ ਅੰਤਰ-ਦ੍ਰਿਸ਼ਟੀਆਂ ਦੇ ਮੁਹਾਵਰੇ ਅਤੇ ਗੁਰਮਤਿ ਦੇ ਮੁਹਾਵਰੇ ਦੀ ਅੰਤਰ-ਸਬੰਧਤ ਸਾਂਝ ਨੂੰ ਸਾਹਮਣੇ ਲਿਆਂਦਾ ਹੋਇਆ ਹੈ। ਮਿਸਾਲ ਦੇ ਤੌਰ ਤੇ 'ਗੁਰਬਾਣੀ ਵਿਚ ਹੁਕਮ ਦੇ ਸਿਧਾਂਤ' ਦੀ ਪ੍ਰਸੰਗਕ ਵਿਆਖਿਆ ਪ੍ਰਾਪਤ ਹੈ। ਇਸ ਅਨੁਸਾਰ ਹੁਕਮ ਦਾ ਬਾਣੀ ਪ੍ਰਸੰਗ, ਚੇਤੰਨ ਸੱਤਾ ਰੱਬ ਦਾ ਹੈ ਅਤੇ ਨੇਕੀ ਤੇ ਬਦੀ ਵੀ ਹੁਕਮ ਵਿਚ ਹੀ ਪੈਦਾ ਹੋਈਆਂ ਹਨ। ਹੁਕਮ, ਨਿਰਪੱਖਤਾ ਨਹੀਂ ਹਿੱਸੇਦਾਰੀ ਹੈ। ਤਾਂ ਤੇ ਸਮਾਜਿਕ ਜ਼ਿੰਦਗੀ ਨੂੰ ਵਿਉਂਤਣਾ ਹੀ ਰੱਬ ਦਾ ਹੁਕਮ ਹੈ। ਇਸ ਕਰਕੇ ਹੁਕਮ ਹੈ ਕਿ 'ਮਨੁੱਖ ਮਾਇਆ ਦੇ ਬੰਧਨਾਂ ਨੂੰ ਕੱਟੇ, ਹਉਮੈ ਨੂੰ ਸਤਿਗੁਰੂ ਦੇ ਸ਼ਬਦ ਨਾਲ ਜਲਾਵੇ ਅਤੇ ਮਾਇਆ ਕਰਕੇ ਜੋ ਉਸ ਦਾ ਰੱਬ ਨਾਲੋਂ ਵਿਜੋਗ ਹੋਇਆ ਹੈ, ਉਸ ਨੂੰ ਹਟਾਵੇ ਅਤੇ ਰੱਬ ਨਾਲ ਸੰਜੋਗ ਕਰੇ'। ਹਰ ਕਿਸਮ ਦੇ ਬੰਧਨਾਂ ਦਾ ਖਾਤਮਾ ਵੀ ਰੱਬ ਦਾ ਹੁਕਮ ਹੈ। ਇਹ ਸਾਂਝਾ ਸੱਚ ਹੈ ਕਿ ਬੰਦਾ ਰੱਬ ਦਾ ਬੰਦਾ ਬਣਨ ਲਈ ਉਤਸੁਕ ਰਹਿੰਦਾ ਹੈ। ਇਹੀ ਬੰਦੇ ਦਾ ਵਿਕਾਸ ਹੈ। ਰੱਬ ਦੇ ਹੁਕਮ ਮੁਤਾਬਿਕ ਵਿਕਾਸ ਨੂੰ ਲੇਖਕ ਇਨਕਲਾਬ ਕਹਿੰਦਾ ਹੈ। ਇਸ ਨੂੰ ਗੁਰਮਤੀ ਬਦਲਾਵ ਵੀ ਕਿਹਾ ਜਾ ਸਕਦਾ ਹੈ। ਇਸ ਬਦਲਾਵ ਦੁਆਰਾ 'ਹੁਕਮ ਦੇ ਅਧੀਨ ਸਮਾਜਿਕਤਾ ਨੂੰ ਅਕਾਦਮਿਕ ਸਿਆਸਤ ਨੇ ਕਿਥੋਂ ਤੋਂ ਕਿਥੇ ਪਹੁੰਚਾ ਦਿਤਾ ਹੈ? ਗੁਰਮਤੀ-ਗੁਹਜ ਦੀ ਨਿਰੰਤਰਤਾ ਵਿਚ ਇਸ ਸੱਚ ਨੂੰ ਵੀ ਸਾਹਮਣੇ ਲਿਆਂਦਾ ਹੋਇਆ ਹੈ ਕਿ 'ਗੁਰਬਾਣੀ ਦੇ ਮੁਤਾਬਿਕ ਉਹ ਗਿਆਨ ਗਿਆਨ ਹੀ ਨਹੀਂ ਜੋ ਸਮਾਜਿਕ ਮਨੁੱਖੀ ਅਮਲ ਦੀ ਸ਼ਕਲ ਅਖ਼ਤਿਆਰ ਨਹੀਂ ਕਰਦਾ। ਉਹ ਸੱਚ ਸੱਚ ਹੀ ਨਹੀਂ ਜਿਸ ਦੀ ਤਰਜਮਾਨੀ ਸੱਚ ਦੀ ਰਹਿਣੀ ਵਿਚ ਨਹੀਂ ਹੁੰਦੀ। ਰੱਬ ਦਾ ਗਿਆਨ ਹੋਣ ਦਾ ਮਤਲਬ ਦਿਮਾਗ਼ੀ ਤੌਰ 'ਤੇ ਚਾਨਣਾ ਹੋਣਾ ਹੀ ਨਹੀਂ ਬਲਕਿ ਅਮਲੀ ਰੂਪ ਵਿਚ ਮਨਮੁਖ ਤੋਂ ਗੁਰਮੁਖ ਹੋਣਾ ਹੈ'। ਪ੍ਰਾਪਤ ਦੀ ਦਵੈਤ ਨਾਲ ਜੁੜੀਆਂ ਹੋਈਆਂ ਸਚਾਈਆਂ ਵਿਚਕਾਰ ਸਹਿਜ ਸਥਾਪਤ ਕਰਣ ਲਈ ਇਹ ਸਮਝਣਾ ਜ਼ਰੂਰੀ ਹੈ ਕਿ 'ਰੱਬ ਨਾਲ ਸੰਜੋਗ ਹੋਣ ਦਾ ਇਹ ਮਤਲਬ ਨਹੀਂ ਕਿ ਜ਼ਿੰਦਗੀ ਦੀ, ਸਮਾਜ ਦੀ ਡਾਇਲੈਕਟਿਕਸ ਹੀ ਖਤਮ ਹੋ ਜਾਂਦੀ ਹੈ ਜਾਂ ਡਾਇਲੈਕਟਿਸ ਦੇ ਵਿਰੋਧੀ ਜੁਜ਼ ਦਾ ਬੀਜ ਹੀ ਨਾਸ਼ ਹੋ ਜਾਂਦਾ ਹੈ'।

ਇਹ ਸੱਚ ਹੈ ਕਿ ਗੁਰਬਾਣੀ ਦਾ ਮੁਹਾਵਰਾ, ਮਾਰਕਸੀ ਮੁਹਾਵਰਾ, ਸਾਹਿਤਕ ਮੁਹਾਵਰਾ ਅਤੇ ਅਕਾਦਮਿਕ ਅੰਤਰ-ਦ੍ਰਿਸ਼ਟੀਆਂ ਦਾ ਸਮਕਾਲੀ ਮੁਹਾਵਰਾ ਇਕੋ ਜਿਹਾ ਨਹੀਂ ਹੋ ਸਕਦਾ। ਪਰ ਇਹ ਸਾਰੇ ਮਾਨਵ-ਮਾਨਸਿਕਤਾ ਨਾਲ ਜੁੜੀ ਸਮਝ ਨਾਲ ਜੋੜ ਕੇ ਸਮਝਣ ਦਾ ਯਤਨ ਕਰਦਿਆਂ ਲੇਖਕ ਦੀ ਇਹ ਟਿਪਣੀ ਕੰਮ ਆ ਸਕਦੀ ਹੈ ਕਿ 'ਇਨਕਲਾਬੀ ਆਚਰਣ ਦੇ ਉਸਰਨ ਦਾ ਮਤਲਬ, ਹਾਲਤਾਂ ਦੇ ਪ੍ਰਸੰਗ ਵਿਚ, ਇਨਕਲਾਬੀ ਲਹਿਰ ਦਾ ਉਠਣਾ ਹੈ। ਉਠਦੀ ਲਹਿਰ ਆਪਣੀ ਲੋੜ ਵਾਸਤੇ, ਆਪਣੇ ਅਨੁਸਾਰੀ ਸਮਾਜਿਕ ਰਿਸ਼ਤੇ ਤੇ ਸੰਸਥਾਵਾਂ ਖੜ੍ਹੀਆਂ ਕਰਦੀ ਹੈ। ਬੀਜ ਰੂਪ ਵਿਚ ਨਵੇਂ ਸਮਾਜ ਦੀ ਨੀਂਹ ਰੱਖਦੀ ਹੈ। ਕਾਬਜ ਸਮਾਜ ਦੇ ਵਿਰੁੱਧ ਸਿਰ ਧੜ ਦੀ ਬਾਜ਼ੀ ਲਗ ਜਾਂਦੀ ਹੈ'। ਤਾਂ ਤੇ ਆਪ ਪੈਦਾ ਕੀਤੇ ਬੰਧਨਾ ਤੋਂ ਮੁਕਤੀ ਦੇ ਮਾਰਗ 'ਤੇ ਵੀ ਆਪ ਹੀ ਤੁਰਨਾ ਪੈਣਾ ਹੈ। ਇਸ ਨਾਲ ਸਬੰਧਤ ਏਸੇ ਪੁਸਤਕ ਦਾ ਹਿੱਸਾ ਹੈ "ਗੁਰਬਾਣੀ ਅਤੇ ਸਰਬੱਤ ਦੀ ਆਜ਼ਾਦੀ ਦਾ ਪੈਂਤੜਾ"। ਇਸ ਪੈਂਤੜੇ ਦਾ ਕੇਂਦਰੀ ਬਿੰਦੂ ਰੱਬ ਹੈ। ਇਸ ਪੈਂਤੜੇ ਮੁਤਾਬਿਕ ਇਕ ਰਾਹ 'ਤੇ ਨਹੀਂ ਚਲਣਾ ਅਤੇ ਇਕ ਰਾਹ 'ਤੇ ਚਲਣਾ ਹੈ। ਪਤਾ ਕਰਨੀ ਤੋਂ ਲੱਗਣਾ ਹੈ। ਕਮਾਉਂਦਿਆਂ ਸੁਖ ਭੋਗਣ ਦਾ ਮਾਰਗ ਹੀ ਗੁਰਮਤਿ ਦਾ ਮਾਰਗ ਹੈ। ਇਸ ਵਿਚ ਨਾਮ ਦੀ ਮੁੱਖ ਭੂਮਿਕਾ ਹੈ। ਤਾਂ ਤੇ ਇਹ ਜਾਣੀਏ ਕਿ 'ਨਾਮ, ਸਤਿਗੁਰੂ ਦੇ ਸ਼ਬਦ ਵਿਚ ਅੰਕਤ ਹੈ, ਉਸ ਦੀ ਵਸਤੂ ਹੈ ਸਮਾਜ ਤੇ ਮਨੁੱਖ ਬਾਬਤ, ਦਿਲ ਦਿਮਾਗ਼ ਦਾ ਉਹ ਗਿਆਨ ਹੈ ਜੋ ਹਉਮੈ ਤੇ ਮਾਇਆ ਦੇ ਬੰਧਨ ਨੂੰ ਖਤਮ ਕਰਦਾ ਹੈ ਅਤੇ ਸਰਬੱਤ ਦੇ ਪਿਆਰ 'ਤੇ ਆਧਾਰਤ ਸਮਾਜ ਨੂੰ ਸਥਾਪਤ ਕਰਕੇ ਮਨੁੱਖ ਨੂੰ ਖ਼ੁਦਗਰਜ਼ੀ ਦੇ ਪੈਸੇ ਦੀ ਸਰਦਾਰੀ ਤੋਂ ਆਜ਼ਾਦ ਕਰਾਉਂਦਾ ਹੈ। ਨਾਮ ਸਰਬੱਤ ਦੀ ਆਜ਼ਾਦੀ ਦੀ ਚੇਤਨਾ, ਉਸ ਦਾ ਸੱਚ ਹੈ। ਉਸ ਨੂੰ ਗ੍ਰਹਿਣ ਕਰਨਾ ਇਸ ਸੱਚ ਨੂੰ ਗ੍ਰਹਿਣ ਕਰਨਾ ਹੈ। ਹਿਰਦੇ ਵਿਚ ਉਸ ਦੇ ਵੱਸਦੇ ਸਾਰ ਹੀ ਮਾਇਆ ਦੇ ਨਿਜ਼ਾਮ ਦੇ ਵਿਰੁਧ ਕਦਮ ਉਠਾਇਆ ਜਾ ਸਕਦਾ ਹੈ। ਗੁਰਬਾਣੀ ਵਿਚ ਦੱਸਿਆ ਨਾਮ ਦਾ ਰੋਲ ਇਨਕਲਾਬ ਲਿਆਉਣ ਵਿਚ ਇਨਕਲਾਬੀ ਚੇਤਨਾ ਦਾ ਰੋਲ ਹੈ'। ਇਸ ਰਾਹ 'ਤੇ ਪਿਛਲੱਗ ਮਾਨਸਿਕਤਾ ਅਤੇ ਚੇਤਨਾ-ਉਸਾਰੀ ਵਿਚ ਫਰਕ ਕਰਕੇ ਹੀ ਤੁਰਿਆ ਜਾ ਸਕਦਾ ਹੈ। ਗੁਰਬਾਣੀ ਨੂੰ ਪੜ੍ਹ ਲੈਣ ਅਤੇ ਨਾਮ ਕਮਾਉਣ ਵਿਚ ਫਰਕ ਕਰਦਿਆਂ ਸਿੱਖ ਦੀ ਵਿਆਖਿਆ ਇਸ ਤਰ੍ਹਾਂ ਕੀਤੀ ਹੋਈ ਹੈ ਕਿ 'ਗੁਰੂ ਸਾਹਿਬਾਨ ਦੇ ਹੱਥਾਂ ਵਿਚ ਗੁਰਬਾਣੀ ਸਰਬੱਤ ਦੀ ਆਜ਼ਾਦੀ ਦਾ ਸੱਚ ਸੀ। ਇਸ ਨੇ ਮਾਇਆ ਦੇ ਨਿਜ਼ਾਮ ਦੇ ਵਿਰੁਧ ਮਹਾਨ ਇਨਕਲਾਬ ਨੂੰ ਜਨਮ ਦਿੱਤਾ। ਇਸ ਇਨਕਲਾਬ ਵਿਚ ਆਏ ਮਨੁੱਖਾਂ ਦੀ ਕਾਇਆ ਪਲਟੀ। ਨਵੀਂ ਕਿਸਮ ਦਾ ਇਨਸਾਨ ਪੈਦਾ ਹੋਇਆ'। ਇਸ ਨਾਲ ਸੱਚ ਸਥਾਪਤ ਹੋ ਜਾਂਦਾ ਹੈ ਕਿ ਕਿਸੇ ਦੀ ਪਰਖ ਇਸ ਆਧਾਰ 'ਤੇ ਕੀਤੀ ਜਾਣੀ ਚਾਹੀਦੀ ਹੈ ਕਿ ਸਬੰਧਤ ਧਰਮ ਨੇ ਕਿਹੋ ਜਿਹਾ ਬੰਦਾ ਪੈਦਾ ਕੀਤਾ ਹੈ? ਗੁਰੂ ਨਾਨਕ ਸਾਹਿਬ ਦੀ 'ਬਾਬਰਵਾਣੀ' ਨੂੰ ਸੁਤੰਤਰ ਰੂਪ ਵਿਚ ਵਿਚਾਰਦਿਆਂ ਅਕਾਲੀ ਲੀਲ੍ਹਾ ਵਿਚ ਬੰਦੇ ਦੀ ਭੂਮਿਕਾ ਦੇ ਇਰਦ-ਗਿਰਦ ਜੋ ਨੈਰੇਟਿਵ ਉਸਾਰਿਆ ਗਿਆ ਹੈ, ਉਸ ਨਾਲ ਗਾਵਾਂ ਦੇ ਵੱਗ ਵਰਗੀ ਮਾਨਸਿਕਤਾ ਨੂੰ ਚੇਤੰਨ ਪ੍ਰਚੰਡਤਾ ਦੇ ਬਾਣੀ-ਮਾਰਗ 'ਤੇ ਚੱਲ ਕੇ 'ਸੱਚ ਤੇ ਇਨਸਾਨੀਅਤ ਦੇ ਪੁੰਜ, ਤੇਗ ਦੇ ਧਨੀ ਤੇ ਮਰਦੇ-ਮੈਦਾਨ' ਬਣ ਸਕਣ ਦੇ ਸਿੰਘ-ਹਾਸਲ ਵਜੋਂ ਦਰਸਾਇਆ ਹੋਇਆ ਹੈ। ਚਰਚਾ ਨੂੰ ਇਸ ਅੰਜਾਮ 'ਤੇ ਪਹੁੰਚਾਇਆ ਗਿਆ ਹੈ ਕਿ 'ਗੁਰਬਾਣੀ ਕਿਸੇ ਇਕ ਮਨੁੱਖੀ, ਸਮਾਜਿਕ ਜਾਂ ਸਿਆਸੀ ਮਸਲੇ ਦਾ ਹੱਲ ਪੇਸ਼ ਨਹੀਂ ਕਰਦੀ। ਉਹ ਸਾਰੇ ਤੇ ਸਦਾ ਦੇ ਸਮਾਜਿਕ ਮਸਲੇ ਦਾ ਹੱਲ ਪੇਸ਼ ਕਰਦੀ ਹੈ। ਮਨੁੱਖ ਦੀ ਸਰਬੱਤ ਦੀ ਆਜ਼ਾਦੀ ਦਾ ਮਸਲਾ ਮਨੁੱਖ ਦਾ ਸਦਾ ਦਾ ਮਸਲਾ ਹੈ। ਮਾਇਆ ਦੀ ਸਭਿਅਤਾ ਵਿਚ ਮਨੁੱਖ ਗੁਲਾਮ ਹੈ। ਗੁਰਬਾਣੀ ਉਸ ਦੇ ਆਜ਼ਾਦ ਹੋਣ ਦਾ ਰਾਹ ਦਿਖਾਉਂਦੀ ਹੈ। ਜਦੋਂ ਗੁਰਬਾਣੀ ਰਚੀ ਗਈ ਸੀ, ਉਸ ਵਿਚ ਪ੍ਰਗਟ ਸੱਚ ਉਸ ਵਕਤ ਵੀ ਜ਼ਿੰਦਗੀ 'ਤੇ ਲਾਗੂ ਸੀ, ਅੱਜ ਵੀ ਲਾਗੂ ਹੈ ਅਤੇ ਜਿੰਨਾ ਚਿਰ ਸਰਬੱਤ ਦੀ

*(ਬਾਕੀ ਅਗਲੇ ਸਫੇ 'ਤੇ)*

# ਕੰਨਾਂ ਨੂੰ ਖਾ ਰਿਹਾ ਸੋਨਾ- ਤਕਨੌਲੋਜੀ

**'ਕੰਨਾਂ ਨੂੰ ਖਾ ਰਿਹਾ ਸੋਨਾ- ਤਕਨੌਲੋਜੀ' ਪੁਸਤਕ ਤਕਨੌਲੋਜੀ 'ਤੇ ਤਿੱਖਾ ਵਿਅੰਗ ਹੈ ਅਤੇ ਤਕਨੌਲੋਜੀ ਦੇ ਗੁਣ-ਗਾਣ ਕਰਦੇ ਰਹਿਣ ਵਾਲਿਆਂ ਨੂੰ ਹੈਰਾਨ-ਪਰੇਸ਼ਾਨ ਕਰਨ ਵਾਲੀ। ਪੰਜਾਬੀ ਪਾਠਕਾਂ ਲਈ ਇੰਜ. ਈਸ਼ਰ ਸਿੰਘ ਨਵਾਂ ਲੇਖਕ ਹੈ, ਜਿਸ ਨੂੰ ਛੁਪਿਆ ਰੁਸਤਮ ਕਿਹਾ ਜਾਵੇ ਤਾਂ ਕੋਈ ਅਤਿਕਥਨੀ ਨਹੀਂ। ਉਹ ਥਰੀ-ਇਨ-ਵਨ ਹੈ। ਬਾਬਾ ਫੌਜਾ ਸਿੰਘ ਵਾਂਗ ਵੈਟਰਨ ਦੌੜਾਕ ਵੀ ਹੈ ਤੇ 80 ਸਾਲਾਂ ਦੀ ਵਡੇਰੀ ਉਮਰੇ ਟਰਾਂਟੋ ਦੇ ਸੀ.ਐੱਨ ਟਾਵਰ ਦੀਆਂ 1,776 ਪੌੜੀਆਂ ਚੜ੍ਹਨ ਵਾਲਾ ਹਿੰਮਤੀ ਵੀ। ਉਹ ਗਿਆਨੀ ਵੀ ਹੈ ਤੇ ਧਿਆਨੀ ਵੀ। ਉਸ ਨੇ ਧਰਮ ਤੇ ਫ਼ਲਸਫ਼ੇ ਦੀਆਂ ਪੁਰਾਤਨ ਸਿਆਣਪਾਂ, ਸਾਇੰਸ, ਮਾਡਰਨ ਤਕਨਾਲੋਜੀ ਤੇ ਬਣਾਉਟੀ ਬੁੱਧੀ ਨੂੰ ਬਿਆਨ ਕਰਦੀ ਇਹ ਪੁਸਤਕ ਲਿਖ ਕੇ ਬੜੀ ਵੱਡੀ ਛਾਲ ਮਾਰੀ ਹੈ। ਇੰਝ ਪੰਜਾਬੀ ਦੇ ਗਿਆਨ ਸਾਹਿਤ ਵਿਚ ਵਿਸ਼ੇਸ਼ ਵਾਧਾ ਕੀਤਾ ਹੈ।**

ਈਸ਼ਰ ਸਿੰਘ ਦਾ ਜਨਮ 1944 ਵਿਚ ਛੋਟੇ ਜਿਹੇ ਪਿੰਡ ਬਖੋਪੀਰ, ਜ਼ਿਲ੍ਹਾ ਸੰਗਰੂਰ ਵਿਚ ਹੋਇਆ ਸੀ। ਉਸ ਨੇ ਆਪਣੇ ਪਿੰਡ ਦੇ ਗੁਰਦਵਾਰੇ ਤੋਂ ਗੁਰਬਾਣੀ ਦੀ ਸਿੱਖਿਆ ਲੈ ਕੇ, ਨਾਭੇ ਤੋਂ ਮੈਟ੍ਰਿਕ ਤੇ ਮਹਿੰਦਰਾ ਕਾਲਜ ਪਟਿਆਲੇ ਤੋਂ ਪ੍ਰੀ-ਇੰਜਨੀਅਰਿੰਗ ਕਰ ਕੇ, ਥਾਪਰ ਇੰਸਟੀਚਿਊਟ ਤੋਂ ਇਲੈਕਟ੍ਰੀਕਲ ਇੰਜੀਅਰਿੰਗ ਦੀ ਡਿਗਰੀ ਹਾਸਲ ਕੀਤੀ। ਵਿਚੇ ਗਿਆਨੀ ਕਰ ਲਈ। ਫਿਰ ਪੰਜਾਬ ਬਿਜਲੀ ਬੋਰਡ ਵਿਚ ਐੱਸ.ਡੀ.ਓ ਲੱਗ ਗਿਆ ਤੇ 2002 ਵਿਚ ਚੀਫ ਇੰਜੀਨੀਅਰ ਵਜੋਂ ਰਿਟਾਇਰ ਹੋ ਕੇ ਬੱਚਿਆਂ ਪਾਸ ਕੈਨੇਡਾ ਪੁੱਜ ਗਿਆ। ਹੁਣ ਉਹ ਕੈਨੇਡਾ ਦੇ ਸ਼ਹਿਰ ਬਰੈਂਪਟਨ ਦਾ ਪਰਵਾਸੀ ਹੈ।



ਪ੍ਰਿੰਸੀਪਲ ਸਰਵਣ ਸਿੰਘ
ਫੋਨ: 647-785-1661

ਉਸ ਦੇ ਲਿਖਣ ਅਨੁਸਾਰ ਉਹ ਮੇਰੀਆਂ ਖੇਡ ਤੇ ਸਿਹਤ ਲਿਖਤਾਂ ਦਾ ਪਾਠਕ ਸੀ ਜਿਸ ਕਰਕੇ ਸਾਹਿਤ ਸਭਾਵਾਂ ਤੇ ਖੇਡ ਮੈਦਾਨਾਂ 'ਚ ਸਾਡੀ ਸੰਗਤ ਹੋ ਗਈ। ਫਿਰ ਉਹ ਲੰਮੀਆਂ ਦੌੜਾਂ ਤੇ ਤੋਰਾਂ ਅਤੇ ਸੀ.ਐੱਨ ਟਾਵਰ ਦੀਆਂ ਪੌੜੀਆਂ ਚੜ੍ਹਨ ਦੇ ਮੁਕਾਬਲਿਆਂ ਵਿਚ ਸ਼ਾਮਲ ਹੋਣ ਲੱਗ ਪਿਆ। ਨਾਲ ਹੀ ਪੰਜਾਬੀ ਅਖ਼ਬਾਰਾਂ ਤੇ ਮੈਗਜ਼ੀਨਾਂ ਲਈ ਲੇਖ ਲਿਖਣ ਲੱਗ ਪਿਆ, ਜਿਨ੍ਹਾਂ 'ਚੋਂ ਕਈ ਇਸ ਪੁਸਤਕ ਵਿਚ ਵੀ ਸ਼ਾਮਲ ਹਨ। ਉਸ ਨੇ ਆਪਣੀ ਪਹਿਲੀ ਹਾਫ-ਮੈਰਾਥਨ ਦੀ ਵਾਕ ਤੋਂ ਸਿੱਖੇ ਸਬਕਾਂ ਬਾਰੇ ਲਿਖਿਆ ਹੈ:

'2017 'ਚ 73 ਸਾਲ ਦੀ ਉਮਰ ਹੋਣ ਤੱਕ, ਮੈਂ ਸਧਾਰਨ ਸੈਰ ਕਰਨ ਤੋਂ ਵੱਧ ਕੋਈ ਕਸਰਤ ਨਹੀਂ ਸੀ ਕੀਤੀ। ਪਰ ਇਸ ਤੋਂ ਬਾਅਦ ਮੈਂ ਛੇ ਵਾਰ ਸੀ.ਐੱਨ ਟਾਵਰ ਦੀਆਂ 1,776 ਪੌੜੀਆਂ ਚੜ੍ਹਨ ਦੇ ਮੁਕਾਬਲਿਆਂ ਵਿਚ ਹਿੱਸਾ ਲਿਆ। ਇਸੇ ਤਰ੍ਹਾਂ ਪੰਜ ਵਾਰ ਸਕੋਸ਼ੀਆ ਬੈਂਕ ਵੱਲੋਂ ਆਯੋਜਿਤ 21 ਕਿਲੋਮੀਟਰ ਦੀ ਹਾਫ-ਮੈਰਾਥਨ 'ਵਾਕ' ਅਤੇ 42.2 ਕਿਲੋ ਮੀਟਰ ਦੀ ਵਰਚੁਅਲ ਫੁੱਲ ਮੈਰਾਥਨ ਵਿਚ ਭਾਗ ਲੈ ਚੁੱਕਾ ਹਾਂ। ਮੈਂ ਮੌਸਮ ਅਨੁਸਾਰ ਹਫ਼ਤੇ ਵਿਚ ਪੰਜ ਵਾਰ ਕਰੀਬ ਦਸ ਹਜ਼ਾਰ ਕਦਮ ਤੁਰਨ ਦਾ ਅਭਿਆਸ ਕਰਦਾ ਹਾਂ। ਮੇਰਾ ਭਾਵ ਆਪਣੀ ਕਿਸੇ ਪ੍ਰਾਪਤੀ ਬਾਰੇ ਦੱਸਣਾ ਨਹੀਂ, ਬਲਕਿ ਨਿਮਰਤਾ ਸਹਿਤ ਇਹ ਕਹਿਣਾ ਹੈ ਕਿ ਜੇ ਮੈਂ ਇਹ ਕਾਰਵਾਈਆਂ ਕਰ ਸਕਦਾ ਹਾਂ, ਤਾਂ ਹਰ ਕੋਈ ਕਰ ਸਕਦਾ ਹੈ ਅਤੇ ਨਾਲ ਹੀ ਆਪਣੀ ਇਹ ਖੋਜ ਸਾਂਝੀ ਕਰਨਾ ਹੈ ਕਿ ਇਹ ਕਾਰਵਾਈਆਂ ਸਰੀਰ ਤੋਂ ਕਿਤੇ ਵੱਧ ਫਾਇਦਾ ਸਾਡੇ ਦਿਮਾਗ, ਸੁਭਾਅ ਅਤੇ ਮਨ ਦਾ ਕਰਦੀਆਂ ਹਨ।

2014 ਵਿਚ ਆਪਣੀ ਪਤਨੀ ਦੇ ਸੁਰਗਵਾਸ ਹੋਣ ਤੋਂ ਬਾਅਦ ਮੈਂ ਆਪਣਾ ਬਹੁਤਾ ਵਕਤ ਘਰ ਬੈਠ ਕੇ ਕਿਤਾਬਾਂ ਪੜ੍ਹ ਕੇ, ਟੀ.ਵੀ ਦੇਖ ਕੇ ਅਤੇ ਸ਼ਬਦ-ਕੀਰਤਨ ਜਾਂ ਪੁਰਾਣੇ ਗਾਣੇ ਸੁਣ ਕੇ ਹੀ ਪੂਰਾ ਕਰਦਾ ਸੀ। ਸਿਹਤ ਅਤੇ ਸੁਭਾਅ ਦੋਵੇਂ ਵਿਗੜ ਰਹੇ ਸਨ, ਭਵਿੱਖ ਦੀ ਚਿੰਤਾ ਵਧ ਰਹੀ ਸੀ ਅਤੇ ਬੱਚੇ ਵੀ ਫਿਕਰਮੰਦ ਹੋ ਰਹੇ ਸਨ। ਜੀਵਨ ਵਿਚ ਕੀਤੀਆਂ ਗਲਤੀਆਂ, ਖੁੰਝਾਏ ਚੰਗੇ ਮੌਕੇ ਅਤੇ ਆਪਣੇ ਅਸੂਲਾਂ ਦੀਆਂ ਕੁਰਬਾਨੀਆਂ ਦੇ ਅਤੇ ਮਿੱਤਰਾਂ ਦੇ ਕੀਤੇ ਕੰਮ, ਯਾਦ ਕਰ-ਕਰ ਕੇ ਝੁਰਦੇ ਰਹੀਦਾ ਸੀ।

ਉਨ੍ਹਾਂ ਦਿਨਾਂ 'ਚ ਹੀ ਇੰਜ. ਜਸਵੰਤ ਸਿੰਘ 'ਜ਼ਫ਼ਰ' ਦੀ ਇੱਕ ਦਿਲ-ਟੁੰਬਵੀਂ ਵੀਡੀਓ ਦੇਖਣ ਨੂੰ ਮਿਲੀ, ਜਿਸ ਵਿਚ 2015 'ਚ ਵੈਨਕੂਵਰ ਵਿਖੇ ਆਪਣੇ ਇਕਲੌਤੇ ਜੁਆਨ ਪੁੱਤਰ ਦੇ ਭੋਗ-ਸਮਾਗਮ 'ਤੇ ਸ਼ਰਧਾਂਜਲੀ ਦਿੰਦਿਆਂ ਉਨ੍ਹਾਂ ਕਿਹਾ ਸੀ ਕਿ ਵੱਡੀ ਮੁਸੀਬਤ ਸਮੇਂ ਇਨਸਾਨ ਕੋਲ ਦੋ ਹੀ ਵਿਕਲਪ ਹੁੰਦੇ ਹਨ: ਉਹ ਆਦਰਸ਼ ਬਣੇ ਜਾਂ ਲੋਕਾਂ ਦੇ ਤਰਸ ਦਾ ਪਾਤਰ। ਆਦਰਸ਼ ਬਣਨ ਵਾਸਤੇ ਕੁਛ ਕਰਨ ਦੀ ਲੋੜ ਪੈਂਦੀ ਹੈ, ਤਰਸ ਦਾ ਪਾਤਰ ਬਣਨ ਵਾਸਤੇ ਕੁਛ ਵੀ ਕਰਨ ਦੀ ਲੋੜ ਨਹੀਂ ਹੁੰਦੀ। ਲੇਖਕ ਜ਼ਫ਼ਰ ਦੀ ਮੁਸੀਬਤ ਸਾਹਮਣੇ ਮੇਰੀ ਮੁਸੀਬਤ ਤਾਂ ਕਿਸੇ ਗਿਣਤੀ ਵਿਚ ਹੀ ਨਹੀਂ ਸੀ। ਆਦਰਸ਼ ਬਣਨ ਦੀ ਸਮਰੱਥਾ ਨਹੀ ਸੀ, ਪਰ ਤਰਸ ਦੇ ਪਾਤਰ ਬਣਨਾ ਵੀ ਗਵਾਰਾ ਨਹੀ ਸੀ। ਸੋਚਿਆ ਕਿ ਕਿਸੇ ਹੋਰ ਵਾਸਤੇ ਕੁਛ ਕਰਨ ਤੋਂ ਪਹਿਲਾਂ ਘਟੋ-ਘੱਟ ਆਪਣੇ-ਆਪ ਨੂੰ ਸੰਭਾਲਣ ਜੋਗੇ ਤਾਂ ਬਣੀਏ।

ਇਸ ਖਿਆਲ ਨਾਲ ਖੇਡ ਲੇਖਕ ਪ੍ਰਿੰਸੀਪਲ ਸਰਵਣ ਸਿੰਘ, ਜੋ ਸੰਸਾਰ ਭਰ ਦੇ ਪੰਜਾਬੀ ਪਾਠਕਾਂ ਨੂੰ ਪਿਛਲੇ ਕਈ ਦਹਾਕਿਆਂ ਤੋਂ ਖੇਡਾਂ, ਖਿਡਾਰੀਆਂ ਤੇ ਚੰਗੀ ਸਿਹਤ ਬਾਰੇ ਜਾਗਰੂਕ ਕਰਦੇ ਆ ਰਹੇ ਹਨ, ਦੇ ਲੇਖ ਦੁਬਾਰਾ ਪੜ੍ਹਨੇ ਸ਼ੁਰੂ ਕੀਤੇ। ਫੈਸਲਾ ਕੀਤਾ ਕਿ ਤੁਰਨ ਦੇ ਅਭਿਆਸ ਨੂੰ ਵਧਾਉਣਾ ਹੀ ਮੇਰੇ ਵਾਸਤੇ ਸਭ ਤੋਂ ਚੰਗਾ ਰਹੇਗਾ। ਇਸ ਵਾਸਤੇ ਕਿਸੇ ਖੇਡ ਮੈਦਾਨ, ਖੇਡ ਸਮਾਨ, ਵਕਤ ਦੀ ਪਾਬੰਦੀ ਜਾਂ ਕਿਸੇ ਹੋਰ ਦੇ ਸਾਥ ਦੀ ਲੋੜ ਨਹੀਂ ਸੀ। ਇਸ ਫੈਸਲੇ ਨਾਲ ਹੀ ਮਨ ਨੂੰ ਬਹੁਤ ਧਰਵਾਸ ਮਿਲਿਆ ਤੇ ਮਹਿਸੂਸ ਕੀਤਾ ਕਿ ਕੁਦਰਤ ਦੀ ਕਰਨੀ ਨੂੰ ਖਿੜੇ ਮੱਥੇ ਮੰਨਣਾ ਹੀ ਸਹੀ ਸੇਧ ਦੇ ਸਕਣ ਦੇ ਸਮਰੱਥ ਹੈ।

ਜੇ ਤੁਸੀਂ ਦੌੜ ਸਕਦੇ ਹੋ ਤਾਂ ਦੌੜੋ, ਤੁਰੋ ਨਾ। ਜੇ ਤੁਸੀਂ ਤੁਰ ਸਕਦੇ ਹੋ ਤਾਂ ਤੁਰੋ, ਖੜ੍ਹੋ ਨਾ।

ਜੇ ਤੁਸੀਂ ਖੜ੍ਹ ਸਕਦੇ ਹੋ ਤਾਂ ਖੜ੍ਹੋ, ਬੈਠੋ ਨਾ। ਜੇ ਤੁਸੀਂ ਬੈਠ ਸਕਦੇ ਹੋ ਤਾਂ ਬੈਠੋ, ਲੇਟੋ ਨਾ।'

ਈਸ਼ਰ ਸਿੰਘ ਹੁਣ ਉਹ 80ਵਿਆਂ 'ਚ ਹੈ, ਤੇ ਉਸ ਪਾਸ ਪੜ੍ਹਨ-ਲਿਖਣ ਲਈ ਕਾਫੀ ਵਿਹਲ ਹੈ। ਉਹ ਅੰਗਰੇਜ਼ੀ ਦੇ ਪ੍ਰਸਿੱਧ ਲੇਖਕਾਂ ਦੀਆਂ ਪੁਸਤਕਾਂ ਪੜ੍ਹਦਾ ਰਹਿੰਦਾ ਹੈ। ਅੰਗਰੇਜ਼ੀ ਲਿਖਣ ਦਾ ਉਹ ਆਪ ਵੀ ਮਾਹਿਰ ਹੈ। ਇਹ ਪੁਸਤਕ ਉਸ ਦੇ ਸਾਇੰਸ ਤੇ ਤਕਨੌਲੋਜੀ ਦੇ ਵਧ ਰਹੇ ਗਿਆਨ ਤੇ ਤਜਰਬੇ 'ਚੋਂ ਹੋਂਦ ਵਿਚ ਆਈ ਹੈ। ਉਹ ਖ਼ੁਦ ਪੰਜਾਬ ਰਾਜ ਬਿਜਲੀ ਬੋਰਡ ਦਾ ਚੀਫ ਇੰਜੀਨੀਅਰ ਰਿਹਾ ਹੈ ਤੇ ਮਾਡਰਨ ਤਕਨੌਲੋਜੀ ਦਾ ਗੂੜ੍ਹ ਗਿਆਤਾ ਹੈ। ਨਿਰਾ ਗੂੜ੍ਹ ਗਿਆਤਾ ਹੀ ਨਹੀਂ, ਉਹਦੇ ਹਾਨ/ਲਾਭਾਂ ਦਾ ਵੀ ਜਾਣੂੰ ਹੈ। ਲੋੜ ਪੈਣ 'ਤੇ ਸਟੈਂਡ ਲੈਣ ਵਾਲਾ ਵੀ ਹੈ, ਜੋ ਉਸ ਨੇ ਆਪਣੀ ਸਰਕਾਰੀ ਸਰਵਿਸ ਦੌਰਾਨ ਸਿੱਧ ਕਰ ਵਿਖਾਇਆ। ਇਸੇ ਕਰਕੇ ਉਸ ਨੂੰ 'ਨਰ ਬੰਦਾ' ਕਿਹਾ ਜਾਂਦੈ।

ਉਹਦੀ ਇਕੋ ਮਿਸਾਲ ਕਾਫੀ ਹੋਵੇਗੀ। ਕਈ



ਸਾਲ ਪਹਿਲਾਂ ਪੰਜਾਬ ਸਰਕਾਰ ਨੇ ਕਿਸੇ ਕੰਪਨੀ ਨਾਲ ਨਵਾਂ ਬਿਜਲੀ ਪਲਾਂਟ ਲਾਉਣ ਬਾਰੇ ਕੰਟ੍ਰੈਕਟ ਕਰਨਾ ਸੀ। ਵਿਚਲੀ ਗੱਲ ਸੀ ਕਿ ਸਿਆਸੀ ਨੇਤਾਵਾਂ ਨੂੰ ਖੁੱਲ੍ਹੇ ਗੱਫੇ ਦੁਆਉਣਾ ਸੀ, ਪਰ ਜਿਸ ਇੰਜਨੀਅਰ ਨੇ ਮਸੌਦੇ 'ਤੇ ਸਹੀ ਪਾਉਣੀ ਸੀ ਉਹ ਈਸ਼ਰ ਸਿੰਘ ਸੀ। ਮਹਿਕਮਾਨਾ ਕਾਇਦੇ-ਕਾਨੂੰਨ ਦੀ ਜਾਣਕਾਰੀ ਹੋਣ ਕਰਕੇ ਉਸ ਨੂੰ ਇਸ ਸਮਝੌਤੇ ਲਈ ਚੁਣ ਕੇ ਡਾਇਰੈਕਟਰ ਲਾਇਆ ਗਿਆ ਸੀ, ਜੋ ਬਹੁਤ ਹੀ ਟੈਕਨੋ-ਲੀਗਲ ਅਤੇ ਆਪਣੀ ਕਿਸਮ ਦਾ ਪਹਿਲਾ ਕੰਮ ਸੀ। ਉਸ ਨੂੰ ਇਸ ਪੋਸਟ 'ਤੇ ਤਾਇਨਾਤ ਕਰਨ ਵੇਲੇ ਇਸ਼ਾਰਾ ਕੀਤਾ ਗਿਆ ਸੀ ਕਿ 'ਤੈਨੂੰ ਵਗਦੀ ਗੰਗਾ 'ਚ ਵਾੜ'ਤਾ, ਨ੍ਹਾ ਲੈ ਜਿੰਨਾ ਮਰਜੀ।'

ਈਸ਼ਰ ਸਿੰਘ ਦਾ ਜਵਾਬ ਸੀ, 'ਮੈਂ ਤਾਂ ਇਕੋ ਬਾਲਟੀ ਨਾਲ ਨਹਾਉਣ ਵਾਲਾ ਬੰਦਾਂ, ਵਗਦੀ ਗੰਗਾ ਕੀ ਕਰਨੀ ਐ, ਘਰ ਦੀ ਟੂਟੀ ਨਾਲ ਈ ਸਰੀ ਜਾਂਦਾ ਐ।'

ਉਹ ਸਮਝਦਾ ਸੀ ਕਿ ਇਹ ਕੰਟ੍ਰੈਕਟ ਪੰਜਾਬ ਦੇ ਭਵਿੱਖ ਲਈ ਘਾਤਕ ਹੋਵੇਗਾ। ਲੋਭ-ਲਾਲਚ ਤੋਂ ਪਰ੍ਹੇ ਰੱਬ ਦੀ ਰਜ਼ਾ ਵਿਚ ਰਹਿਣ ਵਾਲੇ ਇੰਜੀਨੀਅਰ ਨੇ ਨਿਮਰਤਾ ਨਾਲ ਕਿਹਾ ਕਿ ਇਹ ਪੰਜਾਬ ਦੇ ਲੋਕਾਂ ਨਾਲ ਗ਼ਦਾਰੀ ਹੋਵੇਗੀ। ਪਰ ਰਾਜਸੀ ਨੇਤਾ ਗ਼ਦਾਰੀ-ਗ਼ਦੂਰੀ ਨੂੰ ਕੀ ਸਮਝਦੇ ਹਨ? ਈਸ਼ਰ ਸਿੰਘ 'ਤੇ ਦਸਖ਼ਤ ਕਰਨ ਲਈ ਦਬਾਅ ਵਧਣ ਲੱਗਾ। ਪਰ ਉਸ ਨੇ ਫਾਈਲ ਹੀ ਐਸੇ ਢੰਗ ਨਾਲ ਤਿਆਰ ਕੀਤੀ ਕਿ ਉਹਦੀ ਬਦਲੀ ਪਿੱਛੋਂ ਨਵਾਂ ਅਫਸਰ ਵੀ ਦਸਖ਼ਤ ਕਰ ਕੇ ਪੰਜਾਬ ਦੇ ਹਿਤਾਂ ਨਾਲ ਗਦਾਰੀ ਨਾ ਕਰ ਸਕੇ। ਉਹੀ ਗੱਲ ਹੋਈ, ਈਸ਼ਰ ਸਿੰਘ ਨੂੰ ਉਥੋਂ ਬਦਲ ਦਿੱਤਾ ਗਿਆ ਪਰ ਉਹ ਕੰਟ੍ਰੈਕਟ ਲਟਕ ਗਿਆ।

ਸਪਸ਼ਟ ਹੈ ਕਿ ਉਸ ਨੂੰ ਇਸ ਤਰ੍ਹਾਂ ਦੀ ਕਾਰਗੁਜ਼ਾਰੀ ਦਾ ਖ਼ਮਿਆਜ਼ਾ ਭੁਗਤਣਾ ਪਿਆ। ਫਿਰ ਵੀ ਵਧੀਆ ਸਰਵਿਸ ਰਿਕਾਰਡ ਅਤੇ ਸੀਨੀਆਰਤਾ ਤੇ ਮੈਰਿਟ ਅਨੁਸਾਰ ਪਦ-ਉਨਤ ਹੋ ਕੇ ਮੁੱਖ ਇੰਜਨੀਅਰ (ਸੰਚਾਲਨ) ਦੀ ਵੰਗਾਰਮਈ ਅਤੇ ਮਾਣਮੱਤੀ ਪੋਸਟ ਤੋਂ 36 ਸਾਲ ਦੀ ਸਰਵਿਸ ਕਰ ਕੇ 2002 ਨੂੰ ਸੇਵਾ-ਮੁਕਤੀ ਪ੍ਰਾਪਤ ਕੀਤੀ।

ਇੰਜ. ਈਸ਼ਰ ਸਿੰਘ ਦੀ ਇਹ ਪੁਸਤਕ ਗਿਆਨ-ਧਿਆਨ ਦਾ ਖ਼ਜ਼ਾਨਾ ਹੈ। ਇਸ ਨੂੰ ਪੜ੍ਹਦਿਆਂ ਪਤਾ ਲਗਦੈ ਕਿ ਤਕਨੌਲੋਜੀ ਕਿਵੇਂ ਵਜੂਦ ਵਿਚ ਆਈ ਤੇ ਕਿਵੇਂ ਕਿੱਥੋਂ ਕਿੱਥੇ ਪਹੁੰਚੀ? ਮਸਲਨ ਪੱਥਰ ਦੇ ਟੁਕੜੇ ਨੂੰ ਪੱਥਰ ਨਾਲ ਭਿੜਾ ਕੇ ਬਾਲੀ ਅੱਗ ਕਿਵੇਂ ਹਨ੍ਹੇਰੇ 'ਚ ਚਾਨਣ ਬਣੀ? ਕਿਵੇਂ ਠਾਰੀ ਦੂਰ ਕਰਨ ਵਾਲੀ ਧੂਣੀ ਬਣੀ ਤੇ ਕਿਵੇਂ ਖਾਣਾ ਪਕਾਉਣ ਤੋਂ ਲੈ ਕੇ ਰੇਲ ਗੱਡੀਆਂ ਖਿੱਚਣ ਵਾਲਾ ਭਾਫ਼ ਦਾ ਇੰਜਣ ਬਣੀ? ਕਿਵੇਂ ਪਹੀਏ ਦੀ ਕਾਢ ਨੇ ਕਿੰਨੀਆਂ ਵੱਡੀਆਂ ਕਮਾਲਾਂ ਕੀਤੀਆਂ, ਕਿਵੇਂ ਗੁਲੇਲ ਦਾ ਗੁਲੇਲਾ ਮਿਜ਼ਾਈਲ ਬਣਿਆ, ਕਿਵੇਂ ਮੋਬਾਈਲ ਫੋਨ ਹੋਂਦ ਵਿਚ ਆਇਆ ਤੇ ਕਿਵੇਂ ਅਸਲੀ ਅਕਲ ਦੀ ਥਾਂ ਬਣਾਉਟੀ ਅਕਲ ਕਾਰੋਬਾਰੀਆਂ ਦਾ ਡੰਗ ਸਾਰਨ ਲੱਗੀ। ਪਰ ਸੁਆਲ ਇਹ ਹੈ ਕਿ ਅਜੋਕੀ ਤਕਨੌਲੋਜੀ ਸਾਨੂੰ ਲਈ ਕਿਧਰ ਜਾ ਰਹੀ ਹੈ? ਇਸ ਦੇ ਸੁਖ ਮਾਣਦੇ-ਮਾਣਦੇ ਅਸੀਂ ਕੈਸੇ-ਕੈਸੇ ਦੁੱਖ ਸਹੇੜ ਬੈਠੇ ਹਾਂ? ਸਰੀਰਕ ਸਹੂਲਤਾਂ ਮਾਣਦੇ ਦਿਮਾਗੀ ਰੋਗਾਂ ਦੇ ਸ਼ਿਕਾਰ ਹੋ ਗਏ ਹਾਂ ਤੇ ਦਿਮਾਗੀ ਰੋਗਾਂ ਦਾ ਇਲਾਜ ਕਰਾਉਂਦੇ ਮਨ ਦਾ ਚੈਨ ਗੁਆ ਬੈਠੇ ਹਾਂ, ਜੀਹਦਾ ਕੋਈ ਇਲਾਜ ਹੀ ਨਹੀਂ। ਪੇਸ਼ ਹਨ ਪੁਸਤਕ ਦੇ ਕੁੱਝ ਅੰਸ਼:

'ਭੱਠ ਪਵੇ ਸੋਨਾ ਜਿਹੜਾ ਕੰਨਾਂ ਨੂੰ ਖਾਵੇ' ਕਹਾਵਤ, ਅੱਜ ਦੀ ਸਮੁੱਚੀ ਤਕਨੌਲੋਜੀ ਅਤੇ ਇਸ ਦੀਆਂ ਬ੍ਰਾਂਚਾਂ ਕੰਪਿਊਟਰ ਸਾਇੰਸ ਅਤੇ ਅੱਗੇ ਉਸ ਦੀ ਉਪ-ਬ੍ਰਾਂਚ ਆਰਟੀਫੀਸ਼ੀਅਲ ਇੰਟੈਲੀਜੈਂਸ 'ਤੇ ਪੂਰੀ ਢੁਕਦੀ ਹੈ। ਇਸ ਦੀਆਂ ਅੱਡ-ਅੱਡ ਬ੍ਰਾਂਚਾਂ ਦੇ ਸੁਮੇਲ ਰਾਹੀਂ ਮਨੁੱਖ, ਥੋੜੇ ਸਮੇਂ 'ਚ ਹੀ ਬਹੁ-ਪੱਖੀ ਤਰੱਕੀ ਕਰ ਸਕਿਆ ਹੈ। ਪਰ 2024 ਦੇ ਨੋਬਲ ਪੁਰਸਕਾਰ ਨਾਲ ਸਨਮਾਨਿਤ ਦੋ ਪ੍ਰਸਿੱਧ ਅਰਥ-ਸ਼ਾਸਤਰੀ, ਆਪਣੀ ਸਾਂਝੀ ਕਿਤਾਬ 'ਪਾਵਰ ਐਂਡ ਪਰਾਗ੍ਰੈੱਸ' ਵਿਚ ਲਿਖਦੇ ਹਨ, 'ਮੌਜੂਦਾ ਹਾਲਾਤ ਅਤੇ ਤਕਨੌਲੋਜੀਆਂ ਦੇ ਇੱਕ ਹਜ਼ਾਰ ਸਾਲ ਦੇ ਇਤਿਹਾਸ ਤੋਂ ਸਪੱਸ਼ਟ ਹੈ ਕਿ ਇਹ ਆਪਣੇ-ਆਪ 'ਚ ਵਿਆਪਕ ਅਤੇ ਸਰਬ-ਸਾਂਝੀ ਖ਼ੁਸ਼ਹਾਲੀ ਨਹੀਂ ਲਿਆ ਸਕਦੀਆਂ।'

ਇਸ ਤਰ੍ਹਾਂ ਤਕਨੌਲੋਜੀ ਦਾ ਇਹ ਸੋਨਾ ਸਾਡੇ ਕੰਨਾਂ ਨੂੰ ਖਾ ਰਿਹਾ ਹੈ। ਨਾ ਇਸ ਨੂੰ ਲਾਹੁਣ ਜੋਗੇ, ਨਾ ਪਹਿਨਣ ਜੋਗੇ। ਇਸ ਸਥਿਤੀ ਨੂੰ ਹੀ ਅੰਗਰੇਜ਼ੀ 'ਚ 'ਨਸੈਸਰੀ ਈਵਲ' ਤੇ 'ਡੇਂਜਰਸ ਕਨਵੀਨੀਐਂਸ' ਆਦਿ ਕਿਹਾ ਜਾਂਦਾ ਹੈ। ਅੱਜ ਦਾ ਸੰਸਾਰ ਆਪਣੇ ਸਮਾਜਿਕ, ਆਰਥਿਕ, ਰਾਜਨੀਤਕ ਅਤੇ ਧਾਰਮਿਕ ਸਰੋਕਾਰਾਂ ਨੂੰ ਪਿਛਾਂਹ ਕਰ ਕੇ ਤਕਨੌਲੋਜੀ ਨੂੰ ਮੁੱਖ ਰੱਖ ਰਿਹਾ ਹੈ। ਤਕਨੌਲੋਜੀ, ਕੰਪਿਊਟਰ ਸਾਇੰਸ ਦੇ ਪ੍ਰਭਾਵ ਹੇਠ ਆਈ ਹੋਈ ਹੈ, ਜੋ ਅੱਗੇ ਏ.ਆਈ. ਦੇ ਪ੍ਰਭਾਵ ਹੇਠ ਜਾ ਚੁੱਕੀ ਹੈ। ਇਸ ਉਲਟੇ ਚੱਕਰ ਦੇ ਮੰਦੇ ਅਸਰ ਪ੍ਰਤੱਖ ਹੋ ਰਹੇ ਹਨ ਅਤੇ ਸਰਬ-ਸਾਂਝੀ ਭਲਾਈ ਅਤੇ ਮਨੁੱਖੀ ਬਰਾਬਰੀ ਦੇ ਹਾਮੀ, ਭਵਿੱਖ 'ਚ ਇਨ੍ਹਾਂ ਦੇ ਹੋਰ ਵਿਆਪਕ ਅਤੇ ਗੰਭੀਰ ਹੋਣ ਦੇ ਖ਼ਦਸ਼ੇ ਪਰਗਟ ਕਰ ਰਹੇ ਹਨ। ਕਈਆਂ ਭਵਿੱਖ-ਵਕਤਾਵਾਂ ਨੇ ਤਾਂ ਏ.ਆਈ. ਨੂੰ ਮਨੁੱਖੀ ਹੋਂਦ ਲਈ ਘਾਤਕ ਹੋ ਜਾਣ ਤੱਕ ਦੀਆਂ ਭਵਿੱਖ ਬਾਣੀਆਂ ਕਰ ਦਿੱਤੀਆਂ ਹਨ।'

ਲੇਖਕ ਅਨੁਸਾਰ, ਤਕਨੌਲੋਜੀ ਅਤੇ ਸਾਡੇ ਜੀਵਨ ਦੀ ਸਫਲਤਾ ਅਤੇ ਪ੍ਰਸੰਨਤਾ ਦੀ ਵਿਆਖਿਆ ਕਰਦੇ ਚਾਰ 'ਥੀਮ' ਕਿਤਾਬ ਦੇ ਸ਼ੁਰੂ 'ਚ ਦਿੱਤੇ ਗਏ ਹਨ। ਇਨ੍ਹਾਂ ਦਾ ਆਧਾਰ, ਪੱਥਰ ਚੱਟ ਕੇ ਮੁੜੀ ਮੱਛੀ ਵਾਂਗੂੰ, ਅੱਜ ਦੇ ਪੱਛਮੀ ਜਗਤ ਵਲੋਂ ਅਪਣਾਈ ਜਾ ਰਹੀ ਵਿਚਾਰਧਾਰਾ 'Finding Modern Truth in Ancient Wisdom' ਹੈ। ਸਾਡੇ ਲਈ ਇਸ ਨੂੰ ਸਮਝਣਾ, ਇਸ ਤੇ ਭਰੋਸਾ ਕਰਨਾ ਅਤੇ ਇਸ ਨੂੰ ਅਪਣਾਉਣਾ ਹੋਰ ਵੀ ਸੌਖਾ ਹੈ ਕਿਉਂਕਿ ਇਹ ਸਾਡੇ ਆਪਣੇ ਮਹਾਂ-ਪੁਰਖਾਂ ਦੇ ਫਲਸਫੇ ਨੂੰ ਮੁੱਖ ਰਖਦੀ ਹੈ। ਸੰਖੇਪ 'ਚ ਪੁਸਤਕ ਦਾ ਸੰਦੇਸ਼ ਹੈ:

ਮਨੁੱਖੀ ਗੁਣਾਂ ਨੂੰ ਅਪਣਾਈਏ। ਹਮਦਰਦੀ, ਰਚਨਾਤਮਿਕਤਾ, ਸਬਰ-ਸੰਤੋਖ ਅਤੇ ਨੈਤਿਕਤਾ ਵਰਗੇ ਗੁਣਾਂ ਨੂੰ ਆਪਣੀ ਸਫਲਤਾ ਦਾ ਅਧਾਰ ਬਣਾਈਏ।

ਤਕਨੌਲੋਜੀਆਂ ਨੂੰ ਆਪਣੇ-ਆਪ 'ਤੇ ਹਾਵੀ ਨਾ ਹੋਣ ਦੇਈਏ, ਇਨ੍ਹਾਂ ਨੂੰ ਕਾਬੂ ਕਰਨਾ ਤੇ ਇਨ੍ਹਾਂ ਦੀ ਸਦ-ਵਰਤੋਂ ਕਰਨ ਦਾ ਹੁਨਰ ਸਿੱਖੀਏ। ਇਨ੍ਹਾਂ ਰਾਹੀਂ ਇਜ਼ਾਰੇਦਾਰਾਂ ਵਲੋਂ ਲੁੱਟ ਨਾ ਹੋਣ ਹੋਈਏ।

ਜੋ ਕੰਮ ਏ.ਆਈ. ਨਹੀਂ ਕਰ ਸਕਦੀ, ਜਿਵੇਂ ਸੰਵੇਦਨਸ਼ੀਲਤਾ, ਰਚਨਾਤਮਿਕਤਾ ਤੇ ਨੈਤਿਕ ਵਿਹਾਰ ਆਦਿ ਮਨੁੱਖੀ ਗੁਣਾਂ ਦਾ ਹੋਰ ਵਿਕਾਸ ਕਰੀਏ।

ਤਕਨੌਲੋਜੀ ਦੀ ਚਕਾਚੌਂਧ 'ਚ ਮਨ ਦੀ ਥਿਰਤਾ ਹੀ ਪ੍ਰਸੰਨਤਾ ਦਾ ਅਸਲ ਸਰੋਤ ਹੈ। ਬਾਹਰੀ ਜਿੱਤਾਂ ਤੋਂ ਪਹਿਲਾਂ ਅੰਦਰਲੀਆਂ ਜਿੱਤਾਂ ਜ਼ਰੂਰੀ ਹਨ।

ਏ.ਆਈ ਸਾਡੀਆਂ ਆਦਤਾਂ ਜਾਣ ਸਕਦੀ ਹੈ, ਪਰ ਸਾਡੇ ਨਾਲ ਜ਼ਿੰਦਗੀ ਦੇ ਦੁੱਖ-ਸੁੱਖ ਸਾਂਝੇ ਨਹੀਂ ਕਰ ਸਕਦੀ। ਮਨੁੱਖੀ ਰਿਸ਼ਤਿਆਂ ਦੀ ਕਦਰ ਕਰੀਏ ਅਤੇ ਇਨ੍ਹਾਂ ਦੇ ਨੈੱਟ-ਵਰਕ ਨੂੰ ਵੱਡਾ ਤੇ ਤਕੜਾ ਕਰੀਏ।

ਬੱਚਿਆਂ ਲਈ ਤਕਨੌਲੋਜੀ ਵਿਕਾਸ ਦਾ ਸਾਧਨ ਬਣੇ, ਆਸਰਾ ਨਹੀਂ। ਨੋ-ਸਕ੍ਰੀਨ ਦਿਨ, ਕਹਾਣੀਆਂ ਅਤੇ ਸਰੀਰਕ ਕੰਮਾਂ ਨਾਲ ਉਨ੍ਹਾਂ ਦੇ ਵਿਕਾਸ ਨੂੰ ਤਕਨੌਲੋਜੀ ਨਾਲ ਜੋੜੀਏ ਅਤੇ ਸੰਤੁਲਿਤ ਰੱਖੀਏ।

ਪਵਿੱਤਰ ਜੀਵਨ, ਡੂੰਘੀ ਸੋਚ, ਵਿਵੇਕ ਤੇ ਨਿਰਮਲ ਮਨ, ਖ਼ੁਸ਼ਹਾਲੀ ਦਾ ਅਧਾਰ ਹਨ, ਇਨ੍ਹਾਂ ਨੂੰ ਅਪਣਾਈਏ।

## ਪ੍ਰੋ. ਕਿਸ਼ਨ ਸਿੰਘ ਦੀ ਵਿਆਖਿਆ...

(ਪਿਛਲੇ ਸਫੇ ਦਾ ਬਾਕੀ)

ਆਜ਼ਾਦੀ ਦਾ ਕੋਈ ਵੀ ਦੁਸ਼ਮਨ ਬਾਕੀ ਰਹੇਗਾ, ਇਸ ਦਾ ਸੱਚ ਜ਼ਿੰਦਗੀ ਤੇ ਲਾਗੂ ਰਹੇਗਾ"।

ਪ੍ਰੋ. ਕਿਸ਼ਨ ਸਿੰਘ ਦੇ ਅਣਗੌਲੇ ਰਹਿ ਜਾਣ ਦਾ ਵੱਡਾ ਕਾਰਣ ਇਸ ਤਰ੍ਹਾਂ ਪ੍ਰਾਪਤ ਹੈ- "ਗੁਰਬਾਣੀ ਦੀ ਵਿਆਖਿਆ ਕਰਕੇ ਜਦੋਂ ਮੈਂ ਉਸ ਦਾ ਇਨਕਲਾਬੀ ਸੱਚ ਸਪਸ਼ਟ ਕੀਤਾ ਮੇਰੇ ਉਤੇ ਅਖੌਤੀ ਮਾਰਕਸਵਾਦੀਆਂ ਵੱਲੋਂ ਉਜ ਲੱਗੀ ਕਿ ਕਿਸ਼ਨ ਸਿੰਘ ਗੁਰਬਾਣੀ ਵਿਚੋਂ ਬਦੋਬਦੀ ਮਾਰਕਸਵਾਦ ਕੱਢ ਰਿਹਾ ਹੈ ਅਤੇ ਮਜ਼ਬ ਨੂੰ ਬਾਇੱਜ਼ਤ ਬਣਾ ਰਿਹਾ ਹੈ। ਦੂਸਰੇ ਪਾਸੇ ਤੋਂ ਇਕ ਨੇ ਇਹ ਇਲਜ਼ਾਮ ਲਾਇਆ ਕਿ ਕਿਸ਼ਨ ਸਿੰਘ ਗੁਰਬਾਣੀ ਦੇ ਪਹਿਰਾਵੇ ਰਾਹੀਂ ਪਾਠਕਾਂ ਨੂੰ ਮਾਰਕਸਵਾਦੀ ਬਣਾ ਰਿਹਾ ਹੈ"। ਲੇਖਕ ਨੇ ਇਸ ਨੂੰ "ਪੰਜਾਬੀ ਸਾਹਿਤ ਦੀ ਸਮਝ ਅਤੇ ਉਸ ਦੀ ਅਲੋਚਨਾ ਕੁਰਾਹੇ" ਦੇ ਸਿਰਲੇਖ ਹੇਠ ਪੇਸ਼ ਕੀਤਾ ਹੋਇਆ ਹੈ। ਇਸ ਦੀ ਸ਼ੁਰੂਆਤ ਹੀ ਏਥੋਂ ਕੀਤੀ ਹੋਈ ਹੈ ਕਿ "ਗੁਰਬਾਣੀ ਤੇ ਮਾਰਕਸਵਾਦ ਦੋਹਾਂ ਦੀ ਵਸਤੂ, ਉਨ੍ਹਾਂ ਦਾ ਸਮਾਜਿਕ ਮਨੁੱਖੀ ਸੱਚ ਇਕ ਹੀ ਹੈ ਅਤੇ ਉਹ ਹੈ, ਬੰਦੇ ਦੀ ਸਰਬੱਤ ਦੀ ਆਜ਼ਾਦੀ। ਦੋਵੇਂ ਹੀ ਜਮਾਤੀ ਸਮਾਜ ਦੇ ਵਿਰੁੱਧ ਇਨਕਲਾਬੀ ਹਨ। ਉਨ੍ਹਾਂ ਦੀ ਵਸਤੂ ਉਨ੍ਹਾਂ ਦਾ ਸੱਚ ਇਕ ਹੀ ਹੈ-ਬੰਦੇ ਦੀ ਸਰਬੱਤ ਦੀ ਆਜ਼ਾਦੀ, ਪਰ ਉਨ੍ਹਾਂ ਦੇ ਮੁਹਾਵਰਿਆਂ ਦਾ, ਸੰਕਲਪੀ ਢਾਂਚਿਆਂ ਦਾ, ਦਿਮਾਗੀ ਖ਼ਿਆਲਾਂ ਦਾ, Conceptual frame Forks ਦਾ ਆਪਸ ਵਿਚ ਕੋਈ ਨੇੜ, ਕੋਈ ਮੇਲ ਮੁਮਕਿਨ ਹੀ ਨਹੀਂ। ਇਸ ਦੇ ਬਾਵਜੂਦ ਉਨ੍ਹਾਂ ਦਾ ਸੱਚ ਕਿਸ ਤਰ੍ਹਾਂ ਇਕ ਹੈ? ਇਹ ਸਮਝ ਤਾਂ ਹੀ ਆਉਂਦੀ ਹੈ ਜੇ ਇਹ ਪੱਕਾ ਪਤਾ ਹੋਵੇ ਕਿ ਮਜ਼ਹਬ ਦੀ, ਸਾਹਿਤਕ ਰਚਨਾ ਦੀ ਵਸਤੂ, ਉਸ ਦਾ ਸੱਚ, ਉਸ ਦੇ ConceptuAl frame-Fork ਵਿਚ ਨਹੀਂ ਹੁੰਦਾ, ਬਲਕਿ ਬਾਤਨ ਦੀ ਪੱਧਰ 'ਤੇ ਹੁੰਦਾ ਹੈ, ਖ਼ਿਆਲਾਂ ਦੇ ਖਰੜੇ ਰਾਹੀਂ ਪੇਸ਼ ਮਨੁੱਖੀ ਚਿਤਰ ਵਿਚ, ਸਮਾਜਿਕ ਮਨੁੱਖੀ ਕਦਰਾਂ-ਕੀਮਤਾਂ ਦੇ ਟਕਰਾਆਂ ਵਿਚ, ਤੇ ਦੋਹਾਂ ਮੁਮਕਿਨ ਰਾਹਾਂ ਵਿਚੋਂ (ਲਿਵ ਧਾਤੁ ਦੁਇ ਰਾਹ ਹੈ ਹੁਕਮੀ ਕਰਮ ਕਮਾਇ॥ ਮ. 3, ਸਫਾ 87), ਬੰਦੇ ਦੀ ਆਜ਼ਾਦੀ ਦੇ, ਸਰਬੱਤ ਦੀ ਸਾਂਝ ਦੇ, ਤੇ ਉਸ ਦੀ ਗੁਲਾਮੀ ਦੇ ਆਪੋਧਾਪੀ ਦੇ ਆਪਸ ਵਿਚ ਵਿਰੋਧੀ ਦੋਹਾਂ ਰਾਹਾਂ ਵਿਚੋਂ ਰਚਨਾ, ਦਿਲ ਦਿਮਾਗ ਨੂੰ, ਪੂਰਨ ਸ਼ਖ਼ਸੀਅਤ ਨੂੰ ਰਾਹੇ ਕਿਹੜੇ ਪਾਉਂਦੀ ਹੈ? ਗੁਰਬਾਣੀ ਤੇ ਮਾਰਕਸਵਾਦ ਆਪੋ ਆਪਣੇ ਮੁਹਾਵਰਿਆਂ ਰਾਹੀਂ ਬੰਦੇ ਨੂੰ ਪੈਸੇ, ਪਦਾਰਥਾਂ, ਆਪਣੇ ਹੱਥੀਂ ਪੈਦਾ ਕੀਤੀ ਸਮਾਜਕ ਪੈਦਾਵਾਰ ਦੀ ਅਧੀਨਗੀ ਦੇ ਹੇਠੋਂ ਨਿਕਲਣ ਦੇ, ਮੁੜ ਬੰਦਾ ਬਣਨ ਦੇ ਰਾਹ ਪਾਉਂਦੇ ਹਨ। ਉਸ ਦੀ, ਉਸ ਦੇ ਸਮਾਜ ਦੀ ਕਾਇਆ ਪਲਟੀ ਕਰਵਾਉਂਦੇ ਹਨ"। ਇਸ ਨੂੰ ਬੌਧਿਕਤਾ ਦੇ ਉਲਾਰ ਤੋਂ ਮੁਕਤ ਕਰਕੇ ਵੇਖਾਂਗੇ ਤਾਂ ਸਮਝ ਸਕਾਂਗੇ ਕਿ ਪ੍ਰੋ. ਕਿਸ਼ਨ ਸਿੰਘ ਆਪਣੇ ਸਮੇਂ ਨੂੰ ਲੋੜੀਂਦਾ ਨੈਰੇਟਿਵ ਉਸਾਰਨ ਲਈ ਅਧਿਆਤਮ ਅਤੇ ਵਿਗਿਆਨ ਦੀ ਨਿਹਿਤ ਅੰਤਰਸਬੰਧਤਾ ਨੂੰ ਜ਼ਬਾਨ ਦੇਣ ਦੀ ਕੋਸ਼ਿਸ਼ ਕਰ ਰਿਹਾ ਹੈ। ਇਸ ਨੂੰ ਉਹ ਬੰਦੇ ਨੂੰ ਬੰਦਾ ਬਣਨ ਦਾ ਰਾਹ ਆਖਦਾ ਹੈ ਤਾਂ ਮੈਨੂੰ ਉਹ ਪੁਰਖੇ ਚੇਤੇ ਆਉਣ ਲੱਗ ਪੈਂਦੇ ਹਨ, ਜਿਹੜੇ ਅਸੀਸ ਵਰਗੀ ਸਿੱਖਿਆ ਦੇਣ ਲਈ 'ਬੰਦਾ ਬਣ' ਆਖਿਆ ਕਰਦੇ ਸਨ। ਇਸ ਦੀ ਪੁਸ਼ਟੀ ਤੇ ਵਿਆਖਿਆ ਪ੍ਰਾਪਤ ਅੰਤਰ-ਦ੍ਰਿਸ਼ਟੀਆਂ ਦੇ ਹਵਾਲੇ ਨਾਲ ਵੀ ਕੀਤੀ ਹੋਈ ਹੈ। ਲੇਖਕ ਦਾ ਮੁੱਦਾ ਗੁਰਬਾਣੀ ਮੁਤਾਬਿਕ ਸਮਝ ਦੀ ਉਸਾਰੀ ਹੈ, ਜਿਸ ਦੀ ਸੇਧ ਸਹੀ ਅਤੇ ਸਫਲ ਸਕਾਰਾਮਕਤਾ ਵੱਲ ਹੈ। ਇਸ ਪਾਸੇ ਨ ਤੁਰ ਸਕਣ ਵਾਲੇ ਸਮਕਾਲੀ ਵਿਦਵਾਨਾਂ ਨੂੰ ਚੇਤਾ ਕਰਵਾਇਆ ਹੋਇਆ ਹੈ ਕਿ ਬਾਣੀ ਵਰਗਾ ਅਧਿਆਤਮਿਕ ਜਲੌਅ 'ਕਿਤੇ ਹੋਰ ਥੇ ਲੱਭਿਆਂ ਵੀ ਸ਼ਾਇਦ ਹੀ ਲੱਭੇ'।

ਅਸਲ ਸਮੱਸਿਆ ਪੁਸਤਕ-ਸਭਿਆਚਾਰ ਦੀ ਹੈ ਕਿਉਂਕਿ ਪੁਸਤਕ-ਸਭਿਆਚਾਰ ਤੋਂ ਮਹਿਰੂਮ ਭਾਈਚਾਰੇ ਕਿਸੇ ਇਕ ਸਮੇਂ ਹਾਕਮ ਬਣ ਵੀ ਜਾਣ ਤਾਂ ਵੀ ਮਹਿਰੂਮ ਹੋ ਜਾਣ ਦੀਆਂ ਮਜਬੂਰੀਆਂ ਤੋਂ ਮੁਕਤ ਨਹੀਂ ਹੋ ਸਕਦੇ। ਪੁਸਤਕ-ਸਭਿਆਚਾਰ ਦੇ ਪੰਜਾਬੀ ਪ੍ਰਸੰਗ ਵਿਚ ਆਮ ਕਰਕੇ ਅਤੇ ਸਿੱਖ ਪ੍ਰਸੰਗ ਵਿਚ ਖਾਸ ਕਰਕੇ ਪ੍ਰੋ. ਕਿਸ਼ਨ ਸਿੰਘ ਦੀ ਭੂਮਿਕਾ ਨੂੰ ਸਮਝਣ ਦੇ ਸਮਰਥਨ ਵਿਚ ਸਮਰਪਿਤ ਭਾਵਨਾ ਵਾਲੀਆਂ ਸਤਰਾਂ ਨਾਲ ਆਪਣੀ ਗੱਲ ਸਮਾਪਤ ਕਰਨਾ ਚਾਹੁੰਦਾ ਹਾਂ- "ਗੁਰਬਾਣੀ ਵਾਲਿਆਂ ਤੇ ਉਨ੍ਹਾਂ ਹੋਰ ਮਹਾਂਪੁਰਖਾਂ, ਜਿਨ੍ਹਾਂ ਸਾਡੇ ਇਤਿਹਾਸ ਤੇ ਕਲਚਰ ਵਿਚ ਬੰਦੇ ਦੀ- ਸਰਬੱਤ ਦੀ ਆਜ਼ਾਦੀ ਦਾ ਮਸਲਾ ਸਮਝਿਆ-ਆਪਣੇ ਸਮੇਂ ਦੇ ਮੁਹਾਵਰੇ ਵਿਚ ਉਸ ਦੇ ਸੱਚ ਦੀ ਆਵਾਜ਼ ਬਣ ਕੇ ਖੜਕ ਕੇ ਬੋਲੇ-ਜੂਝੇ, ਉਨ੍ਹਾਂ ਸਭਨਾਂ ਦੇ ਚਰਨਾਂ 'ਤੇ ਸਿਰ ਰਖਦਿਆਂ ਹੋਇਆਂ ਤੁੱਛ ਜਿਹੇ ਇਸ ਉਪਰਾਲੇ ਨੂੰ ਸਮਾਪਤ ਕਰਨ ਦੀ ਆਗਿਆ ਮੰਗਦਾ ਹਾਂ"। ਪੁਸਤਕ ਤੇ ਪਾਠਕ ਵਿਚਾਲੇ ਕੋਈ ਨ ਹੀ ਹੋਵੇ ਤਾਂ ਚੰਗਾ ਹੈ ਕਿਉਂਕਿ ਇਹੋ ਜਿਹੀ ਵਿਚੋਲਗੀ ਪਾਠਕ ਨੂੰ ਕਈ ਵਾਰ ਰੰਗਦਾਰ ਐਨਕਾਂ ਲਾ ਕੇ ਪੜ੍ਹਣ ਵੱਲ ਧੱਕ ਦੇਂਦੀ ਹੈ। ਤਾਂ ਤੇ ਇਸ ਪੜ੍ਹਣਯੋਗ ਅਤੇ ਸਮਝਣਯੋਗ ਪੁਸਤਕ ਨੂੰ ਪੜ੍ਹਣ ਦੀ ਪ੍ਰੇਰਣਾ ਕਰਦਾ ਹਾਂ।

**ਕਲਾ ਪਰਿਕਰਮਾ**

# ਲੱਕੀ ਅਲੀ ਹਰ ਸਮੇਂ ਸੰਗੀਤ ਨਹੀਂ ਬਣਾਉਂਦਾ







ਅਜਿਹਾ ਜ਼ਰੂਰੀ ਨਹੀਂ ਕਿ ਪੇਸ਼ਾ ਹੀ ਜ਼ਿੰਦਗੀ ਬਣ ਜਾਵੇ। 'ਓ ਸਨਮ', 'ਏਕ ਪਲ ਕਾ ਜੀਨਾ' ਸਮੇਤ ਕਈ ਗਾਣੇ ਗਾ ਚੁੱਕੇ ਗਾਇਕ ਲੱਕੀ ਅਲੀ ਦਾ ਸੰਗੀਤ ਅੱਜ ਵੀ ਬਹੁਤ ਜ਼ਿਆਦਾ ਪਸੰਦ ਕੀਤਾ ਜਾਂਦਾ ਹੈ।ਕਈ ਆਈਕੋਨਿਕ ਗਾਣੇ ਬਣਾਏ ਹਾਲਾਂਕਿ ਇੰਨੇ ਆਈਕੋਨਿਕ ਗਾਣੇ ਬਣਾਉਣ ਦੇ ਬਾਵਜੂਦ ਲਕੀ ਅਕਸਰ ਕਹਿੰਦੇ ਰਹਿੰਦੇ ਹਨ ਕਿ ਉਹ ਗਾਇਕ ਨਹੀਂ ਹੈ।ਇਸਦਾ ਕਾਰਨ ਦੱਸਦਿਆਂ ਉਹ ਕਹਿੰਦੇ ਹਨ, 'ਮੈਂ ਸੰਗੀਤ ਉਦੋਂ ਹੀ ਬਣਾਉਂਦਾ ਹਾਂ ਜਦੋਂ ਉਹ ਮੇਰੇ ਕੋਲ ਆਉਂਦਾ ਹੈ। ਮੈਂ ਹਰ ਵੇਲੇ ਸੰਗੀਤ ਨਹੀਂ ਬਣਾਉਂਦਾ ਰਹਿੰਦਾ। ਬਾਕੀ ਸਮੇਂ ਵਿਚ ਮੈਂ ਆਪਣੇ ਦੂਸਰੇ ਕੰਮ ਕਰਦਾ ਰਹਿੰਦਾ ਹਾਂ। ਕਈ ਵਾਰ ਤਾਂ ਮੈਂ ਕੁਝ ਵੀ ਨਹੀਂ ਬਣਾਉਂਦਾ। ਦਿਨ ਰਾਤ ਸੰਗੀਤ ਨਹੀਂ ਬਣਾਉਂਦਾ ਜਿਵੇਂ ਕੁਝ ਲੋਕ ਕਰਦੇ ਹਨ। ਮੇਰਾ ਤਰੀਕਾ ਇਹ ਨਹੀਂ ਹੈ। ਜਦੋਂ ਮੈਂ ਪ੍ਰੇਰਿਤ ਹੁੰਦਾ ਹਾਂ। ਤਾਂ ਹੀ ਕੋਈ ਧੁਨ ਬਣਾਉਂਦਾ ਹਾਂ। ਸੰਗੀਤ ਨਹੀਂ ਹੈ ਤਾਂ ਨਾ ਸਹੀ, ਮੈਂ ਆਪਣੇ ਮਿਊਜ਼ਿਕ ਔਜਾਰਾਂ ਨਾਲ ਵੀ ਬਹੁਤ ਜ਼ਿਆਦਾ ਸਮਾਂ ਬਤੀਤ ਨਹੀਂ ਕਰਦਾ। ਦਿਨ ਰਾਤ ਸੰਗੀਤ ਨਹੀਂ ਬਣਾਉਂਦਾ ਜਿਵੇਂ ਕੁਝ ਲੋਕ ਕਰਦੇ ਹਨ।

## ਖੇਤੀ ਵਰਗੇ ਕੰਮਾਂ 'ਚ ਰਹਿੰਦਾ ਮਸਤ


ਉਹ ਅੱਗੇ ਕਹਿੰਦੇ ਹਨ,'ਮੈਂ ਬਾਇਕਿੰਗ, ਗਾਰਡਨਿੰਗ, ਖੇਤੀ ਵਰਗੇ ਕੰਮਾਂ ਵਿਚ ਵੀ ਮਸਤ ਰਹਿੰਦਾ ਹਾਂ। ਲੋਕ ਇਸ ਨੂੰ ਮੇਰੀ ਵੇਲਾਗਿਰੀ (ਖ਼ਾਲੀ ਰਹਿਣਾ) ਕਹਿੰਦੇ ਹਨ। ਖ਼ੈਰ, ਮੇਰੇ ਅਨੁਸਾਰ ਵੇਲਾਗਿਰੀ ਉਹ ਹੈ ਜਿਥੇ ਤੁਸੀਂ ਖ਼ਾਲੀ ਰਹਿ ਕੇ ਵੀ ਪ੍ਰੋਡਕਟਿਵ ਨਹੀਂ ਹੋ ਰਹੇ ਹੋ। ਮੈਂ ਖ਼ਾਲੀ ਰਹਿ ਕੇ ਵੀ ਬਹੁਤ ਕੁਝ ਕਰ ਰਿਹਾ ਹੁੰਦਾ ਹਾਂ। ਯਾਤਰਾ ਮੈਨੂੰ ਬਹੁਤ ਕੁਝ ਸਿਖਾਉਂਦੀ ਹੈ। ਤੁਸੀਂ ਜੀਵਨ ਵਿਚ ਜੋ ਕੁਝ ਵੀ ਕਰਦੇ ਹੋ, ਉਸ ਤੋਂ ਜਾਣੇ-ਅਣਜਾਣੇ ਵਿਚ ਕੁਝ ਨਾ ਕੁਝ ਸਿੱਖਦੇ ਰਹਿੰਦੇ ਹੋ। ਇਹੋਜਿਹਾ ਦੁਨੀਆ ਵਿਚ ਕੋਈ ਨਹੀਂ, ਜਿਸ ਨੂੰ ਸਭ ਕੁਝ ਆਉਂਦਾ ਹੋਵੇ।'

## ਰੀਲਜ਼ 'ਤੇ ਕਾਫ਼ੀ ਚੱਲ ਰਹੇ ਗਾਣੇ

ਇਨ੍ਹਾਂ ਦਿਨਾਂ ਵਿਚ ਲਕੀ ਦੇ ਗਾਣੇ ਰੀਲਜ਼ ਉਤੇ ਵੀ ਕਾਫ਼ੀ ਚੱਲ ਰਹੇ ਹਨ ਜਿਸ ਨਾਲ ਨਵੀਂ ਪੀੜ੍ਹੀ ਉਸ ਦੇ ਗਾਣਿਆਂ ਨਾਲ ਜੁੜ ਰਹੀ ਹੈ। ਲੱਕੀ ਇਨ੍ਹਾਂ ਚੀਜ਼ਾਂ ਤੋਂ ਅਣਜਾਣ ਹੈ। ਉਹ ਕਹਿੰਦਾ ਹੈ, 'ਸੱਚ ਆਖਾਂ ਤਾਂ ਇਨ੍ਹਾਂ ਚੀਜ਼ਾਂ ਨੂੰ ਲੈ ਕੇ ਮੇਰਾ ਅਨੁਭਵ ਬਹੁਤ ਘੱਟ ਹੈ। ਮੇਰੀ ਟੀਮ ਮੇਰੇ ਇੰਟਰਨੈਟ ਮੀਡੀਆ ਨੂੰ ਸੰਭਾਲਦੀ ਹੈ। ਰੀਲਜ਼ ਉਤੇ ਮੇਰੇ ਕਿੰਨੇ ਗਾਣੇ ਚੱਲਦੇ ਹਨ, ਕਿਵੇਂ ਚੱਲਦੇ ਹਨ, ਮੈਨੂੰ ਇਸ ਦਾ ਗਿਆਨ ਨਹੀਂ ਹੈ। ਮੈਂ ਕੇਵਲ ਗਾਣੇ ਲਿਖਦਾ ਹਾਂ। ਆਪਣੇ ਮਿਊਜ਼ੀਸ਼ੀਅਨ । ਨਾਲ ਕੰਮ ਕਰਦਾ ਹਾਂ। ਇਸ ਤੋਂ ਇਲਾਵਾ ਮੇਰੇ ਸੰਗੀਤ ਨੂੰ ਲੈ ਕੇ ਜੋ ਕੁਝ ਵੀ ਹੋ ਰਿਹਾ ਹੈ, ਉਹ ਇਸੇ ਪ੍ਰਕਿਰਿਆ ਦਾ ਇਕ ਹਿੱਸਾ ਹੈ। ਮੈਂ ਹਰ ਚੀਜ਼ ਨਹੀਂ ਕਰ ਸਕਦਾ। ਹਾਂ, ਇੰਟਰਨੈੱਟ ਮੀਡੀਆ ਦੇ ਜਾਣਕਾਰ ਨਾਲ ਗੱਲਬਾਤ ਕਰਕੇ ਇਨ੍ਹਾਂ ਚੀਜ਼ਾਂ ਨੂੰ ਸਮਝਦਾ ਹਾਂ।'

# ਮਿਆਰੀ ਤੇ ਸੱਭਿਆਚਾਰਕ ਗਾਇਕੀ ਦਾ ਵਾਰਿਸ ਹੈ ਨਵੀ ਬਾਵਾ





ਅਜੋਕੀ ਪੰਜਾਬੀ ਗਾਇਕੀ ਦੀ ਭੀੜ ਵਿਚ ਮਿਆਰੀ ਤੇ ਸੱਭਿਆਚਾਰਕ ਗਾਇਕੀ ਦਾ ਵਾਰਿਸ ਹੈ ਨਵੀ ਬਾਵਾ ਜਿਸ ਨੇ ਆਮ ਗਾਇਕੀ ਤੋਂ ਬਹੁਤ ਹਟ ਕੇ ਦਿਲਾਂ ਨੂੰ ਛੂਹਣ ਵਾਲੇ ਗੀਤ ਗਾਏ ਹਨ। ਰਾਤੋ-ਰਾਤ ਸਟਾਰ ਬਣਨ ਦੀ ਬਜਾਏ ਉਸ ਨੇ ਪਹਿਲਾਂ ਸਿੱਖਣਾ ਜ਼ਰੂਰੀ ਸਮਝਿਆ। ਮਿਹਨਤ ਅਤੇ ਲਗਨ ਨਾਲ ਕਦਮ -ਦਰ- ਕਦਮ ਉਹ ਆਪਣੀ ਗਾਇਕੀ ਨਾਲ ਸਰੋਤਿਆਂ ਦਾ ਦਿਲ ਜਿੱਤਦਾ ਗਿਆ। ਗੀਤ 'ਬਾਪੂ ਪੰਜਾਬ ਸਿੰਘ' ਦੀ ਚਰਚਾ ਨੇ ਉਸਦੀ ਗਾਇਕੀ ਦਾ ਰਾਹ ਪੱਧਰਾ ਕਰ ਦਿੱਤਾ। ਆਪਣੇ ਸਾਥੀ ਗਾਇਕ ਬਾਗੀ ਭੰਗੂ ਨਾਲ ਸਾਂਝੇ ਤੌਰ 'ਤੇ ਗਾਏ ਇਸ ਗੀਤ ਵਿਚ ਨਸ਼ਿਆਂ ਵਿਚ ਧਸ ਰਹੀ ਪੰਜਾਬ ਦੀ ਜਵਾਨੀ ਅਤੇ ਖ਼ੁਦਕੁਸ਼ੀਆਂ ਦੇ ਰਾਹ ਪਈ ਕਿਸਾਨੀ ਜਿਹੇ ਅਸਲ ਮੁੱਦਿਆਂ ਦਾ ਚਿਤਰਣ ਕੀਤਾ। ਆਸਟਰੇਲੀਆ ਰਹਿ ਰਿਹਾ ਗਾਇਕ ਨਵੀ ਬਾਵਾ ਪੰਜਾਬ ਦੇ ਬਰਨਾਲਾ ਸ਼ਹਿਰ ਦਾ ਜੰਮਪਲ ਹੈ। ਪਿਤਾ ਸਤਬਚਨ ਸਿੰਘ ਅਤੇ ਮਾਤਾ ਸੁਖਵਿੰਦਰ ਕੌਰ ਦੇ ਇਸ ਲਾਡਲੇ ਸਪੁੱਤਰ ਨੂੰ ਕਲਾ ਦੀ ਗੁੜ੍ਹਤੀ ਆਪਣੇ ਨਾਨਕਾ ਪਰਿਵਾਰ 'ਚੋਂ ਮਿਲੀ। ਉਸ ਦੇ ਨਾਨਾ ਜੀ ਆਪਣੇ ਵੇਲਿਆਂ ਦੇ ਨਾਮੀਂ ਕਵੀਸ਼ਰ ਸਨ। ਸਕੂਲ-ਕਾਲਜ ਪੜ੍ਹਦਿਆਂ ਨਵੀ ਬਾਵਾ ਦੀ ਗਾਇਕੀ ਭਰ-ਜੋਬਨ ਜਵਾਨ ਹੋਈ। ਉਸ ਨੇ ਯੂਨੀਵਰਸਿਟੀ ਪੱਧਰ ਤੱਕ ਦੇ ਅਨੇਕਾਂ ਮੁਕਾਬਲੇ ਜਿੱਤੇ । ਬਰਨਾਲਾ ਦੇ ਸ਼ਕਤੀ ਕਲਾ ਮੰਦਰ ਵਿਚ ਕਰਵਾਏ ਜਾਂਦੇ ਸਲਾਨਾ ਤਿੰਨ ਦਿਨਾ ਸੱਭਿਆਚਾਰਕ ਸਮਾਗਮਾਂ ਵਿਚ ਉਸ ਦੇ ਲੋਕ ਗੀਤ ਨੈਸ਼ਨਲ ਕੈਟਾਗਰੀ ਵਿਚ ਪਹਿਲਾਂ ਇਨਾਮ ਪ੍ਰਾਪਤ ਕਰਦੇ ਰਹੇ।

ਉੱਚ ਵਿੱਦਿਆ ਦੀ ਪ੍ਰਾਪਤੀ ਲਈ ਜਦੋਂ ਉਹ ਆਸਟਰੇਲੀਆ ਗਿਆ ਤਾਂ ਪੜ੍ਹਾਈ ਦੇ ਨਾਲ ਗਾਇਕੀ ਵਾਲੇ ਸ਼ੌਕ ਨੂੰ ਵੀ ਸਮਾਂ ਦਿੰਦਾ ਰਿਹਾ। ਹੌਲੀ- ਹੌਲੀ ਉਸਨੇ ਬਾਹਰਦੇ ਪੰਜਾਬੀ ਸਮਾਗਮਾਂ ਵਿਚ ਵੀ ਪਛਾਣ ਬਣਾ ਲਈ। ਨਵੀ ਬਾਵਾ ਦੇ ਹੁਣ ਤੱਕ ਅਨੇਕਾਂ ਗੀਤ ਲੋਕਾਂ ਦੀ ਪਸੰਦ ਬਣ ਚੁੱਕੇ ਹਨ। ਜਿਨ੍ਹਾਂ ਨੇ ਉਸ ਨੂੰ ਇੱਕ ਸਥਾਪਿਤ ਗਾਇਕ ਦਾ ਦਰਜਾ ਦਿਵਾਇਆ। ਉਸ ਦੇ ਗੀਤ 'ਸਲਾਹਾਂ, ਮੁੰਡਾ ਲੰਬੜਾਂ ਦਾ, ਖਿਤਾਬ ਬੜੇ ਮਕਬੂਲ ਰਹੇ । ਇਸ ਤੋਂ ਇਲਾਵਾ ਪਿਛਲੇ ਸਾਲ ਨਵੀ ਆਪਣੇ ਕੁਝ ਨਵੇਂ -ਗੀਤਾਂ ਚਿੜੀਆਂ, ਪਹਿਚਾਣ, ਵੀਜ਼ਾ ਜ਼ਿੰਦਗੀ, ਪਿੰਡ ਦਾ ਗੇੜਾ, ਚਿੱਲ ਮੂਡ, ਮੁਹੱਬਤਾਂ ਵਾਲੀਏ।....' ਆਦਿ ਨਾਲ ਚਰਚਾ ਵਿਚ ਰਿਹਾ। ਗੁਰਦਾਸ ਮਾਨ ਤੇ ਹਰਭਜਨ ਮਾਨ ਉਸ ਦੇ ਪ੍ਰੇਰਨਾ ਸ੍ਰੋਤ ਰਹੇ ਹਨ।

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖ਼ੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਕੁਝ ਸਤਰਾਂ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 28 ਫਰਵਰੀ 2026 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-730



*ਜੇ ਸੱਸ ਬਹੂ ਦਾ ਮੱਥਾ ਚੁੰਮ ਕੇ, ਆਖੇ ਸੁਣ ਨੀਂ ਧੀ ਰਾਣੀ,*
*ਆਹ ਲੈ ਸਾਂਭ ਘਰ ਦੀ ਕੁੰਜੀ, ਬਣ ਕੇ ਸੁਘੜ ਸਿਆਣੀ।*
*ਹੱਸ ਹੱਸ ਮੇਰਾ ਭਾਰ ਵੰਡਾ ਨੀਂ, ਪੁੱਤ ਰਾਜਾ ਨੀਂ ਤੂੰ ਰਾਣੀ,*
*ਬਹਿਜਾ ਬਹਿਜਾ ਹੋਏ ਜੱਗ 'ਤੇ, ਲੋਕੀਂ ਕਹਿਣ ਕਹਾਣੀ।*

## ਕੈਪਸ਼ਨ ਮੁਕਾਬਲਾ-728



ਅੰਦਰ ਹੋਏ ਜੇ ਜੋਸ਼,
ਆਕਾਸ਼ ਵੀ ਲੱਗੇ ਨਿਗੂਣਾ।
ਤੈਰ ਜਾਣ ਬਿਨ ਪੈਰ,
ਦਰਿਆ ਵੀ ਰਹਿ'ਜੇ ਊਣਾ।
ਝੁਕ ਹੀ ਜਾਏ ਪਹਾੜ,
ਸਿੱਖ ਲਿਆ ਜਿਨ੍ਹਾਂ ਜਿਊਣਾ।
ਜ਼ੋਖ਼ਮ ਸਹੇੜਨ ਆਪ,
ਨਾ ਜਾਣਨ ਜ਼ਖ਼ਮਾਂ ਸਿਊਣਾ।
ਤੱਕ 'ਨਾਕਾਮ' ਹੈਰਾਨ,
ਜ਼ੋਰ ਆਇਆ ਤੀਣਾ ਦੂਣਾ।
***-ਗੁਰਬਖ਼ਸ਼ ਸਿੰਘ 'ਨਾਕਾਮ'***

---

ਵਿੱਚ ਪਹਾੜਾਂ ਜ਼ਿੰਦਗੀ ਔਖੀ,
ਪਵੇ ਸੰਗ ਮੁਸੀਬਤ ਲੜਨਾ,
ਦੱਸਦੀ ਤਸਵੀਰ ਮੂੰਹੋਂ ਬੋਲ ਕੇ,
ਪੈਂਦਾ ਛਾਤੀ ਡਾਹ ਕੇ ਖੜ੍ਹਨਾ।
ਬਾਝੋਂ ਹਿੰਮਤ ਸਰ ਨਹੀਂ ਹੁੰਦੇ,
ਪੈਂਦਾ ਨਿੱਤ ਚੋਟੀਆਂ ਚੜ੍ਹਨਾ,
ਥੱਲੇ ਦਰਿਆ, ਨਦੀਆਂ, ਨਾਲ਼ੇ,
ਉੱਤੇ ਮਾਰ ਟਪੂਸੀਆਂ ਚੜ੍ਹਨਾ।
***-ਸੇਵਾ ਸਿੰਘ 'ਨੂਰਪੁਰੀ'***

---

ਦਿੜ੍ਹ ਇਰਾਦੇ ਨਾਲ ਜੋ ਹੈ ਤੁਰਦੇ,
ਮੰਜ਼ਲ ਪੈਰ ਹੈ ਉਨ੍ਹਾਂ ਦੇ ਚੁੰਮਦੀ
ਲਾਇਆ ਨਿਸ਼ਾਨਾ ਮੱਛੀ ਦੀ ਅੱਖ ਵਿਚ,
ਅਰਜਨ ਦੇ ਜੋ ਸਿਰ 'ਤੇ ਘੁੰਮਦੀ

ਜੰਗਲੀ ਬੱਕਰਾ ਲਾਵੇ ਸਕੀਮਾਂ,
ਖੱਡ ਕਿਸ ਤਰ੍ਹਾਂ ਪਾਰ ਹੋ ਜਾਵੇ
ਮੇਮਣੇ ਦਿੱਤੀ ਹੱਲਾਸ਼ੇਰੀ,
ਬੱਕਰਾ ਜੋਸ਼ 'ਚ ਛਾਲ ਲਗਾਵੇ
***-ਮਾ: ਪ੍ਰੀਤਮ ਸਿੰਘ ਲੰਮੇਂ***
***ਫੋਨ: 925-325-2486***

---

ਕੀ ਹੋਇਆ ਜੇ ਵਿੱਛੜੇ ਡਾਰੋਂ
ਹੁਣ ਹੀਲਾ ਕੋਈ ਬਣਾਵਾਂਗੇ।
ਫ਼ਿਕਰ ਨਾ ਭੋਰਾ ਕਰ ਛੋਟੂ
ਪਾਰ ਤਾਂ ਆਪਾਂ ਜਾਵਾਂਗੇ।
ਚਿੰਬੜ ਕੇ ਬਹਿ ਜਾ ਢੂਹੀ 'ਤੇ
ਹੁਣ ਆਪਣਾ ਜ਼ੋਰ ਦਿਖਾਵਾਂਗੇ।
ਗੱਡ ਲਏ ਆਪਣੇ ਫੌਡੇ ਮੈਂ ਤਾਂ
ਸੂਲ਼ੀ ਦੀ ਛਾਲ਼ ਲਗਾਵਾਂਗੇ।
ਜਾ ਮਿਲਾਂਗੇ ਆਪਣਿਆਂ ਨੂੰ
ਰਲ਼ ਮਿਲ਼ ਖੁਸ਼ੀ ਮਨਾਵਾਂਗੇ।
***-ਜਗਮੀਤ ਸਿੰਘ ਪੰਧੇਰ***

---

ਜੰਗਲੀ ਬੱਕਰਾ ਜਾਨ ਜ਼ੋਖਮ ਵਿਚ ਪਾ ਕੇ
ਪੇਟ ਪੂਜਾ ਦਾ ਕਰੇ ਪ੍ਰਬੰਧ
ਜੇ ਖੱਡ ਵਿਚ ਡਿੱਗ ਗਿਆ
ਹੇਠ ਜਾਣਾ ਵਾਂਗ ਪਤੰਗ
ਮੇਮਣਾ ਪਿੱਠ 'ਤੇ ਬੈਠਾ ਮੈਂ ਮੈਂ ਕਰਦਾ
ਦ੍ਰਿਸ਼ ਕਰਦਾ ਦੰਗ
ਕੁਦਰਤ ਦੇ ਕੌਤਕ ਦੇਖ ਕੇ ਮਨ ਹੁੰਦਾ ਹੈਰਾਨ
ਵਾਹ ਓਏ ਮੇਰੇ ਮਾਲਕਾ
ਜਾਈਏ ਤੇਰੇ ਕੁਰਬਾਨ।
***-ਅਮਰਜੀਤ ਸਿੰਘ ਤੂਰ***
***ਕੁਲਬੁਰਛਾਂ ਪਟਿਆਲਾ***
***ਫੋਨ: 98784-69639***

---

ਕਰ ਜਿਗਰਾ ਕਮਰਕੱਸਾ ਕਰ ਲਿਆ ਜੇ
ਨਤੀਜਨ ਪਹੁੰਚੋਂਗੇ ਖਿੱਤੇ ਤੀਕ
ਬੰਦਾ ਹੋਵੇ ਜਾਂ ਜਾਨਵਰ
ਮੰਜ਼ਲ ਸਰ ਕਰਨ ਦਾ ਤਰੀਕਾ ਇਕ ਹੀ
ਬੱਕਰਾ ਜੇ ਚੁੱਕ ਮੇਮਣਾ ਘਨੇੜੀ
ਪਾਰ ਕਰ ਸਕਦਾ ਖੱਡਾ
ਤਾਂ ਇਨਸਾਨ ਕੀ ਨਹੀਂ ਕਰ ਸਕਦਾ।
***-ਦਰਸ਼ਨ ਪਾਲ ਦੋਸਾਂਝ***

# ਮਾਨਵੀ ਕਦਰਾਂ-ਕੀਮਤਾਂ ਦੇ ਨਿਘਾਰ ਦੀ ਬੇਬਾਕ ਦਾਸਤਾਨ – 'ਗਲੇਸ਼ੀਅਰ ਪਿਘਲ ਗਿਆ'

ਜਦ ਇਨਸਾਨ ਆਪਣੇ ਮਨ ਨੂੰ ਜਿੱਤ ਲੈਂਦਾ ਹੈ ਤਾਂ ਉਹ ਸੰਸਾਰ ਨੂੰ ਜਿੱਤ ਲੈਂਦਾ ਹੈ। ਅਜਿਹਾ ਇਨਸਾਨ ਹਰ ਪਰਿਸਥਿਤੀ ਵਿਚ ਜੇਤੂ ਮਹਿਸੂਸ ਕਰਦਾ ਹੈ। ਸਿਆਣੇ ਕਹਿ ਗਏ ਨੇ ਕਿ ਅੱਥਰੇ ਘੋੜੇ ਵਰਗੇ ਮਨ ਉਪਰ ਕਾਬੂ ਪਾ ਲਿਆ ਤਾਂ... ਵਾਰੇ ਨਿਆਰੇ, ਨਹੀਂ ਤਾਂ... ਪੁਆੜੇ ਹੀ ਪੁਆੜੇ! ਜਦ ਮਨ ਕਾਬੂ ਵਿਚ ਨਹੀਂ ਰਹਿੰਦਾ ਤਾਂ ਇਨਸਾਨ ਦੇ ਅੰਦਰਲਾ ਪਸ਼ੂ ਬੇਕਾਬੂ ਹੋਇਆ ਆਲੇ-ਦੁਆਲੇ ਭਿੜਦਾ ਫਿਰਦਾ ਰਹਿੰਦਾ ਹੈ।

ਦੋਸਤੋ, ਜਦ ਇਨਸਾਨ ਦੇ ਅੰਦਰ ਇਨਸਾਨੀਅਤ ਮਰ ਜਾਂਦੀ ਹੈ ਤਾਂ ਵੀ ਉਹ ਕਿਸੇ ਕੰਮ ਦਾ ਨਹੀਂ ਰਹਿੰਦਾ। ਯਾਨੀ, ਬੰਦਾ ਜਿਉਂਦਿਆਂ ਹੀ ਮਰ ਜਾਂਦਾ ਹੈ। ਡਾ. ਕਰਮਜੀਤ ਸਿੰਘ ਨਡਾਲਾ ਦੇ ਸੱਜਰੇ ਕਹਾਣੀ ਸੰਗ੍ਰਹਿ 'ਗਲੇਸ਼ੀਅਰ ਪਿਘਲ ਗਿਆ' ਨੂੰ ਪੜ੍ਹਦਿਆਂ ਇਹ ਅਟੱਲ-ਸੱਚ ਵੀ ਸਾਹਮਣੇ ਆ ਰਿਹਾ ਹੈ ਕਿ ਮਨੁੱਖ ਨੂੰ 'ਕਾਮ, ਕ੍ਰੋਧ, ਲੋਭ, ਮੋਹ ਅਤੇ




**ਕੁਲਵਿੰਦਰ ਸਿੰਘ ਬਾਠ**
**ਫੋਨ: 209-600-2897**


ਹੰਕਾਰ' ਵਰਗੇ ਕਈ ਵਿਕਾਰ/ਪਸ਼ੂ ਮਾਰ ਲੈਂਦੇ ਹਨ...! ਇਹ ਕਰੜਾ ਮਾਨਵੀ ਸੰਘਰਸ਼ ਹੈ।

ਮਾਨਵੀ ਕਦਰਾਂ-ਕੀਮਤਾਂ ਦੇ ਨਿਘਾਰ ਦੀ ਇਸ ਬੇਬਾਕ ਦਾਸਤਾਨ ਵਿਚ ਸ਼ਾਮਲ ਕਈ ਕਹਾਣੀਆਂ ਮਰਦ ਪ੍ਰਧਾਨ ਸਮਾਜ ਵਿਚ ਵਿਕਾਰਾਂ ਦੁਆਰਾ ਉਲਝਾਈਆਂ ਤੇ ਉਲਝੀਆਂ, ਸੰਤਾਪੀਆਂ ਅਤੇ ਸਰਾਪੀਆਂ ਰੂਹਾਂ ਦੀਆਂ ਬਾਤਾਂ ਪਾਉਂਦੀਆਂ ਹਨ।

ਕਰਮਜੀਤ ਨਡਾਲਾ ਅਤੇ ਉਸ ਦਾ ਸਾਹਿਤਕ ਪੈਂਡਾ...

ਪੇਸ਼ੇ ਵਜੋਂ ਮੈਡੀਕਲ ਡਾਕਟਰ, ਕੋਮਲ, ਸੰਵੇਦਨਸ਼ੀਲ ਅਤੇ ਮਨੋਵਿਗਿਆਨਕ ਬਿਰਤੀ ਵਾਲੇ ਕਰਮਜੀਤ ਦਾ ਤਿੰਨ ਕੁ ਦਹਾਕਿਆਂ ਤੋਂ ਸ਼ੁਰੂ ਹੋਇਆ ਸਾਹਿਤਕ ਸਫ਼ਰ ਮੰਜ਼ਿਲ ਤੋਂ ਬਾਅਦ ਮੰਜ਼ਿਲ ਸਰ ਕਰਦਾ ਅਗਾਂਹ ਵਧ ਰਿਹਾ ਹੈ। ਜਸਵੰਤ ਸਿੰਘ ਕੰਵਲ ਦੇ ਨਾਵਲ 'ਪੂਰਨਮਾਸ਼ੀ' ਨੂੰ ਪੜ੍ਹਦਿਆਂ ਉਹ ਜਵਾਨੀ ਵੇਲੇ ਹੀ ਸਾਹਿਤ ਸਿਰਜਣਾ ਦੇ ਪੈਂਡਿਆਂ 'ਤੇ ਨਿਕਲ ਤੁਰਿਆ। ਭਾਵੇਂ ਨਿੱਕੀਆਂ ਕਹਾਣੀਆਂ ਦਾ ਵੱਡਾ ਲੇਖਕ ਤਾਂ ਹੈ ਹੀ, ਪਰ ਅੱਜਕਲ੍ਹ ਵੱਡੀਆਂ ਕਹਾਣੀਆਂ ਵੱਲ ਨੂੰ ਮੋੜਾ ਕੱਟਦਿਆਂ-ਕੱਟਦਿਆਂ ਇਨ੍ਹਾਂ ਸਾਹਿਤਕ ਪੈਂਡਿਆਂ 'ਤੇ ਨਵੀਆਂ ਪੈੜਾਂ ਪਾ ਰਿਹਾ ਹੈ। ਕਰਮਜੀਤ ਦੀ ਸਿਰਜਣਾ ਵਿਚ ਸਹਿਜ ਅਤੇ ਸੁਹਜ ਹੈ। ਭਾਵੇਂ ਦੋ ਪੈਰ ਘੱਟ ਹੀ ਸਹੀ ਪਰ ਮੜਕ ਨਾਲ ਤੁਰਦਿਆਂ ਉਨ੍ਹਾਂ ਪੰਜਾਬੀ ਸਾਹਿਤ ਜਗਤ 'ਚ ਆਪਣੀ ਵਿਲੱਖਣ ਪਛਾਣ ਬਣਾ ਲਈ ਹੈ। ਤਿੰਨ ਮਿੰਨੀ ਕਹਾਣੀ ਸੰਗ੍ਰਹਿ ਅਤੇ ਇੱਕ ਕਹਾਣੀ ਸੰਗ੍ਰਹਿ 'ਮੈਂ ਕਿਉਂ ਜੀ ਰਿਹਾ ਹਾਂ' ਤੋਂ ਬਾਅਦ 'ਗਲੇਸ਼ੀਅਰ ਪਿਘਲ ਗਿਆ' ਨਾਲ ਪਾਠਕਾਂ ਦੇ ਸਨਮੁੱਖ ਹੋਇਆ ਹੈ। ਐਡਵੋਕੇਟ ਨੀਲਮ ਨਾਰੰਗ ਨੇ ਇਸ ਕਹਾਣੀ ਸੰਗ੍ਰਹਿ ਦਾ ਰੂਹ ਨਾਲ ਹਿੰਦੀ ਅਨੁਵਾਦ ਕਰਦਿਆਂ ਕਰਮਜੀਤ ਦੇ ਪਾਠਕਾਂ ਦਾ ਵੱਡਾ ਘੇਰਾ ਵਿਸ਼ਾਲ ਕਰ ਦਿੱਤਾ ਹੈ।

ਗਲੇਸ਼ੀਅਰ ਪਿਘਲ ਗਿਆ...

ਡਾ. ਕਰਮਜੀਤ ਨਡਾਲਾ ਨੇ ਇਸ ਕਹਾਣੀ ਸੰਗ੍ਰਹਿ ਨੂੰ ਬਹੁਤ ਸਤਿਕਾਰ, ਸ਼ਰਧਾ ਅਤੇ ਮੋਹ ਨਾਲ ਆਪਣੀ ਮਾਤਾ ਦੇ ਕਦਮਾਂ ਵਿਚ ਸਮਰਪਣ ਕੀਤਾ ਹੈ। ਵਿਭਿੰਨ ਵਿਸ਼ਿਆਂ ਤੇ ਰੰਗਾਂ-ਰਸਾਂ ਨਾਲ ਲਬਰੇਜ਼ 6 ਕਹਾਣੀਆਂ ਦੇ ਇਸ ਪਰਾਗੇ ਨੂੰ ਨਵਰੰਗ ਪਬਲੀਕੇਸ਼ਨ, ਸਮਾਣਾ ਨੇ ਪ੍ਰਕਾਸ਼ਿਤ ਕੀਤਾ ਹੈ। ਪੁਸਤਕ ਦਾ ਨਾਮ ਵੀ ਖ਼ੂਬਸੂਰਤ ਅਤੇ ਢੁਕਵਾਂ ਹੈ।

'ਗਲੇਸ਼ੀਅਰ ਪਿਘਲ ਗਿਆ' ਵਿਚਲੀਆਂ ਸਾਰੀਆਂ ਕਹਾਣੀਆਂ ਦੇ ਟਵਿਸਟ ਪਾਠਕਾਂ ਨੂੰ ਨਾਲ-ਨਾਲ ਹੀ ਘੁਮਾਈ ਜਾਂਦੇ ਹਨ। ਪਾਠਕ ਪੂਰੀ ਕਹਾਣੀ ਪੜ੍ਹੇ ਬਗੈਰ ਰਹਿ ਹੀ ਨਹੀਂ ਸਕਦਾ। ਕਹਾਣੀਆਂ ਪਾਠਕ ਨੂੰ ਆਪਣੇ ਆਲੇ-ਦੁਆਲੇ ਵਾਪਰਦੀਆਂ ਜਾਂ ਵਾਪਰ ਚੁੱਕੀਆਂ ਘਟਨਾਵਾਂ ਜਾਂ ਦੁਰਘਟਨਾਵਾਂ ਮਹਿਸੂਸ ਹੁੰਦੀਆਂ ਹਨ। ਕਹਾਣੀਆਂ ਦੇ ਪਾਤਰ ਵੀ ਸਧਾਰਨ ਜਨ ਜੀਵਨ ਵਿਚੋਂ ਜਾਣੇ-ਪਛਾਣੇ ਅਤੇ ਪਾਠਕ ਦੇ ਅੰਗ-ਸੰਗ ਵਿਚਰਦੇ ਲੱਗਦੇ ਹਨ।


ਪੁਸਤਕ ਦੀ ਸਧਾਰਨ ਸ਼ੈਲੀ ਪਾਠਕ ਨੂੰ ਬਿਲਕੁਲ ਤੰਗ ਨਹੀਂ ਕਰਦੀ ਅਤੇ ਨਾ ਹੀ ਉਸ ਨੂੰ 'ਪੰਜਾਬੀ ਤੋਂ ਪੰਜਾਬੀ' ਡਿਕਸ਼ਨਰੀ ਜਾਂ ਗੂਗਲ ਸਰਚ ਦੀ ਜ਼ਰੂਰਤ ਪੈਂਦੀ ਹੈ। ਅਸਲ ਵਿਚ ਪਾਠਕਾਂ ਲਈ ਸਿਰਜੀ ਅਜਿਹੀ ਕੋਈ ਵੀ ਰਚਨਾ ਜੋ ਸਰਲ ਭਾਸ਼ਾ ਅਤੇ ਸ਼ੈਲੀ ਵਿਚ ਉਨ੍ਹਾਂ ਦੀ ਰੂਹ ਨੂੰ ਧੂਹ ਪਾ ਜਾਂਦੀ ਹੈ ਤਾਂ ਉਹ ਮਕਬੂਲ ਹੋ ਜਾਂਦੀ ਹੈ। ਕਹਾਣੀਆਂ ਦੇ ਵਿਭਿੰਨ ਵਿਸ਼ੇ ਖ਼ੂਬਸੂਰਤੀ ਨਾਲ ਸਮਾਜ-ਸੱਭਿਆਚਾਰ ਵਿਚਲੀਆਂ ਊਣਤਾਈਆਂ, ਕੁਰੀਤੀਆਂ ਅਤੇ ਚੇਤਨਾ ਨੂੰ ਉਭਾਰਦੇ ਹਨ। ਅਜੋਕੇ ਪਦਾਰਥਵਾਦੀ ਸਮਾਜ ਦੀਆਂ ਕਦਰਾਂ-ਕੀਮਤਾਂ ਅਤੇ ਸਰੋਕਾਰਾਂ ਵਿਚ ਆਏ ਨਿਘਾਰ ਨੂੰ ਡਾ. ਕਰਮਜੀਤ ਨੇ ਬਾਖ਼ੂਬੀ ਪਾਠਕਾਂ ਨਾਲ ਸਾਂਝਿਆਂ ਕੀਤਾ ਹੈ। ਜਜ਼ਬਾਤੀ ਭਾਵਨਾਵਾਂ ਨਾਲ ਲਬਰੇਜ਼ ਜ਼ਿੰਦਗੀ ਵਿਚ ਮਾਨਵ ਦੀ ਸਹਿਣਸ਼ੀਲਤਾ ਅਤੇ ਸਬਰ ਦੀ ਘਾਟ 'ਤੇ ਵੀ ਸਵਾਲ ਕੀਤਾ ਹੈ।


ਪੁਸਤਕ ਦੀ ਪਹਿਲੀ ਕਹਾਣੀ 'ਇਵੇਂ ਠੀਕ ਨਹੀਂ ਰੂਪਾ' ਨੂੰ ਲੇਖਕ ਨੇ ਟਵਿਸਟ ਨਾਲ ਸ਼ੁਰੂ ਕੀਤਾ ਹੈ। ਇਹ ਖ਼ੂਬਸੂਰਤ ਕਹਾਣੀ ਰੂਪਾ, ਉਸ ਦੇ ਪਤੀ ਪ੍ਰੇਮੀ ਅਤੇ ਲੱਡੂ ਥਾਣੇਦਾਰ ਦੇ ਦੁਆਲੇ ਘੁੰਮਦੀ ਹੈ। ਰੂਪਾ ਇਕ ਗਰੀਬ ਪਰਿਵਾਰ ਵਿਚ ਜੰਮੀ ਅਤੇ ਜਵਾਨ ਹੋਈ। ਜਵਾਨੀ ਦੀਆਂ ਦਹਿਲੀਜ਼ਾਂ ਨੂੰ ਆਰ-ਪਾਰ ਕਰਦੀ ਨੇ ਪਿੰਡ ਦੀਆਂ ਗਲੀਆਂ ਕੋਠੇ ਵੀ ਆਰ-ਪਾਰ ਕਰਨੇ ਸ਼ੁਰੂ ਕਰ ਦਿੱਤੇ। ਚੜ੍ਹਦੀ ਜਵਾਨੀ ਅਤੇ ਅਸਮਾਨੀ ਟਾਕੀਆਂ ਲਾਉਂਦੀ ਸਰੀਰਕ ਭੁੱਖ ਦੇ ਜੋਸ਼ ਵਿਚ ਉਹ ਸਾਰੇ ਹੋਸ਼ ਗੁਆ ਬਹਿੰਦੀ ਹੈ। ਮਾਂ ਬਾਪ ਉਸ ਨੂੰ ਇੱਕ ਗ਼ਰੀਬੜੇ ਮਿਸਤਰੀ ਪ੍ਰੇਮੀ ਨਾਲ ਤੋਰ ਕੇ ਖ਼ੁਦ ਨੂੰ ਫ਼ਿਕਰਾਂ ਤੋਂ ਮੁਕਤ ਕਰ ਲੈਂਦੇ ਨੇ। ਪ੍ਰੇਮੀ ਆਪਣੇ ਨਾਮ ਵਰਗਾ ਪ੍ਰੇਮੀ ਤਾਂ ਹੈ, ਪਰ ਆਰਥਿਕ ਪੱਖੋਂ ਗਰੀਬੜਾ ਹੀ ਹੈ। ਪ੍ਰੇਮੀ ਨਾਲ ਰਹਿੰਦਿਆਂ ਰੂਪਾ ਦਾ ਐਸ਼ ਪ੍ਰਸਤੀ ਮਨ ਅਤੇ ਰਾਜ ਕੁਮਾਰੀ ਵਰਗੇ ਜੀਵਨ ਦਾ ਸੁਪਨਾ ਤੰਗ ਕਰਨ ਲੱਗਦਾ ਹੈ। ਉੱਪਰ ਥਲੀ ਦੇ ਦੋ ਨਿਆਣੇ ਜੰਮਣ ਤੋਂ ਬਾਅਦ ਵੀ ਉਸਦੀ ਜਵਾਨੀ ਅਤੇ ਸਰੀਰਕ ਮੰਗ ਉਸ ਨੂੰ ਗਲਤ ਅਤੇ ਬਦਅਖ਼ਲਾਕੀ ਪੈਂਡਿਆਂ 'ਤੇ ਨਿਕਲਣ ਲਈ ਉਤਸ਼ਾਹਿਤ ਕਰਦੀ ਹੈ। ਲੰਡੇ ਨੂੰ ਮੀਣਾ ਸੌ ਕੋਹ ਦਾ ਵਲ ਪਾ ਕੇ ਵੀ ਮਿਲ ਲੈਂਦਾ ਹੈ। ਇਸ ਪੈਂਡੇ ਦੇ ਅਨੈਤਿਕ ਪਾਂਧੀ 'ਲੱਡੂ ਥਾਣੇਦਾਰ' ਵਿਚ ਉਸ ਨੂੰ ਆਪਣੀ ਸੁਪਨਈ ਮੰਜ਼ਿਲ ਨਜ਼ਰੀਂ ਪਈ। ਐਸ਼ ਪ੍ਰਸਤੀ ਦੇ ਲੰਮੇ ਦੌਰ ਤੋਂ ਬਾਅਦ ਉਹ ਚਾਹੁੰਦਿਆਂ ਹੋਇਆਂ ਵੀ ਲੱਡੂ ਥਾਣੇਦਾਰ ਦੇ ਵਾਰਸ ਨੂੰ ਜਨਮ ਨਹੀਂ ਦੇ ਸਕੀ। ਮੱਖਣ ਵਿਚੋਂ ਵਾਲ ਕੱਢਣ ਵਾਂਗ ਮਤਲਬੀ ਲੱਡੂ ਥਾਣੇਦਾਰ ਉਸਨੂੰ ਵਰਤ ਕੇ ਆਪਣੀ ਜ਼ਿੰਦਗੀ ਵਿਚੋਂ ਬਾਹਰ ਕੱਢ ਮਾਰਦਾ ਹੈ। 'ਫੰਡਰ ਮੱਝ' ਜਿਹੀ ਜਨਾਨੀ ਦਾ ਇਲਜ਼ਾਮ ਲਾਉਂਦਿਆਂ ਅਤੇ ਦੋ ਲੱਖ ਰੁਪਈਏ ਰੂਪਾ ਦੇ ਹੱਥ 'ਤੇ ਧਰਦਿਆਂ ਉਸਨੂੰ ਬਾਹਰ ਦਾ ਰਸਤਾ ਦਿਖਾਉਂਦਾ ਹੈ। ਕਿਸੇ ਘਰ-ਘਾਟ ਦੀ ਨਾ ਮਹਿਸੂਸ ਕਰਦਿਆਂ ਵੀ ਰੂਪਾ ਪ੍ਰੇਮੀ ਮਿਸਤਰੀ ਦੇ ਕੋਲ ਵਾਪਸ ਆ ਜਾਂਦੀ ਹੈ। ਆਪਣੀ ਹੈਸੀਅਤ ਨੂੰ ਜਾਣਦਿਆਂ ਗ਼ਰੀਬੜਾ ਪ੍ਰੇਮੀ ਰੂਪਾ ਨੂੰ ਸਵੀਕਾਰ ਕਰ ਲੈਂਦਾ ਹੈ।

ਪੁਸਤਕ ਦੇ ਟਾਈਟਲ ਵਾਲੀ ਕਹਾਣੀ 'ਗਲੇਸ਼ੀਅਰ ਪਿਘਲ ਗਿਆ' ਜਿੱਥੇ ਇਨਸਾਨ ਦੀਆਂ ਕੁਦਰਤੀ ਸਰੀਰਕ ਜ਼ਰੂਰਤਾਂ ਨੂੰ ਉਭਾਰਦੀ ਹੈ ਉੱਥੇ ਹੀ ਮਰਦ ਪ੍ਰਧਾਨ ਸਮਾਜ ਦੇ ਦੋਹਰੇ ਮਾਪਦੰਡ ਨੂੰ ਬਿਆਨ ਕਰਦੀ ਹੈ। ਮਰਦ ਖ਼ੁਦ ਜੋ ਮਨ ਆਉਂਦਾ ਬਿਨਾਂ ਝਿਜਕ ਕਰਦਾ ਹੈ ਪਰ ਇਹੀ ਵਰਤਾਰਾ ਔਰਤ ਲਈ ਵਰਜਿਤ ਅਤੇ ਨਾ ਮੁਆਫ਼ ਹੋਣ ਵਾਲਾ ਗੁਨਾਹ ਬਣ ਜਾਂਦਾ ਹੈ। ਮੁੱਢ ਕਦੀਮ ਤੋਂ ਹੀ ਔਰਤਾਂ ਨਾਬਰਾਬਰੀ ਅਤੇ ਮਰਦ ਦੇ ਕਹਿਰ ਦਾ ਸ਼ਿਕਾਰ ਬਣ ਰਹੀਆਂ ਹਨ। ਮਰਦ ਔਰਤ ਨੂੰ ਉਕਸਾਉਣ, ਵਰਗਲਾਉਣ, ਫਸਾਉਣ ਜਾਂ ਫਿਰ ਰੁਆਉਣ ਦਾ ਕੋਈ ਮੌਕਾ ਖੁੰਝਣ ਨਹੀਂ ਦਿੰਦਾ। ਇਸ ਕਹਾਣੀ ਵਿਚ 'ਨਿੰਮੋ' ਦਾ ਪਤੀ ਅਮਰੀਕਾ ਚਲਾ ਜਾਂਦਾ ਹੈ ਅਤੇ ਉਸ ਦੀ ਜਵਾਨ ਜ਼ਿੰਦਗੀ ਵਿਚ ਨਾ-ਮੁੱਕਣ ਵਾਲੀ ਔੜ ਦੇ ਬਾਵਜੂਦ ਵੀ ਉਹ ਖ਼ੁਦ ਅਤੇ ਪਰਿਵਾਰ ਦਾ ਖ਼ਿਆਲ ਰੱਖਦੀ ਹੈ। ਗਰੀਨ ਕਾਰਡ ਦੇ ਲਾਰਿਆਂ ਵਿਚ ਅਤੇ ਪਰਵਾਸੀ ਪਤੀ ਦੇ ਸ਼ਰੇਆਮ ਨਾਜਾਇਜ਼ ਸੰਬੰਧਾਂ ਦੇ ਬਾਵਜੂਦ ਵੀ ਉਹ ਡੋਲਦੀ ਨਹੀਂ। ਪਰ ਸਮਾਂ ਬੀਤਦਿਆਂ ਉਸ ਨੂੰ ਆਪਣੀ ਜ਼ਿੰਦਗੀ ਇੱਕ ਕੀਲੇ ਨਾਲ ਬੱਝੀ ਹੋਈ ਗਾਂ ਨਾਲੋਂ ਵੀ ਬਦਤਰ ਮਹਿਸੂਸ ਹੁੰਦੀ ਹੈ, ਜਿਸ ਦੀ ਸਰੀਰਕ ਜ਼ਰੂਰਤ ਬੰਦਾ ਆਪ ਪੂਰੀ ਕਰਵਾਉਂਦਾ ਹੈ। ਮਰਦ ਦਾ ਸਾਥ ਨਿੰਮੋ ਦੇ ਜਵਾਨ ਸਰੀਰ ਦੀ ਮੰਗ ਹੈ। ਆਖ਼ਰਕਾਰ ਨਿੰਮੋ ਦਾ ਸਬਰ ਟੁੱਟ ਜਾਂਦਾ ਹੈ ਅਤੇ ਉਹ ਪਤੀ ਦੇ ਮੌਕਾਪ੍ਰਸਤ ਰਿਸ਼ਤੇਦਾਰ 'ਅਰਜਨ ਥਾਣੇਦਾਰ' ਦੇ ਸੁੱਟੇ ਜਾਲ ਵਿਚ ਫਸ ਜਾਂਦੀ ਹੈ। ਗਲੇਸ਼ੀਅਰ ਪਿਘਲ ਜਾਂਦਾ ਹੈ... ਅਤੇ ਉਹ ਅਰਜਨ ਅਤੇ ਉਸ ਦੇ ਸਾਥੀਆਂ ਦੀ ਖੇਹ ਖ਼ਰਾਬੀ ਦਾ ਸ਼ਿਕਾਰ ਬਣ ਜਾਂਦੀ ਹੈ। ਪਛਤਾਉਣ ਤੋਂ ਇਲਾਵਾ ਉਸ ਕੋਲ ਕੋਈ ਹੋਰ ਚਾਰਾ ਨਹੀਂ ਰਹਿ ਜਾਂਦਾ। ਮਰਦਾਂ ਦੀ ਮਰਦਾਨਗੀ ਕਾਰਨ ਸਭ ਦੋਸ਼ ਉਸ ਦੇ ਸਿਰ ਹੀ ਮੜ੍ਹੇ ਜਾਂਦੇ ਹਨ। ਆਖ਼ਰ, ਖ਼ੁਦ ਦੇ ਨਾਲ ਦੇ ਜੰਮੇ ਮਰਦ-ਭਰਾ ਹੱਥੋਂ ਹੀ ਉਹ ਦੂਸਰੀ ਦੁਨੀਆਂ ਵਿਚ ਪਹੁੰਚ ਜਾਂਦੀ ਹੈ। ਨਿੰਮੋ ਦੀ ਗਲਤੀ ਉਸ ਦੀ ਮੌਤ ਦਾ ਕਾਰਨ ਬਣ ਜਾਂਦੀ ਹੈ। ਲੇਖਕ ਨੇ ਔਰਤ-ਮਰਦ ਵਾਸਤੇ ਵੱਖੋ ਵੱਖਰੀ ਮਰਿਆਦਾ, ਮਾਪਦੰਡਾਂ ਦੇ ਨਾਲ ਹੀ ਔਰਤ ਦੀ ਗੁਲਾਮੀ, ਮਰਦ ਦੀ ਹੈਂਕੜਬਾਜ਼ੀ ਅਤੇ ਕਮੀਨਗੀ ਨੂੰ ਵੀ ਖ਼ੂਬਸੂਰਤੀ ਨਾਲ ਉਜਾਗਰ ਕੀਤਾ ਹੈ।

'ਬਣਵਾਸ' ਕਹਾਣੀ ਵਿਚ ਕਰਮਜੀਤ ਨਡਾਲਾ ਨੇ ਖ਼ੂਬਸੂਰਤੀ ਨਾਲ ਪਦਾਰਥਾਂ ਅਤੇ ਮਾਇਆ ਦੇ ਲੋਭ ਕਾਰਨ ਮਨੁੱਖੀ ਕਦਰਾਂ-ਕੀਮਤਾਂ ਵਿਚ ਆਏ ਨਿਘਾਰ ਅਤੇ ਹੈਵਾਨੀਅਤ ਦੇ ਵਿਸ਼ੇ ਨੂੰ ਪਾਠਕਾਂ ਨਾਲ ਸਾਂਝਿਆਂ ਕੀਤਾ ਹੈ। ਝੂਠ ਅਤੇ ਮਾਇਆ ਦੇ ਜ਼ੋਰ ਹੇਠ 'ਨਿਆਂਪਾਲਿਕਾ' ਦੁਆਰਾ ਲਏ ਗਏ 'ਅਨਿਆਂ' ਵਾਲੇ ਫ਼ੈਸਲੇ ਜ਼ਿੰਦਗੀਆਂ ਬਰਬਾਦ ਕਰ ਜਾਂਦੇ ਹਨ। ਕਹਾਣੀ ਦੇ ਪਾਤਰ 'ਮਾਸਟਰ ਸੁੱਚਾ ਸਿੰਘ' ਨੂੰ ਇੱਕ ਝੂਠੇ ਕੇਸ ਵਿਚ ਫਸਾ ਕੇ ਅਤੇ ਨਾਜਾਇਜ਼ ਸਜ਼ਾ ਕਰਵਾਉਂਦਿਆਂ ਉਸ ਦੇ ਪਰਿਵਾਰ ਦੀ ਖੇਹ ਖ਼ਰਾਬੀ ਅਤੇ ਬਰਬਾਦੀ ਦੀ ਜੜ੍ਹ ਉਸਦੀ ਸਕੀ ਭਰਜਾਈ ਬਣਦੀ ਹੈ। ਉਹ ਜਾਇਦਾਦ ਦੇ ਲਾਲਚ ਵਿਚ ਕਮੀਨਗੀ ਦੀਆਂ ਸਭ ਹੱਦਾਂ ਪਾਰ ਕਰ ਜਾਂਦੀ ਹੈ। ਬੇਗੁਨਾਹ ਹੁੰਦਿਆਂ ਵੀ ਲੰਮੀ ਸਜ਼ਾ ਭੁਗਤ ਕੇ ਵਾਪਸ ਘਰ ਜਾਂਦਿਆਂ ਜਦ ਮਾਸਟਰ ਸੁੱਚਾ ਸਿੰਘ ਨੂੰ ਉਹਦੇ ਹੱਸਦੇ-ਵੱਸਦੇ ਪਰਿਵਾਰ ਦੀ ਬਰਬਾਦੀ ਦਾ ਪਤਾ ਲੱਗਦਾ ਹੈ ਤਾਂ ਉਹ ਉੱਥੇ ਹੀ ਦਮ ਤੋੜ ਦਿੰਦਾ ਹੈ। ਮਰਨ ਤੋਂ ਪਹਿਲਾਂ ਉਸ ਦੇ ਮਨ ਨੂੰ ਇਸ ਗੱਲ ਦੀ ਤਸੱਲੀ ਹੋ ਜਾਂਦੀ ਹੈ ਕਿ ਪਿੰਡ ਵਾਲਿਆਂ ਦੀਆਂ ਨਜ਼ਰਾਂ ਵਿਚ ਉਹ ਗੁਨਾਹਗਾਰ ਨਹੀਂ ਸੀ। ਭਰਜਾਈ ਦੀ ਕਮੀਨਗੀ ਕਾਰਨ ਮਾਸਟਰ ਸੁੱਚਾ ਸਿੰਘ, ਉਸਦੇ ਛੋਟੇ ਭਰਾ, ਪਤਨੀ, ਪੁੱਤਰ ਅਤੇ ਦੋ ਬੇਟੀਆਂ ਦੀ ਬਰਬਾਦੀ ਦੀ ਦਿਲ ਕੰਬਾਊ ਦਾਸਤਾਨ ਨੂੰ ਬਾਕਮਾਲ ਸ਼ਬਦਾਂ ਵਿਚ ਵਰਣਨ ਕੀਤਾ ਹੈ। ਕਹਾਣੀ ਨੂੰ ਪੜ੍ਹਦਿਆਂ ਇੰਜ ਮਹਿਸੂਸ ਹੁੰਦਾ ਹੈ ਜਿਵੇਂ ਇਹ ਘਟਨਾ ਸਾਡੇ ਆਲੇ-ਦੁਆਲੇ ਹੀ ਵਾਪਰੀ ਹੋਵੇ।

'ਅੰਦਰਲਾ ਮਹਾਂਭਾਰਤ' ਕਹਾਣੀ ਮੁਹੱਬਤ, ਦਿੱਲੀ ਦੇ ਦੰਗਿਆਂ ਦੀ ਹੈਵਾਨੀਅਤ ਅਤੇ ਮਰਦ ਪ੍ਰਧਾਨ ਸਮਾਜ ਵਿਚ ਔਰਤ ਦੀ ਗੁਲਾਮੀ ਅਤੇ ਮਾਨਸਿਕ ਪੀੜਾ ਨੂੰ ਬਿਆਨ ਕਰਦੀ ਹੈ। ਮਰਦ ਦੀ ਹੈਂਕੜਬਾਜ਼ੀ ਅਤੇ ਦੂਹਰੇ-ਤੀਹਰੇ ਕਿਰਦਾਰ ਔਰਤ ਨੂੰ ਉਹ ਕੁਝ ਕਰਨ ਤੋਂ ਵਰਜਦੇ ਹਨ ਜੋ ਉਹ ਖ਼ੁਦ ਸ਼ਰੇਆਮ ਕਰਨਾ ਚਾਹੁੰਦਾ ਹੈ ਅਤੇ ਕਰਦਾ ਵੀ ਹੈ। ਉਹ ਔਰਤ ਦੇ ਜੀਵਨ ਨੂੰ ਆਪਣਾ ਅਧਿਕਾਰ ਸਮਝਦਾ ਹੈ ਅਤੇ ਉਸ ਦਾ ਸ਼ੋਸ਼ਣ ਕਰਦਾ ਹੈ। ਉਸ ਦੀ ਸਧਾਰਨ ਜਿਹੀ ਜ਼ਿੰਦਗੀ ਵਿਚ ਵੀ ਅੜਿੱਕੇ ਖੜ੍ਹੇ ਕਰਦਾ ਰਹਿੰਦਾ ਹੈ, ਜਿਸ ਕਾਰਨ ਔਰਤ



ਖ਼ੁਦਮੁਖ਼ਤਿਆਰੀ ਵਾਲੇ ਫੈਸਲੇ ਲੈਣ ਤੋਂ ਕੋਹਾਂ ਦੂਰ ਰਹਿੰਦੀ ਹੈ। ਇਨ੍ਹਾਂ ਕਾਰਨਾਂ ਕਰਕੇ ਕਹਾਣੀ ਦੀ ਪਾਤਰ 'ਹਰਦੀਪ' ਚਾਹੁੰਦੀ ਹੋਈ ਵੀ ਆਪਣੇ ਮਨ ਦੀ ਪਸੰਦ ਦੇ ਲੜਕੇ 'ਗੁਰਮੀਤ' ਨਾਲ ਵਿਆਹ ਨਾ ਕਰਵਾ ਸਕੀ। ਦੰਗੇ ਤਾਂ ਦੰਗੇ ਹੀ ਹੁੰਦੇ ਹਨ ਚਾਹੇ ਉਹ ਸੰਤਾਲੀ ਦੇ ਹੋਣ ਜਾਂ ਫਿਰ ਚੌਰਾਸੀ ਦੇ। ਹੈਵਾਨੀਅਤ ਦਾ ਨੰਗਾ ਨਾਚ ਤੇ ਇਨਸਾਨੀਅਤ ਦਾ ਘਾਣ। ਕਹਾਣੀ ਉਦੋਂ ਨਵਾਂ ਮੋੜ ਲੈ ਲੈਂਦੀ ਹੈ ਜਦ ਹਰਦੀਪ ਦਾ ਪਤੀ ਦੰਗਿਆਂ ਵਿਚ ਮਾਰਿਆ ਜਾਂਦਾ ਹੈ। ਉਹ ਆਪਣੇ ਮਾਂ ਪਿਓ ਦੇ ਘਰ ਵਾਪਸ ਆ ਜਾਂਦੀ ਹੈ ਅਤੇ ਆਖ਼ਰ ਆਪਣੇ ਪਹਿਲੇ ਪਿਆਰ ਗੁਰਮੀਤ ਨੂੰ ਮਿਲ ਜਾਂਦੀ ਹੈ।

'ਲੰਬੀ ਪਤਝੜ' ਇੱਕ ਖ਼ੂਬਸੂਰਤ ਅਤੇ ਮੁਹੱਬਤੀ ਰੂਹ ਦੇ ਵਿਛੋੜੇ ਦੀ ਕਹਾਣੀ ਹੈ। 'ਪ੍ਰੀਤਮ' ਅਤੇ 'ਸ਼ਾਰਦਾ' ਦੇ ਪਿਆਰ, ਸੁਖੀ ਵਿਆਹੁਤਾ ਜੀਵਨ ਅਤੇ ਵਿਯੋਗ ਦੀ ਦਾਸਤਾਨ। ਪਹਾੜਨ ਲੜਕੀ ਸ਼ਾਰਦਾ ਨੇ ਪੰਜਾਬੀ ਮੁੰਡੇ ਪ੍ਰੀਤਮ ਨਾਲ ਆਪਣੇ ਮਾਂ ਬਾਪ ਦੀ ਮਰਜ਼ੀ ਦੇ ਖ਼ਿਲਾਫ਼ ਵਿਆਹ ਤਾਂ ਕਰਵਾ ਲਿਆ ਪਰ ਉਹ ਉਨ੍ਹਾਂ ਨੂੰ ਆਪਣੇ ਦਿਲ ਦਿਮਾਗ਼ ਵਿਚੋਂ ਵਿਸਾਰ ਨਾ ਸਕੀ ਅਤੇ ਖ਼ੁਦ ਨੂੰ ਇਸ ਬਾਰੇ ਕੋਸਦੀ ਵੀ ਰਹੀ। ਚੰਗੀ ਭਲੀ ਚੱਲ ਰਹੀ ਜ਼ਿੰਦਗੀ ਨੂੰ ਵਿਚ-ਵਿਚਾਲਿਓਂ ਛੱਡ ਕੇ ਸਦਾ ਲਈ ਮਾਂ ਬਾਪ ਅਤੇ ਪਹਾੜੀ ਵਾਦੀਆਂ ਵਿਚ ਚਲੇ ਜਾਂਦੀ ਹੈ। ਪ੍ਰੀਤਮ ਵਿਯੋਗ ਅਤੇ ਸੋਚਾਂ ਵਿਚ ਡੁੱਬਿਆ ਉਸ ਦਾ ਇੰਤਜ਼ਾਰ ਕਰਦਾ ਹੈ। ਦੂਸਰੀਆਂ ਕਹਾਣੀਆਂ ਵਾਂਗ ਇਹ ਕਹਾਣੀ ਵੀ ਪਾਠਕ ਨੂੰ ਅੰਤ ਤੱਕ ਨਾਲ ਜੋੜੀ ਰੱਖਦੀ ਹੈ।

'ਮਰੀਜ਼' ਇੱਕ ਬਹੁਤ ਹੀ ਖ਼ੂਬਸੂਰਤ ਅਤੇ ਸੰਵੇਦਨਸ਼ੀਲ ਮਨ ਚੋਂ ਉਪਜੀ ਸਿਰਜਣਾ ਹੈ। ਕਰੋਨਾ ਦੌਰ ਨਾਲ ਸਬੰਧਿਤ ਇਹ ਕਹਾਣੀ ਬਹੁਤ ਕੁਝ ਫਰੋਲ ਰਹੀ ਹੈ। ਡਾਕਟਰ ਨੂੰ ਮਰੀਜ਼ ਰੱਬ ਦੇ ਬਰਾਬਰ ਮੰਨਦੇ ਹਨ। ਰੱਬ ਦਿਸਦਾ ਨਹੀਂ ਪਰ ਡਾਕਟਰ ਵਿਚ ਮਰੀਜ਼ ਨੂੰ ਰੱਬ ਦਿਖਦਾ ਅਤੇ ਮਹਿਸੂਸ ਵੀ ਹੁੰਦਾ ਹੈ। ਇਹ ਬਹੁਪਰਤੀ ਕਹਾਣੀ ਮੈਡੀਕਲ ਡਾਕਟਰ 'ਗੁਰਮੇਲ' ਦੇ ਦੁਆਲੇ ਘੁੰਮਦੀ ਹੈ। ਮਹਾਂਮਾਰੀਆਂ ਅਤੇ ਸਰਬਵਿਆਪੀ ਮਹਾਂਮਾਰੀਆਂ ਇਨਸਾਨ ਦੀ ਜ਼ਿੰਦਗੀ ਵਿਚ ਤਰਥੱਲੀ ਮਚਾ ਦਿੰਦੀਆਂ ਹਨ। ਮਹਾਂਮਾਰੀਆਂ ਵਿਸ਼ਾਲ ਸਮੁੰਦਰੀ ਸੁਨਾਮੀਆਂ ਵਾਂਗ ਚਿਰਜੀਵੀ ਪ੍ਰਭਾਵ ਛੱਡ ਜਾਂਦੀਆਂ ਹਨ। ਇਹ ਕਹਾਣੀ ਕਰੋਨਾ ਵਾਇਰਸ ਦੀ ਉਤਪਤੀ, ਫੈਲਾਓ ਅਤੇ ਕੋਵਿਡ-19 ਦੇ ਸਰਬਵਿਆਪੀ ਸਮਾਜਿਕ, ਆਰਥਿਕ, ਸਿਆਸੀ ਪ੍ਰਭਾਵ ਦੇ ਤਾਣੇ-ਬਾਣੇ ਨਾਲ ਸੰਬੰਧਿਤ ਹੈ। ਲੇਖਕ ਨੇ ਆਪਣੇ ਢਿੱਡ ਅਤੇ ਮਨ ਦੀਆਂ ਗੱਲਾਂ ਬਹੁਤ ਸਰਲ ਅਤੇ ਪ੍ਰਭਾਵਸ਼ਾਲੀ ਸ਼ੈਲੀ ਵਿਚ ਕੀਤੀਆਂ ਹਨ, ਜੋ ਪਾਠਕ ਨੂੰ ਧੁਰ ਅੰਦਰੋਂ ਹਸਾਉਂਦੀਆਂ ਹਨ ਅਤੇ ਕਦੇ ਉਦਾਸ ਵੀ ਕਰਦੀਆਂ ਹਨ। ਮੈਡੀਕਲ ਡਾਕਟਰ ਹੁੰਦਿਆਂ ਅਤੇ ਕੋਵਿਡ-19 ਦੇ ਮੁਸ਼ਕਲ ਵਕਤ ਨੂੰ ਆਪਣੇ ਪਿੰਡੇ 'ਤੇ ਹੰਢਾਉਂਦਿਆਂ ਉਸ ਨੇ ਇਸ ਗੱਲ ਨੂੰ ਪਾਠਕਾਂ ਨਾਲ ਸਾਂਝਿਆਂ ਕੀਤਾ ਹੈ ਕਿ ਕਿਵੇਂ ਅਣਸੁਖਾਵੇਂ ਸਮਿਆਂ ਵਿਚ ਵੀ ਚੰਗੇ ਡਾਕਟਰਾਂ ਨੇ ਆਪਣਾ ਧਰਮ ਨਿਭਾਉਂਦਿਆਂ ਅਤੇ ਆਪਣੀ ਜਾਂ ਆਪਣੇ ਪਰਿਵਾਰ ਦੀ ਜਾਨ ਦੀ ਪ੍ਰਵਾਹ ਨਾ ਕਰਦਿਆਂ ਹੋਇਆਂ ਅਣਗਿਣਤ ਮਰੀਜ਼ਾਂ ਦੀ ਜਾਨ ਬਚਾਈ। ਸਮਾਜ ਨੂੰ ਅਜਿਹੇ ਡਾਕਟਰਾਂ ਦੇ ਬੁਲੰਦ ਹੌਸਲਿਆਂ ਨੂੰ ਸਲਾਮ ਕਰਨਾ ਵੀ ਬਣਦਾ ਹੈ। ਇਹ ਉਹ ਭਿਆਨਕ ਦੌਰ ਸੀ ਜਦ ਬੰਦੇ ਦੇ ਖ਼ੁਦ ਆਪਣੇ ਅਤੇ ਕਰੀਬੀ ਉਸ ਨੂੰ ਕਰੋਨਾ ਕਾਰਨ ਮੌਤ ਦੇ ਮੰਝਧਾਰ ਵਿਚ ਮਰਨ ਲਈ ਛੱਡ ਕੇ ਦੌੜ ਜਾਂਦੇ ਸਨ। ਇਸ ਨਸੀਹਤਨੁਮਾ ਕਹਾਣੀ ਵਿਚੋਂ ਬਹੁਤ ਹੀ ਸਕਾਰਾਤਮਕ ਅਤੇ ਪ੍ਰੇਰਨਾਦਾਇਕ ਸੁਨੇਹਾ ਪਾਠਕ ਦੇ ਮਨ ਨੂੰ ਟੁੰਬਦਾ ਹੈ ਕਿ ਹਾਲਾਤ ਜਾਂ ਪ੍ਰਸਥਿਤੀਆਂ ਭਾਵੇਂ ਕਿਤਨੀਆਂ ਵੀ ਗੰਭੀਰ ਜਾਂ ਗੁੰਝਲਦਾਰ ਕਿਉਂ ਨਾ ਹੋਵਣ, ਹਿੰਮਤ, ਦਲੇਰੀ ਅਤੇ ਉਸਾਰੂ ਸੋਚ ਨਾਲ ਵੱਡੀ ਤੋਂ ਵੱਡੀ ਜੰਗ ਜਿੱਤੀ ਜਾ ਸਕਦੀ ਹੈ!

ਦੋਸਤੋ ਗਲੇਸ਼ੀਅਰ ਭਾਵੇਂ ਬਰਫ਼ ਦਾ ਹੋਵੇ ਜਾਂ ਫਿਰ ਇਨਸਾਨ ਦੀ ਜ਼ਿੰਦਗੀ ਵਿਚਲੇ ਉਤਰਾਵਾਂ-ਚੜ੍ਹਾਵਾਂ ਦਾ, ਇਹ ਇੱਕ ਦਿਨ ਵਿਚ ਹੀ ਨਹੀਂ ਬਣ ਜਾਂਦਾ। ਇਹਦੇ ਬਣਨ ਵਿਚ ਆਲਾ-ਦੁਆਲਾ ਵੀ ਮਹੱਤਵਪੂਰਨ ਹਿੱਸਾ ਪਾਉਂਦਾ ਹੈ। ਪਿਘਲਦਾ ਹੋਇਆ ਗਲੇਸ਼ੀਅਰ ਤਰਥੱਲੀਆਂ ਮਚਾ ਦਿੰਦਾ ਹੈ ਅਤੇ ਜ਼ਿੰਦਗੀਆਂ ਬਰਬਾਦ ਕਰ ਜਾਂਦਾ ਹੈ, ਜੋ ਇਨ੍ਹਾਂ ਕਹਾਣੀਆਂ ਦੇ ਪਰਾਗੇ ਵਿਚੋਂ ਸਾਫ਼ ਝਲਕਦਾ ਹੈ।

ਇਸ ਪੁਸਤਕ ਨੂੰ ਪੜ੍ਹਦਿਆਂ ਅਤੇ ਮਾਣਦਿਆਂ ਮੇਰੇ ਖ਼ੁਦ ਦੇ ਪਾਠਕ ਮਨ ਨੂੰ ਇੱਕ ਵਿਲੱਖਣ ਜਿਹਾ ਅਹਿਸਾਸ ਹੋਇਆ ਕਿ ਕਰਮਜੀਤ ਨਡਾਲਾ ਕਿਸੇ ਵੀ ਕਹਾਣੀ ਵਿਚ ਕਿਸੇ ਵੀ ਪਾਤਰ ਦੇ ਮੂੰਹ ਵਿਚ ਸ਼ਬਦ ਤੁੰਨਦਾ ਨਹੀਂ ਹੈ। ਉਹ ਪਾਤਰਾਂ ਨੂੰ ਆਪਣੇ ਮਨ ਦੀ ਗੱਲ ਕਹਿਣ/ ਕਰਨ ਦਾ ਪੂਰਾ ਮੌਕਾ ਬਖ਼ਸ਼ਦਾ ਹੈ, ਉਨ੍ਹਾਂ ਦੇ ਮਨ ਦੀਆਂ ਬਾਤਾਂ ਨੂੰ ਪਾਠਕਾਂ ਦੇ ਨਜ਼ਰੀਂ ਕਰਦਾ ਹੈ। ਜਿਸ ਕਰਕੇ ਪੁਸਤਕ ਵਿਚਲੀ ਵਾਰਤਾਲਾਪ ਵਿਚ ਪਾਠਕ ਨੂੰ ਕਹਾਣੀਆਂ ਦਾ ਪਾਤਰ ਹੂਬਹੂ ਦਿਖਾਈ ਦਿੰਦਾ ਹੈ, ਬੋਲਦਾ ਸੁਣਦਾ ਹੈ, ਹੱਸਦਾ, ਰੋਂਦਾ... ਦਿਖਾਈ ਦਿੰਦਾ ਹੈ ਅਤੇ ਮਹਿਸੂਸ ਵੀ ਹੁੰਦਾ ਹੈ। ਇੱਕ ਨਾਟਕ ਜਾਂ ਚੱਲ ਰਹੀ ਫਿਲਮ ਦੀ ਤਰ੍ਹਾਂ। ਪੁਸਤਕ ਵਿਚੋਂ ਸਿਰਫ਼ ਦੋ ਤਿੰਨ ਵਾਰਤਾਲਾਪ ਦੇ ਨਮੂਨੇ ਪਾਠਕਾਂ ਦੀ ਨਜ਼ਰੀਂ ਕਰਨੇ ਬਣਦੇ ਹਨ...

ਪ੍ਰੇਮੀ ਮਿਸਤਰੀ ਦੇ ਮਨ ਦਾ ਖੌਰੂ...

"ਕੁੱਤੀਏ... ਅੱਜ ਨਹੀਂ ਤੈਨੂੰ ਛੱਡਦਾ... ਅੱਜ ਆਈ ਤੂੰ ਮੇਰੇ ਅੜਿੱਕੇ... ਨਿਕਲ ਗਈ ਸੈਂ ਝਾਟੇ 'ਚ ਖੇਹ ਪਵਾ ਕੇ ਵੱਢਦਾਂ ਤੇਰਾ ਅੱਜ ਫਸਤਾ...।"

ਜਾਂ ਫਿਰ ਲੱਡੂ ਥਾਣੇਦਾਰ ਦਾ ਪੁਲਸ ਵਾਲਾ ਰੋਹਬ...

"ਸੋਹਣੀਏ... ਹੁਣ ਤੇਰਾ ਪ੍ਰੇਮੀ ਤਾਂ ਨਹੀਂ ਤੈਨੂੰ ਘੂਰਦਾ... ਕਿ ਲਾਈਏ ਇੱਕ ਵਾਰੀ ਹੋਰ... ਚਿੱਤੜਾਂ 'ਤੇ ਚਾਰ ਡੰਡੇ...।"

ਜਾਂ ਫਿਰ ਇਹ ਹੋਰ ਥਾਣੇਦਾਰ ਅਰਜਨ ਦੇ ਮਨ ਦੀ ਭੁੱਖ ਦਾ ਨਮੂਨਾ... ਜੋ ਨਿੰਮੋ ਦੇ ਮਨ ਦੇ ਗਲੇਸ਼ੀਅਰ ਨੂੰ ਪਿਘਲਾਉਣ ਲੱਗਾ...

"ਵਿਆਹ ਤਾਂ ਜਦੋਂ ਹੋਊ ਭਾਬੀ... ਦੇਖੀ ਜਾਊ... ਮੈਨੂੰ ਤਾਂ ਤੇਰੇ ਵੱਲ ਦੇਖ ਦੇਖ ਤਰਸ ਆਉਂਦਾ... ਖੌਰੇ ਰੱਬ ਨੇ ਮੈਨੂੰ ਤੇਰੇ ਕਰਕੇ ਈ ਭੇਜਿਆ ਹੋਵੇ...।"

ਇਸ ਤਰ੍ਹਾਂ ਦੀਆਂ ਰੰਗਾਂ-ਰਸਾਂ ਨਾਲ ਭਰਪੂਰ ਅਨੇਕਾਂ ਵਾਰਤਾਲਾਪਾਂ ਪੁਸਤਕ ਨੂੰ ਹੁਸੀਨ ਅਤੇ ਰੋਚਕ ਬਣਾ ਦਿੰਦੀਆਂ ਹਨ। ਇਸ ਲਿਖਤ ਦੇ ਨਿਵੇਕਲੇ ਲਫ਼ਜ਼ ਇਸ ਨੂੰ ਸ਼ਿੰਗਾਰਦੇ ਹਨ।

ਪਾਠਕਾਂ ਦੀ ਆਪਣੀ ਪਸੰਦ ਹੁੰਦੀ ਹੈ ਅਤੇ ਹੋਣੀ ਵੀ ਚਾਹੀਦੀ ਹੈ। 'ਗਲੇਸ਼ੀਅਰ ਪਿਘਲ ਗਿਆ' ਨੂੰ ਪੜ੍ਹਦਿਆਂ ਮੈਨੂੰ ਇੰਜ ਮਹਿਸੂਸ ਹੋਇਆ ਡਾ. ਕਰਮਜੀਤ ਨਡਾਲਾ ਆਪਣੇ ਅਤੇ ਪਾਤਰਾਂ ਦੇ ਮਨ ਦੀਆਂ ਗੱਲਾਂ ਪਾਠਕਾਂ ਦੇ ਸਨਮੁੱਖ ਕਰਨ ਵਿਚ ਸਫ਼ਲ ਹੋਇਆ ਹੈ, ਜਿਸ ਲਈ ਉਹ ਵਧਾਈ ਦਾ ਪਾਤਰ ਹੈ। ਪੰਜਾਬੀ ਸਾਹਿਤ ਜਗਤ ਵਿਚ ਇਸ ਨਿਵੇਕਲੀ ਪੁਸਤਕ ਦਾ ਦਿਲ ਦੇ ਦੁਆਰ ਖੋਲ੍ਹਦਿਆਂ ਸਵਾਗਤ ਕਰਨਾ ਬਣਦਾ ਹੈ!

ਜ਼ਿੰਦਗੀ ਜ਼ਿੰਦਾਬਾਦ।

# ਚਿੱਤਰਕਲਾ ਦੀ ਸੂਖ਼ਮ ਰੂਹ – ਜਰਨੈਲ ਸਿੰਘ ਆਰਟਿਸਟ

**ਬਰਸੀ 'ਤੇ ਵਿਸ਼ੇਸ਼**



***ਨਵੰਬਰ 2024 ਨੂੰ ਕੈਲੀਫੋਨਰੀਆ ਵਿਚ ਵਿਸ਼ਵ ਪੰਜਾਬੀ ਸਾਹਿਤ ਅਕੈਡਮੀ, ਕੈਲੀਫੋਰਨੀਆ ਵੱਲੋਂ ਸਾਹਿਤਕ ਕਾਨਫਰੰਸ ਕਰਵਾਈ ਗਈ। ਵਡੀ ਗਿਣਤੀ ਵਿਚ ਸਾਹਿਤਕ ਅਦੀਬ ਪਹੁੰਚੇ ਹੋਏ ਸਨ। ਇਸ ਵਿਚ ਮੈਂ ਵੀ ਹਾਜ਼ਰ ਸਾਂ। ਉਥੇ ਜਰਨੈਲ ਭਾਜੀ ਦੇ ਇਹ ਸਾਰੇ ਸਾਥੀ ਵੀ ਪਹੁੰਚੇ ਹੋਏ ਸਨ, ਜਿਨ੍ਹਾਂ ਦਾ ਹਰਦਮ ਨੇ ਇਸ ਲੇਖ ਵਿਚ ਜ਼ਿਕਰ ਕੀਤਾ ਹੈ। ਮੈਂ ਹਰਦਮ ਨੂੰ ਕਿਹਾ ਕਿ ਇਸ ਵਾਰੀ ਤੁਸੀਂ ਸਾਰਿਆਂ ਨੇ 'ਪੰਜਾਬ ਟਾਈਮਜ਼ ਨਾਈਟ' 'ਤੇ ਵੀ ਪਹੁੰਚਣਾ ਹੈ ਤਾਂ ਉਹ ਹੱਸ ਕੇ ਜਰਨੈਲ ਭਾਜੀ ਵਲ ਇਸ਼ਾਰਾ ਕਰਕੇ ਕਹਿੰਦਾ: ਫੌਜਾਂ ਦੇ 'ਜਰਨ੍ਹੈਲ' ਨੂੰ ਪੁਛ ਲਓ। ਉਨ੍ਹਾਂ ਮੇਰੇ ਨਾਲ ਵਾਅਦਾ ਵੀ ਕੀਤਾ ਪਰ ਵਫਾ ਕਿਸੇ ਹੋਰ ਨਾਲ ਕਰ ਗਏ–ਜਸਪ੍ਰੀਤ।***

ਕਈ ਵਾਰ ਕੁਝ ਮੁਲਾਕਾਤਾਂ ਸਿਰਫ਼ ਮਿਲਾਪ ਨਹੀਂ ਰਹਿੰਦੀਆਂ, ਉਹ ਮਨ ਦੀ ਦਿਸ਼ਾ ਤੈਅ ਕਰ ਦਿੰਦੀਆਂ ਹਨ। ਮੇਰਾ ਜਰਨੈਲ ਸਿੰਘ ਆਰਟਿਸਟ ਨਾਲ ਪਹਿਲਾ ਮਿਲਾਪ ਸਰੀ ਵਿਚ ਉਨ੍ਹਾਂ ਦੀ ਆਰਟ ਗੈਲਰੀ ਵਿਚ ਹੋਇਆ। ਇੱਕ ਅਜਿਹਾ ਅਨੁਭਵ ਜੋ ਮੇਰੇ ਮਨ ਵਿਚ ਸਦੀਵੀ ਛਾਪ ਛੱਡ ਗਿਆ। ਉਸ ਸਮੇਂ ਉਨ੍ਹਾਂ ਦੇ ਨਾਲ ਪ੍ਰਸਿੱਧ ਨਾਵਲਕਾਰ ਜਰਨੈਲ ਸਿੰਘ ਸੇਖਾ ਦੀ ਹਾਜ਼ਰੀ ਨੇ ਉਨ੍ਹਾਂ ਪਲਾਂ ਨੂੰ ਹੋਰ ਵੀ ਅਰਥਪੂਰਨ ਬਣਾ ਦਿੱਤਾ।

ਜਰਨੈਲ ਸਿੰਘ ਆਰਟਿਸਟ ਦੀ ਕਲਾ ਨਾਲ ਮੇਰੀ ਜਾਣ-ਪਛਾਣ ਪੰਜਾਬ ਵਿਚ ਰਹਿੰਦਿਆਂ ਹੀ ਹੋ ਚੁੱਕੀ ਸੀ। ਅਖ਼ਬਾਰਾਂ, ਰਸਾਲਿਆਂ ਅਤੇ ਵਿਸ਼ੇਸ਼ ਤੌਰ 'ਤੇ ਰੋਜ਼ਾਨਾ ਅਜੀਤ ਵਿਚ ਛਪਣ ਵਾਲੇ ਨਵੇਂ ਸਾਲ ਦੇ ਕੈਲੰਡਰਾਂ ਰਾਹੀਂ ਉਨ੍ਹਾਂ ਦੀ ਚਿੱਤਰਕਲਾ ਪੰਜਾਬੀ ਸਭਿਆਚਾਰ ਦੀ ਜੀਵੰਤ ਤਸਵੀਰ ਬਣ ਕੇ



**ਹਰਦਮ ਮਾਨ**
**ਫੋਨ: +1-604-308-6663**

ਸਾਹਮਣੇ ਆਉਂਦੀ ਰਹੀ। ਪਿੰਡਾਂ ਦੀ ਜ਼ਿੰਦਗੀ, ਲੋਕਧਾਰਾ, ਤਿਉਹਾਰ ਅਤੇ ਆਸਥਾ, ਸਭ ਕੁਝ ਉਨ੍ਹਾਂ ਦੇ ਬੁਰਸ਼ ਦੀ ਛੋਹ ਨਾਲ ਕੈਨਵਸ 'ਤੇ ਜਿਵੇਂ ਸਾਕਾਰ ਹੋ ਜਾਂਦੇ ਸਨ। ਗੁਰਪੁਰਬਾਂ ਦੇ ਪਾਵਨ ਮੌਕਿਆਂ 'ਤੇ ਛਪਣ ਵਾਲੇ ਕੈਲੰਡਰਾਂ ਵਿਚ ਵੀ ਉਨ੍ਹਾਂ ਦੇ ਚਿੱਤਰ ਮਨ ਨੂੰ ਸ਼ਾਂਤੀ ਅਤੇ ਸਤਿਕਾਰ ਨਾਲ ਭਰ ਦਿੰਦੇ ਸਨ।

ਸਰੀ ਵਿਚ ਹੋਈ ਪਹਿਲੀ ਮੁਲਾਕਾਤ ਨੇ ਜਰਨੈਲ ਸਿੰਘ ਆਰਟਿਸਟ ਨੂੰ ਮੇਰੇ ਲਈ ਸਿਰਫ਼ ਇੱਕ ਮਹਾਨ ਕਲਾਕਾਰ ਨਹੀਂ, ਸਗੋਂ ਇੱਕ ਸੰਵੇਦਨਸ਼ੀਲ ਮਨੁੱਖ ਵਜੋਂ ਵੀ ਉਜਾਗਰ ਕੀਤਾ। ਗੱਲ 2013 ਦੀ ਹੈ। ਮੈਂ ਪਰਿਵਾਰ ਸਮੇਤ ਨਵਾਂ-ਨਵਾਂ ਸਰੀ (ਕਨੇਡਾ) ਵਿਚ ਆਇਆ ਸਾਂ। ਪਰਦੇਸ ਦੀ ਧਰਤੀ 'ਤੇ ਨਵੇਂ ਆਏ ਹੋਣ ਕਰਕੇ ਮੇਰੇ ਮਨ ਵਿਚ ਜੋ ਅਸਥਿਰਤਾ ਅਤੇ ਚਿੰਤਾ ਸੀ, ਉਸ ਨੂੰ ਜਰਨੈਲ ਸਿੰਘ ਦੀ ਸਨੇਹੀ ਗੱਲਬਾਤ ਨੇ ਹੌਲੀ-ਹੌਲੀ ਹਲਕਾ ਕਰ ਦਿੱਤਾ। ਉਨ੍ਹਾਂ ਨੇ ਆਪਣੇ ਕਨੇਡਾ ਆਉਣ ਦੇ ਸ਼ੁਰੂਆਤੀ ਦਿਨਾਂ ਦੀ ਤਸਵੀਰ ਮੇਰੇ ਸਾਹਮਣੇ ਰੱਖੀ ਕਿ ਜਦੋਂ ਸੰਨ 2000 ਵਿਚ ਉਹ ਇੱਥੇ ਆਏ ਤਾਂ ਕਈ ਵਾਰ ਇਹ ਅਹਿਸਾਸ ਹੁੰਦਾ ਸੀ ਕਿ ਕਿੱਥੇ ਆ ਕੇ ਫਸ ਗਏ ਹਾਂ। ਪਰ ਸਮੇਂ ਦੇ ਨਾਲ ਹਾਲਾਤ ਵੀ ਬਦਲੇ, ਮਾਹੌਲ ਵੀ ਬਣਿਆ ਅਤੇ ਕਲਾ ਤੇ ਸਾਹਿਤ ਦੇ ਪ੍ਰੇਮੀਆਂ ਦੀ ਸੰਗਤ ਨੇ ਉਨ੍ਹਾਂ ਨੂੰ ਨਵਾਂ ਹੌਸਲਾ ਦਿੱਤਾ।

ਉਨ੍ਹਾਂ ਦੇ ਇਹ ਸ਼ਬਦ ਕਿ 'ਹਰ ਨਵਾਂ ਆਇਆ ਬੰਦਾ ਸ਼ੁਰੂ ਵਿਚ ਅਜਿਹੀਆਂ ਮੁਸ਼ਕਿਲਾਂ ਵਿਚੋਂ ਲੰਘਦਾ ਹੈ, ਪਰ ਸਮਾਂ ਸਭ ਕੁਝ ਸੁਧਾਰ ਲੈਂਦਾ ਹੈ' ਮੇਰੇ ਲਈ ਹੌਂਸਲੇ ਦੀ ਤਾਕਤ ਬਣ ਗਏ। ਇਹ ਸਿਰਫ਼ ਦਿਲਾਸਾ ਨਹੀਂ ਸੀ, ਸਗੋਂ ਤਜਰਬੇ ਦੇ ਸੱਚੇ ਬੋਲ ਸਨ। ਉਨ੍ਹਾਂ ਵੱਲੋਂ ਦਿੱਤਾ ਗਿਆ ਦਿਲੀ ਸਹਾਰਾ, ਉਨ੍ਹਾਂ ਦੀ ਕਲਾ ਵਾਂਗ ਹੀ ਗਹਿਰਾ ਅਤੇ ਅਰਥਪੂਰਨ ਸੀ। ਇਸ ਯਾਦਗਾਰੀ ਮਿਲਣੀ ਸਮੇਂ ਜਰਨੈਲ ਸਿੰਘ ਆਰਟਿਸਟ ਅਤੇ ਜਰਨੈਲ ਸਿੰਘ ਸੇਖਾ ਵੱਲੋਂ ਲੇਖਕ ਮੰਚ ਵੈਨਕੂਵਰ ਦੇ ਲੇਖਕਾਂ ਦੀ ਇਕ ਸੰਪਾਦਿਤ ਕਿਤਾਬ ਅਤੇ ਯਾਦਗਾਰੀ ਪੈੱਨ ਭੇਟ ਕਰ ਕੇ ਮੈਨੂੰ ਮਾਣ ਬਖ਼ਸ਼ਿਆ ਗਿਆ। ਇਹ ਤੋਹਫਾ ਮੇਰੇ ਲਈ ਸਿਰਫ਼ ਇਕ ਯਾਦਗਾਰ ਨਹੀਂ, ਸਗੋਂ ਸਨੇਹ, ਸਾਥ ਅਤੇ ਸੱਭਿਆਚਾਰਕ ਸਾਂਝ ਦਾ ਪ੍ਰਤੀਕ ਹੈ।

ਉਨ੍ਹਾਂ ਦੀ ਨਿੱਘੀ ਅਤੇ ਪਿਆਰੀ ਸ਼ਖ਼ਸੀਅਤ ਅਕਸਰ ਹੀ ਉਨ੍ਹਾਂ ਦੀ ਆਰਟ ਗੈਲਰੀ ਵਿਚ ਖਿੱਚ ਲਿਆਉਂਦੀ ਸੀ। ਇਹ ਆਰਟ ਗੈਲਰੀ ਅਸਲ ਵਿਚ ਸਰੀ ਸ਼ਹਿਰ ਵਿਚ ਕਲਾ ਅਤੇ ਸਾਹਿਤ ਦਾ ਉਹ ਮੱਕਾ ਹੈ, ਜਿੱਥੇ ਪਹੁੰਚ ਕੇ ਹਰ ਕਲਾਕਾਰ, ਸਾਹਿਤਕਾਰ ਅਤੇ ਵਿਦਵਾਨ ਆਪਣੇ ਕਨੇਡਾ ਦੌਰੇ ਦੀ ਵੱਡੀ ਪ੍ਰਾਪਤੀ ਸਮਝਦਾ ਹੈ। ਇਹ ਗੈਲਰੀ ਸਿਰਫ਼ ਇਕ ਨੁਮਾਇਸ਼ੀ ਜਗ੍ਹਾ ਨਹੀਂ, ਸਗੋਂ ਪੰਜਾਬੀ ਸੱਭਿਆਚਾਰ, ਸੋਚ ਅਤੇ ਰਚਨਾਤਮਕਤਾ ਦੀ ਧੜਕਦੀ ਰਗ ਹੈ। ਅਜਿਹਾ ਕਦੇ ਵਾਪਰਿਆ ਨਹੀਂ ਕਿ ਪੰਜਾਬ ਜਾਂ ਦੁਨੀਆ ਦੇ ਕਿਸੇ ਹੋਰ ਕੋਨੇ 'ਤੋਂ ਸਰੀ ਆਇਆ ਕੋਈ ਕਲਾਕਾਰ, ਲੇਖਕ ਜਾਂ ਬੁੱਧੀਜੀਵੀ ਜਰਨੈਲ ਆਰਟ ਗੈਲਰੀ ਦੇ ਦਰਸ਼ਨ ਕੀਤੇ ਬਿਨਾਂ ਵਾਪਸ ਮੁੜ ਗਿਆ ਹੋਵੇ।


ਬਾਹਰੋਂ ਆਏ ਹਰ ਸਾਹਿਤਕਾਰ ਅਤੇ ਕਲਾਕਾਰ ਲਈ ਜਰਨੈਲ ਆਰਟ ਗੈਲਰੀ ਉਹ ਮੰਚ ਬਣ ਗਿਆ ਜਿੱਥੇ ਉਹ ਸਰੋਤਿਆਂ, ਲੇਖਕਾਂ ਅਤੇ ਪਾਠਕਾਂ ਦੇ ਰੂਬਰੂ ਹੋ ਕੇ ਆਪਣੀ ਰਚਨਾਤਮਕ ਯਾਤਰਾ ਸਾਂਝੀ ਕਰਦਾ ਹੈ। ਇੱਥੇ ਹੋਈ ਹਰ ਸਾਹਿਤਕ ਜਾਂ ਕਲਾਤਮਕ ਮਿਲਣੀ ਵਿਚਾਰਾਂ ਦੀ ਹੀ ਨਹੀਂ, ਸਗੋਂ ਦਿਲਾਂ ਦੀ ਸਾਂਝ ਵੀ ਪੁਆਉਂਦੀ ਹੈ। ਇਸ ਗੈਲਰੀ ਵਿਚ ਹੋਣ ਵਾਲੀਆਂ ਬੈਠਕਾਂ ਪੰਜਾਬੀ ਸਾਹਿਤ ਅਤੇ ਕਲਾ ਦੇ ਇਤਿਹਾਸ ਦਾ ਅਟੁੱਟ ਹਿੱਸਾ ਬਣ ਗਈਆਂ ਹਨ। ਇਨ੍ਹਾਂ ਸਾਹਿਤਕ ਮਹਿਫ਼ਿਲਾਂ ਦੀ ਸਭ ਤੋਂ ਵੱਖਰੀ ਤੇ ਯਾਦਗਾਰੀ ਗੱਲ ਸੀ, ਜਰਨੈਲ ਸਿੰਘ ਆਰਟਿਸਟ ਦੀ ਨਿੱਘੀ ਅਤੇ ਨਿਸ਼ਕਾਮ ਮੇਜ਼ਬਾਨੀ। ਉਹ ਖ਼ੁਦ ਆਪਣੇ ਹੱਥੀਂ ਚਾਹ ਤਿਆਰ ਕਰਦੇ, ਮੇਜ਼ ਉੱਤੇ ਪੰਜਾਬੀ ਬਿਸਕੁਟਾਂ ਦਾ ਸੁਚੱਜਾ ਭੰਡਾਰ ਸਜਾਉਂਦੇ ਅਤੇ ਹਰ ਇਕ ਮਹਿਮਾਨ ਨੂੰ ਪਿਆਰ ਨਾਲ ਚਾਹ ਪਰੋਸਦੇ। ਇਹ ਸਾਦਗੀ ਭਰੀ ਸੇਵਾ ਸਿਰਫ਼ ਮਹਿਮਾਨ ਨਿਵਾਜ਼ੀ ਨਹੀਂ ਸੀ, ਸਗੋਂ ਸਾਹਿਤ ਅਤੇ ਕਲਾ ਪ੍ਰਤੀ





ਉਨ੍ਹਾਂ ਦੀ ਡੂੰਘੀ ਨਿਸ਼ਠਾ ਦਾ ਪ੍ਰਗਟਾਵਾ ਸੀ।

ਸਾਹਿਤਕ ਮਿਲਣੀਆਂ ਤੋਂ ਇਲਾਵਾ, ਵੈਨਕੂਵਰ ਵਿਚਾਰ ਮੰਚ ਦੇ ਮੈਂਬਰਾਂ ਦੀਆਂ ਮਹਿਫ਼ਿਲਾਂ ਵੀ ਅਕਸਰ ਜਰਨੈਲ ਆਰਟ ਗੈਲਰੀ ਵਿਚ ਸਜਦੀਆਂ ਰਹਿੰਦੀਆਂ ਸਨ। ਇਨ੍ਹਾਂ ਮਹਿਫ਼ਿਲਾਂ ਦੌਰਾਨ ਕਲਾ, ਸਾਹਿਤ, ਕਲਾਸੀਕਲ ਫ਼ਿਲਮਾਂ ਅਤੇ ਹੋਰ ਸੱਭਿਆਚਾਰਕ ਸਰਗਰਮੀਆਂ ਬਾਰੇ ਗੰਭੀਰ ਤੇ ਅਰਥਪੂਰਨ ਵਿਚਾਰ-ਵਟਾਂਦਰਾ ਹੁੰਦਾ ਰਹਿੰਦਾ। ਇਹ ਬੈਠਕਾਂ ਸਿਰਫ਼ ਬੌਧਿਕ ਚਰਚਾ ਤੱਕ ਸੀਮਿਤ ਨਾ ਰਹਿੰਦੀਆਂ, ਸਗੋਂ ਨਵੀਂ ਸੋਚ, ਨਵੇਂ ਦ੍ਰਿਸ਼ਟਿਕੋਣ ਅਤੇ ਰਚਨਾਤਮਕ ਪ੍ਰੇਰਣਾ ਨੂੰ ਜਨਮ ਦਿੰਦੀਆਂ ਸਨ। ਇਸ ਤਰ੍ਹਾਂ ਜਰਨੈਲ ਆਰਟ ਗੈਲਰੀ ਅਤੇ ਜਰਨੈਲ ਸਿੰਘ ਆਰਟਿਸਟ ਦੀ ਮੇਜ਼ਬਾਨੀ ਨੇ ਸਰੀ ਨੂੰ ਕਨੇਡਾ ਦੇ ਸਾਹਿਤਕ ਤੇ



ਸੱਭਿਆਚਾਰਕ ਨਕਸ਼ੇ 'ਤੇ ਇੱਕ ਵਿਲੱਖਣ ਪਛਾਣ ਦਿੱਤੀ। ਇਹ ਥਾਂ ਸਿਰਫ਼ ਇਮਾਰਤ ਨਹੀਂ ਰਹੀ, ਸਗੋਂ ਕਲਾ, ਸਾਹਿਤ ਅਤੇ ਮਨੁੱਖੀ ਸਾਂਝ ਦਾ ਜਿਉਂਦਾ ਜਾਗਦਾ ਪ੍ਰਤੀਕ ਬਣ ਗਈ।

ਜਰਨੈਲ ਸਿੰਘ ਆਰਟਿਸਟ ਸਿਰਫ਼ ਚਿੱਤਰਕਾਰ ਹੀ ਨਹੀਂ, ਉਹ ਇੱਕ ਬਹੁਪੱਖੀ ਤੇ ਵਿਸ਼ਵ ਦ੍ਰਿਸ਼ਟੀ ਦੇ ਮਾਲਕ ਅਤੇ ਬਹੁਤ ਹੀ ਗਿਆਨਵਾਨ ਵਿਅਕਤੀ ਸਨ। ਉਨ੍ਹਾਂ ਨੇ ਪੰਜਾਬੀ ਅਤੇ ਵਿਸ਼ਵ ਕਲਾਸੀਕਲ ਸਾਹਿਤ ਦਾ ਡੂੰਘਾ ਅਧਿਐਨ ਕੀਤਾ ਅਤੇ ਇਹ ਗਿਆਨ ਉਨ੍ਹਾਂ ਦੇ ਜੀਵਨ, ਰਚਨਾ ਅਤੇ ਵਿਚਾਰਾਂ ਵਿਚ ਸਾਫ਼ ਨਜ਼ਰ ਆਉਂਦਾ ਸੀ। ਉਨ੍ਹਾਂ ਦੀਆਂ ਕਲਾਕ੍ਰਿਤਾਂ ਵਿਚ ਸਿਰਫ਼ ਰੰਗ ਅਤੇ ਰੂਪ ਨਹੀਂ, ਸਗੋਂ ਇਤਿਹਾਸਕ ਲਹਿਰਾਂ ਅਤੇ ਕਲਾ ਦੀ ਗਹਿਰਾਈ ਵੀ ਪ੍ਰਗਟ ਹੁੰਦੀ ਹੈ। ਉਨ੍ਹਾਂ ਦੀ ਫ਼ਿਲਮਾਂ ਬਾਰੇ ਜਾਣਕਾਰੀ ਵੀ ਬੇਮਿਸਾਲ ਸੀ। ਖ਼ਾਸ ਕਰਕੇ ਕਲਾਤਮਕ ਅਤੇ ਕਲਾਸੀਕਲ ਫ਼ਿਲਮਾਂ ਉਨ੍ਹਾਂ ਦੀ ਦਿਲਚਸਪੀ ਦਾ ਕੇਂਦਰ ਰਹੀਆਂ। ਕਿਸੇ ਵੀ ਫ਼ਿਲਮ ਦੀ ਚੋਣ, ਉਸ ਦੀ ਕਥਾ, ਕੈਮਰੇ ਦੀ ਭਾਸ਼ਾ ਅਤੇ ਦ੍ਰਿਸ਼ਟੀਕੋਣ ਬਾਰੇ ਉਹ ਬਹੁਤ ਗੰਭੀਰਤਾ ਨਾਲ ਗੱਲ ਕਰਦੇ। ਕਲਾ ਦੇ ਹਰ ਰੂਪ ਨੂੰ ਉਹ ਸਮਝਦੇ, ਮਾਣਦੇ ਅਤੇ ਜਿਉਂਦੇ ਸਨ। ਜਰਨੈਲ ਆਰਟ ਗੈਲਰੀ ਵਿਚ ਕਈ ਵਾਰ ਫ਼ਿਲਮਾਂ, ਕਲਾ ਅਤੇ ਸਾਹਿਤ ਬਾਰੇ ਹੋਣ ਵਾਲੀਆਂ ਪ੍ਰਦਰਸ਼ਨੀਆਂ ਅਤੇ ਚਰਚਾਵਾਂ ਵਿਚ ਉਨ੍ਹਾਂ ਦੀ ਟਿੱਪਣੀ ਵਿਚਾਰ-ਵਟਾਂਦਰੇ ਨੂੰ ਇੱਕ ਨਵਾਂ ਬੌਧਿਕ ਮੋੜ ਦਿੰਦੀ ਸੀ।

ਪੱਤਰਕਾਰੀ ਪ੍ਰਤੀ ਦਿਲਚਸਪੀ ਵੀ ਉਨ੍ਹਾਂ ਦੀ ਬਹੁਪੱਖੀ ਸ਼ਖ਼ਸੀਅਤ ਦੀ ਪਹਿਚਾਣ ਸੀ। ਪੱਤਰਕਾਰਾਂ ਦੇ ਕੰਮ, ਖ਼ਬਰਾਂ ਦੀ ਸੰਵੇਦਨਸ਼ੀਲਤਾ ਅਤੇ ਸਮਾਜਿਕ ਜ਼ਿੰਮੇਵਾਰੀ ਬਾਰੇ ਉਨ੍ਹਾਂ ਨੂੰ ਵਿਸ਼ਾਲ ਗਿਆਨ ਸੀ। ਇਸੇ ਦੂਰਦਰਸ਼ੀ ਅਤੇ ਗਿਆਨ ਦੀ ਬੁਨਿਆਦ 'ਤੇ ਉਨ੍ਹਾਂ ਨੇ ਸਰੀ ਵਿਚ ਵੱਖ-ਵੱਖ ਅਖ਼ਬਾਰਾਂ ਦੇ ਪੱਤਰਕਾਰਾਂ ਨੂੰ ਇਕੱਠਾ ਕਰਕੇ ਪੰਜਾਬੀ ਪ੍ਰੈਸ ਕਲੱਬ ਬੀਸੀ ਦੀ ਸਥਾਪਨਾ ਕੀਤੀ। ਇਹ ਸੰਸਥਾ ਪੰਜਾਬੀ ਪੱਤਰਕਾਰ ਭਾਈਚਾਰੇ ਲਈ ਇਕ ਸਾਂਝਾ ਪਲੇਟਫਾਰਮ ਬਣ ਗਈ, ਜਿੱਥੇ ਉਹ ਆਪਣੇ ਵਿਚਾਰ ਅਤੇ ਅਨੁਭਵ ਸਾਂਝੇ ਕਰਦੇ ਹਨ। ਉਹ ਇਸ ਸੰਸਥਾ ਦੇ ਫਾਊਂਡਰ ਪ੍ਰਧਾਨ ਬਣੇ ਅਤੇ ਆਪਣੇ ਅੰਤਲੇ ਸਮੇਂ ਵੀ ਉਹ ਇਸ ਸੰਸਥਾ ਦੇ ਜਨਰਲ ਸਕੱਤਰ ਵਜੋਂ ਆਪਣਾ ਫਰਜ਼ ਨਿਭਾ ਰਹੇ ਸਨ। ਇਹ ਉਨ੍ਹਾਂ ਦੀ ਨਿਸ਼ਠਾ, ਲਗਨ ਅਤੇ ਸਮਾਜਿਕ ਜ਼ਿੰਮੇਵਾਰੀ ਦਾ ਪ੍ਰਤੀਕ ਸੀ। ਇੱਕ ਵਾਰ ਮੈਂ ਉਨ੍ਹਾਂ ਨੂੰ ਹੈਰਾਨੀ ਨਾਲ ਪੁੱਛਿਆ 'ਜਰਨੈਲ ਸਿੰਘ ਜੀ, ਤੁਸੀਂ ਇੱਕ ਬਹੁਤ ਹੀ ਨਾਮਵਰ ਆਰਟਿਸਟ ਹੋ, ਫਿਰ ਪੱਤਰਕਾਰੀ ਵਿਚ ਇਹ ਦਿਲਚਸਪੀ ਕਿਵੇਂ?'

ਉਹ ਮੁਸਕਰਾ ਕੇ ਬਹੁਤ ਸਾਦਗੀ ਨਾਲ ਦੱਸਣ ਲੱਗੇ ਕਿ ਜਦੋਂ ਉਹ ਚੰਡੀਗੜ੍ਹ ਵਿਚ ਰਹਿੰਦੇ ਸਨ ਤਾਂ ਟ੍ਰਿਬਿਊਨ ਦੇ ਪੱਤਰਕਾਰਾਂ ਨਾਲ ਉਨ੍ਹਾਂ ਦੀ ਵਿਸ਼ੇਸ਼ ਦੋਸਤੀ ਸੀ। ਉਹ ਅਕਸਰ ਉਨ੍ਹਾਂ ਨਾਲ ਬੈਠ ਕੇ ਖ਼ਬਰਾਂ, ਰਿਪੋਰਟਾਂ ਅਤੇ ਸੰਵੇਦਨਸ਼ੀਲ ਵਿਸ਼ਿਆਂ 'ਤੇ ਗੱਲ ਕਰਦੇ ਸਨ। ਇਸ ਤਰ੍ਹਾਂ ਉਨ੍ਹਾਂ ਪੱਤਰਕਾਰੀ ਦੇ ਤਜਰਬੇ ਨੂੰ ਨੇੜੇ ਤੋਂ ਵਾਚਿਆ ਸੀ। ਇਸ ਅਨੁਭਵ ਨੇ ਹੀ ਉਨ੍ਹਾਂ ਨੂੰ ਸਮਾਜ ਨੂੰ ਇੱਕ ਨਵੀਂ ਨਜ਼ਰ ਨਾਲ ਵੇਖਣਾ ਸਿਖਾਇਆ ਅਤੇ ਸ਼ਾਇਦ ਇਹੀ ਨਜ਼ਰੀਆ ਉਨ੍ਹਾਂ ਦੀ ਕਲਾ, ਸੋਚ ਅਤੇ ਮੇਜ਼ਬਾਨੀ ਵਿਚ ਵੀ ਝਲਕਦਾ ਸੀ।

ਜਰਨੈਲ ਸਿੰਘ ਆਰਟਿਸਟ ਦੀ ਸ਼ਖ਼ਸੀਅਤ ਦੀ ਸਭ ਤੋਂ ਵੱਡੀ ਖ਼ੂਬੀ ਉਨ੍ਹਾਂ ਦੀ ਨਿਮਰਤਾ ਸੀ। ਏਨੀ ਉੱਚੀ ਕਲਾ-ਸਾਧਨਾ ਦੇ ਬਾਵਜੂਦ ਉਨ੍ਹਾਂ ਦੇ ਅੰਦਰ ਕਿਤੇ ਵੀ ਹਉਮੈ ਨਹੀਂ ਸੀ। ਉਹ ਘੱਟ ਬੋਲਦੇ, ਵੱਧ ਸੁਣਦੇ ਅਤੇ ਆਪਣੇ ਰੰਗਾਂ ਰਾਹੀਂ ਸਭ ਕੁਝ ਕਹਿੰਦੇ ਸਨ। ਉਨ੍ਹਾਂ ਨੂੰ ਮਿਲ ਕੇ ਇਹ ਅਹਿਸਾਸ ਹੁੰਦਾ ਸੀ ਕਿ ਅਸਲ ਵਡੱਪਣ ਸ਼ਾਂਤ ਰਹਿਣ ਵਿਚ ਹੁੰਦਾ ਹੈ। ਉਨ੍ਹਾਂ ਦੀ ਮਹਾਨਤਾ ਇਸ ਗੱਲ ਵਿਚ ਵੀ ਹੈ ਕਿ ਉਨ੍ਹਾਂ ਨੇ ਕਲਾ, ਸਾਹਿਤ, ਫ਼ਿਲਮ ਅਤੇ ਪੱਤਰਕਾਰੀ ਦੇ ਹਰ ਰੂਪ ਨੂੰ ਆਪਣੇ ਜੀਵਨ ਵਿਚ ਜੋੜ ਕੇ ਇੱਕ ਸੰਤੁਲਨ ਬਣਾਇਆ। ਜਰਨੈਲ ਆਰਟ ਗੈਲਰੀ ਵਿਚ ਹੋਣ ਵਾਲੀ ਹਰ ਮਹਿਫ਼ਿਲ ਉਨ੍ਹਾਂ ਦੀ ਵਿਸ਼ਾਲਤਾ, ਸਾਦਗੀ ਅਤੇ ਬੇਨਿਆਜ਼ ਸਮਰਪਣ ਦੀ ਗਵਾਹ ਹੈ। ਉਨ੍ਹਾਂ ਦੀ ਮੇਜ਼ਬਾਨੀ ਸਿਰਫ਼ ਯਾਦਾਂ ਵਿਚ ਹੀ ਨਹੀਂ, ਸਗੋਂ ਸਰੀ ਦੇ ਸਾਹਿਤਕ ਤੇ ਸੱਭਿਆਚਾਰਕ ਜੀਵਨ ਵਿਚ ਹਮੇਸ਼ਾ ਲਈ ਇੱਕ ਵਿਰਾਸਤ ਵਾਂਗ ਵਸ ਗਈ। ਉਨ੍ਹਾਂ ਦੀ ਆਰਟ ਗੈਲਰੀ ਵਿਚ ਹੋਣ ਵਾਲੀਆਂ ਸਾਹਿਤਕ ਬੈਠਕਾਂ ਅਤੇ ਕਲਾ ਸੰਵਾਦ ਦੀਆਂ ਯਾਦਾਂ ਸਿਰਫ਼ ਇਕ ਪੀੜ੍ਹੀ ਤੋਂ ਦੂਜੀ ਪੀੜ੍ਹੀ ਤੱਕ ਗਈਆਂ ਹੀ ਨਹੀਂ, ਸਗੋਂ ਉਹ ਸਰੀ ਦੇ ਸਾਹਿਤਕ ਜੀਵਨ ਦੀ ਪ੍ਰਾਪਤੀ ਬਣ ਗਈਆਂ। ਜਰਨੈਲ ਸਿੰਘ ਆਰਟਿਸਟ ਦੀ ਦ੍ਰਿਸ਼ਟੀ, ਉਨ੍ਹਾਂ ਦੀ ਸੇਵਾ ਅਤੇ ਉਨ੍ਹਾਂ ਦੀ ਮਿਹਨਤ ਸਾਨੂੰ ਸਿਖਾਉਂਦੀ ਹੈ ਕਿ ਕਲਾ, ਸਾਹਿਤ ਅਤੇ ਸਮਾਜਿਕ ਜ਼ਿੰਮੇਵਾਰੀ ਇਕੱਠੇ ਹੋ ਕੇ ਸਮਾਜ ਦੀ ਸੱਭਿਆਚਾਰਕ ਪਛਾਣ ਬਣਾਉਂਦੇ ਹਨ।


ਨਵੰਬਰ 2024 ਦੀ ਇਕ ਯਾਦ ਚਿਤਵਿਆਂ ਹੀ ਅਕਸਰ ਮਨ ਭਰ ਜਾਂਦਾ ਹੈ। ਗੱਲ ਹੇਵਰਡ ਸ਼ਹਿਰ ਦੀ ਹੈ। ਵਿਸ਼ਵ ਪੰਜਾਬੀ ਸਾਹਿਤ ਅਕੈਡਮੀ, ਕੈਲੀਫੋਰਨੀਆ ਵੱਲੋਂ ਉੱਥੇ ਆਪਣੀ 24ਵੀਂ ਸਾਲਾਨਾ ਸਾਹਿਤਕ ਕਾਨਫਰੰਸ ਕਰਵਾਈ ਗਈ। ਇਸ ਮੌਕੇ 'ਤੇ ਅਕੈਡਮੀ ਦੇ ਪ੍ਰਧਾਨ ਅਤੇ ਸਾਡੇ ਪਿਆਰੇ ਸ਼ਾਇਰ ਮਿੱਤਰ ਕੁਲਵਿੰਦਰ ਨੇ ਸਰੀ ਵਿਚ ਸ਼ਾਇਰ ਜਸਵਿੰਦਰ, ਰਾਜਵੰਤ ਰਾਜ, ਪ੍ਰੀਤ ਮਨਪ੍ਰੀਤ, ਹਰਦਮ ਮਾਨ, ਕ੍ਰਿਸ਼ਨ ਭਨੋਟ, ਜਰਨੈਲ ਸਿੰਘ ਆਰਟਿਸਟ, ਗੁਰਦੀਪ ਭੁੱਲਰ, ਸਤੀਸ਼ ਗੁਲਾਟੀ, ਕਰਤਾਰ ਸਿੰਘ ਰੋਡੇ ਅਤੇ ਹਰਿੰਦਰਜੀਤ ਸੰਧੂ ਨੂੰ ਇਸ ਕਾਨਫਰੰਸ ਵਿਚ ਸ਼ਾਮਲ ਹੋਣ ਲਈ ਵਿਸ਼ੇਸ਼ ਤੌਰ 'ਤੇ ਸੱਦਾ ਭੇਜਿਆ। ਜਰਨੈਲ ਸਿੰਘ ਆਰਟਿਸਟ ਨੇ ਉੱਥੇ ਦੋ ਦਿਨ ਆਪਣੀਆਂ ਕਲਾਕ੍ਰਿਤਾਂ ਦੀ ਨੁਮਾਇਸ਼ ਲਾਈ ਜਿਸ ਵਿਚ ਕੈਲੀਫੋਰਨੀਆ ਦੇ ਪੰਜਾਬੀਆਂ ਨੇ ਵਿਸ਼ੇਸ਼ ਦਿਲਚਸਪੀ ਦਿਖਾਈ। ਇਸ ਕਾਨਫਰੰਸ ਦੇ ਚਾਹ ਸੈਸ਼ਨ ਦੌਰਾਨ ਮੈਂ, ਹਰਿੰਦਰਜੀਤ ਸੰਧੂ ਅਤੇ ਜਰਨੈਲ ਸਿੰਘ ਆਰਟਿਸਟ ਆਪਸ ਵਿਚ ਬੈਠੇ ਗੱਲਾਂ ਕਰ ਰਹੇ ਸੀ। ਅਚਾਨਕ ਜਰਨੈਲ ਸਿੰਘ ਨੇ ਕਿਹਾ 'ਮਾਨ ਸਾਅਬ, ਇੱਥੇ ਸਰੀ ਦੇ ਕਈ ਲੇਖਕ ਅਤੇ ਕਲਾਕਾਰ ਆਏ ਹਨ ਤੇ ਕਿਉਂ ਨਾ ਸਾਰਿਆਂ ਨੂੰ ਬੁਲਾ ਕੇ ਇਕ ਯਾਦਗਾਰੀ ਫੋਟੋ ਕਰਵਾ ਲਈਏ। ਯਾਦਾਂ ਹੀ ਰਹਿ ਜਾਂਦੀਆਂ..।' ਮੈਂ ਤੁਰੰਤ ਸਰੀ ਦੇ ਸਾਰੇ ਦੋਸਤਾਂ ਨੂੰ ਇਕੱਠਾ ਕਰ ਕੇ ਇਕ ਤਸਵੀਰ ਖਿੱਚਵਾਈ। ਜਰਨੈਲ ਸਿੰਘ ਦੇ ਮੂੰਹੋਂ ਨਿਕਲੇ ਬੋਲਾਂ ਅਨੁਸਾਰ ਇਹ ਤਸਵੀਰ ਸੱਚਮੁੱਚ ਹੀ ਯਾਦਗਾਰੀ ਅਤੇ ਅਮਰ ਬਣ ਗਈ।

ਦਸੰਬਰ 2024 ਵਿਚ ਜਰਨੈਲ ਸਿੰਘ ਆਰਟਿਸਟ ਨੇ ਆਪਣੀ ਪੰਜਾਬ ਯਾਤਰਾ ਦਾ ਪ੍ਰੋਗਰਾਮ ਸਾਂਝਾ ਕੀਤਾ ਤਾਂ ਵੈਨਕੂਵਰ ਵਿਚਾਰ ਮੰਚ ਦੇ ਸਾਰੇ ਮਿੱਤਰਾਂ ਨੇ ਉਨ੍ਹਾਂ ਨਾਲ ਇੱਕ ਮਹਿਫ਼ਿਲ ਰਚਾਉਣ ਦਾ ਪ੍ਰੋਗਰਾਮ ਉਲੀਕ ਲਿਆ। ਜਰਨੈਲ ਸਿੰਘ ਆਰਟਿਸਟ ਤੋਂ ਇਲਾਵਾ ਜਰਨੈਲ ਸਿੰਘ ਸੇਖਾ, ਮੋਹਨ ਗਿੱਲ, ਅੰਗਰੇਜ਼ ਬਰਾੜ, ਹਰਦਮ ਮਾਨ, ਪਰਮਜੀਤ ਸਿੰਘ ਸੇਖੋਂ, ਅੰਤਰ ਪੰਮਾ ਅਤੇ ਤਰਲੋਚਨ ਤਰਨਤਾਰਨ ਇਸ ਮਹਿਫ਼ਿਲ ਵਿਚ ਹਾਜਰ ਹੋਏ। ਮਹਿਫ਼ਿਲ ਵਿਚ ਜਰਨੈਲ ਸਿੰਘ ਦੇ ਟੂਰ ਅਤੇ ਪੰਜਾਬ ਨਾਲ ਸਬੰਧਤ ਵਿਸ਼ਿਆਂ 'ਤੇ ਚਰਚਾ ਹੁੰਦੀ ਰਹੀ। ਮਹਿਫ਼ਿਲ ਦੌਰਾਨ ਅੰਤਰ ਪੰਮਾ ਨੇ ਕਿਹਾ ਕਿ ਪੰਜਾਬ ਜਾਣ ਤੋਂ ਪਹਿਲਾਂ ਉਹ ਵੀ ਜਰਨੈਲ ਸਿੰਘ ਆਰਟਿਸਟ ਦੇ ਮਾਣ ਵਿਚ ਇਕ ਪਾਰਟੀ ਰੱਖਣਾ ਚਾਹੁੰਦੇ ਹਨ। 8 ਦਸੰਬਰ 2024 ਦਾ ਦਿਨ ਨਿਸ਼ਚਤ ਕਰ ਲਿਆ, 10 ਦਸੰਬਰ ਨੂੰ ਤਾਂ ਜਰਨੈਲ ਸਿੰਘ ਨੇ ਪੰਜਾਬ ਲਈ ਰਵਾਨਾ ਹੋ ਜਾਣਾ ਸੀ। ਜਰਨੈਲ ਸਿੰਘ ਸੇਖਾ, ਜਰਨੈਲ ਸਿੰਘ ਆਰਟਿਸਟ, ਮੋਹਨ ਗਿੱਲ, ਹਰਦਮ ਮਾਨ, ਅੰਗਰੇਜ਼ ਬਰਾੜ, ਗੁਰਮੇਲ ਰਾਏ ਅਤੇ ਹੋਰ ਕੁਝ ਮਿੱਤਰ ਅੰਤਰ ਪੰਮਾ ਦੇ ਨਿਵਾਸ 'ਤੇ ਇਕੱਠੇ ਹੋ ਗਏ। ਇਹ ਮਹਿਫ਼ਿਲ ਖ਼ੂਬ ਯਾਦਗਾਰੀ ਬਣੀ ਅਤੇ ਸਾਰੇ ਮਿੱਤਰਾਂ ਨੇ ਜਰਨੈਲ ਨੂੰ ਪੰਜਾਬ ਯਾਤਰਾ ਲਈ ਦਿਲੀ ਸ਼ੁੱਭ ਕਾਮਨਾਵਾਂ ਦਿੱਤੀਆਂ।

ਜਰਨੈਲ ਸਿੰਘ ਆਰਟਿਸਟ ਚੰਡੀਗੜ੍ਹ ਪਹੁੰਚੇ ਗਏ। ਕੁਝ ਦਿਨਾਂ ਬਾਅਦ ਪਤਾ ਲੱਗਿਆ ਕਿ ਉਨ੍ਹਾਂ ਦੀ ਸਿਹਤ ਠੀਕ ਨਹੀਂ। ਮੋਹਨ ਗਿੱਲ, ਅੰਗਰੇਜ਼ ਬਰਾੜ ਅਤੇ ਮੈਂ ਵੀ ਫਰਵਰੀ-ਮਾਰਚ 2025 ਵਿਚ ਪੰਜਾਬ ਵਿਚ ਹੀ ਸਾਂ। ਮੋਹਨ ਗਿੱਲ ਦਾ ਫੋਨ ਆਇਆ ਕਿ ਜਰਨੈਲ ਦੀ ਬੀਮਾਰੀ ਗੰਭੀਰ ਹੈ ਅਤੇ ਉਹ ਫੋਰਟਿਸ ਹਸਪਤਾਲ ਵਿਚ ਜ਼ੇਰੇ-ਇਲਾਜ ਹਨ। ਫਿਰ 11 ਫਰਵਰੀ ਨੂੰ ਮਨਹੂਸ ਖ਼ਬਰ ਮਿਲੀ ਕਿ ਉਹ ਸਾਡੇ ਕੋਲੋਂ ਸਦੀਵੀ ਤੌਰ 'ਤੇ ਰੁਖਸਤ ਹੋ ਗਏ। ਸੱਚ ਨਹੀਂ ਆ ਰਿਹਾ ਸੀ ਕਿ ਦੋ ਮਹੀਨੇ ਪਹਿਲਾਂ ਹੱਸਦਾ ਖੇਡਦਾ ਆਇਆ ਸਾਡਾ ਪਿਆਰਾ ਆਰਟਿਸਟ ਇਉਂ ਸਦੀਵੀ ਤੌਰ 'ਤੇ ਅੱਖਾਂ ਮੀਚ ਜਾਵੇਗਾ। ਪਰ ਮੌਤ ਦੇ ਸੱਚ ਨੂੰ ਕੌਣ ਝੁਠਲਾ ਸਕਦੈ। ਅੰਤਰ ਪੰਮਾ ਦੇ ਘਰ ਉਨ੍ਹਾਂ ਨਾਲ ਬਿਤਾਏ ਪਲ ਵੈਨਕੂਵਰ ਵਿਚਾਰ ਮੰਚ ਦੇ ਸਾਰੇ ਮਿੱਤਰਾਂ ਲਈ ਆਖਰੀ ਅਤੇ ਬੇਹੱਦ ਯਾਦਗਾਰੀ ਪਲ ਬਣ ਗਏ।

ਅੱਜ ਜਦੋਂ ਮੈਂ ਉਨ੍ਹਾਂ ਨੂੰ ਯਾਦ ਕਰਦਾ ਹਾਂ, ਉਹ ਸਿਰਫ਼ ਇੱਕ ਕਲਾਕਾਰ ਹੀ ਨਹੀਂ, ਸਗੋਂ ਮੇਰੇ ਲਈ ਜੀਵੰਤ ਪ੍ਰੇਰਣਾ ਅਤੇ ਸਰੀ ਦੀ ਸਾਹਿਤਕ ਆਤਮਾ ਦਾ ਇੱਕ ਅਮਰ ਹਿੱਸਾ ਹਨ। ਉਨ੍ਹਾਂ ਨੇ ਸਾਡੇ ਸਾਹਿਤਕ, ਕਲਾਤਮਿਕ ਅਤੇ ਸਮਾਜਿਕ ਜੀਵਨ ਨੂੰ ਇੱਕ ਅਜਿਹਾ ਦ੍ਰਿਸ਼ਟੀਕੋਣ ਦਿੱਤਾ ਜੋ ਸਦੀਵੀ ਹੈ। ਉਨ੍ਹਾਂ ਦੀਆਂ ਯਾਦਾਂ ਸਿਰਫ਼ ਕਲਾ ਦੇ ਰੰਗਾਂ ਵਿਚ ਨਹੀਂ, ਸਗੋਂ ਦਿਲਾਂ ਵਿਚ ਵੀ ਜਿਉਂਦੀਆਂ ਹਨ। ਇਹ ਯਾਦਾਂ ਹਰ ਕਲਾਕਾਰ, ਸਾਹਿਤਕਾਰ, ਵਿਦਵਾਨ, ਕਲਾ-ਪ੍ਰੇਮੀ ਅਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਪ੍ਰੇਰਣਾ ਦਾ ਸੋਮਾ ਬਣੀਆਂ ਰਹਿਣਗੀਆਂ। ਜਰਨੈਲ ਸਿੰਘ ਸਾਡੇ ਦਰਮਿਆਨ ਸਰੀਰਕ ਤੌਰ 'ਤੇ ਨਹੀਂ ਰਹੇ ਪਰ ਉਹ ਹਰ ਉਸ ਅੱਖ ਵਿਚ ਜ਼ਿੰਦਾ ਰਹਿਣਗੇ ਜੋ ਉਨ੍ਹਾਂ ਦੀ ਕਲਾ ਨੂੰ ਮਹਿਸੂਸ ਕਰਦੀ ਹੈ। ਉਨ੍ਹਾਂ ਦੇ ਰੰਗ ਅਜੇ ਵੀ ਬੋਲਦੇ ਹਨ, ਉਨ੍ਹਾਂ ਦੇ ਚਿੱਤਰ ਅਜੇ ਵੀ ਸਵਾਲ ਪੁੱਛਦੇ ਹਨ ਅਤੇ ਉਨ੍ਹਾਂ ਦੀ ਚੁੱਪ ਅਜੇ ਵੀ ਸਾਨੂੰ ਬਹੁਤ ਕੁਝ ਸਿਖਾਉਂਦੀ ਹੈ।

# ਗੁਰਬਾਣੀ ਦੀ ਤੁਕ – 'ਏਤੀ ਮਾਰ ਪਈ ਕਰਲਾਣੇ, ਤੈਂ ਕੀ ਦਰਦੁ ਨ ਆਇਆ' ਦੇ ਸਹੀ ਮਾਅਨੇ



ਡਾ. ਹਰਜਿੰਦਰ ਸਿੰਘ ਦਿਲਗੀਰ
ਰਚੇਤਾ: 'ਨਵਾਂ ਤੇ ਵਡਾ ਮਹਾਨ ਕੋਸ਼'

ਪਹਿਲਾਂ ਸਾਰਾ ਸ਼ਬਦ ਪੜ੍ਹੀਏ:

(1) ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨੁ ਡਰਾਇਆ॥
(2) ਆਪੈ ਦੋਸੁ ਨ ਦੇਈ ਕਰਤਾ ਜਮੁ ਕਰਿ ਮੁਗਲੁ ਚੜਾਇਆ॥
(3) ਏਤੀ ਮਾਰ ਪਈ ਕਰਲਾਣੇ ਤੈਂ ਕੀ ਦਰਦੁ ਨ ਆਇਆ॥1॥
(4) ਕਰਤਾ ਤੂੰ ਸਭਨਾ ਕਾ ਸੋਈ॥
(5) ਜੇ ਸਕਤਾ ਸਕਤੇ ਕਉ ਮਾਰੇ ਤਾ ਮਨਿ ਰੋਸੁ ਨ ਹੋਈ ॥1॥ ਰਹਾਉ॥
(6) ਸਕਤਾ ਸੀਹੁ ਮਾਰੇ ਪੈ ਵਗੈ ਖਸਮੈ ਸਾ ਪੁਰਸਾਈ॥ ...
(7) ਰਤਨ ਵਿਗਾੜਿ ਵਿਗੋਏ ਕੁਤੀ ਮੁਇਆ ਸਾਰ ਨ ਕਾਈ॥
(ਆਪੇ ਜੋੜਿ ਵਿਛੋੜੇ ਆਪੇ ਵੇਖੁ ਤੇਰੀ ਵਡਿਆਈ ॥2॥
(9) ਜੇ ਕੋ ਨਾਉ ਧਰਾਏ ਵਡਾ ਸਾਦ ਕਰੇ ਮਨਿ ਭਾਣੇ॥
(10) ਖਸਮੈ ਨਦਰੀ ਕੀੜਾ ਆਵੈ ਜੇਤੇ ਚੁਗੈ ਦਾਣੇ॥
(11) ਮਰਿ ਮਰਿ ਜੀਵੈ ਤਾ ਕਿਛੁ ਪਾਏ ਨਾਨਕ ਨਾਮੁ ਵਖਾਣੇ ॥3॥5॥39॥

ਕੁਝ ਲੋਕ ਗੁਰੂ ਨਾਨਕ ਸਾਹਿਬ ਦੇ ਇਸ ਸ਼ਬਦ ਦੀ ਇਕ ਤੁਕ ਦੇ ਮਾਅਨੇ ਸਹੀ ਨਹੀਂ ਕਰਦੇ। ਇਸ ਸ਼ਬਦ ਦੀਆਂ ਸਾਰੀਆਂ ਤੁਕਾਂ ਦਾ ਮਾਅਨਾ ਹੈ:

ਖੁਰਾਸਾਨ ਕਿਸੇ ਹੋਰ (ਖਸਮ) ਦੇ ਸਪੁਰਦ ਕਰ (ਸੌਂਪ) ਕੇ (ਮੁਗ਼ਲ ਜਰਨੈਲ ਬਾਬਰ ਨੇ) ਹਿੰਦੁਸਤਾਨ ਨੂੰ ਆ ਡਰਾਇਆ (ਦਹਿਸ਼ਤ ਫੈਲਾਈ)।

*

ਉਹ (ਕਰਤਾਰ) ਆਪਣੇ ਉਤੇ ਇਤਰਾਜ਼ ਨਹੀਂ ਆਉਣ ਦੇਂਦਾ।

ਉਸ ਨੇ ਮੁਗ਼ਲ-ਬਾਬਰ ਨੂੰ ਯਮਰਾਜ ਬਣਾ ਕੇ (ਪੰਜਾਬ 'ਤੇ) ਚੜ੍ਹਾ ਦਿੱਤਾ

*

ਇਤਨੀ ਮਾਰ ਪਈ ਕਿ ਉਹ (ਸਾਰੇ ਹੀ) ਕਰਲਾ (ਹਾਇ ਹਾਇ ਪੁਕਾਰ) ਉਠੇ। ਇਹ ਸਭ ਕੁਝ ਵੇਖ ਕੇ ਤੈਂ ਕੀ (ਤੈਨੂੰ) ਉਨ੍ਹਾਂ (ਮਾਰੇ ਗਏ ਲੋਕਾਂ) ਉਤੇ ਤਰਸ ਨਹੀਂ ਆਇਆ

*

ਹੇ ਕਰਤਾ (ਦੁਨੀਆਂ ਬਣਾਉਣ ਵਾਲੇ ਕਰਤਾਰ) ਤੂੰ ਸਭਨਾਂ ਹੀ ਜੀਵਾਂ ਦੀ ਸੋਈ (ਸਾਰ ਲੈਣ) ਵਾਲਾ ਹੈਂ।

*

ਜੇ ਕੋਈ ਜ਼ੋਰਾਵਰ, ਜ਼ੋਰਾਵਰ ਨੂੰ ਮਾਰ ਕੁਟਾਈ ਕਰੇ ਤਾਂ (ਕਿਸੇ ਦੇ ਵੀ) ਮਨ ਵਿਚ ਰੋਸ ਨਹੀਂ ਹੁੰਦਾ (ਕਿਉਂਕਿ ਦੋਵੇਂ ਧਿਰਾਂ ਇਕ ਦੂਜੇ ਨੂੰ ਬਰਾਬਰ ਦੇ ਤਗੜੇ ਹੱਥ ਵਿਖਾ ਲੈਂਦੀਆਂ ਹਨ)।

*

ਪਰ ਜੇ ਕੋਈ ਜ਼ੋਰਾਵਰ ਸ਼ੇਰ ਗਾਵਾਂ ਦੇ ਵੱਗ ਉਤੇ ਹੱਲਾ ਕਰ ਕੇ ਮਾਰਨ ਨੂੰ ਆ ਪਏ, ਤਾਂ ਉਨ੍ਹਾਂ ਦੀ ਪੁਰਸਾਈ (ਪੁਰਸਿਸ, ਪੁੱਛ-ਗਿੱਛ, ਦੇਖ-ਭਾਲ) ਖਸਮ (ਗਊਆਂ ਦਾ ਮਾਲਿਕ) ਕਰਦਾ ਹੁੰਦਾ ਹੈ। (ਜੇ ਸ਼ੇਰ ਵਰਗਾ ਜਰਵਾਣਾ, ਗਊਆਂ ਵਰਗੇ ਕਮਜ਼ੋਰ ਨਿਹੱਥਿਆਂ 'ਤੇ, ਹਮਲਾ ਕਰ ਕੇ ਮਾਰਨ ਨੂੰ ਆ ਪਏ, ਤਾਂ ਜਿਵੇਂ ਵੱਗ ਦੇ ਮਾਲਕ ਨੇ ਗਊਆਂ ਦੀ ਰੱਖਿਆ ਕਰਨੀ ਹੁੰਦੀ ਹੈ; ਉਵੇਂ ਹੀ ਰੱਬ ਨੇ ਵੀ ਕਮਜ਼ੋਰਾਂ ਦੀ ਰੱਖਿਆ ਕਰਨੀ ਹੁੰਦੀ ਹੈ)।

*

ਕੁੱਤਿਆਂ (ਜ਼ਾਲਮ ਹਮਲਾਵਰਾਂ) ਨੇ ਕੀਮਤੀ (ਰਤਨ ਜਵਾਹਰ ਵਰਗੀ ਕੀਮਤ ਵਾਲੇ) ਬੰਦਿਆਂ ਨੂੰ ਮਾਰ ਮਾਰ ਕੇ ਮਿੱਟੀ ਵਿਚ ਰੋਲ ਦਿੱਤਾ ਹੈ, (ਏਨੀ ਤਬਾਹੀ ਹੋ ਗਈ ਹੈ ਕਿ) ਮਰ ਚੁਕੇ ਬੰਦਿਆਂ ਦੀ ਕੋਈ ਸਾਰ ਹੀ ਨਹੀਂ ਲੈਂਦਾ।

*

ਤੂੰ ਆਪੇ ਹੀ ਜੋੜ-ਜੋੜ ਕੇ (ਯਾਨਿ ਬਹਾਨਾ ਬਣਾ ਕੇ) ਆਪ ਹੀ (ਇਨ੍ਹਾਂ ਨੂੰ ਜ਼ਿੰਦਗੀ ਤੋਂ) ਵਿਛੋੜ ਦਿੱਤਾ ਹੈ। ਵੇਖ! ਪ੍ਰਭੂ! ਇਹ ਤੇਰੀ ਵਡਿਆਈ (ਤੇਰਾ ਹੁਕਮ) ਹੈ ।2।

*

ਜੇ ਕੋਈ ਮਨੁੱਖ ਆਪਣੇ ਆਪ ਨੂੰ ਵੱਡਾ ਅਖਵਾ ਲਏ, ਮਨ-ਮਰਜ਼ੀ ਦੀਆਂ ਰੰਗ-ਰਲੀਆਂ ਮਾਣੇ (ਅਤੇ ਦੂਜਿਆਂ ਨੂੰ ਕੀੜੇ ਮਕੌੜੇ ਸਮਝੇ ਤੇ ਆਪਣਾ ਹੁਕਮ ਚਲਾਉਂਦਾ ਹੈ); {ਯਾਨਿ, ਹਕੂਮਤ ਦੇ ਨਸ਼ੇ ਵਿਚ ਬੰਦਾ ਖ਼ੁਦ ਨੂੰ ਦੁਨੀਆਂ ਤੋਂ ਉਪਰ ਮੰਨਦਾ ਹੈ; ਇਨਸਾਨੀਅਤ ਨੂੰ ਭੁੱਲ ਜਾਂਦਾ ਹੈ} ...

ਪਰ ਉਹ (ਦੁਨੀਆਂ ਦੇ) ਖਸਮ (ਰੱਬ) ਦੀਆਂ ਨਜ਼ਰਾਂ ਵਿਚ ਇਕ (ਨਿੱਕਾ ਜਿਹਾ) ਕੀੜਾ ਹੀ ਹੁੰਦਾ ਹੈ ਜੋ (ਜ਼ਮੀਨ 'ਤੇ ਡਿੱਗੇ ਹੋਏ) ਦਾਣੇ ਚੁਗ-ਚੁਗ ਖਾਂਦਾ ਹੈ।

*

(ਗੁਰੂ) ਨਾਨਕ (ਜੀ ਕਹਿੰਦੇ ਹਨ): ਜੋ ਸ਼ਖ਼ਸ ਆਪਣੀ ਹਉਮੈ ਵੱਲੋਂ ਮਰ ਕੇ ਜੀਉਂਦਾ ਹੈ, ਤੇ ਰੱਬ ਦਾ ਨਾਂ ਜਪਦਾ ਹੈ ਉਹੀ ਨਾਮਣਾ ਖੱਟਦਾ ਹੈ।

{ਨੋਟ: ਉਪਰ ਜਿਹੜੇ ਬੋਲਡ (ਯਾਨਿ ਗੂੜ੍ਹੇ ਲਫ਼ਜ਼) ਹਨ ਉਹ ਲਫ਼ਜ਼ਾਂ ਦੇ ਮਾਅਨੇ ਹਨ ਤੇ ਬਾਕੀ ਗੱਲ ਸਪਸ਼ਟ ਕਰਨ ਵਾਸਤੇ ਸ਼ਾਮਿਲ ਕੀਤੇ ਗਏ ਹਨ।}

—— 2 ——

ਇਸ ਸ਼ਬਦ ਵਿਚ ਇਕ ਤੁਕ ਹੈ ਜਿਸ ਦੇ ਮਾਅਨਿਆਂ ਤੋਂ ਭੁਲੇਖਾ ਪੈਂਦਾ ਹੈ; ਉਹ ਤੁਕ ਹੈ:

ਏਤੀ ਮਾਰ ਪਈ ਕਰਲਾਣੇ ਤੈਂ ਕੀ ਦਰਦੁ ਨ ਆਇਆ॥

'ਕਈ ਸੱਜਣਾਂ ਵੱਲੋਂ' ਇਸ ਦਾ ਮਾਅਨਾ ਇਹ ਕੀਤਾ ਗਿਆ ਹੈ: (ਗੁਰੂ ਨਾਨਕ ਸਾਹਿਬ ਕਹਿੰਦੇ ਹਨ): ਐਨੀ ਮਾਰ ਪਈ ਕਿ ਉਹ ਕੁਰਲਾ ਉਠੇ;

ਇਹ ਸਭ ਕੁਝ ਵੇਖ ਕੇ ਕੀ ਤੈਨੂੰ ਉਨ੍ਹਾਂ ਉਤੇ ਤਰਸ ਨਹੀਂ ਆਇਆ?

*

ਜੇ ਇਨ੍ਹਾਂ ਮਾਅਨਿਆਂ ਨੂੰ ਮੰਨ ਲਈਏ ਤਾਂ ਇਸ ਦਾ ਅਰਥ ਇਹ ਨਿਕਲਦਾ ਹੈ: ਗੁਰੂ ਨਾਨਕ ਸਾਹਿਬ ਨੇ ਰੱਬ ਨੂੰ ਉਲਾਂਭਾ ਦਿੱਤਾ ਹੈ,

ਉਨ੍ਹਾਂ ਨੇ ਰੱਬ 'ਤੇ ਇਤਰਾਜ਼ ਕੀਤਾ ਹੈ: "ਹੇ ਰੱਬ! ਕੀ ਤੈਨੂੰ ਤਰਸ ਨਹੀਂ ਆਇਆ?"

ਪਰ, ਇਹ ਗੱਲ ਗੁਰੂ ਸਾਹਿਬ ਦੀ ਆਪਣੀ ਫ਼ਿਲਾਸਫ਼ੀ ਦੇ ਉਲਟ ਹੈ।

ਸਿੱਖੀ ਤਾਂ ਕਹਿੰਦੀ ਹੈ:

'ਉਸ ਦਾ ਭਾਣਾ ਮੰਨੋ, ਉਸ ਦੇ ਭਾਣੇ ਨੂੰ ਮਿੱਠਾ ਕਰ ਕੇ ਮੰਨੋ'

—— 3 ——

ਪਰ, ਅਸਲ ਵਿਚ ਇਸ ਤੁਕ ਦੇ ਮਾਅਨੇ ਹਨ: 'ਰੱਬ ਨੂੰ ਉਨ੍ਹਾਂ (ਪਠਾਣ ਹਾਕਮਾਂ) 'ਤੇ ਤਰਸ ਇਸ ਕਰ ਕੇ ਨਹੀਂ ਆਇਆ ਕਿਉਂਕਿ ਉਹ ਰੱਬ ਨੂੰ ਭੁੱਲ ਬੈਠੇ ਸਨ; ਉਹ ਜ਼ਾਲਮ ਹਾਕਮ ਸਨ।'

*

ਇਸ ਨੂੰ ਰਹਾਉ ਦੀ ਤੁਕ ਸਾਹਮਣੇ ਰੱਖ ਕੇ ਪੜ੍ਹਨਾ ਚਾਹੀਦਾ ਹੈ;

ਗੁਰੂ ਜੀ ਨੇ ਰਹਾਉ ਤੋਂ ਪਹਿਲੀਆਂ ਤਿੰਨ ਲਾਈਨਾਂ ਵਿਚ ਏਮਨਾਬਾਦ ਦੇ ਲੋਕਾਂ ਦਾ ਬਿਆਨ ਪੇਸ਼ ਕੀਤਾ ਹੈ ਕਿ ਲੋਕ ਕਹਿੰਦੇ ਹਨ ਕਿ:

'ਖੁਰਾਸਾਨ ਕਿਸੇ ਹੋਰ ਦੇ ਸਪੁਰਦ ਕਰ ਕੇ (ਮੁਗ਼ਲ ਜਰਨੈਲ ਬਾਬਰ ਨੇ) ਹਿੰਦੁਸਤਾਨ ਨੂੰ ਆ ਡਰਾਇਆ। ਕਰਤਾਰ ਆਪਣੇ ਉਤੇ ਇਤਰਾਜ਼ ਨਹੀਂ ਆਉਣ ਦੇਂਦਾ। ਉਸ ਨੇ ਮੁਗ਼ਲ-ਬਾਬਰ ਨੂੰ ਯਮਰਾਜ ਬਣਾ ਕੇ ਚੜ੍ਹਾ ਦਿੱਤਾ। ਏਨੀ ਮਾਰ ਪਈ ਕਿ ਸਾਰੇ ਕਰਲਾ ਉਠੇ: (ਹੇ ਅੱਲ੍ਹਾ) ਕੀ ਇਹ ਸਭ ਕੁਝ ਵੇਖ ਕੇ ਤੈਨੂੰ ਕੋਈ ਤਰਸ ਨਹੀਂ ਆਇਆ?'

ਯਾਨਿ ਇਹ ਬੋਲ ਗੁਰੂ ਨਾਨਕ ਸਾਹਿਬ ਦੇ ਨਹੀਂ ਹਨ (ਇਹ ਏਮਨਾਬਾਦ ਦੇ ਲੋਕਾਂ ਦਾ ਬਿਆਨ ਹੈ)।

ਗੁਰੂ ਜੀ ਤਾਂ ਆਪਣੀ ਗੱਲ 'ਰਹਾਉ' ਦੀ ਤੁਕ ਵਿਚ ਕਹਿੰਦੇ ਹਨ:

'ਕਰਤਾ ਤੂੰ ਸਭਨਾ ਕਾ ਸੋਈ॥ ਜੇ ਸਕਤਾ ਸਕਤੇ ਕਉ ਮਾਰੇ ਤਾ ਮਨਿ ਰੋਸੁ ਨ ਹੋਈ॥1॥ ਰਹਾਉ॥'

{ਅਰਥ: ਹੇ ਕਰਤਾ (ਦੁਨੀਆਂ ਬਣਾਉਣ ਵਾਲੇ ਕਰਤਾਰ) ਤੂੰ ਸਭਨਾਂ ਹੀ ਜੀਵਾਂ ਦੀ ਸੋਈ (ਸਾਰ ਲੈਣ) ਵਾਲਾ ਹੈਂ। ਜੇ ਕੋਈ ਜ਼ੋਰਾਵਰ (ਕਿਸੇ ਦੂਜੇ) ਜ਼ੋਰਾਵਰ ਨੂੰ ਮਾਰੇ ਤਾਂ (ਕਿਸੇ ਦੇ ਵੀ) ਮਨ ਵਿਚ ਰੋਸ ਨਹੀਂ ਹੁੰਦਾ (ਕਿਉਂਕਿ ਦੋਵੇਂ ਧਿਰਾਂ ਇਕ ਦੂਜੇ ਨੂੰ ਬਰਾਬਰ ਦੇ ਤਗੜੇ ਹੱਥ ਵਿਖਾ ਲੈਂਦੇ ਹਨ)।}

*

ਸੋ ਗੁਰੂ ਨਾਨਕ ਸਾਹਿਬ ਨੇ ਇਸ ਤੁਕ ਵਿਚ ਰੱਬ ਨੂੰ ਉਲਾਂਭਾ ਨਹੀਂ ਦਿੱਤਾ, ਸ਼ਿਕਾਇਤ ਨਹੀਂ ਕੀਤੀ ਬਲਕਿ ਏਮਨਾਬਾਦ ਦੇ ਲੋਕਾਂ ਦੇ ਬੋਲ ਪੇਸ਼ ਕੀਤੇ ਹਨ।

*

ਸੋ ਇਹ ਤੁਕ ਕਿਸੇ ਕਤਲੇਆਮ 'ਤੇ ਸ਼ਿਕਵਾ ਕਰਨ ਵਾਸਤੇ ਨਹੀਂ ਵਰਤੀ ਜਾ ਸਕਦੀ, ਕਿਸੇ ਘੱਲੂਘਾਰੇ ਦੇ ਵਾਸਤੇ ਵੀ ਨਹੀਂ, ਭਾਵੇਂ ਉਹ ਮਈ 1746 ਦਾ ਹੈ ਜਾਂ ਫ਼ਰਵਰੀ 1762 ਦਾ, 1947 ਦਾ, ਜੂਨ 1984 ਦਾ ਜਾਂ 'ਖ਼ੂਨੀ ਨਵੰਬਰ' 1984 ਦਾ ਹੈ।

## ਕਾਵਿ-ਕਿਆਰੀ

ਦੇਵਿੰਦਰ ਕੌਰ ਧਾਲੀਵਾਲ
ਕੈਲੀਫੋਰਨੀਆ



### ਹਾਲੇ ਉਡਾਨ ਬਾਕੀ ਹੈ!

ਜੇ ਅੱਜ ਰਾਹਾਂ ਵਿੱਚ ਹਨੇਰਾ ਹੈ, ਤਾਂ ਘਬਰਾਵੀਂ ਨਾ,
ਇਹ ਵਕਤ ਤੇਰਾ ਇਮਤਿਹਾਨ ਹੈ, ਤੂੰ ਡੋਲ ਜਾਵੀਂ ਨਾ।
ਮਿਹਨਤ ਦੀ ਭੱਠੀ ਵਿੱਚ ਜੋ ਤਪਦੇ ਨੇ, ਉਹ ਸੋਨਾ ਬਣਦੇ ਨੇ,
ਜੋ ਮੁਸੀਬਤਾਂ ਨਾਲ ਮੱਥਾ ਲਾਉਂਦੇ ਨੇ, ਉਹੀ ਇਤਿਹਾਸ ਘੜਦੇ ਨੇ।

ਹੌਸਲਾ ਰੱਖ ਕਿਸ਼ਤੀਏ, ਅਜੇ ਤੂਫ਼ਾਨ ਬਾਕੀ ਹੈ,
ਤੇਰੇ ਖੰਭਾਂ ਦੀ ਉਡਾਣ ਦਾ ਅਸਮਾਨ ਬਾਕੀ ਹੈ।
ਦੁਨੀਆ ਕਹੇਗੀ 'ਛੱਡ ਦੇ', ਪਰ ਤੂੰ ਰੁਕਣਾ ਨਹੀਂ,
ਕਿਸਮਤ ਅੱਗੇ ਕਦੇ ਵੀ ਤੂੰ ਝੁਕਣਾ ਨਹੀਂ।

ਇਹ ਅਸਫਲਤਾਵਾਂ ਤਾਂ ਸਿਰਫ਼ ਪੌੜੀਆਂ ਨੇ ਮੰਜ਼ਿਲ ਦੀਆਂ,
ਇਹ ਪਰਖਦੀਆਂ ਨੇ ਡੂੰਘਾਈਆਂ ਤੇਰੇ ਦਿਲ ਦੀਆਂ।
ਜਦੋਂ ਸਾਰੀ ਦੁਨੀਆ ਤੇਰੇ ਖ਼ਿਲਾਫ ਖੜ੍ਹੀ ਹੋਵੇਗੀ,
ਉਦੋਂ ਹੀ ਤੇਰੀ ਜਿੱਤ ਦੀ ਗੂੰਜ ਸਭ ਤੋਂ ਵੱਡੀ ਹੋਵੇਗੀ।

ਉਠ ਮਰਦਿਆ!
ਮੁੜ ਤੋਂ ਇੱਕ ਵਾਰ ਹਿੰਮਤ ਕਰ,
ਆਪਣੇ ਡਰ ਨੂੰ ਜਿੱਤਣ ਦੀ ਤੂੰ ਜੁਰਅਤ ਕਰ।
ਤੇਰੀ ਮਿਹਨਤ ਦਾ ਮੁੱਲ ਪਾਏਗਾ ਉਹ ਦਾਤਾ ਜ਼ਰੂਰ,
ਤੇਰੇ ਸਿਰ 'ਤੇ ਸਜੇਗਾ ਕਾਮਯਾਬੀ ਦਾ ਤਾਜ ਜ਼ਰੂਰ।

*-ਦੇਵਿੰਦਰ ਕੌਰ ਧਾਲੀਵਾਲ*

---

### ਇੱਛਾ-ਪੂਰਤੀ ਇੰਜ ਹੁੰਦੀ ਆ

ਔੜਾਂ ਮਾਰੀ ਧਰਤ ਸਿੱਸਕੀ, ਪੁਰੇ ਦੀ ਵਾਅ ਵੱਗਣ ਲੱਗੀ
ਕਾਲੀ ਘਟਾ ਚੜ੍ਹੀ, ਮੋਹਲੇਧਾਰ ਬਾਰਸ਼ ਹੋਈ
ਧਰਤੀ ਦੀ ਪਿਆਸ ਮਿਟੀ ਤੇ ਜ਼ਮੀਂ ਜਰਖ਼ੇਜ਼ ਹੋ ਗਈ।

ਮੱਸਿਆ ਦੀ ਰਾਤ ਨੇ ਹੌਕਾ ਭਰਿਆ
ਪੁੰਨਿਆਂ ਦਾ ਚੰਨ ਨਿਕਲਿਆ, ਦੁੱਧੀਆ ਰੰਗੀ ਰਾਤ
ਸਾਰੀ ਦੀ ਸਾਰੀ, ਚੰਨ 'ਚ ਪਿਘਲ ਗਈ।

ਬੱਦਲਵਾਈ 'ਚ ਛੁਪਿਆ ਅੰਬਰ ਲਿੱਲਕਿਆ
ਹਵਾ ਵਗਣ ਲੱਗੀ, ਤਿੱਤਰਖੰਭੀ ਬਣ ਕੇ ਬੱਦਲ ਬਿਖਰ ਗਏ
ਤਾਰਿਆਂ ਦਾ ਥਾਲ, ਕਾਇਨਾਤ ਦੀ ਆਰਤੀ ਕਰਨ ਲੱਗਾ।

ਸੰਘਣੀ ਧੁੰਦ 'ਚ, ਦਿਨ ਨੇ ਤਰਲਾ ਪਾਇਆ
ਸੂਰਜ ਨੇ ਹੰਭਲਾ ਮਾਰਿਆ, ਨਿੱਖਰੀ ਧੁੱਪ 'ਚ
ਧੁੰਦ ਕਣ ਕਣ ਹੋ ਛੱਟ ਗਈ,
ਦਿਨ ਦਾ ਪਿੰਡਾ ਸੇਕ ਮਾਰਨ ਲੱਗਾ।

ਮਰਨਾਊ ਜਹੇ ਦਰਿਆ ਨੇ, ਪਾਣੀ ਲਈ ਹਾੜਾ ਪਾਇਆ
ਬੱਦਲ ਮਿਹਰਬਾਨ ਹੋਇਆ, ਭਰ ਵੱਗਦੇ ਦਰਿਆ ਦੀਆਂ ਲਹਿਰਾਂ
ਕੰਢਿਆਂ ਨੂੰ ਜੱਫੀ 'ਚ ਲੈ, ਗੀਤ ਗਾਉਣ ਲੱਗੀਆਂ।

ਹਟਕੋਰੇ ਭਰਦੀ ਆੜ ਨੇ ਵਾਸਤਾ ਪਾਇਆ
ਮੋਟਰ ਚੱਲ ਪਈ, ਨੱਕੋ-ਨੱਕ ਵਗਦੀ ਆੜ
ਕਿਆਰਿਆਂ ਨੂੰ ਗਰਭਾਉਣ ਲੱਗੀ।

ਹਨੇਰ ਢੋਂਦੇ ਵਿਹੜੇ ਨੇ ਅਰਜ਼ੋਈ ਕੀਤੀ
ਮਾਂ ਨੇ ਦੀਵਾ ਡੰਗਿਆ, ਚਾਨਣ-ਰੱਤੀ ਫ਼ਿਜ਼ਾ 'ਚ
ਧੁਆਂਖੇ ਚਿਹਰਿਆਂ 'ਤੇ, ਹੁਲਾਸ ਫੈਲ ਗਿਆ।

ਸੱਖਣਾ ਬਨੇਰਾ ਕੁਰਲਾਇਆ
ਘਰ ਵਾਲੇ ਘਰ ਨੂੰ ਪਰਤੇ, ਨਿੱਕੇ ਨਿੱਕੇ ਹੱਥਾਂ ਨੇ
ਮੋਮਬੱਤੀਆਂ ਜਗਾ ਦਿਤੀਆਂ, ਬਨੇਰੇ 'ਤੇ ਦੀਵਾਲੀ ਉਤਰ ਆਈ।

ਕਮਰੇ ਦੀ ਮਾਰੂ ਚੁੱਪ ਤੜਫ਼ੀ, ਬੂਹਾ ਖੁੱਲ੍ਹਿਆ
ਜੀਆਂ ਨੇ ਅੰਦਰ ਪੈਰ ਪਾਏ, ਮਿੱਠੜੇ ਬੋਲ ਗੂੰਜੇ
ਕਮਰਾ ਜਸ਼ਨ ਮਨਾਉਣ ਲੱਗਾ।

ਬਚਪਨੀ ਛੋਹ ਲਈ ਕੰਧਾਂ ਨੇ ਦੁਆ ਕੀਤੀ
ਬੱਚੇ ਘਰ 'ਚ ਵੜੇ, ਮਾਸੂਮ ਕਲਾਕਾਰੀ ਦੇ ਨਕਸ਼
ਕੰਧਾਂ 'ਤੇ ਉਗ ਆਏ, ਤੇ ਘਰ, ਬੱਚਾ ਬਣ ਗਿਆ।

ਖਾਲੀ ਬਸਤਾ ਬੁੜਬੁੜਾਇਆ, ਮਿਹਰਬਾਨ ਹੱਥ ਫੈਲਿਆ
ਕਿਤਾਬ, ਕਾਪੀ ਤੇ ਕਲਮ ਪ੍ਰਗਟ ਹੋਈਆਂ
ਸੱਖਣੇ ਮੱਥਿਆਂ ਵਿਚ, ਅੱਖਰ-ਜੋਤ ਜਗਣ ਲੱਗੀ।

ਬੰਦ ਦਰਾਂ ਦੀ ਉਦਾਸੀ ਹੜਬੜਾਈ
ਦੂਰੋਂ ਆਉਂਦੇ ਕਦਮ, ਦਰ ਕੋਲ ਆ ਕੇ ਰੁਕੇ
ਜੰਗਾਲਿਆ ਜੰਦਰਾ ਖੋਲ੍ਹਿਆ, ਤਾਜ਼ੀ ਹਵਾ ਦਰਾਂ ਨਾਲ ਲਿਪਟ
ਖ਼ੁਸ਼ੀ ਦੇ ਹੰਝੂ ਕੇਰਨ ਲੱਗੀ।

ਡਾ ਗੁਰਬਖ਼ਸ਼ ਸਿੰਘ ਭੰਡਾਲ
ਫੋਨ: 216-556-2080



ਖਾਲੀ ਵਰਕੇ ਨੇ ਸ਼ਬਦਾਂ ਨੂੰ ਹਾਕ ਮਾਰੀ
ਆਵੇਸ਼ੀ ਹਰਫ਼ ਨਾਜ਼ਲ ਹੋਏ, ਵਰਕਿਆਂ 'ਤੇ ਫੈਲਰਣ ਲੱਗੇ
ਅਰਥਾਂ ਨੇ ਸਫ਼ੇ ਨੂੰ ਰੰਗਰੇਜ਼ ਬਣਾ ਦਿਤਾ।

ਹਤਾਸ਼ ਪਲਾਂ ਨੇ ਬਚਪਨੇ ਨੂੰ ਹਾਕ ਮਾਰੀ
ਬੱਚੀ ਨੇ ਉਂਗਲ ਫੜੀ
ਖਿਡੌਣਿਆਂ ਕੋਲ ਲੈ ਗਈ ਤੇ ਵਿਚਾਰਾ ਵਕਤ,
ਖਿਡੌਣਿਆਂ 'ਚ ਖਿਡੌਣਾ ਬਣ ਗਿਆ

ਚਿਰਾਂ ਬਾਅਦ ਸੱਜਣ ਦੀ ਯਾਦ ਫੁੱਸਫਸਾਈ
ਬੂਹੇ 'ਤੇ ਦਸਤਕ ਹੋਈ
ਸੱਜਣ ਧਾਅ ਕੇ ਮਿਲਿਆ
ਵਿੱਥਾਂ-ਵਿਰਲਾਂ ਭਰ ਗਈਆਂ
ਤੇ ਖ਼ਾਮੋਸ਼ੀ ਵੀ ਬੋਲਣ ਲੱਗੀ।

ਆਲ੍ਹੇ ਨੇ ਅਰਦਾਸ ਕੀਤੀ
ਕਾਮਲ ਹੱਥਾਂ ਚਿਰਾਗ ਬਾਲਿਆ
ਘਰ ਦੀ ਅਲਹਾਮੀ ਚੁੱਪ
ਨੂਰਾਨੀ ਫ਼ਿਜ਼ਾ ਦਾ ਨਾਮਕਰਨ ਹੋ ਗਈ।

ਬੁੱਸਿਆ ਮਨ ਕਰਾਹਿਆ
ਸੁੱਚੀ ਸੋਚ ਨੇ ਦਸਤਕ ਦਿਤੀ
ਚਾਰੇ ਨੁੱਕਰਾਂ ਰੁਸ਼ਨਾਅ ਗਈਆਂ
ਸਮੁੱਚ ਚਾਨਣ ਚਾਨਣ ਹੋ ਗਿਆ
ਤਾਂ ਮਨ ਦੇ ਕਵਾੜ ਖੁੱਲ੍ਹ ਗਏ।

ਜਕੜੇ ਅੰਤਰੀਵ ਨੇ ਹਟਕੋਰਾ ਭਰਿਆ
ਰੂਹ ਜਾਗਰਤ ਹੋਈ
ਸੁਖਨ ਸੰਵਾਦ 'ਚ ਲਬਰੇਜ਼ ਅੰਤਰੀਵ
ਮੁਕੱਦਸ ਅਸਥਾਨ ਹੋ ਗਿਆ।

ਖ਼ੁਦ ਤੋਂ ਬੇਮੁੱਖ ਆਪੇ ਨੇ ਹੁੰਗਰ ਮਾਰੀ
ਮੈਂ ਇਕ ਦਮ ਮੁੜਿਆ
ਆਪੇ ਨੂੰ ਜੱਫੀ ਪਾਈ ਤੇ ਦੋਵੇਂ ਫੁੱਲ ਤੇ ਮਹਿਕ ਵਾਂਗ
ਇਕ ਦੂਜੇ ਵਿਚ ਸਮਾ ਗਏ।

# ਅਜੋਕੇ ਕੀਰਤਨੀਏਂ ਅਤੇ ਮਨਮਰਜ਼ੀ ਦੀਆਂ ਕੀਰਤਨ-ਸ਼ੈਲੀਆਂ !

> ਬੜੇ ਹੀ ਸੰਵੇਦਨਸ਼ੀਲ ਵਿਸ਼ੇ ਬਾਰੇ ਲਿਖਣ ਤੋਂ ਪਹਿਲਾਂ ਬੇਨਤੀ ਕਰ ਦਿਆਂ ਕਿ ਮੈਨੂੰ ਗੁਰਮਤਿ ਸੰਗੀਤ ਜਾਂ ਰਾਗ ਵਿੱਦਿਆ ਬਾਰੇ ਬੇਸ਼ੱਕ ਬਹੁਤੀ ਜਾਣਕਾਰੀ ਨਹੀਂ, ਪਰ ਗੁਰਬਾਣੀ ਕੀਰਤਨ ਦਾ ਕਦਰਦਾਨ ਸ੍ਰੋਤਾ ਜਾਂ ਪ੍ਰਸ਼ੰਸਕ ਜ਼ਰੂਰ ਹਾਂ। ਆਪਣੇ ਨਿੱਜ ਬਾਰੇ ਵੀ ਥੋੜ੍ਹਾ ਜਿਹਾ ਦੱਸਦਾ ਜਾਵਾਂ ਕਿ ਮੇਰੇ ਦਾਦਾ ਜੀ ਗੁਰਬਾਣੀ ਕੀਰਤਨ ਅਤੇ ਕਥਾ-ਵਿਆਖਿਆ ਦੇ ਤਾਂ ਰਸੀਆ ਸਨ, ਪਰ ਉਹ ਢਾਡੀ-ਰਾਗ ਨੂੰ ਪਸੰਦ ਨਹੀਂ ਸੀ ਕਰਦੇ। ਇਸਦੇ ਉਲਟ ਮੇਰੇ ਪਿਤਾ ਜੀ ਕੇਵਲ ਢਾਡੀ-ਰਾਗ ਦੇ ਹੀ ਬੇਹੱਦ ਫੈਨ ਸਨ। ਮੇਰੀ 'ਨੇਚਰ' ਵਿਚ ਦੋਹਾਂ



**ਤਰਲੋਚਨ ਸਿੰਘ 'ਦੁਪਾਲ ਪੁਰ'**
**ਫੋਨ: 1-408-905-5517**

ਖਾਨਦਾਨੀ ਬਜ਼ੁਰਗਾਂ ਦੀਆਂ ਪਸੰਦਾਂ ਦਾ ਸੁਭਾਗਾ ਸੁਮੇਲ ਹੋ ਗਿਆ! ਭਾਵ ਕਿ ਗੁਰਬਾਣੀ ਕੀਰਤਨ, ਕਥਾ ਅਤੇ ਢਾਡੀ-ਰਾਗ ਤਿੰਨਾਂ ਪ੍ਰਤੀ ਮੇਰਾ ਇੱਕੋ ਜਿੰਨਾ ਮੋਹ-ਪਿਆਰ ਸਤਿਕਾਰ ਬਣਿਆ ਹੋਇਆ ਹੈ।

> ਇਲਾਕੇ ਭਰ ਵਿਚ 'ਗਿਆਨੀ ਜੀ' ਕਰਕੇ ਜਾਣੇ ਸਤਿਕਾਰੇ ਜਾਂਦੇ ਸਾਡੇ ਭਾਈਆ ਜੀ ਸਾਈਕਲ 'ਤੇ ਦੂਰ-ਦਰਾਜ ਤੱਕ ਦੀਵਾਨ ਸੁਣਨ ਚਲੇ ਜਾਂਦੇ ਸਨ। ਉਨ੍ਹਾਂ ਸਮਿਆਂ ਵਿਚ ਨੰਗਲ਼ ਕਲਾਂ (ਮਾਹਲ ਪੁਰ) ਵਾਲ਼ੇ ਪ੍ਰੋਫੈਸਰ ਦਰਸ਼ਣ ਸਿੰਘ 'ਕੋਮਲ' ਧਾਰਮਿਕ ਦੀਵਾਨਾਂ ਵਿਚ ਸਿਰਮੌਰ ਰਾਗੀ ਵਲੋਂ ਬੁਲਾਏ ਜਾਂਦੇ ਸਨ। ਅੱਖਾਂ ਤੋਂ ਹੀਣ (ਸੂਰਮਾ ਸਿੰਘ) ਹੋਣ ਦੇ ਬਾਵਜੂਦ ਰਾਗੀਆਂ ਦੀ ਜਮਾਤ ਵਿਚ ਕੋਮਲ ਜੀ ਲਿਖਾਰੀ ਹੋਣ ਦੇ ਨਾਲ਼-ਨਾਲ਼ ਕੀਰਤਨਕਾਰ, ਭਾਸ਼ਨਕਰਤਾ, ਢਾਡੀ ਕਵੀ, ਸਾਜਿੰਦਾ ਸਰਬਗੁਣ ਭਰਪੂਰ ਸ਼ਖਸੀਅਤ ਵਜੋਂ ਸਤਿਕਾਰੇ ਜਾਂਦੇ ਸਨ। ਜਿਸ ਕਰਕੇ ਰਾਗੀਆਂ ਪ੍ਰਚਾਰਕਾਂ ਵਲੋਂ ਉਨ੍ਹਾਂ ਲਈ 'ਉਸਤਾਦ ਜੀ' ਦਾ ਆਦਰਯੋਗ ਤਖੱਲਸ ਵਰਤਿਆ ਜਾਂਦਾ ਸੀ।

> ਇਹ ਗੱਲ ਸੰਨ 57-58 ਵੇਲਿਆਂ ਦੀ ਹੈ। ਇਕ ਵਾਰ ਸਾਡੇ ਲਾਗਲੇ ਪ੍ਰਾਚੀਨ ਕਸਬੇ ਰਾਹੋਂ (ਜਿੱਥੇ ਕਿਸੇ ਵੇਲੇ ਹਰਿਵੱਲਭ ਸੰਗੀਤ ਸਮੇਲਨ ਆਯੋਜਿਤ ਹੁੰਦਾ ਵੀ ਸੁਣਿਆ ਹੈ) ਦੇ ਲਹਿੰਦੇ ਪਾਸੇ ਵਾਕਿਆ ਮੰਦਰ ਵਿਚ 'ਰਾਗ ਦਰਬਾਰ' ਆਯੋਜਿਤ ਹੋਇਆ। ਮੇਲਿਆਂ-ਮਸ੍ਹਾਵਿਆਂ ਨਾਲ ਬੇਹੱਦ ਲਗਾਉ ਰੱਖਦੇ ਭਾਈਆ ਜੀ ਨੇ ਸੋਚਿਆ ਕਿ ਉੱਥੇ ਕੋਈ ਆਮ ਗਾਇਕਾਂ ਦਾ ਅਖਾੜਾ ਹੋਵੇਗਾ ਪਰ ਰਾਹੋਂ ਦੇ ਸਨਾਤਨੀ ਪ੍ਰਬੰਧਕਾਂ ਨੇ ਸ਼ਾਸਤਰੀ ਰਾਗ ਗਾਇਨ ਕਰਨ ਵਾਲੇ ਉੱਚ ਕੋਟੀ ਦੇ ਸੰਗੀਤਕਾਰ ਇਲਾਹਾਬਾਦ ਆਦਿ ਦੂਰ-ਦੁਰਾਡੇ ਦੇ ਸ਼ਹਿਰਾਂ ਤੋਂ ਬੁਲਾਏ ਹੋਏ ਸਨ!

> ਆਪਣੇ ਕੁੱਝ ਬੇਲੀਆਂ ਨਾਲ ਰਾਹੋਂ ਦੇ ਉਸ ਸੰਗੀਤ ਸਮੇਲਨ ਵਿਚ ਸ਼ਾਮਲ ਹੋਏ ਭਾਈਆ ਜੀ ਹੱਸਦਿਆਂ ਹੋਇਆਂ ਦੱਸਦੇ ਹੁੰਦੇ ਸਨ ਕਿ ਗਈ ਰਾਤ ਤੱਕ ਜਿਹੜਾ ਵੀ ਸੰਗੀਤਕਾਰ ਤਾਨਪੂਰਾ, ਸਿਤਾਰ ਜਾਂ ਸਾਰੰਗੀ ਆਦਿ ਤੰਤੀ ਸਾਜ਼ਾਂ ਨਾਲ ਸਟੇਜ 'ਤੇ ਗਾਇਨ ਕਰਨ ਬੈਠੇ, ਉਹ ਅੱਧਾ ਪੌਣਾ ਘੰਟਾ ਲੰਮੀਆਂ ਹੇਕਾਂ ਨਾਲ਼ 'ਸਾ....ਰੇ....ਗਾ...ਧਾ...ਨੀ....ਪਾ' ਦੇ ਸੁਰ ਅਲਾਪਦਾ ਹੋਇਆ ਭਜਨ ਵਰਗੀ ਕੋਈ ਚੀਜ ਗਾ ਕੇ ਸਮਾਪਤੀ ਕਰ ਦਿਆ ਕਰੇ। ਪੰਡਾਲ ਵਿਚ ਬੈਠੇ ਬਹੁਤੇ ਸ਼ਹਿਰੀ ਪੰਡਤ ਸ੍ਰੋਤੇ-ਜਨ ਤਾਂ ਸਿਰ ਹਿਲਾ ਹਿਲਾ ਕੇ ਝੂਮਦੇ ਰਹੇ ਪਰ ਸਾਡੀ ਪੇਂਡੂ ਮਿੱਤਰ-ਮੰਡਲੀ ਦੇ ਕੁੱਝ ਪੱਲੇ ਨਾ ਪਿਆ !

> ਇਸ ਤੋਂ ਬਾਅਦ ਕਿਤੇ ਭਾਈਆ ਜੀ ਨੇ ਆਪਣੇ ਘਰੇ ਭੋਗ ਵੇਲੇ ਉਸਤਾਦ ਕੋਮਲ ਜੀ ਨੂੰ ਬੁਲਾਇਆ। ਨਾਲ਼ੇ ਉਹ ਰਾਹੋਂ ਵਾਲੇ ਸਨਾਤਨੀ ਸੱਜਣਾ ਨੂੰ ਵੀ ਸੱਦਾ ਦੇ ਆਏ ਅਖੇ 'ਸਾਡੇ ਰਾਗੀ' ਦਾ ਵੀ ਰਾਗ ਸੁਣਿਓਂ ਆ ਕੇ! ਕਹਿੰਦੇ ਸਾਡੇ ਘਰ ਵਾਲੇ ਸਮਾਗਮ ਵਿਚ ਕੀਰਤਨ ਸਮਾਪਤੀ ਉਪਰੰਤ ਸੰਗਤ ਵਿਚ ਬੈਠੇ ਰਾਹੋਂ ਵਾਲ਼ੇ ਸਨਾਤਨੀ ਵੀਰਾਂ ਨੂੰ ਭਾਈਆ ਜੀ ਨੇ ਕੋਮਲ ਜੀ ਦੀ ਗਾਇਕੀ ਬਾਰੇ ਪੁੱਛਿਆ ਤਾਂ ਉਹ ਮਾਯੂਸ ਜਿਹੇ ਹੋ ਕੇ ਕਹਿੰਦੇ-'ਗਿਆਨੀ ਜੀ ਰਾਗੀ ਤਾਂ ਇਹ ਸੁਰੀਲਾ ਐ ਪਰ 'ਉਹ ਗੱਲ' ਹੈ ਨਹੀਂ ਇਹਦੇ ਕੋਲ਼!'

> ਭਾਈਆ ਜੀ ਫੁਰਤੀ ਨਾਲ ਉੱਠੇ ਤੇ ਹਾਰਮੋਨੀਅਮ ਬੰਨ੍ਹ ਰਹੇ ਅੱਖਾਂ ਤੋਂ ਹੀਣ (ਸੂਰਮੇ) ਕੋਮਲ ਸਾਹਿਬ ਦੇ ਕੰਨ ਵਿਚ ਜਾ ਕੇ ਦੱਸਿਆ ਕਿ ਉਸਤਾਦ ਜੀ ਸੰਗਤ ਵਿਚ ਬੈਠੇ ਕੁੱਝ ਸਨਾਤਨੀ ਸੱਜਣ ਤਾਂ ਆਹ ਗੱਲ ਕਹਿ ਰਹੇ ਨੇ!

> ਉਸੇ ਵੇਲੇ ਕੋਮਲ ਸਾਹਬ ਨੇ ਦੁਬਾਰਾ ਵਾਜਾ ਖੋਲ੍ਹ ਲਿਆ...ਤਬਲੇ ਵਾਲ਼ੇ ਤੋਂ ਹਥੌੜੀ



ਕੋਈ ਆਵੈ ਸੰਤੋ ਹਰਿ ਕਾ ਜਨੁ ਸੰਤੋ ਮੇਰਾ ਪ੍ਰੀਤਮ ਜਨੁ ਸੰਤੋ ਮੋਹਿ ਮਾਰਗੁ ਦਿਖਲਾਵੈ





ਲੈ ਕੇ ਤਬਲਾ ਖੁਦ ਕੱਸਿਆ। ਤਬਲੇ ਵਾਲੇ ਸੱਜਣ ਤੋਂ ਓਸ ਵੇਲੇ ਦਾ ਵਕਤ ਪੁੱਛਿਆ। ਅੱਧਾ ਕੁ ਘੰਟਾ ਉਨ੍ਹਾਂ 'ਸਮੇਂ ਦੇ ਰਾਗ' ਅਨੁਸਾਰ ਗਾਇਨ ਕੀਤਾ ਤਾਂ ਕਹਿੰਦੇ ਸਨਾਤਨੀ ਸੱਜਣ ਇਉਂ ਝੂਮਣ ਲੱਗੇ ਜਿਵੇਂ ਵੱਜਦੀ ਬੀਨ 'ਤੇ ਨਾਗ ਮੇਲ੍ਹਦਾ ਹੁੰਦਾ ਐ!

> ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਏ ਰਾਗਾਂ ਦੀ ਮਹੱਤਤਾ ਬਾਰੇ ਗਿਆਨੀ ਮਸਕੀਨ ਜੀ ਕਿਹਾ ਕਰਦੇ ਸਨ ਕਿ ਗੁਰੂ ਸਾਹਿਬ ਨੇ ਇਕੱਤੀ ਰਾਗਾਂ ਵਿਚ ਲਿਖੀ ਹੋਈ ਬਾਣੀ ਦੇ ਇੱਕ ਇੱਕ ਸ਼ਬਦ ਅੱਗੇ ਪਹਿਲਾਂ ਰਾਗ ਦਾ ਨਾਮ ਲਿਖਿਆ ਹੋਇਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾਂ ਸਮੇਂ ਹਰ ਨਵੇਂ ਰਾਗ ਦੇ ਅਰੰਭ ਵਿਚ ਇੱਕੋ ਵਾਰੀ ਰਾਗ ਦਾ ਨਾਮ ਲਿਖ ਕੇ ਵੀ ਇਹ ਹਦਾਇਤ ਲਿਖੀ ਜਾ ਸਕਦੀ ਸੀ ਕਿ ਅਗਲੇ ਸਾਰੇ ਸ਼ਬਦ 'ਏਸ ਰਾਗ' ਵਿਚ ਗਾਉਣੇ ਹਨ! ਗੁਰਮਤਿ ਸੰਗੀਤ ਦੇ ਜਾਣਕਾਰਾਂ ਅਨੁਸਾਰ ਗੁਰੂ ਪਾਤਸ਼ਾਹ ਨੇ ਅਜਿਹਾ ਇਸ ਲਈ ਨਹੀਂ ਕੀਤਾ ਹੋਵੇਗਾ ਮਤਾਂ ਸ਼ਬਦ ਗਾਇਨ ਕਰਨ ਵਾਲ਼ੇ ਰਾਗੀ ਜਨ, ਕਿਤੇ ਨਿਰਧਾਰਤ ਰਾਗਾਂ ਨੂੰ ਵਿਸਾਰ ਹੀ ਨਾ ਦੇਣ!

> 'ਕੀਰਤਨ ਵਿਚ ਰਾਗ ਦੀ ਥਾਂ ਸ਼ਬਦ ਪ੍ਰਧਾਨ ਰਹਿਣਾ ਚਾਹੀਦਾ ਹੈ। ਕੁੱਝ ਸ਼ਾਸਤਰੀ ਸੰਗੀਤ ਦੇ ਰਾਗੀ, ਜੋ ਰਾਗ, ਅਲਾਪ ਅਤੇ ਤਾਨਾਂ (ਸਰਗਮ) ਦਾ ਬਹੁਤ ਪ੍ਰਯੋਗ ਕਰਦੇ ਹਨ, ਸੰਗਤ ਵਿਚ ਬਹੁਤੇ ਪ੍ਰਵਾਨਿਤ ਨਹੀਂ ਹੁੰਦੇ...ਇਉਂ ਲਗਦਾ ਹੈ ਕਿ ਸਿੱਖ, ਵਾਜੇ ਤੇ ਢੋਲਕੀ ਛੈਣੇ ਵਜਾਉਣ ਵਾਲ਼ੇ ਹੀ ਬਣਨ ਵਿਚ ਰੁਚੀ ਲੈ ਰਹੇ ਹਨ। ਹਜ਼ਾਰਾਂ ਨੌਜਵਾਨ ਕੀਰਤਨ ਨੂੰ ਸੌਖਾ ਰੋਜ਼ਗਾਰ ਮੰਨ ਕੇ, ਚਾਰ ਕੁ ਤਰਜਾਂ ਤੇ ਚਾਰ ਕੁ ਮਨਘੜੰਤ ਸਾਖੀਆਂ ਸੁਣਾ-ਸੁਣਾ ਕੇ ਕੌਮ ਦੇ ਜੇਬ ਖਾਲੀ ਕਰਵਾਉਣ ਦੇ ਨਾਲ਼-ਨਾਲ਼ ਕੌਮ ਦਾ ਦਿਮਾਗੀ ਦਿਵਾਲ਼ਾ ਕਢਾਉਣ ਦੇ ਰਾਹ ਵੀ ਤੁਰ ਪਏ ਹਨ।'-(ਗੁਰਮਤ ਨਿਰਣਯ-ਕੋਸ਼ ਸਫਾ-164 ਡਾ. ਗੁਰਸ਼ਰਨ ਸਿੰਘ)

> ਖਿਮਾਂ ਸਹਿਤ ਹੁਣ ਗੱਲ ਕਰੀਏ ਅਜੋਕੇ ਕੀਰਤਨੀਏਂ ਰਾਗੀ ਸਿੰਘਾਂ ਦੀ, ਜੋ ਪੁਰਾਤਨ ਕੀਰਤਨ ਸ਼ੈਲੀ ਨੂੰ ਪਿੱਠ ਦੇ ਕੇ ਮਨਮਰਜੀ ਦੀਆਂ 'ਸ਼ੈਲੀਆਂ' ਅਪਣਾ ਰਹੇ ਹਨ। ਗਿਣਤੀ ਦੇ ਕੁੱਝ ਕੁ ਰਾਗੀ ਸਿੰਘਾਂ ਨੂੰ ਛੱਡ ਕੇ ਬਹੁਤਾਤ ਜਥੇ ਇਸੇ ਰਾਹ ਪੈ ਗਏ ਹੋਏ ਹਨ। ਬੀਤੇ ਵਰ੍ਹੇ 2025 ਦੇ ਨੌਂ ਮਹੀਨੇ ਅਮਰੀਕਾ ਤੋਂ ਆਪਣੇ ਪਿੰਡ ਰਹਿਣ ਦੌਰਾਨ ਮੈਨੂੰ ਅਨੇਕਾਂ ਕੀਰਤਨ ਦਰਬਾਰ ਸਮਾਗਮਾਂ ਵਿਚ ਇਹ ਕੁੱਝ ਦੇਖ ਕੇ ਬੜੀ ਹੈਰਾਨੀ ਹੋਈ:

> -ਰਾਗੀ ਸਿੰਘਾਂ ਵਲੋਂ ਅਰੰਭਕ ਮੰਗਲਾਚਰਨ ਵਜੋਂ ਡੰਡਉਤ ਬੰਦਨਾਂ ਕਰਨ ਜਾਂ ਗਾਇਨ ਕੀਤੇ ਜਾਣ ਵਾਲ਼ੇ ਰਾਗ ਦੀ 'ਸ਼ਾਨ ਵਜਾਉਣ' ਦੀ ਥਾਂਹ ਕਿਸੇ ਲੋਕ-ਧੁਨ 'ਤੇ 'ਵਾਹਿਗੁਰੂ...ਵਾਹਿਗੁਰੂ' ਦਾ ਜਾਪ ਸ਼ੁਰੂ ਹੋ ਜਾਂਦਾ ਐ।

> -ਅਰੰਭ ਵਿਚ ਪਹਿਲਾ ਸ਼ਬਦ ਨਿਰਧਾਰਤ ਰਾਗ ਵਿਚ ਗਾਉਣਾ ਤਕਰੀਬਨ ਬੰਦ ਹੀ ਹੋ ਗਿਆ!

> -ਹਾਰਮੋਨੀਅਮ ਦੀਆਂ ਦੋ ਕੁ ਸੁਰਾਂ ਵਜਾ ਕੇ ਰਾਗੀ, ਸਾਊਂਡ ਵਾਲ਼ੇ ਸੱਜਣ ਨੂੰ 'ਤਾਂਹ 'ਠਾਂਹ ਹੱਥ ਕਰਦੇ ਹੋਏ ਇਸ਼ਾਰੇ 'ਤੇ ਇਸ਼ਾਰੇ ਹੀ ਕਰੀ ਜਾਂਦੇ ਹਨ।

> -ਜਿਵੇਂ ਅਜੋਕੇ ਗਾਇਕ ਕਲਾਕਾਰ ਆਪਣੇ ਮਸ਼ਹੂਰ ਹੋਏ ਕਿਸੇ ਇਕ ਗੀਤ ਨੂੰ ਆਪਣੇ ਨਾਮ ਨਾਲ 'ਫੇਮ' ਵਜੋਂ ਜੋੜ ਲੈਂਦੇ ਹਨ, ਤਿਵੇਂ ਹੀ ਹੁਣ ਕਈ ਰਾਗੀ ਸਿੰਘ ਵੀ ਕਿਸੇ ਇਕ ਸ਼ਬਦ ਨੂੰ ਹਰ ਥਾਂਹ ਉਚੇਚਾ ਗਾਇਨ ਕਰਦੇ ਹਨ। ਹੋਰ ਤਾਂ ਹੋਰ ਹੁਣ ਸ੍ਰੀ ਦਰਬਾਰ ਸਾਹਿਬ ਦੇ ਕੁੱਝ ਰਾਗੀ ਸਿੰਘ ਵੀ ਉੱਥੇ ਹਰੇਕ ਡਿਊਟੀ ਵਿਚ ਅਜਿਹੇ ਇਕ ਸ਼ਬਦ ਦਾ ਗਾਇਨ ਜਰੂਰ ਕਰਦੇ ਹਨ।

> -ਆਪਣੀ ਵਾਰੀ ਦੀ ਸਮਾਪਤੀ ਵੇਲੇ ਹਰੇਕ ਰਾਗੀ ਸਿੰਘ, ਸਮਾਗਮ ਆਯੋਜਿਤ ਕਰਤਾ ਕਮੇਟੀ ਦੇ ਪ੍ਰਧਾਨ/ਸਕੱਤਰਾਂ ਦੇ ਨਾਂ ਲੈ ਲੈ ਕੇ ਬੇਲੋੜੀਆਂ ਮਿਸਾਲਾਂ ਦਿੰਦਿਆਂ ਉਨ੍ਹਾਂ ਦੀ ਉਸਤਤਿ ਕਰਨ ਲੱਗ ਪੈਂਦੇ ਹਨ।

> -ਨੀਲੇ, ਪੀਲ਼ੇ ਜਾਂ ਕਾਲ਼ੇ ਵਿਰਾਸਤੀ ਰੰਗਾਂ ਦੀ ਥਾਂਹ ਹੁਣ ਰਾਗੀ ਸਿੰਘਾਂ ਨੇ ਮਨਮਰਜੀ ਦੇ ਹੋਰ ਹੋਰ ਰੰਗਾਂ ਵਾਲ਼ੀਆਂ ਦਸਤਾਰਾਂ ਸਜਾਉਣੀਆਂ ਸ਼ੁਰੂ ਕਰ ਦਿੱਤੀਆਂ ਹਨ।

> ਗੁਰਬਾਣੀ ਗਾਇਨ ਦਾ ਪ੍ਰਮੁੱਖ ਤੇ ਪ੍ਰਮਾਣੀਕ ਸੋਮਾਂ ਹੈ, ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਸਾਹਿਬ ਵਿਖੇ ਹੁੰਦਾ ਗੁਰਬਾਣੀ ਕੀਰਤਨ। ਪਰ ਵਰਤਮਾਨ ਸਮੇਂ ਖੇਦ ਹੈ ਕਿ ਉੱਥੇ ਵੀ ਹਲਕੀਆਂ-ਫੁਲਕੀਆਂ ਤਰਜਾਂ ਦਾ ਬੋਲ-ਬਾਲਾ ਹੋ ਗਿਆ ਹੈ। ਬੇਸ਼ੱਕ ਉੱਥੇ ਵੱਖ ਵੱਖ ਰਾਗਾਂ ਦੇ ਨਾਵਾਂ ਹੇਠ ਕੀਰਤਨ ਚੌਂਕੀਆਂ ਪ੍ਰਚੱਲਤ ਹਨ, ਪਰ ਹੁਣ ਬਹੁਤੇ ਰਾਗੀ 'ਫਰਜ਼ ਪੂਰਾ' ਕਰਨ ਵਾਂਗ ਸਿਰਫ ਦੋ ਸਤਰਾਂ ਵਾਲ਼ੇ ਸਲੋਕ ਦਾ ਨਿਰਧਾਰਤ ਰਾਗ ਵਿਚ ਗਾਇਨ ਕਰਦੇ ਹਨ! ਸਨ ਸਤਵੰਜਾ 'ਚ ਜਨਮੇਂ ਇਨ੍ਹਾਂ ਸਤਰਾਂ ਦੇ ਲੇਖਕ ਨੇ ਉਹ ਸੁਨਹਿਰੀ ਸਮਾਂ ਵੀ ਦੇਖਿਆ ਹੋਇਆ ਹੈ, ਜਦ ਸ੍ਰੀ ਦਰਬਾਰ ਸਾਹਿਬ ਦੇ ਹਜੂਰੀ ਰਾਗੀ ਸਿੰਘ ਜਦ ਕਿਤੇ ਬਾਹਰ ਪਿੰਡਾਂ ਸ਼ਹਿਰਾਂ ਵਿਚ ਕੀਰਤਨ ਕਰਨ ਜਾਂਦੇ ਹੁੰਦੇ ਸਨ ਤਾਂ ਉੱਥੇ ਵੀ ਇਸ ਪਾਵਨ ਅਸਥਾਨ ਦੀ ਵਿਲੱਖਣ ਕੀਰਤਨ ਸ਼ੈਲੀ ਅਨੁਸਾਰ ਸ਼ਬਦ ਗਾਇਨ ਕਰਕੇ ਸ੍ਰੀ ਦਰਬਾਰ ਸਾਹਿਬ ਵਰਗਾ ਮਾਹੌਲ ਹੀ ਸਿਰਜ ਦਿਆ ਕਰਦੇ ਸਨ। ਮੰਤਰ-ਮੁਗਧ ਹੋਏ ਸ੍ਰੋਤੇ ਉੱਥੇ ਵੀ ਸ੍ਰੀ ਦਰਬਾਰ ਸਾਹਿਬ ਵਿਖੇ ਹਾਜ਼ਰੀ ਭਰ ਰਹੇ ਮਹਿਸੂਸ ਕਰਦੇ ਹੁੰਦੇ ਸਨ।

> ਉਸ ਦੌਰ ਵਿਚ ਸ੍ਰੋਤੀ ਸੰਗਤ, ਗਾਇਨ ਕੀਤੇ ਜਾ ਰਹੇ ਸ਼ਬਦ ਵਿਚ ਲੀਨ ਹੋਈ ਰਹਿੰਦੀ ਸੀ। ਕੋਈ ਵੀ ਕੀਰਤਨੀਆਂ, ਮੋਹਰੇ ਬੈਠੇ ਸ੍ਰੋਤਿਆਂ ਨੂੰ ਆਪਣੇ ਨਾਲ ਬੋਲਣ ਲਈ ਨਹੀਂ ਸੀ ਕਹਿੰਦਾ ਹੁੰਦਾ। ਪਰ ਹੁਣ ਲਗਭਗ ਸਾਰੇ ਰਾਗੀ, ਸ਼ਬਦ ਗਾਇਨ ਸ਼ੁਰੂ ਕਰਕੇ ਸੰਗਤ ਨੂੰ ਹੱਥ ਉਠਾ ਉਠਾ ਕੇ ਵਾਰ ਵਾਰ ਕਹੀ ਜਾਂਦੇ ਨੇ-

> 'ਗਾਉ ਜੀ...ਹੋਰ ਉੱਚੀ ਬੋਲੋ...ਸੰਗਤ ਦੀ ਅਵਾਜ਼ ਨੀ ਆਈ!' ਅਜਿਹਾ ਕਰਦਿਆਂ ਕਈ ਵਾਰ ਉਹ ਗਾਏ ਜਾ ਰਹੇ ਸ਼ਬਦ ਵਿਚ ਹੀ 'ਜਪ ਲਉ ਜੀ...ਗਾ ਲਉ ਜੀ!' ਇੰਜ ਗਾਉਂਦੇ ਹਨ ਜਿਵੇਂ ਕਿਤੇ ਇਹ 'ਜਪ ਲਉ-ਗਾ ਲਉ ਜੀ' ਵਾਲ਼ੀ 'ਹਦਾਇਤ' ਵੀ ਸ਼ਬਦ (ਗੁਰਬਾਣੀ) ਦਾ ਹੀ ਹਿੱਸਾ ਹੋਵੇ!

> ਕਈ ਰਾਗੀ ਸਿੰਘ ਸ਼ਬਦ ਗਾਇਨ ਕਰਦਿਆਂ ਅੱਧੀ ਤੁਕ ਬੋਲ ਕੇ ਚੁੱਪ ਕਰ ਜਾਂਦੇ ਵੀ ਦੇਖੇ ਤਾਂ ਕਿ ਬਾਕੀ ਦੀ ਤੁਕ ਉਨ੍ਹਾਂ ਦੇ ਮਗਰ ਸੰਗਤ ਬੋਲੇ!

> ਇਵੇਂ ਕਈ ਅਜੋਕੇ ਕੀਰਤਨੀਏਂ ਸ਼ਬਦ ਗਾਇਨ ਵਿਚਕਾਰ ਕਥਾ-ਵਿਆਖਿਆ ਦੇ ਨਾਂ 'ਤੇ ਲੰਮੀਆਂ ਸਾਖੀਆਂ ਸੁਣਾਈ ਜਾਂਦੇ ਹਨ! ਉਨ੍ਹਾਂ ਦੇ ਮਗਰੋਂ ਕਿਸੇ ਕਥਾ-ਵਾਚਕ ਨੇ ਸ਼ਬਦ-ਵੀਚਾਰ ਵੀ ਕਰਨੀ ਹੁੰਦੀ ਹੈ, ਪਰ ਇਹ ਕੀਰਤਨੀਏਂ ਵੀਰ ਵਿਆਖਿਆ ਕਰਕੇ ਸ਼ਾਇਦ 'ਵਿਦਵਾਨ ਬੁਲਾਰੇ' ਹੋਣ ਦਾ ਸਵੈ-ਪ੍ਰਗਟਾਵਾ ਕਰਨ ਲੱਗ ਪੈਂਦੇ ਹਨ! ਭਾਵੇਂ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸ੍ਰੀ ਬੰਗਲਾ ਸਾਹਿਬ ਦੇ ਵਿਦਵਾਨ ਹੈੱਡ ਗ੍ਰੰਥੀ ਭਾਈ ਰਣਜੀਤ ਸਿੰਘ ਜੀ ਦੀ ਹਦਾਇਤ ਅਨੁਸਾਰ ਗੁਰਬਾਣੀ ਕੀਰਤਨੀਏਂ ਰਾਗੀ ਸਿੰਘਾਂ ਉੱਤੇ ਸ਼ਬਦ ਕੀਰਤਨ ਦੌਰਾਨ 'ਵਾਹਿਗੁਰੂ...ਵਾਹਿਗੁਰੂ' ਦਾ ਜਾਪ ਕਰਨ/ਕਰਾਉਣ ਉੱਤੇ ਰੋਕ ਲਾਈ ਹੋਈ ਹੈ, ਪਰ ਹੁਣ ਕੁੱਝ ਕੁ ਵਿਰਲੇ ਰਾਗੀਆਂ ਨੂੰ ਛੱਡ ਕੇ ਬਹੁਤੇ ਰਾਗੀ ਇਸ ਹਦਾਇਤ ਨੂੰ ਅਣਡਿੱਠ ਕਰਕੇ ਸ਼ਬਦ ਦੇ ਵਿਚਕਾਰ ਹੀ ਕਿਸੇ ਪਾਪੂਲਰ ਜਿਹੇ ਫਿਲਮੀ ਗੀਤ ਦੀ ਤਰਜ਼ 'ਤੇ 'ਵਾਹਿਗੁਰੂ... ਵਾਹਿਗੁਰੂ' ਦੀ ਲੰਬੀ ਧੁਨ ਅਲਾਪੀ ਜਾਂਦੇ ਹਨ!

> ਰਾਗੀ ਸਿੰਘਾਂ ਵਲੋਂ ਆਪੇ ਬਣਾਈ ਇਸ ਨਵੀਂ ਰੀਤ ਤੋਂ ਦੁਖੀ ਹੁੰਦਿਆਂ ਪ੍ਰਸਿੱਧ ਕੀਰਤਨੀਏਂ ਭਾਈ ਜਸਵੀਰ ਸਿੰਘ ਪਾਉਂਟਾ ਸਾਹਿਬ ਵਾਲਿਆਂ ਨੇ ਵੀ ਇਕ ਦਿਨ ਸੋਸ਼ਲ ਮੀਡੀਆ 'ਤੇ ਪੋਸਟ ਵਿਚ ਲਿਖਿਆ ਸੀ-

> 'ਹੁਣ ਇੱਥੇ ਇਸ ਤਰ੍ਹਾਂ ਦੇ ਕੀਰਤਨੀਏਂ, ਸਿਫਾਰਸ਼ੀ ਅਤੇ ਰਿਸ਼ਵਤਾਂ ਵਾਲ਼ੇ ਬਹੁਤੇ...ਰਹਿ ਗਏ, ਜਿਨ੍ਹਾਂ ਨੂੰ ਡੰਡਉਤ ਅਤੇ ਮੰਗਲਾਚਰਨ ਵੀ ਕਰਨ ਦਾ ਟਾਈਮ ਨਹੀਂ ਦਿੰਦੀ ਸੰਗਤ...ਰਾਗੀ ਤੋਂ ਪਹਿਲਾਂ 'ਵਾਹਿਗੁਰੂ ਵਾਹਿਗੁਰੂ' ਸ਼ੁਰੂ ਹੋ ਜਾਂਦਾ ਹੈ...ਬੇੜੀ ਹੀ ਡੁਬੋ ਦਿਤੀ ਕੀਰਤਨ ਅਤੇ ਗੁਰਮਤਿ ਸੰਗੀਤ ਦੀ!'

> ਗੁਰਬਾਣੀ ਕੀਰਤਨ ਨੂੰ ਸ਼ਾਂਤ-ਰਸ ਪ੍ਰਧਾਨ ਮੰਨਿਆਂ ਜਾਂਦਾ ਹੈ, ਪਰ ਕਈ ਰਾਗੀ ਵੀਰ ਹੁਣ ਢਾਡੀ ਸਿੰਘਾਂ ਵਾਂਗ ਏਨੀਂ ਉੱਚੀ ਅਵਾਜ਼ ਵਿਚ 'ਗਰਜਦੇ' ਹਨ ਕਿ ਕੀਰਤਨ 'ਚੋਂ ਸ਼ਾਂਤ-ਰਸ ਗਾਇਬ ਹੀ ਹੋ ਜਾਂਦਾ ਹੈ। ਇਕ ਰਾਗੀ ਵੀਰ ਐਸਾ ਵੀ ਸੁਣਿਆ, ਜਿਸਨੇ ਆਪਣਾ ਤਖੱਲਸ ਤਾਂ ਰੱਖਿਆ ਹੋਇਆ ਹੈ ਅੰਮ੍ਰਿਤ ਵੇਲੇ ਮਿੱਠਾ ਬੋਲਣ ਵਾਲ਼ੇ ਇਕ ਮਧੁਰ-ਕੰਠ ਪੰਛੀ ਦੇ ਨਾਂ ਵਾਲ਼ਾ, ਪਰ ਉਹ ਉੱਚੀ ਗਾਇਨ ਕਰਨ ਵੇਲੇ ਸ੍ਰੋਤਿਆਂ ਦੇ 'ਕੰਨਾਂ ਦੇ ਕੀੜੇ' ਕੱਢ ਦਿੰਦਾ ਹੈ! ਉਸਦੀ ਬੇਹੱਦ ਉੱਚੀ ਅਵਾਜ਼ ਉੱਤੋਂ ਵੱਡੀਆਂ ਅਲਮਾਰੀਆਂ ਜਿੱਡੇ ਸਪੀਕਰਾਂ ਦੇ ਬਕਸੇ! ਹੇ ਵਾਹਿਗੁਰੂ...!!

> ਅੰਤਿਕਾ: ਸ਼੍ਰੋਮਣੀ ਕਮੇਟੀ ਲਈ ਸ਼ਲਾਘਾ ਅਤੇ ਸਵਾਲ!

> ਪੰਜਾਬ ਵਿਖੇ ਕੀਰਤਨ ਦਰਬਾਰਾਂ ਵਿਚ ਹਾਜਰੀ ਭਰਦਿਆਂ ਜਾਂ ਕਿਤੇ ਹੋਰ ਦੂਰ ਨੇੜੇ ਹੋ ਰਹੇ 'ਲਾਈਵ' ਸਮਾਗਮ ਦੇਖਦਿਆਂ ਭਾਵੇਂ ਵਿਰਾਸਤ ਤੋਂ ਉਲਟ ਵਰਤਾਰਾ ਦੇਖ ਦੇਖ ਕੇ ਮੈਂ ਹੈਰਾਨ ਤਾਂ ਬਹੁਤ ਹੁੰਦਾ ਰਿਹਾ ਪਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਮੇਰੇ ਉਪਰੋਕਤ ਸਾਰੇ ਉਲ਼ਾਂਭੇ ਲਾਹ ਸੁੱਟੇ! ਹੋਇਆ ਇੰਜ ਕਿ ਮੇਰੀ ਅਮਰੀਕਾ ਦੀ ਵਾਪਸੀ ਨੇੜੇ ਅਕਤੂਬਰ 2025 ਵਿਚ ਸ੍ਰੀ ਮੰਜੀ ਸਾਹਿਬ ਅੰਮ੍ਰਿਤਸਰ ਵਿਖੇ ਤਿੰਨ ਕੀਰਤਨ ਦਰਬਾਰ ਆਯੋਜਿਤ ਹੋਏ! ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਦੇ ਪ੍ਰਕਾਸ਼ ਪੁਰਬ ਮੌਕੇ ਸ਼੍ਰੋਮਣੀ ਕਮੇਟੀ ਵਲੋਂ ਆਯੋਜਿਤ ਹੋਏ ਇਨ੍ਹਾਂ ਸਮਾਗਮਾਂ ਵਿਖੇ ਵੱਖ-ਵੱਖ ਕੀਰਤਨੀ ਜਥਿਆਂ ਨੇ ਇਕੱਤੀ ਰਾਗਾਂ ਵਿਚ ਸ਼ਬਦ ਕੀਰਤਨ ਦੀ ਛਹਿਬਰ ਲਾਈ! ਜਿਸ ਵਿਚ ਹਜੂਰੀ ਰਾਗੀ ਜਥਿਆਂ ਤੋਂ ਇਲਾਵਾ ਗੁਰਮਤਿ ਸੰਗੀਤ ਦੇ ਨਿਪੁੰਨ ਹੋਰ ਕਈ ਰਾਗੀ ਸਿੰਘਾਂ ਨੇ ਨਿਰਧਾਰਤ ਰਾਗਾਂ ਵਿਚ ਸ਼ਬਦ ਗਾਇਨ ਕਰਕੇ ਸੰਗਤਾਂ ਨੂੰ ਸ਼ਰਸ਼ਾਰ ਕੀਤਾ। ਨਾ ਕਿਸੇ ਰਾਗੀ ਨੇ ਸ਼ਬਦ ਗਾਇਨ ਵਿਚਕਾਰ 'ਕਥਾ ਕੀਤੀ' ਅਤੇ ਨਾ ਹੀ 'ਵਾਹਿਗੁਰੂ...ਵਾਹਿਗੁਰੂ' ਦਾ ਜਾਪ ਕਰਾਇਆ! ਇੱਥੇ ਤੰਤੀ ਸਾਜਾਂ ਦੀ ਵੀ ਭਰਪੂਰ ਵਰਤੋਂ ਹੋਈ! ਗਈ ਰਾਤ ਤੱਕ ਇਹ ਤਿੰਨੋਂ ਕੀਰਤਨ ਦਰਬਾਰ ਸ਼ਰਧਾ ਸਤਿਕਾਰ ਨਾਲ 'ਲਾਈਵ ਟੈਲੀਕਾਸਟ' ਸਰਵਣ ਕਰਦਿਆਂ ਮੇਰੇ ਮਨ ਵਿਚ ਸ਼੍ਰੋਮਣੀ ਕਮੇਟੀ ਲਈ ਭਰਵੀਂ ਸ਼ਲਾਘਾ ਦੇ ਨਾਲ-ਨਾਲ ਇਹ ਸਵਾਲ ਵੀ ਪੈਦਾ ਹੋਇਆ ਕਿ ਮੰਜੀ ਸਾਹਿਬ ਦੇ ਇਨ੍ਹਾਂ ਕੀਰਤਨ ਸਮਾਗਮਾਂ ਵਾਂਗ ਹੀ ਕੀਰਤਨ ਕਰਨ ਵਾਸਤੇ ਉਹ ਸ੍ਰੀ ਦਰਬਾਰ ਸਾਹਿਬ ਦੇ ਹਜੂਰੀ ਰਾਗੀਆਂ ਸਮੇਤ ਸਾਰੇ ਗੁਰਬਾਣੀ ਕੀਰਤਨੀਆਂ ਨੂੰ ਆਦੇਸ਼ ਕਿਉਂ ਨਹੀਂ ਕਰਦੇ ਕਿ ਭਾਈ ਸਿੱਖੋ ਸਥਾਪਤ ਰਵਾਇਤਾਂ ਨੂੰ ਪਿੱਠ ਦੇ ਕੇ ਮਨਮਰਜ਼ੀਆਂ ਨਾ ਕਰੋ!

ਕਹਾਣੀ

# 'ਤਿਥੈ ਚੰਗੀ ਚੁੱਪ'

ਚੌਦਾਂ ਹਜ਼ਾਰ ਕੋਈ ਥੋੜ੍ਹੀ ਰਕਮ ਨਹੀਂ ਹੁੰਦੀ। ਨੁਕਸਾਨ ਤਾਂ ਧੇਲੀ-ਪੌਲੀ ਦਾ ਮਾਣ ਨਹੀਂ ਤੇ ਇਧਰ ਚੜ੍ਹਦੀ ਸਵੇਰ ਹੀ ਹਜ਼ਾਰ ਹਜ਼ਾਰ ਦੇ ਚੌਦਾਂ ਕੜਕਦੇ ਨੋਟ ਡਿੱਗੇ ਸਨ। ਉਹ ਵੀ ਆਪਣੀ ਹੀ ਜੇਬ 'ਚੋਂ। ਅੱਜ ਵੀ ਚੇਤੇ ਐ, ਤੇਰਾਂ ਤਰੀਕ ਸੀ ਉਸ ਦਿਨ। ਤਿੰਨ ਤੇਰਾਂ ਤੇਈ। ਇਨ੍ਹਾਂ ਤਰੀਕਾਂ ਵਾਲੇ ਦਿਨ ਤਾਂ ਮੇਰੇ ਕੋਲ ਰੱਤੀ ਭਰ ਵੀ ਵਿਹਲ ਨਹੀਂ। ਤਨਖਾਹ ਦੇਣੀ ਹੁੰਦੀ ਏ ਕੰਮ ਕਰਦੇ ਬੰਦਿਆਂ ਨੂੰ। ਇਸ ਸਿਲਸਲੇ ਦੀ ਸਲਾਹ ਬਾਪ ਜਿਉਂਦੇ-ਜੀਅ ਦੇ ਕੇ ਗਿਆ ਸੀ। ਉਦੋਂ ਸ਼ਹਿਰਦਾਰੀ 'ਚ ਵਿਚਰਦਿਆਂ ਪੰਜ-ਸੱਤ ਵਰ੍ਹੇ ਲੰਘ ਗਏ ਸਨ। ਉਨ੍ਹੀਂ ਦਿਨੀਂ ਬਾਈਪਾਸ ਦੇ ਬਾਹਰਵਾਰ ਨਵੀਆਂ ਕੱਟੀਆਂ ਕਲੋਨੀਆਂ ਵਿਚ ਛੋਟੀ-ਮੋਟੀ ਠੇਕੇਦਾਰੀ ਚੱਲਣ ਲੱਗੀ ਸੀ। ਪਿੰਡ ਛੋਟੇ ਭਰਾਵਾਂ ਕੋਲ ਰਹਿੰਦਾ ਬਾਪ ਕਦੀ-ਕਦਾਈਂ ਸ਼ਹਿਰ ਆਉਂਦਾ ਤਾਂ ਮੈਂ ਅਕਸਰ ਉਹਨੂੰ ਆਪਣੇ ਕੰਮਾਂ 'ਤੇ ਲੈ ਆਉਂਦਾ। ਉਹ ਆਪਣੀ ਆਦਤ ਮੁਤਾਬਕ ਇਕ ਨੁੱਕਰੇ ਖਲੋਤਾ ਅੱਖ ਮੀਚ ਕੇ ਕੰਧ ਦੀ ਸਧਾਈ ਵੇਖਦਾ। ਫਿਰ ਲੱਗ ਗਈ ਚਿਣਾਈ ਦੀ ਸਫਾਈ ਜਾਚਦਾ। ਸ਼ੋਹਲੇ

ਦੀਪ ਦੇਵਿੰਦਰ ਸਿੰਘ
ਫੋਨ: 98721-65707

ਹੱਥੀਂ ਕੰਮ ਕਰਦੇ ਮੁੰਡਿਆਂ ਨੂੰ ਨਿਹਾਰਦਿਆਂ ਇਸ਼ਾਰੇ ਨਾਲ ਮੈਨੂੰ ਕੋਲ ਬੁਲਾਉਂਦਿਆਂ ਸਹਿਜ ਨਾਲ ਕਹਿੰਦਾ 'ਬੱਲਿਆ, ਬੰਦਿਆਂ ਦੇ ਸਿਰੀਂ ਕੰਮ ਨਿਭਦੇ ਹੁੰਦੇ ਈ, ਤੇ ਬੰਦਾ ਚਾਅ ਨੂੰ ਨਹੀਂ, ਲੋੜ ਮਾਰਿਆ ਘਰੋਂ ਨਿਕਲਦਾ। ਪੈਹਾ-ਧੇਲਾ ਟੈਮ ਨਾਲ ਦਿਆ ਕਰ ਇਨ੍ਹਾਂ ਨੂੰ।'

ਬਾਪ ਤਾਂ ਤੁਰ ਗਿਆ ਆਪਣੇ ਹਿੱਸੇ ਦੀ ਪੁਗਾਅ ਕੇ। ਆਪਾਂ ਉਹਦੀ ਕਹੀ ਪੁਗਾਈ ਵੀ ਤੇ ਪੱਲੇ ਵੀ ਬੰਨ੍ਹੀ। ਤਿੰਨ, ਤੇਰਾਂ ਤੇਈ ਤਰੀਕਾਂ ਪੱਕੀਆਂ। ਹਰ ਮਹੀਨੇ ਦੀਆਂ। ਮੀਂਹ ਜਾਏ, ਹਨੇਰੀ ਜਾਏ। ਮੰਦਾ ਹੋਵੇ, ਤੇਜੀ ਹੋਵੇ। ਥੋੜ੍ਹੇ ਹੋਣ, ਬਹੁਤੇ ਹੋਣ। ਦੇਣੇ ਜ਼ਰੂਰ ਐ।

ਤੇ ਹਾਂ, ਤੇਰਾਂ ਈ ਤਰੀਕ ਸੀ ਉਸ ਦਿਨ ਵੀ। ਅੱਸੂ ਕੱਤੇ ਦੇ ਦਿਨਾਂ ਦੀ ਗੱਲ ਐ। ਪਹਿਲੀ ਫੇਰੀ ਬਸੰਤ ਐਵਨਿਊ। ਕੰਮ ਕਾਰ ਦੇਖਿਆ। ਲੈਣ-ਦੇਣ ਕੀਤਾ ਤੇ ਨਿਕਲ ਪਿਆ ਮਹਿਤਾ ਰੋਡ ਵਾਲੇ ਪੁਰਾਣੇ ਫੋਕਲ ਪੁਆਇੰਟ ਨੂੰ। ਪੁਰਾਣੀ ਫੈਕਟਰੀ ਦੇ ਸ਼ੈਡ ਖਰੀਦੇ ਸੀ ਪੇਚਾਂ ਵਾਲੇ ਵਿਰਦੀਆਂ ਨੇ। ਭੰਨ-ਤੋੜ ਦਾ ਕੰਮ ਸੀ ਬਹੁਤਾ। ਤੋੜਨ ਵਾਲੇ ਤੋੜ ਰਹੇ ਸੀ ਤੇ ਬਣਾਉਣ ਵਾਲੇ ਬਣਾ ਰਹੇ ਸੀ। ਖਲਾਰਾ ਸੀ ਅੰਦਰ-ਬਾਹਰ। ਖੱਬੇ ਹੱਥ ਵਾਲੇ ਪਹਿਲੇ ਸ਼ੈਡ 'ਚ ਵੜਿਆ। ਆਪੋ-ਆਪਣੇ ਕੰਮ ਰੁੱਝੇ ਹੋਏ ਸਾਰੇ। ਕੱਲੇ-ਕੱਲੇ ਨੂੰ ਦਿਹਾੜੀਆਂ ਪੁੱਛੀਆਂ। ਕਾਪੀ ਨਾਲ ਮੇਲੀਆਂ। ਹਿਸਾਬ ਚੁਕਦਾ ਕੀਤਾ ਤੇ ਬਚਦੇ ਨੋਟਾਂ ਨੂੰ ਹੱਥ ਮਾਰਿਆ। ਹਜ਼ਾਰ-ਹਜ਼ਾਰ ਦੇ ਸੋਲਾਂ ਸਨ ਪੂਰੇ। ਉਨ੍ਹਾਂ ਨਾਲ ਹੀ ਗੱਲੀਂ ਪਏ ਨੇ ਨੋਟ ਤਹਿ ਕੀਤੇ ਤੇ ਪੈਂਟ ਦੀ ਬੈਲਟ ਹੇਠਲੀ ਜੇਬ ਵਿਚ ਪਾਉਂਦਿਆਂ ਮੈਂ ਸ਼ੈਡ ਦੇ ਪਿਛਲੇ ਪਾਸੇ ਨੂੰ ਨਿਕਲ ਪਿਆ ਸਾਂ। ਕੰਮ ਕਰਦੇ ਮੁੰਡਿਆਂ ਸਾਹਬ ਸਲਾਮ ਕਹੀ। ਹੋਏ ਕੰਮ ਨੂੰ ਝਾਤੀ ਮਾਰਦਿਆਂ ਮੈਂ ਉਬੜ-ਖਾਬੜ ਪਏ ਇੱਟ ਰੋੜਿਆਂ ਤੋਂ ਥਾਂ ਸਿਰ ਹੋਣ ਲਈ ਆਪਣੇ ਪੈਰ ਟਿਕਾਉਣ ਹੀ ਲਗਿਆ ਸਾਂ ਜਦੋਂ ਪੈਂਟ ਦੇ ਸੱਜੇ ਪਾਉਂਚੇ ਰਾਹੀਂ ਹਜ਼ਾਰ-ਹਜ਼ਾਰ ਦੇ ਦੋ ਨੋਟ ਮੇਰੇ ਪੈਰਾਂ 'ਚ ਡਿੱਗੇ ਸਨ। ਮੈਂ ਤੁਰੰਤ ਪਹਿਲਾਂ ਤਾਂ ਹੇਠਾਂ ਪਏ ਨੋਟ ਚੁੱਕੇ ਤੇ ਫਿਰ ਕਾਹਲੀ ਨਾਲ ਬੈਲਟ ਹੇਠਲੀ ਜੇਬ ਵਿਚ ਹੱਥ ਮਾਰਿਆ। ਖਾਲੀ ਸੀ ਜੇਬ। ਮੈਂ ਇਹ ਸੋਚ ਕੇ ਕਿ ਦੋ ਚਾਰ ਮਿੰਟ ਪਹਿਲਾਂ ਦੀ ਤਾਂ ਗੱਲ ਐ ਮਸਾਂ, ਤੇ ਪੈਂਡਾ ਵੀ ਐਹਵੇਂ ਗਿਣਤੀ ਦੇ ਕਦਮਾਂ ਦਾ ਹੀ ਕੀਤਾ ਸੀ। ਬਸ ਦੀਵਾਰ ਦੇ ਉਸ ਪਾਸੇ ਤੋਂ ਇਸ ਪਾਸੇ ਹੀ ਤਾਂ ਆਇਆ ਸਾਂ। ਤਾਂ ਹੀ ਮੈਂ ਉੱਧਰ ਕੰਮ ਕਰਦੇ ਕਾਰੀਗਰ ਨੂੰ ਉੱਚੀ ਅਵਾਜ਼ ਮਾਰਦਿਆਂ ਕਿਹਾ ਸੀ ਕਿ 'ਓ ਰੂਪਿਆ, ਹਈਥੇ ਵੇਖੀਂ ਪੈਸੇ ਡਿੱਗੇ ਹੋਣੇ ਈ' ਤੇ ਨਾਲ ਈ ਮੈਂ ਜ਼ਮੀਨ ਉਤੇ ਝਾਤੀ ਮਾਰਦਾ-ਮਾਰਦਾ ਛੋਹਲੇ ਕਦਮਾਂ ਨਾਲ ਉੱਧਰ ਨੂੰ ਹੋ ਤੁਰਿਆ ਸਾਂ। ਪੂਰੇ ਰਸਤੇ ਇਕ ਵੀ ਨੋਟ ਮੇਰੀ ਨਿਗ੍ਹਾ ਨਹੀਂ ਸੀ ਚੜ੍ਹਿਆ। ਉੱਧਰ ਸੁਣਦਿਆਂ ਸਭ ਨੂੰ ਹੱਥਾਂ ਪੈਰਾਂ ਦੀ ਪੈ ਗਈ। ਹੱਥ ਵਾਲਾ ਕੰਮ ਵਿਚਾਲੇ ਛੱਡ ਸਾਰੇ ਈ ਇੱਧਰ-ਉੱਧਰ ਲੱਭਣ ਲੱਗੇ। ਕੋਈ ਕਹੇ ਕਿ ਮੇਰੇ ਸਾਹਮਣੇ ਅੰਕਲ ਜੀ ਨੇ ਜੇਬ 'ਚ ਪਾਏ, ਕੋਈ ਕਹੇ ਮੈਂ ਤਾਂ ਜੀ ਅਈਥੋਂ ਹਿੱਲਿਆ ਤੱਕ ਨਹੀਂ, ਕੋਈ ਕਹੇ ਜੀ ਤਲਾਸ਼ੀ ਲਓ, ਕੱਲੇ-ਕੱਲੇ ਦੀ।'

ਆਪਣੇ ਈ ਬੰਦੇ, ਪਿਛਲੇ ਕਈ ਵਰ੍ਹਿਆਂ ਤੋਂ ਆਪਣੇ ਈ ਕੋਲ ਕੰਮ ਕਰਦੇ। ਕੋਈ ਚੋਰੀ ਨਹੀਂ, ਉਲ੍ਹਾਮਾ ਨਹੀਂ ਹੁਣ ਤੀਕ। ਬਹੁਤੇ ਫਿਰ ਉਮਰਾਂ 'ਚ ਵੀ ਸਿਆਣੇ-ਬਿਆਣੇ। ਇਨ੍ਹਾਂ 'ਚੋਂ ਸ਼ੱਕ ਕਿਸ 'ਤੇ ਕੀਤਾ ਜਾਵੇ।


ਫਿਰ ਸੋਚਦਾਂ ਕਿ ਏਨੇ ਕੁ ਸਮੇਂ 'ਚ ਪੈਸੇ ਕਿਹੜੇ ਖੂਹ 'ਚ ਪੈ ਗਏ ਹੋਣਗੇ। ਕੋਈ ਓਪਰਾ ਬੰਦਾ ਅੰਦਰ ਨਹੀਂ ਵੜਿਆ। ਅੰਦਰਲਾ ਕੋਈ ਬਾਹਰ ਨਹੀਂ ਗਿਆ।

ਅਸੀਂ ਪੱਤ-ਪੱਤ ਫਰੋਲਦਿਆਂ ਹਾਰ ਹੰਭ ਗਏ ਸਾਂ। ਚੜ੍ਹਿਆ ਦਿਨ ਵੀ ਹੇਠਾਂ ਲਹਿ ਗਿਆ ਸੀ, ਪਰ ਕੁਝ ਵੀ ਹੱਥ ਪੱਲੇ ਨਹੀਂ ਸੀ ਪਿਆ। ਮੈਂ ਇਕੱਲਾ ਉਦਾਸ ਨਹੀਂ ਸਾਂ। ਉਹ ਵੀ ਮੇਰੇ ਵਾਂਗ ਹੀ ਉਦਾਸ ਸਨ, ਸਗੋਂ ਮੇਰੇ ਨਾਲ ਅੱਖ ਮਿਲਾਉਣ ਤੋਂ ਝਿਜਕ ਰਹੇ ਸਨ ਜਿਵੇਂ ਮੈਂ ਉਨ੍ਹਾਂ ਸਾਰਿਆਂ ਨੂੰ ਹੀ ਚੋਰ ਸਮਝ ਰਿਹਾ ਹੋਵਾਂ।

ਇਨ੍ਹਾਂ ਘੁੰਮਣ-ਘੇਰੀਆਂ 'ਚ ਉਲਝੇ ਨੂੰ ਮੈਨੂੰ ਰਾਹ ਨਹੀਂ ਸੀ ਲੱਭ ਰਿਹਾ। ਪਰਾਂ ਹੱਟਵਾਂ ਖਲੋਤਾ ਰਾਜੂ ਸਹਿਜ-ਸਹਿਜ ਪੈਰ ਪੁੱਟਦਾ ਮੇਰੇ ਕੋਲ ਆਣ ਖਲੋਤਾ ਸੀ। ਪਿਛੋਂ ਬਿਹਾਰ ਤੋਂ ਕਿਸੇ ਪਿੰਡ ਦਾ ਹੈ ਇਹ। ਜਿਉਂ ਆਇਆ ਮੇਰੇ ਕੋਲ ਈ ਟਿਕਿਆ। ਹੁਣ ਤਾਂ ਮਜ਼ਦੂਰ ਤੋਂ ਮਿਸਤਰੀ ਬਣ ਗਿਆ। ਹਲਕਾ ਜਿਹਾ ਖੰਘੂਰਾ ਮਾਰਦਿਆਂ ਰਾਜੂ ਕਹਿੰਦਾ 'ਅਰੇ ਭਾ ਜੀ, ਆਈਸੇ ਤੋ ਜਿਤਨੀ ਦੇਰ ਆਪ ਕੋ ਪਾਈਸੇ ਕਾ ਪਤਾ ਨਹੀਂ ਚਲਤਾ, ਹਮ ਸਭੀ ਅਪਨੇ ਆਪ ਕੋ ਚੋਰ ਸਮਝ ਰਹੇ ਹੈਂ। ਮੇਰੀ ਬਾਤ ਮਾਨੀਏ, ਮੈਂ ਏਕ ਬਾਬਾ ਕੋ ਜਾਨਤਾ ਹੂੰ। ਬਹੁਤ ਲੋਗ ਆਤੇ ਹੈਂ ਉਸ ਕੇ ਪਾਸ। ਭਾ ਜੀ, ਬਿਸਵਾਸ ਕਰੇਂ। ਜੋ ਬੀ ਚੋਰ ਹੋਗਾ ਵੋ ਬਾਬਾ ਨਾਮ ਠੀਕ ਬਤਾ ਦੇਗਾ।'

ਬਾਕੀ ਦਿਆਂ ਵੀ ਉਹਦੀ ਹਾਂ 'ਚ ਹਾਂ ਮਿਲਾਉਂਦਿਆਂ ਇਕ ਵਾਰ ਜਾ ਕੇ ਪੁਛਣਾ ਪਵਾਉਣ ਲਈ ਕਿਹਾ ਸੀ।

ਤਾਂ ਹੀ ਪਿਛਲੇ ਪੌਣੇ ਘੰਟੇ ਤੋਂ ਦਰੀ 'ਤੇ ਬੈਠਾ ਮੈਂ ਆਪਣੀ ਵਾਰੀ ਦੀ ਉਡੀਕ 'ਚ ਸਾਂ। ਵਾਰੀ ਆਈ। ਜ਼ਮੀਨ ਤੋਂ ਫੁੱਟ 'ਕੁ ਉਚੀ ਕਬਰ ਦੇ ਕੋਲ ਹਰੀ ਜਿਹੀ ਚਾਦਰ ਦੀ ਬੁੱਕਲ ਮਾਰੀ ਅੱਧਖੜ ਜਿਹੀ ਉਮਰ ਦਾ ਉਹ ਬਾਬਾ ਟਿਕ-ਟਿਕੀ ਲਗਾ ਕੇ ਮੇਰੇ ਵਲ ਝਾਕ ਰਿਹਾ ਸੀ। ਮੇਰੇ ਤੋਂ ਰਾਜੂ ਨੇ ਹੀ ਬਾਬੇ ਨੂੰ ਸਾਰੀ ਗੱਲ ਦੱਸੀ ਸੀ। ਬਾਬੇ ਨੇ ਗੱਲ ਸੁਣੀ। ਸਮਝੀ। ਕਿਸੇ ਸਿੱਟੇ ਉਤੇ ਪੁੱਜਣ ਲਈ ਉਸ ਨੇ ਆਪਣਾ ਮੂੰਹ ਸਿਰ ਉਪਰ ਲਈ ਚਾਦਰ ਵਿਚ ਵਲੇਟ ਲਿਆ। ਐਹਵੇਂ ਡੇਢ-ਦੋ ਮਿੰਟਾਂ ਬਾਅਦ ਉਸ ਨੇ ਆਪਣੀਆਂ ਅੱਖਾਂ ਤੋਂ ਚਾਦਰ ਥੋੜ੍ਹੀ ਕੁ ਉਪਰ ਖਿਸਕਾਈ ਤੇ ਨਾਲ ਹੀ ਧੌਣ ਦੇ ਇਸ਼ਾਰੇ ਨਾਲ ਨੇੜੇ ਹੋਣ ਲਈ ਕਹਿੰਦਿਆਂ ਹਿੰਦੀ-ਪੰਜਾਬੀ ਰਲਵੀਂ ਜਿਹੀ ਭਾਸ਼ਾ 'ਚ ਬੋਲਿਆ 'ਠੇਕੇਦਾਰ ਸਾਹਬ, ਕਲ੍ਹ ਸੂਰਜ ਚੜ੍ਹਨੇ ਸੇ ਪਹਿਲੇ ਉਸੀ ਜਗ੍ਹਾ ਜਾਨਾ ਔਰ ਸਾਥ ਮੇਂ ਆਟੇ ਕਾ ਪੇੜਾ ਲੇ ਕੇ ਜਾਨਾ। ਜਿਤਨਾ ਭੀ ਆਦਮੀ ਉਸ ਰੋਜ਼ ਵਹਾਂ ਥੇ। ਕਿਸੇ ਏਕ ਕੋ ਭੀ ਛੋੜਨਾ ਨਹੀਂ। ਸਭੀ ਕੇ ਨਾਮ ਕਾ ਪਰਚੀ ਬਨਾ ਕੇ ਉਸੀ ਆਟਾ ਮੇਂ ਲਪੇਟ ਕੇ



ਬਖਰਾ-ਬਖਰਾ ਗੋਲੀ ਬਨਾ ਲੇਨਾ। ਕਿਸੀ ਸਾਫ ਬਰਤਨ ਮੇਂ ਪਾਣੀ ਡਾਲਨਾ, ਬੀਚ ਮੇਂ ਸਭੀ ਨਾਮ ਵਾਲੀ ਆਟੇ ਕੀ ਗੋਲੀ ਡਾਲ ਦੇਨਾ, ਔਰ ਪਾਨੀ ਕੋ ਕਿਸੀ ਕਪੜਾ ਕੇ ਸਾਥ ਢੱਕ ਕੇ ਰਖਨਾ। ਪੌਣੇ ਤੀਨ ਮਿੰਟ ਕੇ ਬਾਅਦ ਉਸੀ ਨਾਮ ਕਾ ਗੋਲੀ ਉਪਰ ਆ ਜਾਇਗਾ ਜਿਸ ਕੇ ਪਾਸ ਵੋ ਪੈਸਾ ਹੋਗਾ।'

ਮੈਂ ਬਾਬੇ ਦੀ ਇਸ ਕਲਾ ਤੋਂ ਹੈਰਾਨ ਸਾਂ। ਇਸੇ ਕਰਕੇ ਅਗਲੇ ਦਿਨ ਵੇਲੇ ਸਿਰ ਹੀ ਆਪਣੇ ਕੰਮ ਵਾਲੇ ਅੱਡੇ 'ਤੇ ਜਾ ਪਹੁੰਚਿਆ ਸਾਂ। ਕੋਈ ਚਿੜੀ-ਕਾਂ ਵੀ ਨਹੀਂ ਸੀ ਲਾਗੇ ਬੰਨੇ। ਬਾਬੇ ਦੇ ਕਹੇ ਨੂੰ ਇੰਨ-ਬਿੰਨ ਮੰਨਦਿਆਂ ਸਾਰੇ ਕੰਮ ਨਿਪਟਾ ਮੈਂ ਆਪਣੀ ਨਜ਼ਰ ਘੜੀ ਦੀਆਂ ਸੂਈਆਂ 'ਤੇ ਟਿਕਾ ਲਈ ਸੀ। ਮੈਨੂੰ ਯਕੀਨ ਸੀ ਕਿ ਜਿਸਨੇ ਵੀ ਮੇਰੇ ਹਜ਼ਾਰ-ਹਜ਼ਾਰ ਦੇ ਉਹ ਚੌਦਾਂ ਨੋਟ ਕੱਲ ਏਧਰ-ਉਧਰ ਕੀਤੇ ਐ, ਜ਼ਹਿਰ-ਮੋਹਰੇ ਜਿਹੇ ਕਪੜੇ ਹੇਠ ਢੱਕਿਆ ਇਹ ਪਾਣੀ ਹੁਣੇ ਨਿਤਾਰਾ ਕਰ ਦੇਵੇਗਾ। ਫਿਰ ਇਕ ਵਾਰ ਬੰਦੇ ਨਾਮ ਜਿਰਾ ਸਾਹਮਣੇ ਆ ਜਾਵੇ। ਫਿਰ ਵੇਖ ਕਿੱਥ ਗਲ 'ਚ ਅੰਗੂਠਾ ਦੇ ਕੇ ਇਕੱਲਾ - ਇਕੱਲਾ ਨੋਟ ਕਢਵਾਉਨਾ ਅਗਲੇ ਤੋਂ। ਘੜੀ ਦੀ ਟਿਕ ਟਿਕ ਤੋਂ ਬਹੁਤੀ ਮੇਰੇ ਦਿਲ ਦੀ ਧੜਕਣ ਸੁਣਾਈ ਦੇ ਰਹੀ ਸੀ ਤੇ ਪੈਰਾਂ ਭਾਰ ਭੌਂਏ ਉਤੇ ਬੈਠੇ ਦੇ ਸਾਹ ਤੇਜ਼ ਤੇਜ਼ ਚਲਣ ਲੱਗੇ ਸੀ।

ਟਾਈਮ ਦੋ ਮਿੰਟ ਤੋਂ ਉਪਰ ਨਿਕਲ ਗਿਆ ਸੀ। ਮੇਰੇ ਤੇ ਉਸ ਚੋਰ ਦੇ ਵਿਚਕਾਏ ਐਂਵੇਂ ਸਕਿੰਟਾਂ ਦੀ ਖੇਡ ਬਾਕੀ ਰਹਿ ਗਈ ਸੀ। ਟਿਕੀ ਨਿਗਾਹ ਅਗਿਉਂ ਸਕਿੰਟਾਂ ਦਾ ਪੈਰੋ-ਪੈਰ ਘਟਦਾ ਜਾ ਰਿਹਾ ਪੈਂਡਾ ਮੇਰੇ ਦਿਲ ਦੀ ਧੜਕਣ ਹੋਰ ਤੇਜ਼ ਕਰ ਰਿਹਾ ਸੀ। ਦੋ ਮਿੰਟ ਤੇ ਚਾਲੀ ਸਕਿੰਟ, ਤੇ ਫਿਰ ਇਕਤਾਲੀ, ਬਤਾਲੀ, ਤਰਤਾਲੀ, ਚੌਤਾਲੀ ਤੇ ਫਿਰ ਹੋ ਗਏ ਪੂਰੇ ਪੰਜਤਾਲੀ, ਮਤਲਬ ਪੌਣੇ ਤਿੰਨ ਮਿੰਟ। ਮੈਂ ਧੜਕਦੇ ਦਿਲ ਨੂੰ ਥੋੜ੍ਹਾ ਕਾਬੂ ਵਿਚ ਕਰਦਿਆਂ ਬਾਲਟੇ ਉਤਲਾ ਕਪੜਾ ਪਾਸੇ ਕੀਤਾ। ਵੇਖਦਿਆਂ ਸਾਰ ਹੈਰਾਨ। ਸੱਚਮੁੱਚ ਇਕ ਗੋਲੀ ਪਾਣੀ ਉਪਰ ਤੈਰ ਰਹੀ ਸੀ। ਮੈਂ ਸਹਿਜ ਨਾਲ ਗੋਲੀ ਨੂੰ ਸੱਜੇ ਹੱਥ ਦੇ ਦੋਵੇਂ ਪੋਟਿਆਂ 'ਚ ਫੜਿਆ ਅਤੇ ਫੜਦਿਆਂ ਸਾਰ ਇੰਝ ਮਹਿਸੂਸ ਹੋਇਆ ਜਿਵੇਂ ਚੋਰ ਨੂੰ ਮੈਂ ਡੌਲਿਉਂ ਜਾ ਫੜਿਆ ਹੋਵੇ।

ਪਾਣੀ ਨਾਲ ਗਿੱਲਾ ਹੋਇਆ ਆਟਾ ਮੇਰੇ ਪੋਟਿਆਂ ਵਿਚ ਹੀ ਖੁਰਦਾ ਜਾ ਰਿਹਾ ਸੀ ਅਤੇ ਹੇਠਲਾ ਚਿੱਟਾ ਕਾਗਜ਼ ਸਾਫ ਦਿਖਾਈ ਦੇਣ ਲਗਿਆ ਸੀ। ਮੈਂ ਵੀ ਜਲਦੀ ਨਾਲ ਕਿਸੇ ਤਣ-ਪੱਤਣ ਲੱਗਣਾ ਚਾਹੁੰਦਾ ਸਾਂ। ਚੌਦਾਂ ਹਜ਼ਾਰ ਮੂੰਹ ਨਾਲ ਈ ਆਖਣਾ ਸੌਖਾ। ਹਜ਼ਾਰ-ਹਜ਼ਾਰ ਦੇ ਕੜਕਦੇ ਨੋਟਾਂ ਦਾ ਹੁਣ ਤੀਕ ਵੀ ਚੇਤਾ ਆਉਂਦਾ ਤਾਂ ਗਸ਼ ਪੈਣ ਤੀਕ ਜਾਂਦੀ ਐ। ਰਾਤ ਭਰ ਅਵਾਜਾਰ ਵੀ ਰਿਹਾਂ ਤੇ ਰੱਤੀ ਭਰ ਕਿਤੇ ਚੈਨ ਨਹੀਂ ਆਇਆ ਕਲ ਦਾ।

ਚੈਨ ਤਾਂ ਕਾਗਜ਼ ਖੋਲ੍ਹ ਕੇ ਵੀ ਕਿਥੇ ਆਇਆ ਸੀ। ਸਗੋਂ ਹੋਰ ਬੇ-ਚੈਨ ਹੋ ਗਿਆ ਸਾਂ ਤੇ ਹੱਥੀਂ ਲਿਖਿਆ ਨਾਮ ਪੜ੍ਹਦਿਆਂ ਸਾਰ ਅੱਖਾਂ ਟੱਡੀਆਂ ਦੀਆਂ ਟੱਡੀਆਂ ਰਹਿ ਗਈਆਂ ਸਨ। ਉਹ ਤਾਂ ਏਨਾ ਸ਼ੁਕਰ ਸੀ ਕਿ ਮੇਰੇ ਆਸ-ਪਾਸ ਕੋਈ ਨਹੀਂ ਸੀ ਨਹੀਂ ਤਾਂ ਧਰਤੀ ਵਿਹਲ ਨਹੀਂ ਦੇਣਾ ਮੈਨੂੰ, ਹੋਰਨਾਂ ਸਾਹਮਣੇ।

ਭਾਵੇਂ ਇਕ-ਇਕ ਕਰਕੇ ਗੋਲੀਆਂ ਸਾਰੀਆਂ ਈ ਪਾਣੀ 'ਤੇ ਤੈਰਨ ਲੱਗੀਆਂ ਸਨ ਪਰ ਮੇਰਾ ਧਿਆਨ ਤਾਂ ਮੇਰੇ ਹੱਥ 'ਚ ਫੜੀ ਪਰਚੀ 'ਤੇ ਲਿਖੇ ਮੇਰੇ ਆਪਣੇ ਹੀ ਨਾਮ ਵਲ ਸੀ।

ਬਾਪ ਦੀ ਕਹੀ ਗੱਲ ਚੇਤੇ ਆਉਂਦੀ ਐ, ਠੀਕ ਹੀ ਤਾਂ ਕਹਿੰਦਾ ਹੁੰਦਾ ਸੀ ਅਖੇ 'ਛਿੰਦਿਆ, ਜਗ ਨੂੰ ਚੋਰ ਕਹਿਣ ਨਾਲੋਂ ਆਪਣਾ ਘਰ ਸਾਂਭ ਕੇ ਰਖੀਦਾ। ਅਣਗਹਿਲੀ ਪੈਸਾ ਵੀ ਗਵਾਉਂਦੀ ਉ ਤੇ ਰਿਸ਼ਤਾ ਵੀ।'

ਚਾਦਰ ਹੇਠੋਂ ਨਿੱਕੀਆਂ-ਨਿੱਕੀਆਂ ਚੁਨੀਆਂ ਜਿਹੀਆਂ ਅੱਖਾਂ ਨਾਲ ਖਚਰਾ ਜਿਹਾ ਝਾਕਦਾ ਬਾਬਾ ਮੁੜ ਮੇਰੇ ਜ਼ਿਹਨ 'ਚ ਆਉਂਦਾ। ਬੜ੍ਹਾ ਘਰੋੜ ਕੇ ਕਿਹਾ ਸੀ ਉਸਨੇ 'ਸਰਦਾਰ ਜੀ, ਅਪਨਾ ਨਾਮ ਬੀ ਸਾਥ ਮੇਂ ਲਿਖਨਾ'

ਸਾਨੂੰ ਕਾਹਦਾ ਡਰ। ਡਰੇ ਤਾਂ ਉਹੋ ਜਿਹਦੇ ਢਿੱਡ 'ਚ ਚੋਰ ਹੋਊ। ਏਸੇ ਲਈ ਆਪਾਂ ਵੀ ਪੂਰਾ ਸਾਊ ਪੁਣਾ ਵਿਖਾਉਂਦਿਆਂ ਸਭ ਤੋਂ ਪਹਿਲਾਂ ਆਪਣੇ ਈ ਨਾਮ ਵਾਲੀ ਪਰਚੀ ਪਹਿਲੀਆਂ 'ਚ ਵਲੇਟਦਿਆਂ ਪਾਣੀ 'ਚ ਡੋਬੀ ਸੀ।

ਤਿੰਨ ਤੇਰਾਂ ਤੇਈ। ਭਾਵੇਂ ਅਜ ਵੀ ਬਹੁਤ ਰੁਝਿਆ ਹੁੰਨੈ ਇਨ੍ਹੀਂ ਦਿਨੀਂ। ਚੜ੍ਹਦੀ ਸਵੇਰ ਈ ਜਦੋਂ ਹੁਣ ਘਰੋਂ ਨਿਕਲਦਾਂ ਤਾਂ ਚਾਦਰ ਹੇਠੋਂ ਝਾਕਦਾ ਉਹ ਬਾਬਾ ਦਮਾਗ ਦੇ ਕਿਸੇ ਖੂੰਜੇ 'ਚੋਂ ਆਣ ਪ੍ਰਗਟ ਹੁੰਦਾ ਤੇ ਨਾਲ ਹੀ ਹਜ਼ਾਰ-ਹਜ਼ਾਰ ਦੇ ਨੋਟਾਂ ਦਾ ਚੇਤਾ ਆਉਂਦਿਆਂ ਜੇਬ ਨੂੰ ਮੁੜ-ਮੁੜ ਹੱਥ ਮਾਰਨਾ ਕਿੱਥੇ ਭੁਲਦੈ ਹੁਣ ਮੈਂ।

# 'ਇੱਕ ਰੱਬੀ ਰੂਹ-ਚਾਚੀ ਪਰਗਾਸੋ'

ਜਿਸ ਘਰ ਵੀ ਦੁੱਖ-ਸੁਖ ਹੁੰਦਾ ਉਹ ਝਟ ਉਥੇ ਅੱਪੜ ਜਾਂਦੀ, ਦਰਦ ਵੰਡਾਉਣ ਲਈ। ਜੇ ਕਿਸੇ ਘਰ ਕੋਈ ਮਰਗ ਹੁੰਦਾ ਤਾਂ ਉਹ ਉਸ ਘਰ ਆਸਣ ਲਗਾ ਬਹਿੰਦੀ, ਸੋਗ ਦੀ ਸਾਂਝੀਦਾਰ ਬਣਨ ਲਈ। ਉਹ ਦੁਖੀਏ ਲਈ ਦਿਲਾਸਾ, ਰੋਂਦੇ ਲਈ ਮੋਢਾ, ਗਰੀਬ-ਗੁਰਬੇ ਲਈ ਢੋਈ ਸੀ। ਅਸਲੋਂ ਹੀ ਰੱਬ ਦੇ ਰੰਗ 'ਚ ਰੱਤੀ ਹੋਈ ਰੂਹ!

ਨਾਮ ਤਾਂ ਉਹਦਾ ਪ੍ਰਕਾਸ਼ ਕੌਰ ਸੀ ਪਰ ਸਾਰੇ ਉਸ ਨੂੰ 'ਚਾਚੀ ਪਰਗਾਸੋ' ਹੀ ਸਦਦੇ ਸਨ। ਦਰਅਸਲ ਉਹ 'ਜਗਤ ਚਾਚੀ' ਸੀ! ਕਈ ਤਾਂ ਉਸ ਨੂੰ 'ਦਾਦੀ ਪਰਗਾਸੋ' ਵੀ ਕਹਿੰਦੇ। ਉਹ ਕਿਸੇ ਸਿਆਣੀ-ਬਿਆਣੀ ਦਾਦੀ ਵਾਂਗ ਸਭ ਪੁਰਾਤਨ ਰਹੁ-ਰੀਤਾਂ ਦੀ ਭਰਪੂਰ ਜਾਣਕਾਰੀ ਰਖਦੀ ਸੀ, ਬਸ ਵਿਸ਼ਵਕੋਸ਼ ਹੀ ਸਮਝੋ। ਜੇ ਕਿਸੇ ਨੇ ਕੋਈ ਬਜ਼ੁਰਗ 'ਵਡਾ' ਕੀਤਾ ਤਾਂ ਉਸ ਨਾਲ ਸਬੰਧਤ ਕਿਹੜੀ ਕਿਹੜੀ ਰਹੁ-ਰੀਤ ਕਰਨੀ ਐਂ, ਲੈ-ਦੇ ਕੀ ਹੋਣੈ, ਧੀਆਂ-ਧਿਆਣੀਆਂ ਦਾ ਮਾਣ-ਤਾਣ ਕਿਵੇਂ ਕਰਨੈ, ਮਕਾਣੇ ਜਾਣ ਅਤੇ ਮੋਤਵੀਂ ਮਕਾਣ ਆਉਣ ਵੇਲੇ ਕੀ-ਕੀ ਕਰਨਾ ਹੁੰਦੈ, ਦੀ ਜਾਣਕਾਰੀ ਚਾਚੀ ਪਰਗਾਸੋ ਦੀਆਂ




ਪ੍ਰੋ. ਜਸਵੰਤ ਸਿੰਘ ਗੰਡਮ
ਫੋਨ: 98766-55055

ਉਂਗਲਾਂ 'ਤੇ ਹੁੰਦੀ ਸੀ। ਅਜਿਹੇ ਵੇਲੇ ਉਹ ਕਿਰਤ ਕਰਨ ਵਾਲੀਆਂ ਬੀਬੀਆਂ ਦਾ ਖਾਸ ਖਿਆਲ ਰਖਦੀ।

ਹੁਣ ਤਾਂ ਸਾਡੇ ਪਿੰਡਾਂ ਵਿਚ ਪਿਛਲੇ ਕੁਝ ਸਾਲਾਂ ਤੋਂ ਮਕਾਣਾਂ ਦਾ ਰਿਵਾਜ ਹਟ ਗਿਐ (ਜੋ ਕਿ ਚੰਗੀ ਗੱਲ ਹੈ) ਪਰ ਕੁਝ ਦਹਾਕੇ ਪਹਿਲਾਂ ਮਰਗ ਤੇ ਮਕਾਣਾਂ 'ਹੁੰਮ-ਹੁਮਾ' ਕੇ ਆਉਂਦੀਆਂ ਹੁੰਦੀਆਂ ਸਨ। ਮੋਤਵੀਆਂ ਮਕਾਣਾਂ ਵੀ ਵਧ ਚੜ੍ਹ ਕੇ ਜਾਂਦੀਆਂ ਸਨ। ਵਾਹ ਵਾਹ ਪਿੱਟ-ਸਿਆਪਾ ਹੁੰਦਾ। ਘਰ-ਬਾਹਰ ਦੀਆਂ ਔਰਤਾਂ ਇੱਕ ਗੋਲ-ਦਾਇਰਾ ਬਣਾ ਲੈਂਦੀਆਂ, ਵਿਚਕਾਰ ਇੱਕ ਲਾਗਣ ਬੈਠ ਜਾਂਦੀ, ਜੋ ਵੈਣਾਂ/ਕੀਰਨਿਆਂ ਦੇ ਬੋਲ ਚੁਕਦੀ ਰਹਿੰਦੀ ਅਤੇ ਘੇਰੇ 'ਚ ਖੜੀਆਂ ਔਰਤਾਂ ਕੀਰਨਿਆਂ ਨੂੰ ਸੁਰਬੱਧ ਕਰਕੇ ਵੈਰਾਗਮਈ ਲਹਿਜੇ 'ਚ ਗਾਉਂਦੀਆਂ ਰਹਿੰਦੀਆਂ। ਗੱਲ੍ਹਾਂ ਤੇ ਪੱਟਾਂ ਉਪਰ ਜ਼ੋਰ-ਜ਼ੋਰ ਦੀ ਦੁਹੱਥੜ ਮਾਰ-ਮਾਰ ਪਿਟਦੀਆਂ ਤੇ ਨਾਲ-ਨਾਲ 'ਹੈ ਹਾ ਸ਼ੇਰਾ, ਹੈ ਹਾ ਸ਼ੇਰਾ' ਦੀ ਮੁਹਾਰਨੀ ਪੜਦੀਆਂ, ਜ਼ੋਰ ਜ਼ੋਰ ਦੀ ਠਾਹ-ਠਾਹ ਦਾ ਖੜਾਕ ਕਰਦੀਆਂ ਸਨ।

ਚਾਚੀ ਪਰਗਾਸੋ ਕੀਰਨਿਆਂ ਦੀ ਇਸ ਕਲਾ ਦੀ ਉਸਤਾਦ ਸੀ। ਉਹ 'ਕੱਲੀ ਹੀ ਬਾਕੀ ਮੋਤਵੀਂ ਮਕਾਣ ਵਾਲੀਆਂ ਔਰਤਾਂ 'ਤੇ ਭਾਰੂ ਪੈਂਦੀ। ਮੇਰੀ ਸ਼ਹਿਰਨ ਤੇ ਪ੍ਰੋਫੈਸਰ ਪਤਨੀ ਦਿਲਜੀਤ ਅਜੇ ਨਵੀਂ-ਨਵੀਂ ਵਿਆਹੀ ਆਈ ਸੀ, ਜਦ ਸਾਡੀ ਰਿਸ਼ਤੇਦਾਰੀ 'ਚ ਇੱਕ ਮਰਗ ਹੋ ਗਿਆ। ਮੋਤਵੀਂ ਮਕਾਣ ਵੇਲੇ ਦਿਲਜੀਤ ਵੀ ਬਾਕੀ ਔਰਤਾਂ ਨਾਲ ਗੋਲ-ਦਾਇਰੇ 'ਚ ਖੜ ਗਈ ਪਰ ਚਾਚੀ ਨੇ ਉਸ ਨੂੰ ਬੜੇ ਪਿਆਰ ਨਾਲ ਦਾਇਰੇ 'ਚੋਂ ਇਹ ਕਹਿ ਕੇ ਬਾਹਰ ਰਹਿਣ ਲਈ ਕਿਹਾ ਕਿ 'ਤੈਨੂੰ ਅਜੇ ਇਹ ਕਲਾ ਨਹੀਂ ਆਉਂਦੀ, ਇਸ ਵਿਚ ਖੜਾਕ ਵਧੇਰੇ ਕਰੀਦੈ, ਜੇ ਸੱਚੀਂ-ਮੁੱਚੀ ਹੱਥਾਂ ਨੂੰ ਜ਼ੋਰ-ਜ਼ੋਰ ਦੀ ਗੱਲ੍ਹਾਂ ਅਤੇ ਪੱਟਾਂ ਉਪਰ ਮਾਰੀ ਜਾਈਏ ਤਾਂ ਲਾਸਾਂ ਪੈ ਜਾਣ।'

ਚਾਚੀ ਪਰਗਾਸੋ ਦਾ ਆਪਣਾ ਜੀਵਨ ਬੜਾ ਹੀ ਸੰਘਰਸ਼ਮਈ ਸੀ। ਉਸ ਨੇ ਆਪਣੀ ਵਿਆਹੁਤਾ ਜ਼ਿੰਦਗੀ ਵਿਚ ਕਰੀਬ 60 ਸਾਲ ਦਾ ਵਿਧਵਾਪਨ ਹੰਢਾਇਆ ਸੀ। ਉਸ ਦਾ ਪਤੀ (ਚਾਚਾ) ਪਾਖਰ ਸਿੰਘ ਸੱਠਵਿਆਂ 'ਚ ਚਲ ਵਸਿਆ ਸੀ। ਉਸ ਵੇਲੇ ਚਾਚੀ ਦੀ ਕੁੱਛੜ ਇੱਕ 3 ਮਹੀਨਿਆਂ ਦੀ ਬੱਚੀ ਸਣੇ ਉਸ ਦੇ ਕੁਲ 5 ਨਿਆਣੇ ਸਨ। ਨਿਮਨ ਮੱਧਵਰਗੀ ਕਿਸਾਨ ਪਰਿਵਾਰਾਂ ਵਿਚ ਉਨ੍ਹੀਂ ਦਿਨੀਂ ਖੇਤੀ 'ਚੋਂ ਮਸੀਂ ਖਾਣ ਜੋਗੇ ਦਾਣੇ ਨਿਕਲਦੇ ਸਨ। ਖੇਤੀ ਵੀ ਸਾਰੀ ਹੱਥੀਂ ਹੁੰਦੀ ਸੀ। ਹਲਟਾਂ ਨਾਲ ਸਿੰਜਾਈ, ਹਲਾਂ ਨਾਲ ਵਹਾਈ



ਅਤੇ ਫਲਿਆਂ ਨਾਲ ਗਹਾਈ ਹੁੰਦੀ। ਇਸ ਲਈ ਬੰਦੇ ਦਰਕਾਰ ਸਨ। ਪਰ ਘਰਵਾਲਾ ਤਾਂ ਚਲ ਵਸਿਆ ਸੀ ਅਤੇ ਬੱਚੇ ਅਜੇ ਛੋਟੇ ਸਨ। ਜੇਠਾ ਪੁੱਤਰ ਵੀ ਅਜੇ ਬੱਚਾ ਹੀ ਸੀ, ਪਰ ਆਪਣੇ ਪਿਉ ਮਰਨ ਮਗਰੋਂ ਉਹ ਰਾਤੋ-ਰਾਤ ਵਡਾ ਹੋ ਗਿਆ ਸੀ। ਅਚਾਨਕ ਉਸ ਦਾ ਬਚਪਨ ਗੁਆਚ ਗਿਆ ਸੀ ਤੇ ਉਹ ਮਾਂ ਦੇ ਮੋਢੇ ਨਾਲ ਮੋਢਾ ਡਾਹ ਕੇ ਖੜ ਗਿਆ ਸੀ। ਚਾਚੀ ਨੇ ਮਾਂ ਤੇ ਪਿਉ ਦੋਵੇਂ ਬਣ ਕੇ ਘਰ ਚਲਾਇਆ। ਫਿਰ ਬਾਕੀ ਬੱਚੇ ਵੀ ਨਾਲ ਸ਼ਾਮਿਲ ਹੋ ਗਏ। ਹੋਰਨਾਂ ਦੇ ਦੁੱਖ-ਸੁੱਖ ਦੀ ਸਾਥਣ ਤਾਂ ਉਹ ਹੈ ਹੀ ਸੀ ਪਰ ਆਪਣੇ ਦੁੱਖ ਨੂੰ ਉਹ ਕਦੀ ਵੀ ਮੱਥੇ ਤੇ ਨਹੀਂ ਸੀ ਚਿਪਕਾਉਂਦੀ। ਚਾਚੀ ਦੇ ਘਰ ਦਾ ਵਿਹੜਾ ਬਹੁਤ ਖੁਲ੍ਹਾ ਸੀ ਤੇ ਉਸ ਦਾ ਦਿਲ ਉਸ ਤੋਂ ਵੀ ਖੁਲ੍ਹਾ! ਵਿਹੜਾ ਖੁਲ੍ਹਾ ਹੋਣ ਕਾਰਨ ਉਥੇ ਆਂਢ-ਗੁਆਂਢ ਦੇ ਬੱਚੇ ਖੇਡਦੇ ਤੇ ਖੌਰੂ ਪਾਉਂਦੇ ਰਹਿੰਦੇ। ਵਿਹੜੇ ਵਿਚ ਇੱਕ ਬਹੁਤ ਵਡੀ ਬੇਰੀ ਹੁੰਦੀ ਸੀ, ਜਿਸ ਦੇ ਬੇਰ ਬੱਚਿਆਂ ਨੂੰ ਹੋਰ ਵੀ ਆਕਰਸ਼ਤ ਕਰਦੇ। ਚਾਚੀ ਨੇ ਕਦੀ ਮੱਥੇ ਵਟ ਨਹੀਂ ਸੀ ਪਾਇਆ। ਸਗੋਂ ਉਹ ਆਪ ਹੇਠਾਂ ਡਿਗੇ ਹੋਏ ਬੇਰ ਸਾਂਭ ਲੈਂਦੀ ਤੇ ਆਏ ਬੱਚਿਆਂ ਨੂੰ ਵੰਡ ਦਿੰਦੀ। ਬੜੇ ਪਿਆਰ ਨਾਲ ਕਹਿੰਦੀ, 'ਆ ਜਾਉ ਪੁੱਤ, ਖਾ ਲਉ ਬੇਰ' ਬੱਚੇ ਆਪ ਵੀ ਬੇਰੀ ਤੋਂ ਬੇਰ ਤੋੜ ਲੈਂਦੇ। ਕਰੀਬ 93 ਸਾਲ ਉਮਰ ਭੋਗ ਕੇ ਚਾਚੀ ਪਰਗਾਸੋ ਇਸ ਚੜ੍ਹਦੀ ਫਰਵਰੀ ਰੱਬ ਨੂੰ ਪਿਆਰੀ ਹੋ ਗਈ। ਇਸ ਰੱਬੀ ਰੂਹ ਦੀ ਰੁਖਸਤੀ ਵੇਲੇ ਸਾਰਾ ਪਿੰਡ ਢੁਕਿਆ। ਪਰ ਹੁਣ ਸਾਡਾ ਪਿੰਡ ਗੰਦਵਾਂ ਦਰਦਮੰਦਾਂ ਦੇ ਦਰਦੀ ਤੋਂ ਵਿਹੂਣਾ ਹੋ ਗਿਆ! ਚਾਚੀ ਪਰਗਾਸੋ ਵਰਗੇ ਪੂਜਨੀਕ ਬਜ਼ੁਰਗ 'ਡੱਬੀ' ਵਿਚ ਸਾਂਭ ਕੇ ਰਖਣ ਲਾਇਕ ਹੁੰਦੇ ਹਨ।

ਪਰ ਜੀਵਨ ਨਾਸ਼ਵਾਨ ਹੈ, ਮੌਤ ਤਾਂ ਆਖਿਰ ਆਉਣੀ ਹੀ ਹੈ। ਇਸ ਆਪਾ-ਧਾਪੀ, ਖੁਦ-ਸਰੀ ਅਤੇ ਡਿਜਿਟਲ ਦੌਰ ਵਿਚ, ਜਦ ਲੋਕ ਆਪੋ ਆਪਣੇ ਘੁਰਨਿਆਂ 'ਚ ਘੁਸੇ ਰਹਿੰਦੇ ਹਨ, ਚਾਚੀ ਵਰਗੇ ਦਰਦ ਵੰਡਣ ਵਾਲੇ ਭਲਾ ਹੁਣ ਕਿਥੋਂ ਲਭਣੇ ਐਂ।

ਚਾਚੀ ਪਰਗਾਸੋ ਵਰਗੀਆਂ ਰੱਬੀ ਰੂਹਾਂ ਦੀ ਰੁਖਸਤੀ ਸਮੇਂ ਹਾਸ਼ਮ ਸ਼ਾਹ ਦੀ ਇਹ ਸਲਾਹ ਬਾਰ-ਬਾਰ ਯਾਦ ਆ ਰਹੀ ਹੈ, ਜਿਸ ਨੂੰ ਜੇ ਅਪਣਾ ਲਈਏ ਤਾਂ ਇਹ ਉਸ ਸੱਚੀ-ਸੁੱਚੀ ਨੇਕ ਆਤਮਾ ਪ੍ਰਤੀ ਸੱਚੇ ਸਤਿਕਾਰ ਦੀ ਸੂਚਕ ਹੋਵੇਗੀ-

'ਕਰ ਕੁਛ ਦਰਦ ਬਿਗਾਨੇ ਦਰਦੋਂ,
ਮਤ ਦਰਦ ਕਰੇ ਰੱਬ ਤੇਰਾ!'

# ਜਨ-ਗਣ-ਮਨ ਬਨਾਮ ਵੰਦੇ-ਮਾਤਰਮ ਬਨਾਮ ਦੇਹ-ਸਿਵਾ

ਉਹ ਗੀਤ ਜਿਸ ਦੇ ਅਦਬ ਵਿਚ ਬਵੰਜਾ ਕੁ ਸਕਿੰਟਾਂ ਲਈ ਹੁਣ ਤੱਕ ਲੱਖਾਂ-ਕਰੋੜਾਂ ਲੋਕ ਸਾਵਧਾਨ ਹੋ ਕੇ ਸ਼ਾਮਲ ਹੁੰਦੇ ਰਹੇ ਹਨ ਅਤੇ ਕਈਆਂ ਨੂੰ ਅਜਿਹਾ ਨਾ ਕਰਨ ਕਰਕੇ ਜੁਰਮਾਨੇ ਵੀ ਲੱਗੇ ਹਨ, ਪਹਿਲੇ ਦਿਨ 'ਤੋਂ ਹੀ ਵਿਵਾਦਾਂ ਵਿਚ ਘਿਰਿਆ ਰਿਹਾ ਹੈ ਅਤੇ ਅੱਜ-ਕੱਲ੍ਹ ਫਿਰ ਚਰਚਾ ਦਾ ਵਿਸ਼ਾ ਹੈ। ਦਸੰਬਰ 1911 ਵਿਚ ਜਦ ਇਹ ਪਹਿਲੀ ਵਾਰੀ ਹਿੰਦੁਸਤਾਨ ਦੀ ਰਾਜਧਾਨੀ ਕਲਕੱਤੇ ਵਿਖੇ ਗਾਇਆ ਗਿਆ ਤਾਂ ਐਂਗਲੋ-ਇੰਡੀਅਨ ਅਖਬਾਰਾਂ ਵਿਚ ਇਹ ਖ਼ਬਰ ਖ਼ੂਬ ਬਣਾ-ਫਬਾ ਕੇ ਲਗਾਈ ਗਈ ਕਿ ਰਵਿੰਦਰਨਾਥ ਟੈਗੋਰ ਨੇ ਇਹ ਗੀਤ ਜਾਰਜ ਪੰਜਵੇਂ ਦੀ ਤਾਜਪੋਸ਼ੀ ਸੰਬੰਧਤ ਭਾਰਤ-ਫੇਰੀ ਸਮੇਂ ਉਸਦੀ ਉਸਤਤ ਵਿਚ ਲਿਖਿਆ ਸੀ। ਬਾਦ ਵਿਚ ਇਕ ਤੋਂ ਵੱਧ ਵਾਰ ਖ਼ੁਦ

**ਡਾ. ਆਸਾ ਸਿੰਘ ਘੁੰਮਣ-ਨਡਾਲਾ**
**ਫੋਨ: 97798-53245**

ਰਵਿੰਦਰ ਨਾਥ ਟੈਗੋਰ ਵੱਲੋਂ ਸਪੱਸ਼ਟੀਕਰਨ ਦੇਣ ਦੇ ਬਾਵਜੂਦ ਇਹ ਵਿਵਾਦ ਕਦੀ ਨਾ ਕਦੀ, ਕਿਸੇ ਨਾ ਕਿਸੇ ਰੂਪ ਵਿਚ ਉੱਭਰਦਾ ਹੀ ਰਹਿੰਦਾ ਹੈ। ਮੈਨੂੰ ਯਾਦ ਹੈ ਕਿ 1970ਵਿਆਂ ਵਿਚ ਮੇਰੇ ਸਕੂਲ ਵਿਚ ਕੁਝ ਖਾਸ ਮੌਕਿਆਂ 'ਤੇ 'ਜਨ ਗਣ ਮਨ' ਦੇ ਨਾਲ ਨਾਲ 'ਦੇਹ ਸਿਵਾ ਬਰ ਮੋਹਿ' ਗਾਇਆ ਜਾਂਦਾ ਸੀ। ਓਦੋਂ ਹੀ ਪਹਿਲੀ ਵਾਰ ਮੈਂ ਆਪਣੇ ਅਧਿਆਪਕਾਂ ਕੋਲੋਂ ਕੌਮੀ ਗੀਤ ਬਾਰੇ ਇਹ ਕਥਨ ਸੁਣਿਆ ਸੀ ਕਿ ਇਹ ਖ਼ੁਸ਼ਾਮਦੀ-ਗੀਤ ਹੈ। 'ਵੰਦੇ-ਮਾਤਰਮ' ਤਾਂ ਬਹੁਤ ਦੇਰ ਬਾਅਦ ਕਿਤੇ ਕੰਨੀਂ ਪਿਆ।

ਇਹ ਗੀਤ ਮੁੱਢਲੇ ਰੂਪ ਵਿਚ ਰਵਿੰਦਰ ਨਾਥ ਟੈਗੋਰ ਨੇ ਬੰਗਾਲੀ ਭਾਸ਼ਾ ਵਿਚ ਲਿਖਿਆ ਸੀ ਜਿਸਦੇ ਪੰਜ ਪੈਰ੍ਹੇ ਹਨ। ਇਹ ਗੀਤ ਟੈਗੋਰ ਨੇ ਕਦੋਂ ਲਿਖਿਆ ਸਪਸ਼ਟ ਨਹੀਂ ਹੁੰਦਾ ਪਰ ਇਹ ਪਹਿਲੀ ਵਾਰ 27 ਦਸੰਬਰ, 1911 ਨੂੰ ਕਾਂਗਰਸ ਦੇ ਤਿੰਨ-ਦਿਨਾ ਇਜਲਾਸ ਮੌਕੇ ਕਲਕੱਤੇ ਵਿਖੇ ਗਾਇਆ ਗਿਆ। 26-27-28 ਦਸੰਬਰ, 1911 ਦਾ ਇਹ ਇਜਲਾਸ ਬਹੁਤ ਮਹੱਤਵਪੂਰਨ ਸੀ, ਜਿਸ ਵਿਚ ਬੰਗਾਲ ਦੀ ਵੰਡ ਦੀ ਮੁਖਾਲਫ਼ਤ ਸਮੇਤ ਕਈ ਅਹਿਮ ਮਤੇ ਪਾਸ ਕੀਤੇ ਗਏ। ਓਧਰੋਂ ਕਿੰਗ ਜਾਰਜ ਪੰਜਵਾਂ ਅਤੇ ਉਸਦੀ ਮਹਾਰਾਣੀ ਮੈਰੀ ਦੋ ਦਸੰਬਰ ਤੋਂ ਹਿੰਦੁਸਤਾਨ ਦੇ ਦੌਰੇ 'ਤੇ ਸਨ ਤੇ ਉਨ੍ਹਾਂ ਨੂੰ 12 ਦਸੰਬਰ ਵਾਲੇ ਦਿਨ ਇੰਗਲੈਂਡ ਵਿਚ ਰਾਜਾ-ਰਾਣੀ ਘੋਸ਼ਿਤ ਕੀਤੇ ਜਾਣ ਤੋਂ ਬਾਅਦ ਹਿੰਦੁਸਤਾਨ ਵਿਚ ਵੀ ਰਾਜਾ-ਰਾਣੀ ਵਜੋਂ ਰਸਮੀ ਤੌਰ 'ਤੇ ਮਾਨਤਾ ਦਿੱਤੀ ਜਾਣੀ ਸੀ, ਜਿਸ ਲਈ ਵੱਡਾ ਇਕੱਠ ਅਯੋਜਿਤ ਕੀਤਾ ਗਿਆ। ਕਿਹਾ ਜਾਂਦਾ ਹੈ ਕਿ ਇਸ ਵਿਚ ਦੋ-ਢਾਈ ਲੱਖ ਦੇ ਕਰੀਬ ਚੋਣਵੇਂ ਲੋਕ ਸ਼ਾਮਲ ਹੋਏ। ਯਾਦ ਰਹੇ ਉਸ ਸਮੇਂ ਤੱਕ ਹਿੰਦੁਸਤਾਨ ਦੀ ਰਾਜਧਾਨੀ ਦਿੱਲੀ ਨਹੀਂ ਸੀ, ਸਗੋਂ ਕਲਕੱਤਾ ਸੀ। ਪਰ 12 ਦਸੰਬਰ ਨੂੰ ਇਸ ਸ਼ਾਹੀ ਜੋੜੀ ਵੱਲੋਂ ਅਚਾਨਕ ਘੋਸ਼ਣਾ ਕੀਤੀ ਗਈ ਕਿ ਭਾਰਤੀ ਸਾਮਰਾਜ ਦੀ ਰਾਜਧਾਨੀ ਕਲਕੱਤੇ ਤੋਂ ਦਿੱਲੀ ਸ਼ਿਫਟ ਕੀਤੀ ਜਾ ਰਹੀ ਹੈ। ਇਹ ਜੋੜੀ ਬਾਅਦ ਵਿਚ 30 ਦਸੰਬਰ ਨੂੰ ਕਲਕੱਤੇ ਪਹੁੰਚੀ।

ਕਲਕੱਤੇ-ਫੇਰੀ ਦੌਰਾਨ ਜਾਰਜ ਪੰਜਵੇਂ ਦੀ ਹਾਜ਼ਰੀ ਵਿਚ 'ਭਾਰਤ ਭਾਗਯ ਵਿਧਾਤਾ' ਗਾਏ ਜਾਣ ਦਾ ਕੋਈ ਸਬੂਤ ਨਹੀਂ ਮਿਲਦਾ।


ਪ੍ਰਾਪਤ ਲਿਖਤਾਂ ਤੋਂ ਇਹ ਮਾਲੂਮ ਹੁੰਦਾ ਹੈ ਕਿ 27 ਦਸੰਬਰ,1911 ਨੂੰ ਦੋ ਗੀਤ ਗਾਏ ਗਏ। 'ਭਾਰਤ ਭਾਗਯ ਵਿਧਾਤਾ' ਨਾਲ ਕਾਂਗਰਸ ਦੇ 26ਵੇਂ ਸਾਲਾਨਾ ਸੈਸ਼ਨ ਦੀ ਸ਼ੁਰੂਆਤ ਕੀਤੀ ਗਈ। ਇਹ ਗੀਤ ਰਵਿੰਦਰ ਨਾਥ ਟੈਗੋਰ ਦੀ ਭਣੇਵੀਂ ਸਰਲਾ ਦੇਵੀ ਚੌਧਰਾਨੀ ਦੀ ਅਗਵਾਈ ਵਿਚ ਕੁਝ ਵਿਦਿਆਰਥੀਆਂ ਵੱਲੋਂ ਗਾਇਆ ਗਿਆ। ਸਰਲਾ ਦੇਵੀ ਟੈਗੋਰ ਦੀ ਭੈਣ ਸਵਰਨਾ ਕੁਮਾਰੀ ਦੀ ਬੇਟੀ ਸੀ ਜੋ ਕਿ ਜਾਨਕੀ ਨਾਥ ਘੋਸਲ ਨਾਲ ਵਿਆਹੀ ਹੋਈ ਸੀ। ਟੈਗੋਰ ਦੇ ਗੀਤ-ਗਾਇਨ ਤੋਂ ਬਾਅਦ ਕੁਝ ਮਤੇ ਪਾਸ ਕੀਤੇ ਗਏ, ਜਿਨ੍ਹਾਂ ਵਿਚ ਇਹ ਮਤਾ ਵੀ ਪਾਸ ਕੀਤਾ ਗਿਆ ਕਿ ਕਾਂਗਰਸ ਪਾਰਟੀ ਜਾਰਜ ਪੰਜਵੇਂ ਨੂੰ ਰਾਜਾ ਤਸਲੀਮ ਕਰਦੀ ਹੈ। ਉਸ ਤੋਂ ਬਾਅਦ ਇਕ ਹੋਰ ਗੀਤ ਗਾਇਆ ਗਿਆ ਜੋ ਕਿ ਨੈਸ਼ਨਲ ਕਾਂਗਰਸ ਪਾਰਟੀ ਦੇ ਮੁੱਢਲੇ ਮੈਂਬਰ ਰਾਮਭੁੱਜ ਦੱਤ ਚੌਧਰੀ ਦਾ ਲਿਖਿਆ ਹੋਇਆ ਸੀ ਜਿਸਦੇ ਮੁੱਢਲੇ ਬੋਲ ਸਨ: 'ਬਾਦਸ਼ਾਹ ਹਮਾਰਾ, ਜਹਾਂ-ਪਨਾਹ ਹਮਾਰਾ, ਸਰਕਾਰ ਜਾਰਜ-ਪੰਚਮ, ਸ਼ਹਿਨਸ਼ਾਹ ਹਮਾਰਾ'। ਰਾਮਭੁੱਜ ਦੱਤ ਚੌਧਰੀ ਟੈਗੋਰ ਦੀ ਭਣੇਵੀਂ ਸਰਲਾ ਦੇਵੀ ਚੌਧਰਾਨੀ ਦਾ ਪਤੀ ਸੀ ਜਿਸਦਾ ਮਹਾਤਮਾ ਗਾਂਧੀ ਸਤਿਕਾਰ ਕਰਦਾ ਸੀ।

ਅਗਲੇ ਦਿਨ ਭੁਲੇਖੇ ਵਿਚ ਜਾਂ ਜਾਨ ਬੁੱਝ ਕੇ 'ਦਾ ਸਟੇਟਸਮੈਨ' ਅਤੇ 'ਦਾ ਇੰਗਲਿਸ਼ਮੈਨ' ਅਖਬਾਰਾਂ ਨੇ ਇਹ ਖਬਰ ਉੱਡਾ ਦਿੱਤੀ ਕਿ ਜਾਰਜ ਪੰਜਵੇਂ ਦੀ ਸਿਫਤ-ਸਲਾਹ ਅਤੇ ਉਸਤੱਤ ਵਿਚ ਰਵਿੰਦਰ ਨਾਥ ਟੈਗੋਰ ਦਾ ਲਿਖਿਆ ਗੀਤ 'ਭਾਰਤ ਭਾਗਯ ਵਿਧਾਤਾ' ਗਾਇਆ ਗਿਆ।

ਉਂਝ ਹੈਰਾਨੀ ਦੀ ਗੱਲ ਹੈ ਕਿ ਰਵਿੰਦਰਨਾਥ ਟੈਗੋਰ ਜਾਂ ਹੋਰ ਕਿਸੇ ਵੱਲੋਂ ਵੀ ਇਸਦਾ ਕੋਈ ਢੁਕਵਾਂ ਸਪਸ਼ਟੀਕਰਨ ਓਸੇ ਵੇਲੇ ਕਿਉਂ ਨਾ ਦਿੱਤਾ ਗਿਆ, ਹਾਲਾਂ ਕਿ ਬਹੁਤ ਦੇਰ ਬਾਅਦ, 1937 ਅਤੇ 1939 ਵਿਚ, ਰਵਿੰਦਰ ਨਾਥ ਟੈਗੋਰ ਨੇ ਆਪਣੇ ਪੱਤਰਾਂ ਵਿਚ ਇਸਦਾ ਸਖ਼ਤ ਸ਼ਬਦਾਂ ਵਿਚ ਖੰਡਨ ਕੀਤਾ। ਉਂਝ ਟੈਗੋਰ ਨੇ ਅਗਲੇ ਹੀ ਸਾਲ ਭਾਵ 1912 ਵਿਚ ਪੰਜ ਪੈਰ੍ਹਿਆਂ ਦਾ ਇਹ ਗੀਤ ਬ੍ਰਹਮੋ ਸਮਾਜ ਦੀ ਪੱਤ੍ਰਿਕਾ 'ਤਾਤਵੋਬੋਧੀਨੀ' ਵਿਚ ਛਪਵਾਇਆ। ਸੰਨ 1919 ਵਿਚ ਮਦਨਪਲੀ (ਆਂਧਰਾ ਪ੍ਰਦੇਸ਼) ਰਹਿੰਦਿਆਂ ਟੈਗੋਰ ਨੇ ਆਇਰਸ਼ ਕਵੀ ਜੇਮਜ਼ ਕਜ਼ਨਜ਼ ਅਤੇ ਉਸਦੀ ਪਤਨੀ ਮਾਰਗਰੇਟ ਕਜ਼ਨਜ਼ ਦੀ ਸਿਫ਼ਾਰਸ਼ 'ਤੇ ਇਸਦਾ ਅੰਗਰੇਜ਼ੀ ਵਿਚ ਅਨੁਵਾਦ ਕੀਤਾ ਅਤੇ ਇਸ ਨੂੰ 'ਦਾ ਮਾਰਨਿੰਗ ਸੌਂਗ ਆਫ਼ ਇੰਡੀਆ' ਦਾ ਨਾਮ ਦਿੱਤਾ। ਐਨੀ ਬੇਸੰਤ ਵੱਲੋ ਸਥਾਪਤ ਬਸੰਤ ਥੀਓਸੋਫੀਕਲ ਕਾਲਜ ਮਦਨਪਲੀ ਦਾ ਪ੍ਰਿੰਸੀਪਲ ਜੇਮਜ਼ ਖ਼ੁਦ ਸੀ, ਜਿੱਥੇ ਇਹ ਜੇਮਜ਼ ਜੋੜੇ ਵੱਲੋਂ ਤਿਆਰ ਕੀਤੀ ਤਰਜ਼ 'ਤੇ ਕਾਲਜ ਦੀ ਸਵੇਰ-ਸਭਾ ਵਿਚ ਇਹ ਇੰਗਲਿਸ਼ ਗੀਤ ਅੱਜ ਵਾਂਗੂੰ ਬਾਕਾਇਦਾ ਗਾਇਆ ਜਾਣਾ ਸ਼ੁਰੂ ਹੋ ਗਿਆ, ਅਤੇ ਇਸ ਤਰ੍ਹਾਂ ਰਾਸ਼ਟਰੀ-ਗਾਣ ਦਾ ਸਫਰ ਸ਼ੁਰੂ ਹੋ ਗਿਆ। ਟੈਗੋਰ ਦਾ ਅੰਗਰੇਜ਼ੀ ਵਿਚ ਆਪਣੇਂ ਹੱਥੀਂ ਲਿਖਿਆ ਇਹ ਗੀਤ ਭਾਰਤ ਦੇ 78ਵੇਂ ਗਣਤੰਤਰ ਦਿਵਸ ਮੌਕੇ ਨੋਬਲ ਪੁਰਸਕਾਰ ਦੇਣ ਵਾਲੀ ਸਵੀਡਿਸ਼ ਅਕੈਡਮੀ ਵੱਲੋਂ ਜਨਤਕ ਕੀਤਾ ਗਿਆ ਜੋ ਬੰਗਲਾ ਦਾ ਹੂ-ਬਹੂ ਅਨੁਵਾਦ ਹੈ।

1913 ਵਿਚ ਜਦੋਂ ਟੈਗੋਰ ਨੂੰ ਨੋਬਲ ਪੁਰਸਕਾਰ ਮਿਲਿਆ ਤਾਂ ਖ਼ੁਸ਼ਾਮਦੀ-ਗੀਤ ਚਰਚਾ ਫਿਰ ਖ਼ੂਬ ਭਖੀ। ਕਈਆਂ ਨੇ ਬੇਝਿਜਕ ਕਿਹਾ ਕਿ ਜਾਰਜ ਪੰਜਵੇਂ ਨੂੰ 'ਭਾਰਤ ਭਾਗਯ ਵਿਧਾਤਾ' ਕਹੇ ਜਾਣ ਕਰਕੇ ਟੈਗੋਰ ਨੂੰ ਨੋਬਲ ਪੁਰਸਕਾਰ ਵਰਗਾ ਵਕਾਰੀ ਸਤਿਕਾਰ ਮਿਲਿਆ ਹੈ, ਜੋ ਉਦੋਂ ਤੱਕ ਕਦੀ ਕਿਸੇ ਏਸ਼ਿਆਈ ਨੂੰ ਨਹੀਂ ਸੀ ਮਿਲਿਆ ਅਤੇ ਹੁਣ ਤੱਕ ਕਿਸੇ ਭਾਰਤੀ ਨੂੰ ਨਸੀਬ ਨਹੀਂ ਹੋਇਆ।

ਖ਼ੈਰ! ਹੌਲੀ ਹੌਲੀ 'ਭਾਰਤ ਭਾਗਯ ਵਿਧਾਤਾ' ਦੇਸ਼-ਪ੍ਰੇਮੀ ਗੀਤ ਦੇ ਤੌਰ 'ਤੇ ਮਕਬੂਲ ਹੋਣ ਲੱਗਾ। ਸੰਨ 1935 ਵਿਚ ਦੇਹਰਾਦੂਨ ਵਿਖੇ ਖੁੱਲ੍ਹੇ 'ਦੂਨ ਪਬਲਿਕ ਸਕੂਲ' ਨੇ ਇਸ ਨੂੰ ਸਕੂਲ-ਗਾਨ ਦੇ ਤੌਰ 'ਤੇ ਅਪਣਾ ਲਿਆ। ਦੂਸਰੇ ਮਹਾਂ-ਯੁੱਧ ਸਮੇਂ ਇਸ ਨੂੰ ਅੰਤਰ-ਰਾਸ਼ਟਰੀ ਪ੍ਰਸਿੱਧੀ ਓਦੋਂ ਮਿਲੀ ਜਦੋਂ ਸੁਭਾਸ਼ ਚੰਦਰ ਬੋਸ ਨੇ ਇਸਨੂੰ ਹਿੰਦੀ ਵਿਚ ਅਨੁਵਾਦ ਕਰਕੇ 1941 ਵਿਚ ਇਸਨੂੰ 'ਸ਼ੁਭ ਸੁੱਖ ਚੈਨ' ਨਾਂ ਹੇਠ ਆਜ਼ਾਦ ਹਿੰਦ ਦਾ ਰਾਸ਼ਟਰੀ ਗੀਤ




ਘੋਸ਼ਿਤ ਕੀਤਾ। ਇਸ ਨੂੰ ਹੈਮਬਰਗ ਜਰਮਨੀ ਵਿਚ 1942 ਵਿਚ ਰੇਡੀਓ ਸਿਮਫਿਨੀ ਆਰਕੈਸਟਰਾ ਵੱਲੋਂ ਗਾਇਆ ਗਿਆ।

ਹਾਲਾਂਕਿ ਰਾਜਨੀਤੀਵਾਨਾਂ ਵੱਲੋਂ ਸਮੇਂ ਸਮੇਂ 'ਤੇ ਆਪਣੀ-ਆਪਣੀ ਪਾਰਟੀ ਦੀ ਰਾਜਨੀਤਕ-ਨੀਤੀ ਅਨੁਸਾਰ ਇਸ ਗੀਤ ਬਾਰੇ ਅੰਗਰੇਜ਼ ਸਾਮਾਰਾਜ ਦੀ ਖ਼ੁਸ਼ਾਮਦੀ ਦੇ ਦੋਸ਼ ਲਾਏ ਜਾਂਦੇ ਹਨ, ਪਰ ਉਹ ਲੋਕ ਜੋ ਟੈਗੋਰ ਦੀ ਸ਼ਖ਼ਸ਼ੀਅਤ ਨੂੰ ਚੰਗੀ ਤਰ੍ਹਾਂ ਜਾਣਦੇ ਹਨ ਅਤੇ ਨਿਰਪੱਖ ਹੋ ਕੇ ਉਸਦੀ ਵਿਚਾਰ-ਧਾਰਾ ਨੂੰ ਧਿਆਨ ਵਿਚ ਰੱਖਦੇ ਹੋਏ ਇਸਦੇ ਪੰਜੇ ਪੈਰ੍ਹੇ ਪੜ੍ਹਨ ਉਪਰੰਤ ਇਸ ਦਾ ਮੂਲਾਂਕਣ ਕਰਦੇ ਹਨ ਤਾਂ ਉਹ ਇਹੀ ਨਤੀਜਾ ਕੱਢਦੇ ਹਨ ਕਿ ਟੈਗੋਰ ਕਿਸੇ ਵਿਅੱਕਤੀ ਨੂੰ ਬਾਰ-ਬਾਰ ਭਾਰਤ ਦੇ ਭਾਗਾਂ ਦਾ ਵਿਧਾਤਾ ਨਹੀਂ ਕਹਿ ਸਕਦਾ ਅਤੇ ਨਾ ਹੀ ਉਸਦੀ ਏਨੀ ਵਾਰ ਜੈ-ਜੈ ਕਰ ਸਕਦਾ ਹੈ।

1937 ਵਿਚ ਜਦੋਂ ਬੰਦੇ ਮਾਤਰਮ ਅਤੇ ਜਨ-ਗਣ-ਮਨ ਵਿਚ ਕੌਮੀ-ਗਾਨ ਸਵੀਕ੍ਰਿਤੀ ਦੀ ਚਰਚਾ ਚੱਲ ਰਹੀ ਸੀ ਤਾਂ ਟੈਗੋਰ ਨੇ ਆਪਣੇ ਇਕ ਦੋਸਤ ਨੂੰ ਪੱਤਰ ਵਿਚ ਦੱਸਿਆ ਸੀ ਕਿ ਹਾਂ, ਉਸ ਨੂੰ ਇਕ ਦੋਸਤ ਵੱਲੋਂ ਅਜਿਹਾ ਸਿਫਤ-ਸਲਾਹ ਵਾਲਾ ਗੀਤ ਲਿਖਣ ਲਈ ਕਿਹਾ ਜ਼ਰੂਰ ਗਿਆ ਸੀ ਪਰ ਮੈਨੂੰ ਉਸ ਵੇਲੇ ਇਹ ਸੁਣ ਕੇ ਚਿੜ ਵੀ ਚੜੀ ਸੀ ਅਤੇ ਗੁੱਸਾ ਵੀ ਆਇਆ ਸੀ। ਬਾਅਦ ਵਿਚ 1939 ਵਿਚ ਕਿਸੇ ਦੇ ਸੁਝਾਅ ਦੇਣ 'ਤੇ ਕਿ ਟੈਗੋਰ ਇਸ ਸੰਬੰਧੀ ਜਨਤਕ ਸਪੱਸ਼ਟੀਕਰਣ ਕਿਉਂ ਨਹੀਂ ਦੇਂਦੇ, ਉਸ ਨੇ ਇਕ ਪੱਤਰ ਵਿਚ ਜੁਆਬ ਦਿੱਤਾ ਸੀ: 'ਜੇ ਮੈਂ ਉਨ੍ਹਾਂ ਲੋਕਾਂ ਨੂੰ ਇਸ ਦਾ ਜੁਆਬ ਦੇਵਾਂ, ਜੋ ਇਹ ਸਮਝਦੇ ਹਨ ਕਿ ਮੈਂ ਅਜਿਹਾ ਕਰ ਸਕਦਾ ਹਾਂ ਤਾਂ ਇਹ ਵੱਡੀ ਮੂਰਖਤਾ ਹੋਵੇਗੀ। ਮੇਰੇ ਦੇਸ਼ ਦਾ ਵਿਧਾਤਾ ਕੋਈ ਜਾਰਜ ਪੰਜਵਾਂ, ਸੱਤਵਾਂ ਜਾਂ ਕੋਈ ਹੋਰ ਨਹੀਂ ਹੋ ਸਕਦਾ, ਮੇਰੇ ਦੇਸ਼ ਦਾ ਵਿਧਾਤਾ ਤਾਂ ਸਦੀਆਂ-ਸਦੀਆਂ ਤੋਂ ਉਹ ਪਾਰਬ੍ਰਹਮ ਹੀ ਹੈ।'

ਦੇਸ਼ ਅਜ਼ਾਦ ਹੋਣ ਮੌਕੇ ਇਹ ਬਹਿਸ ਲਗਾਤਾਰ ਚੱਲਦੀ ਰਹੀ ਕਿ ਆਜ਼ਾਦੀ ਸਮੇਂ ਬਾਰ ਬਾਰ ਗਾਏ ਜਾਣ ਵਾਲੇ ਗੀਤ 'ਵੰਦੇ ਮਾਤਰਮ' ਨੂੰ ਰਾਸ਼ਟਰੀ-ਗਾਨ ਬਨਾਉਣਾ ਚਾਹੀਦਾ ਹੈ? ਪਰ ਜਵਾਹਰ ਲਾਲ ਨਹਿਰੂ, ਮਹਾਤਮਾ ਗਾਂਧੀ ਅਤੇ ਹੋਰ ਵੱਡੀਆਂ ਸ਼ਖ਼ਸੀਅਤਾਂ ਵਲੋਂ ਟੈਗੋਰ-ਲਿਖਤ ਰਚਨਾ ਦੇ ਪਹਿਲੇ ਪੈਰ੍ਹੇ ਦੇ ਰਾਸ਼ਟਰੀ-ਗਾਨ ਵਜੋਂ ਅਪਨਾਉਣ ਦੀ ਡਟਵੀਂ ਹਮਾਇਤ ਕੀਤੀ ਗਈ ਜਿਸ ਕਰਕੇ 'ਵੰਦੇ-ਮਾਤਰਮ', ਕੁਝ ਇਤਰਾਜ਼ਾਂ ਕਰਕੇ ਦੂਜੇ ਨੰਬਰ 'ਤੇ ਰਹਿ ਗਿਆ ਤੇ ਉਸਨੂੰ ਬਰਾਬਰ ਦਾ ਸਤਿਕਾਰ ਦੇਣ ਹਿਤ ਰਾਸ਼ਟਰੀ-ਗੀਤ ਦਾ ਮੁਕਾਮ ਦੇ ਦਿੱਤਾ ਗਿਆ। ਨਵੰਬਰ 2025 ਤੋਂ ਨਵੰਬਰ 2026 ਤੱਕ ਮੌਜੂਦਾ ਸਰਕਾਰ ਵੱਲੋਂ ਇਸਦੀ 150ਸਾਲਾ ਸਿਰਜਣਾ-ਸ਼ਤਾਬਦੀ ਮਨਾਈ ਜਾ ਰਹੀ ਹੈ, ਜਿਸ ਕਰਕੇ ਟੈਗੋਰ ਬਨਾਮ ਬੰਕਮ ਚੰਦਰ ਚੈਟਰਜੀ ਵਿਵਾਦ ਫਿਰ ਚਰਚਾ ਵਿਚ ਹੈ।

ਬੰਕਮ ਚੰਦਰ ਚੈਟਰਜੀ ਬੰਗਾਲ ਦੇ ਹੀ ਰਹਿਣ ਵਾਲੇ ਸਨ ਅਤੇ ਆਧੁਨਿਕ ਨਾਵਲਕਾਰ ਦੇ ਤੌਰ 'ਤੇ ਉਨ੍ਹਾਂ ਦਾ ਨਾਵਲ 'ਅਨੰਦਮੱਠ' ਬਹੁਤ ਮਕਬੂਲ ਹੋਇਆ ਜੋ ਕਿ 1882 ਵਿਚ ਲਿਖਿਆ ਗਿਆ। 'ਵੰਦੇ-ਮਾਤਰਮ' (ਮਾਂ ਤੁਝੇ ਸਲਾਮ) ਏਸੇ ਨਾਵਲ ਵਿਚ ਸ਼ਾਮਲ ਕੀਤਾ ਗਿਆ ਗੀਤ ਹੈ, ਜੋ ਕਿ ਲਿਖਿਆ ਪਹਿਲਾਂ ਗਿਆ ਸੀ। ਵੰਦੇ-ਮਾਤਰਮ ਇਕ ਨਾਅਰੇ ਦੇ ਤੌਰ 'ਤੇ ਕਾਂਗਰਸ ਅਤੇ ਦੇਸ਼-ਭਗਤਾਂ ਵੱਲੋਂ ਬਹੁਤ ਮਕਬੂਲ ਹੋ ਗਿਆ। ਅਸਲ ਵਿਚ ਉਨ੍ਹਾਂ ਹੀ ਦਿਨਾਂ ਵਿਚ ਅੰਗਰੇਜ਼ ਸਰਕਾਰ ਵੱਲੋਂ ਭਾਰਤ ਦੇ ਲੋਕਾਂ ਵਿਚ 'ਗਾਡ ਸੇਵ ਦਾ ਕਿੰਗ' ਅੰਗਰੇਜ਼ੀ ਰਾਸ਼ਟਰ-ਗਾਨ ਗਾਏ ਜਾਣ ਲਈ ਜ਼ੋਰ ਪਾਇਆ ਜਾ ਰਿਹਾ ਸੀ, ਜਿਸਦੇ ਵਿਰੋਧ ਵਿਚ ਦੇਸ਼-ਭਗਤਾਂ ਨੇ ਵੰਦੇ-ਮਾਤਰਮ ਗਾਉਣਾ ਸ਼ੁਰੂ ਕਰ ਦਿੱਤਾ। ਅਸਲ ਵਿਚ ਇਸ ਗੀਤ ਨਾਲ ਕਈ ਕਿਸਮ ਦੇ ਧਾਰਮਿਕ ਅਤੇ ਸਭਿਆਚਾਰਕ ਜਜ਼ਬਾਤ ਜੁੜੇ ਪਏ ਹਨ।

'ਅਨੰਦ ਮੱਠ' ਅਸਲ ਵਿਚ ਸੰਨਿਆਸੀ ਬਗਾਵਤ 'ਤੇ ਅਧਾਰਿਤ ਨਾਵਲ ਹੈ, ਜਿਸ ਵਿਚ ਈਸਟ ਇੰਡੀਆ ਕੰਪਨੀ ਦੇ ਆਉਣ ਨਾਲ ਅਤੇ ਬੰਗਾਲ-ਕਾਲ ਦੇ ਹਾਲਾਤਾਂ ਦੇ ਮੱਦੇ-ਨਜ਼ਰ ਉੱਤਰ ਤੋਂ ਦੱਖਣ ਵੱਲ ਜਾਂਦੇ ਸੰਨਿਆਸੀਆਂ ਵੱਲੋਂ ਰਸਤੇ ਵਿਚ ਵੱਡੇ ਜ਼ਿਮੀਂਦਾਰਾਂ ਅਤੇ ਰਸੂਖ਼ਦਾਰ ਲੋਕਾਂ ਤੋਂ ਉਗਰਾਹੇ ਜਾਂਦੀ ਮੰਗਤ ਨੂੰ ਕੰਪਨੀ ਨੇ ਠੱਗੀ ਦੇ ਨਾਂ ਥੱਲੇ ਸੰਨਿਆਸੀਆਂ ਤੇ ਜ਼ਿਆਦਤੀ ਕਰਨੀ ਕਰ ਦਿੱਤੀ। ਸੰਨਿਆਸੀ ਵੀ ਹਥਿਆਰਬੰਦ ਹੋ ਗਏ ਅਤੇ ਇਸ ਮੁਠ-ਭੇੜ ਵਿਚ ਸਰਕਾਰੀ ਤੰਤਰ ਨੇ ਸੈਂਕੜੇ ਤੋਂ ਉੱਪਰ ਸੰਨਿਆਸੀਆਂ ਨੂੰ ਮਾਰ ਮੁਕਾਇਆ। ਇਹ ਸੰਨਿਆਸੀ ਜੰਗਲ ਵਿਚ ਤਿੰਨ ਦੇਵੀ ਸਰੂਪਾਂ ਦੀ ਪੂਜਾ ਸਮੇਂ ਵੰਦੇ-ਮਾਤਰਮ ਭਗਤੀ-ਗੀਤ ਗਾਉਂਦੇ ਸਨ। ਇਨ੍ਹਾਂ ਮੂਰਤੀਆਂ ਦੇ ਤਿੰਨ ਸਰੂਪ ਭੂਤ-ਕਾਲ, ਵਰਤਮਾਨ ਅਤੇ ਭਵਿੱਖ ਨਾਲ ਸੰਬੰਧਿਤ ਸਨ ਅਤੇ ਮੌਜੂਦਾ ਅੰਗਰੇਜ਼=ਗੁਲਾਮੀ ਦੀ ਬਦਤਰੀ ਤੋਂ ਬਾਹਰ ਨਿਕਲ ਹਿੰਦੂਆਂ ਦੇ ਰੌਸ਼ਨ ਭੂਤ-ਕਾਲ ਦੀ ਮੁੜ-ਪ੍ਰਾਪਤੀ ਦੇ ਸੰਕੇਤਕ ਸਨ।

1896 ਵਿਚ ਕਾਂਗਰਸ ਦੇ ਕਲਕੱਤਾ ਸੈਸ਼ਨ ਸਮੇਂ ਰਵਿੰਦਰ ਨਾਥ ਟੈਗੋਰ ਨੇ ਇਹ ਗੀਤ ਗਾਇਆ ਅਤੇ ਇਸੇ ਤਰ੍ਹਾਂ ਹੋਰ ਕਈ ਮਹਾਨ ਸ਼ਖ਼ਸੀਅਤਾਂ ਇਹ ਗੀਤ ਗਾਂਦੀਆਂ ਰਹੀਆਂ ਪਰ 1937 ਵਿਚ ਜਦੋਂ ਕਾਂਗਰਸ ਵੱਲੋਂ ਇਸ ਨੂੰ ਆਪਣਾ ਰਾਸ਼ਟਰੀ ਗੀਤ ਅਪਣਾਏ ਜਾਣ ਦੀ ਗੱਲ ਚੱਲੀ ਤਾਂ ਮੁਸਲਿਮ ਲੀਗ ਅਤੇ ਮੁਹੰਮਦ ਅਲੀ ਜਿਨਾਹ ਨੇ ਇਸਦੇ ਧਾਰਮਿਕ ਪਿਛੋਕੜ ਕਰਕੇ ਵਿਰੋਧ ਕੀਤਾ। ਦੇਸ਼ ਅਜ਼ਾਦ ਹੋਣ ਉਪਰੰਤ ਇਸ ਫੈਸਲੇ ਲਈ ਇਕ ਕਮੇਟੀ ਬਨਾਈ ਗਈ, ਜਿਸ ਵਿਚ ਮੌਲਾਨਾ ਅਜ਼ਾਦ, ਜਵਾਹਰ ਲਾਲ ਨਹਿਰੂ, ਸੁਭਾਸ਼ ਚੰਦਰ ਬੋਸ ਅਤੇ ਰਵਿੰਦਰ ਨਾਥ ਟੈਗੋਰ ਸ਼ਾਮਲ ਸਨ। ਜਦ ਟੈਗੋਰ ਤੋਂ 'ਵੰਦੇ ਮਾਤਰਮ' ਬਾਰੇ ਰਾਏ ਪੁੱਛੀ ਗਈ ਤਾਂ ਉਸਦਾ ਜੁਆਬ ਸਪਸ਼ਟ ਸੀ ਕਿ ਇਹ ਗੀਤ ਨਾਵਲ ਵਿਚ ਤਾਂ ਠੀਕ ਹੈ ਪਰ ਪਾਰਲੀਮੈਂਟ ਵਿਚ ਤਾਂ ਸਭ ਧਰਮਾਂ-ਜਾਤੀਆਂ ਦੇ ਲੋਕ ਹੁੰਦੇ ਹਨ, ਇਸ ਲਈ ਇਸ ਵਿਚ ਅੱਗੇ ਜਾ ਕੇ ਕਾਲੀ-ਮਾਤਾ ਦੇ ਗੁਣ-ਗਾਇਨ ਤੋਂ ਘੱਟ-ਗਿਣਤੀਆਂ ਗੁਰੇਜ਼ ਕਰਣਗੀਆਂ, ਇਸ ਲਈ ਇਸ ਦੇ ਪਹਿਲੇ ਦੋ ਪੈਰੇ ਲੈ ਲੈਣੇ ਚਾਹੀਦੇ ਹਨ। ਦੇਸ਼ ਦੇ ਪਹਿਲੇ ਰਾਸ਼ਟਰ-ਪਤੀ ਵੱਲੋਂ ਜਨ-ਗਣ-ਮਨ ਅਤੇ ਵੰਦੇ-ਮਾਤਰਮ ਨੂੰ ਬਰਾਬਰ ਦਾ ਸਥਾਨ ਦੇ ਦਿੱਤਾ ਗਿਆ: ਇਕ ਰਾਸ਼ਟਰੀ-ਗਾਣ ਅਤੇ ਦੂਸਰਾ ਰਾਸ਼ਟਰੀ-ਗੀਤ।

ਕਹਿਣ ਨੂੰ ਤਾਂ ਦੋਵੇਂ ਬਰਾਬਰ ਹਨ ਪਰ ਸੰਵਿਧਾਨ ਵਿਚ ਆਰਟੀਕਲ 51ਅ(ੳ) ਅਧੀਨ ਕੇਵਲ ਜਨ-ਗਣ-ਮਨ ਹੀ ਮੌਲਿਕ ਫਰਜ਼ਾਂ ਵਿਚ ਸ਼ਾਮਲ ਹੈ। ਇਸ ਸੰਬੰਧੀ ਦੇਸ਼ ਦੇ ਵੱਖ ਵੱਖ ਉੱਚ-ਨਿਆਲਿਆਂ ਵਿਚ ਕਈ ਵਾਰ ਕੇਸ ਹੋ ਚੁੱਕੇ ਹਨ, ਪਰ ਕੋਰਟਾਂ ਨੇ ਇਸ ਵਿਚ ਕੋਈ ਖ਼ਾਸ ਦਿਲਚਸਪੀ ਨਹੀਂ ਵਿਖਾਈ, ਹਾਲਾਂਕਿ ਸਿਆਸੀ ਨੇਤਾਵਾਂ ਵੱਲੋਂ ਆਪੋ-ਆਪਣੀ ਪਾਰਟੀ ਦੇ ਹਿਸਾਬ ਨਾਲ ਅਤੇ ਆਪੋ-ਆਪਣੇ ਧਾਰਮਿਕ ਪਿਛੋਕੜ ਕਾਰਨ ਆਪਣੇ ਹਿਸਾਬ ਨਾਲ ਪੈਂਤੜੇ ਅਪਨਾਏ ਜਾਂਦੇ ਰਹਿੰਦੇ ਹਨ।

ਧਾਰਮਿਕ ਝੁਕਾਅ ਕਾਰਨ ਸਿੱਖ-ਸੰਸਥਾਵਾਂ ਕਈ ਵਾਰ 'ਦੇਹ ਸਿਵਾ ਬਰ ਮੋਹੈ ਇਹੈ' ਨੂੰ 'ਸਿੱਖ ਰਾਸ਼ਟਰੀ-ਗੀਤ' ਦਾ ਮੁਕਾਮ ਦੇਂਦੀਆਂ ਰਹੀਆਂ ਹਨ। ਇਸ ਸ਼ਬਦ ਵਿਚ ਦੋ ਕਿਸਮ ਦੀਆਂ ਭਾਵਨਾਵਾਂ ਉੱਭਰਵੇਂ ਰੂਪ ਵਿਚ ਸਾਹਮਣੇ ਆਉਂਦੀਆਂ ਹਨ: ਸ਼ੁੱਭ-ਕਾਰਜ ਕਰ ਸਕਣ ਲਈ ਸ਼ਕਤੀ ਦੇ ਸ੍ਰੋਤ ਪਰਮਾਤਮਾ ਅੱਗੇ ਅਰਦਾਸ ਅਤੇ ਯੁੱਧ ਵਿਚ ਬਹਾਦਰੀ ਨਾਲ ਲੜਣ-ਮਰਨ ਦੀ ਤਮੰਨਾ। ਕਈ ਸਿੱਖ ਸੰਸਥਾਵਾਂ ਵਿਚ ਸਵੇਰ ਦੀ ਅਸੈਂਬਲੀ ਜਾਂ ਖ਼ਾਸ ਸਮਾਗਮਾਂ ਦੇ ਆਗਾਜ਼ ਮੌਕੇ ਇਹ ਸ਼ਬਦ ਰਾਸ਼ਟਰੀ-ਗਾਨ ਵਾਂਗ ਗਾਇਆ ਜਾਂਦਾ ਹੈ ਜਾਂ ਦੂਜੇ ਨੰਬਰ 'ਤੇ ਗਾਇਆ ਜਾਂਦਾ ਹੈ। ਕਈ ਸਿੱਖ਼ ਰੈਜ਼ਮੈਂਟਾਂ ਵਿਚ ਵੀ ਇਸ ਵਿਚਲੀ ਵੀਰਤਾ ਦੀ ਭਾਵਨਾ ਨੂੰ ਮੁੱਖ ਰੱਖਦਿਆਂ ਇਸਦਾ ਗਾਇਨ ਕੀਤਾ ਜਾਂਦਾ ਹੈ। ਗੁਰੂ ਗੋਬਿੰਦ ਸਿੰਘ ਜੀ ਰਚਿਤ ਚੰਡੀ ਦੀ ਵਾਰ ਵਿਚੋਂ ਲਏ ਗਏ ਇਸ ਸਵੱਯੇ ਬਾਰੇ ਵੀ ਕਈ ਵਾਰ ਵਿਵਾਦ ਉੱਠਦੇ ਰਹੇ ਹਨ। ਇਹ ਸ਼ਬਦ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਲਿਖੀ ਗਈ ਰਚਨਾ ਚੰਡੀ ਚਰਿੱਤਰ ਬਾਰੇ ਵੀ ਕੁਝ ਵਿਦਵਾਨਾਂ ਦਾ ਵਿਚਾਰ ਹੈ ਕਿ ਚੰਡੀ ਚਰਿਤਰ ਗੁਰੂ ਜੀ ਦੀ ਲਿਖਤ ਹੋ ਹੀ ਨਹੀਂ ਸਕਦੀ। ਇਸ ਵਿਚਲੇ ਸ਼ਬਦ 'ਸਿਵਾ' ਬਾਰੇ ਦੋ ਬਰਾਬਰ ਰਾਵਾਂ ਪ੍ਰਚੱਲਿਤ ਹਨ। ਕੁਝ ਦਾ ਖ਼ਿਆਲ ਹੈ ਕਿ 'ਸਿਵਾ' ਤੋਂ ਅਰਥ ਹੈ ਸ਼ਕਤੀ ਦਾ ਦੇਵਤਾ ਜਦੋਂ ਕਿ ਕੁਝ ਅਨੁਸਾਰ ਇਹ ਸ਼ਬਦ ਪ੍ਰਮ-ਪਿਤਾ ਲਈ ਵਰਤਿਆ ਗਿਆ ਹੈ। ਜੋ ਇਸਦਾ ਅਰਥ ਸ਼ਿਵਾ ਦੇਵਤੇ ਤੋਂ ਲੈਂਦੇ ਹਨ, ਉਨ੍ਹਾਂ ਅਨੁਸਾਰ ਸਿਖ-ਧਰਮ ਕਿਸੇ ਦੇਵੀ-ਦੇਵਤੇ ਦੀ ਪੂਜਾ ਵਿਚ ਯਕੀਨ ਨਹੀਂ ਰੱਖਦਾ ਇਸ ਲਈ ਇਹ ਸਿਖਾਂ ਦਾ ਰਾਸ਼ਟਰੀ-ਗਾਇਨ ਨਹੀਂ ਹੋ ਸਕਦਾ।

ਸਿੱਖਾਂ/ਪੰਜਾਬੀਆਂ ਵੱਲੋਂ ਜਨ-ਗਣ-ਮਨ ਪ੍ਰਤੀ ਕਦੀ ਬਹੁਤਾ ਵਿਰੋਧ ਵੇਖਣ ਵਿਚ ਨਹੀਂ ਮਿਲਿਆ, ਕਿਉਂਕਿ ਪੰਜਾਬ ਦਾ ਨਾਂ ਪਹਿਲੇ ਮੁਕਾਮ 'ਤੇ ਰੱਖ ਕੇ ਰਾਸ਼ਟਰੀ-ਗਾਣ ਵਿਚ ਟੈਰੋਰ ਨੇ ਪੰਜਾਬ ਨੂੰ ਵਿਸ਼ੇਸ਼ ਗੌਰਵ ਬਖ਼ਸ਼ਿਆ ਹੈ। ਉਂਝ ਇਨ੍ਹਾਂ ਦਿਨਾਂ ਵਿਚ ਵੰਦੇ-ਮਾਤਰਮ ਲਾਜ਼ਮੀ ਤੌਰ 'ਤੇ ਪੜ੍ਹੇ ਜਾਣ ਦੇ ਮਾਹੌਲ ਵਿਚ ਸ਼੍ਰੋਮਣੀ ਕਮੇਟੀ ਵੱਲੋਂ ਮੌਜੂਦਾ ਕੇਂਦਰੀ ਸਰਕਾਰ ਨੂੰ ਇਹ ਜ਼ਰੂਰ ਲਿਖਿਆ ਗਿਆ ਸੀ, ਕਿ ਸਿੱਖਾਂ ਲਈ ਵੰਦੇ-ਮਾਤਰਮ ਲਾਜ਼ਮੀ ਨਹੀਂ ਕੀਤਾ ਜਾ ਸਕਦਾ ਕਿਉਂਕਿ ਉਹ ਦੇਵੀ-ਪੂਜਾ ਦੇ ਖ਼ਿਲਾਫ ਹਨ।

# ਮਨਰੇਗਾ ਤੋਂ ਨਵੀਂ ਸਕੀਮ ਤੱਕ: ਰੁਜ਼ਗਾਰ ਨੀਤੀ 'ਚ ਬਦਲਾਅ ਅਤੇ ਉਸਦੇ ਪ੍ਰਭਾਵ

ਦੇਸ਼ ਦੀ ਪੇਂਡੂ ਰੁਜ਼ਗਾਰ ਨੀਤੀ ਨੂੰ ਲੈ ਕੇ ਇੱਕ ਵਾਰ ਫਿਰ ਚਰਚਾ ਤੇਜ਼ ਹੋ ਗਈ ਹੈ। ਕੇਂਦਰ ਸਰਕਾਰ ਵੱਲੋਂ ਪੁਰਾਣੀ ਮਗਨਰੇਗਾ ਯੋਜਨਾ ਵਿਚ ਕੀਤੇ ਗਏ ਬਦਲਾਅ ਅਤੇ ਨਵੀਂ ਸਕੀਮ ਲਿਆਂਦੇ ਜਾਣ ਤੋਂ ਬਾਅਦ ਸਿਆਸੀ ਅਤੇ ਸਮਾਜਿਕ ਵਰਗਾਂ

**ਗੁਰਭਿੰਦਰ ਗੁਰੀ**

ਵਿਚ ਵੱਖ-ਵੱਖ ਪ੍ਰਤੀਕਿਰਿਆਵਾਂ ਸਾਹਮਣੇ ਆ ਰਹੀਆਂ ਹਨ। ਸਮਰਥਕ ਇਸਨੂੰ ਨਵੀਂ ਦਿਸ਼ਾ ਦੱਸ ਰਹੇ ਹਨ, ਜਦਕਿ ਆਲੋਚਕ ਇਸਨੂੰ ਪੇਂਡੂ ਗਰੀਬਾਂ ਦੇ ਹੱਕਾਂ ਵਿਚ ਕਮੀ ਵਜੋਂ ਵੇਖ ਰਹੇ ਹਨ।

**ਮਨਰੇਗਾ ਦਾ ਪਿਛੋਕੜ**

ਮਹਾਤਮਾ ਗਾਂਧੀ ਰਾਸ਼ਟਰੀ ਪੇਂਡੂ ਰੁਜ਼ਗਾਰ ਗਾਰੰਟੀ ਐਕਟ (MGNREGA) 2005 ਵਿਚ ਲਾਗੂ ਕੀਤਾ ਗਿਆ ਸੀ। ਇਸ ਦਾ ਮੁੱਖ ਮਕਸਦ ਪੇਂਡੂ ਇਲਾਕਿਆਂ ਦੇ ਬੇਰੁਜ਼ਗਾਰ ਜਾਂ ਘੱਟ-ਹੁਨਰਮੰਦ ਲੋਕਾਂ ਨੂੰ ਸਾਲ ਵਿਚ ਘੱਟੋ-ਘੱਟ 100 ਦਿਨ ਦਾ ਕੰਮ ਮੁਹੱਈਆ ਕਰਵਾਉਣਾ ਸੀ। ਇਹ ਸਕੀਮ ਸਿਰਫ ਰੁਜ਼ਗਾਰ ਹੀ ਨਹੀਂ ਦਿੰਦੀ ਸੀ, ਸਗੋਂ ਇੱਕ ਕਾਨੂੰਨੀ ਗਾਰੰਟੀ ਵੀ ਦਿੰਦੀ ਸੀ — ਅਰਥਾਤ ਜੇ ਨਿਰਧਾਰਿਤ ਸਮੇਂ ਵਿਚ ਕੰਮ ਨਾ ਮਿਲੇ ਤਾਂ ਬੇਰੁਜ਼ਗਾਰੀ ਭੱਤਾ ਦੇਣਾ ਲਾਜ਼ਮੀ ਸੀ।

ਇਸ ਯੋਜਨਾ ਵਿਚ ਕੇਂਦਰ ਸਰਕਾਰ ਵੱਡਾ ਹਿੱਸਾ ਫੰਡ ਦਾ ਦਿੰਦੀ ਸੀ ਅਤੇ ਪੰਚਾਇਤਾਂ ਨੂੰ ਲਾਗੂ ਕਰਨ ਵਿਚ ਮਹੱਤਵਪੂਰਨ ਭੂਮਿਕਾ ਮਿਲੀ ਹੋਈ ਸੀ। ਔਰਤਾਂ ਦੀ ਭਾਗੀਦਾਰੀ ਵੀ ਇਸ ਸਕੀਮ ਵਿਚ ਕਾਫੀ ਉੱਚੀ ਰਹੀ।

**ਨਵੀਂ ਸਕੀਮ ਦੇ ਮੁੱਖ ਤੱਤ**

ਨਵੀਂ ਪੇਂਡੂ ਰੁਜ਼ਗਾਰ ਯੋਜਨਾ ਤਹਿਤ ਕੁਝ ਅਹਿਮ ਬਦਲਾਅ ਕੀਤੇ ਗਏ ਹਨ:

*ਰੁਜ਼ਗਾਰ ਦੀ ਕਾਨੂੰਨੀ ਗਾਰੰਟੀ ਪਹਿਲਾਂ ਵਰਗੀ ਮਜ਼ਬੂਤ ਨਹੀਂ ਰਹੀ।

*ਕੰਮ ਦੇ ਦਿਨਾਂ ਦੀ ਗਿਣਤੀ ਵਧਾਉਣ ਦਾ ਦਾਅਵਾ ਕੀਤਾ ਗਿਆ ਹੈ, ਪਰ ਇਸ ਦੀ ਹਕੀਕਤੀ ਲਾਗੂਤਾ ਉੱਤੇ ਸਵਾਲ ਖੜੇ ਹੋ ਰਹੇ ਹਨ।

*ਫੰਡਿੰਗ ਮਾਡਲ ਵਿਚ ਤਬਦੀਲੀ ਕਰਕੇ ਸੂਬਿਆਂ ਉੱਤੇ ਵੱਧ ਵਿੱਤੀ ਭਾਰ ਪੈ ਸਕਦਾ ਹੈ।

*ਕੇਂਦਰ ਸਰਕਾਰ ਨੂੰ ਬਜਟ ਵੰਡਣ ਵਿਚ ਵੱਧ ਨਿਯੰਤਰਣ ਮਿਲ ਸਕਦਾ ਹੈ।

*ਖੇਤੀ ਦੇ ਮੌਸਮ ਦੌਰਾਨ ਕੰਮ ਦੇ ਮੌਕਿਆਂ ਉੱਤੇ ਸੀਮਾਵਾਂ ਲਗਾਉਣ ਦੀ ਗੱਲ ਵੀ ਕੀਤੀ ਜਾ ਰਹੀ ਹੈ।

**ਆਰਥਿਕ ਤੇ ਸਿਆਸੀ ਸੰਦਰਭ**

ਕੁਝ ਵਿਸ਼ਲੇਸ਼ਕ ਮੰਨਦੇ ਹਨ ਕਿ ਪਿਛਲੇ ਕੁਝ ਸਾਲਾਂ ਵਿਚ ਬਜਟ ਕਟੌਤੀਆਂ ਅਤੇ ਵਿੱਤੀ ਦਬਾਅ ਕਾਰਨ ਸਰਕਾਰਾਂ ਵੱਲੋਂ ਭਲਾਈ ਸਕੀਮਾਂ ਦੀ ਬਣਤਰ ਬਦਲੀ ਜਾ ਰਹੀ ਹੈ। ਮਹਿੰਗਾਈ, ਬੇਰੁਜ਼ਗਾਰੀ ਅਤੇ ਪੇਂਡੂ ਆਮਦਨ ਵਿਚ ਉਤਾਰ-ਚੜ੍ਹਾਅ ਨੇ ਰੁਜ਼ਗਾਰ ਯੋਜਨਾਵਾਂ ਨੂੰ ਹੋਰ ਵੀ ਮਹੱਤਵਪੂਰਨ ਬਣਾ ਦਿੱਤਾ ਹੈ।

ਦੂਜੇ ਪਾਸੇ, ਸਰਕਾਰ ਦਾ ਮਤ ਹੈ ਕਿ ਨਵੀਂ ਬਣਤਰ ਰਾਹੀਂ ਯੋਜਨਾ ਨੂੰ ਵਧੇਰੇ ਲਚਕੀਲਾ ਅਤੇ ਵਿਕਾਸ ਕੇਂਦਰਿਤ ਬਣਾਇਆ ਜਾ ਸਕਦਾ ਹੈ। ਪਰ ਆਲੋਚਕਾਂ ਦਾ ਕਹਿਣਾ ਹੈ ਕਿ ਜੇ ਗਾਰੰਟੀ ਵਾਲਾ ਤੱਤ ਕਮਜ਼ੋਰ ਹੋਇਆ ਤਾਂ ਪੇਂਡੂ ਮਜ਼ਦੂਰ ਵਰਗ ਲਈ ਸੁਰੱਖਿਆ ਘੱਟ ਹੋ ਸਕਦੀ ਹੈ।

**ਅੱਗੇ ਦਾ ਰਸਤਾ**

ਇਹ ਸਪਸ਼ਟ ਹੈ ਕਿ ਪੇਂਡੂ ਰੁਜ਼ਗਾਰ ਯੋਜਨਾਵਾਂ ਸਿਰਫ ਆਰਥਿਕ ਮਾਮਲਾ ਨਹੀਂ, ਸਗੋਂ ਸਿਆਸੀ ਅਤੇ ਸਮਾਜਿਕ ਚਰਚਾ ਦਾ ਕੇਂਦਰ ਵੀ ਹਨ। ਅਗਲੇ ਸਮੇਂ ਵਿਚ ਇਹ ਦੇਖਣਾ ਮਹੱਤਵਪੂਰਨ ਹੋਵੇਗਾ ਕਿ ਨਵੀਂ ਨੀਤੀ ਹਕੀਕਤ ਵਿਚ ਕਿੰਨਾ ਰੁਜ਼ਗਾਰ ਪੈਦਾ ਕਰਦੀ ਹੈ ਅਤੇ ਕੀ ਇਹ ਪੇਂਡੂ ਲੋਕਾਂ ਦੀਆਂ ਲੋੜਾਂ ਨੂੰ ਪੂਰਾ ਕਰਦੀ ਹੈ ਜਾਂ ਨਹੀਂ।

# ਕੁਤੁਬਮੀਨਾਰ ਦਿੱਲੀ ਬਨਾਮ ਬੁਰਜ ਖਲੀਫਾ ਦੁਬਈ

## ਨਿੱਕ ਸੁੱਕ





ਗੁਲਜ਼ਾਰ ਸਿੰਘ ਸੰਧੂ
ਫੋਨ: 91-98157-78469
Sandhugulzar@yahoo.com


1943 ਵਿਚ ਰਜਿਸਟਰ ਹੋਈ ਪੰਜਾਬੀ ਸਾਹਿਤ ਸਭਾ ਨਵੀਂ ਦਿੱਲੀ ਹਰ ਸਾਲ ਫਰਵਰੀ ਦੇ ਮਹੀਨੇ ਨਵਯੁਗ ਫਾਰਮ ਵਿਖੇ ਲਗਭਗ 37 ਵਰ੍ਹਿਆਂ ਤੋਂ ਧੁੱਪ ਦੀ ਮਹਿਫ਼ਲ ਮਨਾਉਂਦੀ ਆ ਰਹੀ ਹੈ। ਇਹ ਫਾਰਮ ਮਹਿਰੌਲੀ ਵਾਲੀ ਕੁਤਬ ਮੀਨਾਰ ਦੇ ਨੇੜੇ ਹੈ। ਕੁਤਬ ਮੀਨਾਰ ਦਿੱਲੀ ਸਲਤਨਤ ਦੇ ਮੋਹਰੀ ਹਾਕਮ ਕੁਤਬ ਉਦ ਦੀਨ ਐਬਕ ਵਲੋਂ ਦਿੱਲੀ ਤੋਂ ਦਸ ਮੀਲ ਦੀ ਦੂਰੀ ਉਤੇ ਹਿੰਦੁਸਤਾਨ ਉੱਤੇ ਆਪਣੀ ਜਿੱਤ ਦੇ ਚਿੰਨ੍ਹ ਵਜੋਂ 1193 ਵਿਚ ਬਣਾਉਣੀ ਆਰੰਭ ਕੀਤੀ ਗਈ ਸੀ। ਇਸਨੂੰ ਸਿਰੇ ਚਾੜ੍ਹਨ ਦੀ ਜ਼ਿੰਮੇਵਾਰੀ ਉਸਦੇ ਜੁਆਈ ਅਲਤਮਸ਼ ਦੇ ਮੋਢਿਆਂ ਉਤੇ ਆ ਪਈ। ਜਿਹੜਾ ਕੁਤਬ ਉਦ ਦੀਨ ਐਬਕ ਤੋਂ ਪਿੱਛੋਂ ਦਿੱਲੀ ਦੇ ਤਖ਼ਤ ਉੱਤੇ ਬੈਠਿਆ। ਇਸ ਦੀ ਉਸਾਰੀ ਲਈ ਸੁਲਤਾਨ ਨੇ ਚਮਕੀਲੇ ਲਾਲ ਪੱਥਰ ਤੇ ਚਿੱਟੇ ਸੰਗਮਰਮਰ ਦੀ ਵਰਤੋਂ ਕੀਤੀ। ਜਦੋਂ ਪੰਜ ਮੰਜ਼ਲੀ ਇਹ ਮੀਨਾਰ ਮੁਕੰਮਲ ਹੋ ਗਈ ਤਾਂ ਉਸ ਵੇਲੇ ਇਸਦਾ ਸ਼ੁਮਾਰ ਦੁਨੀਆਂ ਦੀ ਸਭ ਤੋਂ ਉੱਚੀ ਮੀਨਾਰ ਵਜੋਂ ਹੋਣ ਲੱਗਿਆ।

ਇਕ ਪੜਾਅ ਉੱਤੇ ਵਰਖਾ ਦੇਵਤਾ ਦੀ ਖ਼ੁਦਾਈ ਧੱਕੇ-ਸ਼ਾਹੀ ਨੇ ਇਸ ਦੀ ਸਿਖਰਲੀ ਮੰਜ਼ਲ ਨੂੰ ਏਨਾ ਤਬਾਹ ਕੀਤਾ ਕਿ ਫਿਰੋਜ਼ਦੀਨ ਤੁਗਲਕ ਨੂੰ ਇਸਦੀ ਸਿਖਰਲੀ ਮੰਜ਼ਿਲ ਦਾ ਮੁੜ ਨਿਰਮਾਣ ਕਰਵਾਉਣਾ ਪਿਆ। ਇਸ ਲਈ ਉਸਨੇ ਚਿੱਟੇ ਸੰਗਮਰਮਰ ਦੀ ਵਰਤੋਂ ਕੀਤੀ ਤਾਂ ਕਿ ਇਸਦਾ ਜ਼ਿਕਰ ਕਰਨ ਸਮੇਂ ਉਸ ਨਾਂ ਨੂੰ ਵਿਸ਼ੇਸ਼ ਥਾਂ ਮਿਲ ਸਕੇ। 1600 ਸਾਲ ਪੁਰਾਣੇ ਲੋਹੇ ਦੇ ਥਮ੍ਹਾਂ ਵਾਲੀ ਦੁਨੀਆਂ ਦੀ ਸਭ ਤੋਂ ਉਚੀ ਇਸ ਯਾਦਗਾਰ ਦਾ ਨਾਂ ਦੁਨੀਆਂ ਭਰ ਵਿਚ ਓਦੋਂ ਤੱਕ ਬੋਲਦਾ ਰਿਹਾ ਜਦੋਂ ਤੱਕ 2010 ਵਿਚ ਦੁਬਈ ਦੇ ਹਾਕਮਾਂ ਨੇ ਇਸ ਤੋਂ ਕਈ ਗੁਣਾ ਉਚੇ ਬੁਰਜ ਖਲੀਫਾ ਦੀ ਉਸਾਰੀ ਨਹੀਂ ਕਰ ਲਈ।

ਬੁਰਜ ਖਲੀਫਾ ਦੀ ਉੱਚਾਈ ਏਨੀ ਹੈ ਕਿ ਇਸ ਵਿਚ ਗਿਆਰਾਂ ਕੁਤਬਮੀਨਾਰਾਂ ਸਮਾ ਸਕਦੀਆਂ ਹਨ। 63 ਮੰਜ਼ਿਲਾਂ ਵਾਲਾ 'ਬੁਰਜ ਖਲੀਫਾ' ਅੱਜ ਦੇ ਦਿਨ ਦੁਨੀਆਂ ਦੀ ਸਭ ਤੋਂ ਉੱਚੀ ਇਮਾਰਤ ਹੈ, ਤੇ ਉਦੋਂ ਤੱਕ ਰਹੇਗੀ ਜਦੋਂ ਤੱਕ ਸਾਊਦੀ ਅਰਬ ਦਾ ਜੇਡਾਹ ਟਾਵਰ ਸਿਰੇ ਨਹੀਂ ਚੜ੍ਹ ਜਾਂਦਾ ਜਿਹੜਾ ਇਸ ਵੇਲੇ ਉਸਾਰੀ ਅਧੀਨ ਹੈ।

ਜੇ ਬੁਰਜ ਖਲੀਫਾ ਨੇ ਕੁਤਬਮੀਨਾਰ ਨੂੰ ਮਾਤ ਪਾਇਆ ਸੀ ਤਾਂ ਸਾਊਦੀ ਅਰਬ ਦੇ ਜੇਡਾਹ ਟਾਵਰ ਨੇ ਇਸਨੂੰ ਮਾਤ ਪਾ



ਜਾਣਾ ਹੈ। ਖ਼ੂਬੀ ਇਹ ਕਿ ਇਨ੍ਹਾਂ ਉਚੀਆਂ ਯਾਦਗਾਰਾਂ ਦੀ ਉਸਾਰੀ ਦੁਨੀਆਂ ਦੇ ਮੁਸਲਿਮ ਹਾਕਮਾਂ ਨੇ ਹੀ ਕੀਤੀ ਹੈ, ਭਾਵੇਂ ਉਹ ਧਰਤੀ ਦੇ ਦੂਰ ਦੁਰਾਡੇ ਭਾਗਾਂ ਉੱਤੇ ਰਾਜ ਕਰਦੇ ਸਨ ਤੇ ਉਨ੍ਹਾਂ ਦੇ ਰਾਜ ਕਰਨ ਦਾ ਸਮਾਂ ਵੀ ਇੱਕ ਦੂਜੇ ਤੋਂ ਸਦੀਆਂ ਦੂਰ ਸੀ। ਇਹ ਸਾਰੇ ਕਰਿਸ਼ਮੇ ਯਾਤਰੀਆਂ ਦੇ ਮਨ ਨੂੰ ਭਾਉਂਦੇ ਹਨ ਤੇ ਤਤਕਾਲੀ ਹਾਕਮ ਇਨ੍ਹਾਂ ਉੱਤੇ ਵੱਡੀਆਂ ਟਿਕਟਾਂ ਲਾ ਕੇ ਆਪਣੇ ਖ਼ਜ਼ਾਨੇ ਭਰਦੇ ਹਨ।

ਮੈਂ 1953 ਤੋਂ 1984 ਤੱਕ ਦਿੱਲੀ ਦਾ ਵਸਨੀਕ ਰਿਹਾ ਹਾਂ। ਮੈਂ ਸ੍ਰੀ ਗੁਰੂ ਗੋਬਿੰਦ ਸਿੰਘ ਕਾਲਜ ਮਾਹਿਲਪੁਰ ਤੋਂ ਬੀ.ਏ.



ਤੱਕ ਦੀ ਪੜ੍ਹਾਈ ਪੂਰੀ ਕਰਕੇ ਆਪਣੀ ਉਮਰ ਦੇ 20ਵੇਂ ਸਾਲ ਵਿਚ ਦਿੱਲੀ ਚਲਾ ਗਿਆ ਸਾਂ। ਉਦੋਂ ਅਸੀਂ ਇੱਕ ਦੂਜੇ ਨਾਲ ਸ਼ਰਤਾਂ ਲਾ ਕੇ ਕੁਤਬ ਮੀਨਾਰ ਦੀਆਂ ਮੰਜ਼ਿਲਾਂ ਚੜ੍ਹ ਜਾਂਦੇ ਸਾਂ। ਦੁਬਈ ਵਾਲਾ ਬੁਰਜ ਖਲੀਫਾ ਵੇਖਣ ਦਾ ਸਬੱਬ ਮੇਰੇ ਜਾਣੂ ਸੁਰਿੰਦਰਪਾਲ ਸਿੰਘ ਓਬਰਾਇ ਸਦਕਾ ਬਣਿਆ ਜਿਹੜਾ ਉਥੇ ਸਮੁੰਦਰ ਵਿਚ ਇਮਾਰਤਾਂ ਬਣਾਉਣ ਦਾ ਠੇਕੇਦਾਰ ਹੈ। ਨਿਸ਼ਚੇ ਹੀ ਬੁਰਜ ਖਲੀਫਾ ਵੇਖਣ ਵਾਲਿਆਂ ਲਈ ਲਿਫਟਾਂ ਵੀ ਹਨ ਤੇ ਵੱਖ-ਵੱਖ ਮੰਜ਼ਿਲਾਂ ਉੱਤੇ ਖਾਣ-ਪੀਣ ਦਾ ਪ੍ਰਬੰਧ ਵੀ ਹੈ।

ਜਾਂਦੇ ਜਾਂਦੇ ਇਹ ਵੀ ਦੱਸ ਦਿਆਂ ਕਿ ਕੁਤਬ ਮੀਨਾਰ ਦੀ ਕੁੱਲ ਉਚਾਈ 238 ਫੁੱਟ ਹੈ ਜਿਸਦੀ ਉਸਾਰੀ ਵਿਚ ਤਿੰਨ ਹਾਕਮਾਂ ਦਾ ਯੋਗਦਾਨ ਹੈ ਪਰ 2717 ਫੁੱਟ ਉੱਚੀ ਬੁਰਜ ਖਲੀਫਾ ਬਹੁਤ ਥੋੜ੍ਹੇ ਸਮੇਂ ਵਿਚ ਕੇਵਲ ਸ਼ੇਖ ਮੁਹੰਮਦ ਬਿਨ ਰਾਸ਼ਿਦ ਦੀ ਦੇਖ-ਰੇਖ ਹੇਠ ਉਸਾਰੀ ਗਈ ਸੀ। ਸਾਊਦੀ ਅਰਬ ਵਾਲਾ ਜੇਡਾਹ ਟਾਵਰ ਕਦੋਂ ਬਣਦਾ ਹੈ ਸਮੇਂ ਨੇ ਦੱਸਣਾ ਹੈ। ਉਂਞ ਇਹ ਵਾਲੇ ਸਾਰੇ ਕਰਤਬ ਮਨੁੱਖੀ ਅਕਲ ਤੇ ਮਾਨਵੀ ਚਮਤਕਾਰਾਂ ਨੂੰ ਉਜਾਗਰ ਕਰਦੇ ਹਨ।

ਏਸ ਵਾਰੀ ਦੀ ਮਹਿਫ਼ਲ ਵਿਚ ਮਹਿਫ਼ਲ ਨਾਲੋਂ ਮੇਰਾ ਧਿਆਨ ਕੁਤਬ ਮੀਨਾਰ ਵੱਲ ਜਾਣ ਦਾ ਕਾਰਨ ਇਹ ਹੈ ਕਿ 2025 ਦੇ ਅੱਧ ਵਿਚ ਦੁਬਈ ਵਾਲਾ ਬੁਰਜ ਖਲੀਫਾ ਵੇਖ ਕੇ ਆਇਆ ਹਾਂ ਜਿਹੜਾ ਕੁਤਬ ਮੀਨਾਰ ਨਾਲੋਂ ਗਿਆਰਾਂ ਗੁਣਾ ਉੱਚਾ ਹੈ। ਪੜ੍ਹੋ ਤੇ ਜਾਣੋ!

**ਅੰਤਿਕਾ**

ਲੋਕਬਾਣੀ॥

ਉੱਚੇ ਖੜ੍ਹ ਕੇ ਗੁਰਾਂ ਨੇ ਤੀਰ ਮਾਰਿਆ
ਧਰਤੀ ਨੂੰ ਭਾਗ ਲੱਗ ਗਏ।

# ਲੋਕਾਂ ਦੀ ਚੁੱਪ ਹਮੇਸ਼ਾ ਲਈ ਨਹੀਂ ਹੁੰਦੀ



ਪਾਲੀ ਭੁਪਿੰਦਰ

ਪੰਜਾਬ ਹੋਵੇ, ਭਾਰਤ ਜਾਂ ਸੰਸਾਰ-ਸਭ ਕਿਤੇ ਰਾਜਨੀਤੀ ਲੋਕ ਵਿਰੋਧੀ ਹੋ ਚੁੱਕੀ ਹੈ। ਜੋ ਸੱਤਾ ਵਿਚ ਹੈ, ਉਹ ਯੇਨ-ਕੇਨ-ਪਰਕੇਨ ਹਰ ਢੰਗ ਨਾਲ ਸੱਤਾ ਵਿਚ ਬਣਿਆ ਰਹਿਣਾ ਚਾਹੁੰਦਾ ਹੈ। ਵਿਰੋਧੀਆਂ ਨੂੰ ਹਰ ਹੀਲੇ ਖਤਮ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਸਰਕਾਰਾਂ ਮੀਡੀਏ/ਪ੍ਰੈਸ ਨੂੰ ਖਰੀਦ ਰਹੀਆਂ ਹਨ ਜਾਂ ਡਰਾ ਕੇ ਚੁੱਪ ਕਰਾ ਰਹੀਆਂ ਹਨ। ਸਵਾਲ ਪੁੱਛਣ ਦੀ ਅਜ਼ਾਦੀ ਖੋਹੀ ਜਾ ਰਹੀ ਹੈ। ਚੋਣਾਂ ਇੱਕ ਪਖੰਡ ਬਣ ਕੇ ਰਹਿ ਗਈਆਂ ਹਨ। ਪਰ ਇਸ ਦੇ ਬਾਵਜੂਦ ਵੀ ਲੋਕ ਚੁੱਪ ਹਨ। ਕਿੱਧਿਓਂ ਕੋਈ ਸੰਘਰਸ਼ ਨਹੀਂ ਛਿੜ ਰਿਹਾ। ਸਵਾਲ ਹੈ, ਕੀ ਲੋਕ ਡਰ ਗਏ ਹਨ?

ਬਹੁਤ ਕਾਰਨ ਨੇ, ਤੇ ਸਭ ਇੱਕ ਸਿਆਸੀ ਅਨਾਰਕੀ ਵੱਲ ਸੰਕੇਤ ਕਰਦੇ ਨੇ। ਸਰਕਾਰਾਂ ਨੇ ਟੈਕਸ ਲਾ-ਲਾ ਅਤੇ ਮਹਿੰਗਾਈ ਵਧਾ-ਵਧਾ ਕੇ ਲੋਕਾਂ ਨੂੰ ਇੰਨਾ ਉਲਝਾ ਦਿੱਤਾ ਹੈ ਕਿ ਉਹ ਆਪਣੇ ਮੁੱਦਿਆਂ ਤੋਂ ਹੀ ਬਾਹਰ ਨਹੀਂ ਆ ਪਾ ਰਹੇ। ਜਦੋਂ ਬੁਨਿਆਦੀ ਲੋੜਾਂ (ਰੋਟੀ, ਕੱਪੜਾ, ਮਕਾਨ) ਲਈ ਸੰਘਰਸ਼ ਵੱਡਾ ਹੋ ਜਾਵੇ, ਤਾਂ ਸਿਆਸੀ ਸੰਘਰਸ਼ ਪਿੱਛੇ ਰਹਿ ਜਾਂਦਾ ਹੈ। ਮੀਡੀਆ ਦੇ ਇੱਕ ਹਿੱਸੇ ਨੂੰ ਖਰੀਦਣਾ ਜਾਂ ਡਰਾਉਣਾ ਤਾਂ ਇੱਕ ਪਹਿਲੂ ਹੈ, ਪਰ ਦੂਜਾ ਪਹਿਲੂ ਹੈ 'ਸੂਚਨਾ ਦਾ ਹਮਲਾ'। ਇੰਨੀ ਜ਼ਿਆਦਾ ਗਲਤ ਜਾਣਕਾਰੀ (Fake News) ਅਤੇ ਪ੍ਰਚਾਰ (Propaganda) ਪਰੋਸਿਆ ਜਾ ਰਿਹਾ ਹੈ ਕਿ ਆਮ ਨਾਗਰਿਕ ਇਹ ਤੈਅ ਨਹੀਂ ਕਰ ਪਾ ਰਿਹਾ ਕਿ ਸੱਚ ਕੀ ਹੈ ਅਤੇ ਝੂਠ ਕੀ। ਇਸ ਭੰਬਲਭੂਸੇ ਨੇ ਲੋਕਾਂ ਨੂੰ ਮਾਨਸਿਕ ਤੌਰ 'ਤੇ ਥਕਾ ਦਿੱਤਾ ਹੈ। ਲੋਕਾਂ ਵਿਚ ਇੱਕ ਉਦਾਸੀਨਤਾ (Apathy) ਆ ਗਈ ਹੈ ਕਿ 'ਜੇ ਇਹ ਨਹੀਂ ਤਾਂ ਹੋਰ ਕੌਣ?' ਜਦੋਂ ਵਿਰੋਧੀ ਧਿਰਾਂ ਵੀ ਕਮਜ਼ੋਰ ਹੋਣ ਜਾਂ ਉਨ੍ਹਾਂ ਦਾ ਕਿਰਦਾਰ ਵੀ ਸੱਤਾਧਾਰੀ ਧਿਰ ਵਰਗਾ ਹੀ ਲੱਗੇ, ਤਾਂ ਲੋਕਾਂ ਦਾ ਸਿਸਟਮ ਤੋਂ ਵਿਸ਼ਵਾਸ ਉੱਠ ਜਾਂਦਾ ਹੈ। ਇਹ ਡਰ ਨਹੀਂ, ਸਗੋਂ 'ਨਿਰਾਸ਼ਾ' ਹੈ। ਆਖਰੀ ਤੇ ਵੱਡਾ ਕਾਰਨ ਹੈ, ਅੱਜ ਦਾ ਸਮਾਜ 'ਸਮੂਹਿਕ' (Collective) ਹੋਣ ਦੀ ਬਜਾਏ 'ਵਿਅਕਤੀਗਤ' (Individualistic) ਹੋ ਗਿਆ ਹੈ। ਲੋਕ ਆਪਣੇ ਨਿੱਜੀ ਫਾਇਦੇ ਬਾਰੇ ਵੱਧ ਸੋਚਦੇ ਹਨ। ਜਿੰਨਾ ਚਿਰ ਅੱਗ ਆਪਣੇ ਘਰ ਨਹੀਂ ਪਹੁੰਚਦੀ, ਉਦੋਂ ਤੱਕ ਦੂਜੇ ਦਾ ਘਰ ਸੜਦਾ ਦੇਖ ਕੇ ਚੁੱਪ ਰਹਿਣਾ ਇੱਕ ਰੁਝਾਨ ਬਣ ਗਿਆ ਹੈ।

ਇੱਕ ਹੋਰ ਵੀ ਕਾਰਨ ਹੈ। ਅੱਜ ਸਰਕਾਰਾਂ ਸੰਘਰਸ਼ ਨੂੰ




ਰੋਕਦੀਆਂ ਨਹੀਂ। ਸਿਆਸਤ ਖੇਡ ਕੇ ਉਸਨੂੰ ਬੇਮਾਅਨੀ ਬਣਾ ਦਿੰਦੀਆਂ ਹਨ। ਧਰਮ, ਜਾਤੀ ਦੇ ਨਾਂ 'ਤੇ ਲੋਕਾਂ ਨੂੰ ਆਪਸ ਵਿਚ ਪਾੜ ਦਿੰਦੀਆਂ ਹਨ। ਆਗੂਆਂ ਦੀ ਕਿਰਦਾਰ-ਕੁਸ਼ੀ ਕਰਦੀਆਂ ਹਨ। ਹਰ ਵਿਰੋਧੀ ਅਵਾਜ਼ ਨੂੰ ਕਦੇ 'ਅਰਬਨ ਨਕਸਲ' ਤੇ ਕਦੇ 'ਟੁੱਕੜੇ-ਟੁੱਕੜੇ' ਗੈਂਗ ਵਰਗੇ ਵਿਸ਼ੇਸ਼ਣ ਦੇ ਦਿੰਦੀਆਂ ਹਨ। ਇਸ ਤੋਂ ਵੀ ਲੋਕ ਨਿਰਾਸ਼ ਹੁੰਦੇ ਹਨ।

ਪਰ ਇਤਿਹਾਸ ਗਵਾਹ ਹੈ ਕਿ ਲੋਕਾਂ ਦੀ ਚੁੱਪ ਹਮੇਸ਼ਾ ਲਈ ਨਹੀਂ ਹੁੰਦੀ। ਜਦੋਂ ਸਵਾਲ ਪੁੱਛਣ ਦੀ ਆਜ਼ਾਦੀ ਖੋਹੀ ਜਾਂਦੀ ਹੈ ਤਾਂ ਅੰਦਰ ਹੀ ਅੰਦਰ ਇੱਕ ਲਾਵਾ ਪੱਕਦਾ ਹੈ ਤੇ ਚਾਣਚਕ ਹੀ ਬਾਹਰ ਵੀ ਆ ਜਾਂਦਾ ਹੈ। ਪੰਜਾਬ ਦੇ ਸੰਦਰਭ ਵਿਚ ਹੀ ਦੇਖੀਏ ਤਾਂ 'ਕਿਸਾਨ ਅੰਦੋਲਨ' ਇਸ ਗੱਲ ਦੀ ਮਿਸਾਲ ਸੀ ਕਿ ਜਦੋਂ ਲੋਕਾਂ ਦੀ ਹੋਂਦ 'ਤੇ ਸਵਾਲ ਆਇਆ, ਤਾਂ ਉਹ ਸਭ ਤੋਂ ਤਾਕਤਵਰ ਸੱਤਾ ਦੇ ਸਾਹਮਣੇ ਵੀ ਡਟ ਗਏ। ਇਤਿਹਾਸ ਇਹ ਵੀ ਦੱਸਦਾ ਹੈ, ਸਭ ਤੋਂ ਖ਼ਤਰਨਾਕ ਸਮਾਂ ਉਹ ਹੁੰਦਾ ਹੈ, ਜਦੋਂ ਲੋਕ ਗੁੱਸੇ ਵਿਚ ਨਹੀਂ, ਥੱਕੇ ਹੋਏ ਹੁੰਦੇ ਹਨ। ਅੱਜ ਵੀ ਲੋਕ ਡਰੇ ਹੋਏ ਨਹੀਂ ਹਨ। ਉਨ੍ਹਾਂ ਨੂੰ ਇਹ ਸਿਖਾਇਆ ਗਿਆ ਹੈ ਕਿ ਇਕੱਲਾ ਆਦਮੀ ਕੁਝ ਨਹੀਂ ਕਰ ਸਕਦਾ। ਤੇ ਸੰਘਰਸ਼ ਦਾ ਪਹਿਲਾ ਕਦਮ ਹੁੰਦਾ ਹੈ, 'ਮੈਂ ਇਕੱਲਾ ਨਹੀਂ ਹਾਂ।' ਜਿਸ ਦਿਨ ਇਹ ਅਹਿਸਾਸ ਵਾਪਸ ਆ ਗਿਆ, ਉਸ ਦਿਨ ਲੋਕਾਂ ਦੀ ਚੁੱਪ ਸਭ ਤੋਂ ਉੱਚੀ ਚੀਖ ਬਣ ਜਾਏਗੀ।

ਸਾਵਧਾਨ! ਅੱਜ ਦੀ ਚੁੱਪ ਡਰ ਵੀ ਹੋ ਸਕਦੀ ਹੈ ਪਰ ਇਹ ਕਿਸੇ ਵੱਡੇ ਸਿਆਸੀ ਜਾਂ ਸਮਾਜਿਕ ਬਦਲਾਅ ਦੀ 'ਆਹਟ' ਵੀ ਹੋ ਸਕਦੀ ਹੈ।

# ਸਾਨੂੰ ਪੱਗਾਂ ਨਾਲ ਪਿਆਰ

ਪ੍ਰੋ. ਅਮਾਨਤ ਗਿੱਲ (ਲਾਹੌਰ)

ਪੰਜਾਬ ਦੀ ਧਰਤੀ ਹਮੇਸ਼ਾ ਤੋਂ ਗੈਰਤ, ਬਹਾਦਰੀ ਤੇ ਰੂਹਾਨੀਅਤ ਦੀ ਅਮੀਨ ਰਹੀ ਹੈ। ਇਸ ਧਰਤੀ ਉੱਤੇ ਜਨਮ ਲੈਣ ਵਾਲੀ ਹਰ ਰਿਵਾਇਤ ਵਿਚ ਇੱਜ਼ਤ ਤੇ ਵਕਾਰ ਦੀ ਖ਼ੁਸ਼ਬੂ ਵੱਸਦੀ ਹੈ। ਇਨ੍ਹਾਂ ਰਿਵਾਇਤਾਂ ਵਿਚ ਸਭ ਤੋਂ ਨੁਮਾਇਆ ਮੁਕਾਮ ਪੱਗ ਨੂੰ ਹਾਸਲ ਹੈ। ਪੱਗ ਸਿਰਫ਼ ਸਿਰ ਢੱਕਣ ਦਾ ਵਸੀਲਾ ਨਹੀਂ, ਸਗੋਂ ਸ਼ਖ਼ਸੀਅਤ, ਪਹਿਚਾਣ ਤੇ ਖ਼ੁਦਦਾਰੀ ਦਾ ਰੌਸ਼ਨ ਇਸਤਆਰਾ ਹੈ।

ਸਿੱਖ ਇਤਿਹਾਸ ਵਿਚ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਤੱਕ ਪੱਗ ਨੂੰ ਰੂਹਾਨੀ ਅਜ਼ਮਤ ਨਾਲ ਜੋੜਿਆ ਗਿਆ। ਇਸ ਰਿਵਾਇਤ ਨੇ ਪੱਗ ਨੂੰ ਸਿਰਫ਼ ਸੱਭਿਆਚਾਰਕ ਨਿਸ਼ਾਨ ਨਹੀਂ ਰਹਿਣ ਦਿੱਤਾ, ਬਲਕਿ ਉਸਨੂੰ ਈਮਾਨ, ਬਰਾਬਰੀ ਤੇ ਹੌਸਲੇ ਦੀ ਨਿਸ਼ਾਨੀ ਬਣਾ ਦਿੱਤਾ। ਸਮੇਂ ਦੇ ਨਾਲ ਨਾਲ ਪੱਗ ਪੰਜਾਬ ਦੀ ਗੈਰਤ, ਵਫ਼ਾਦਾਰੀ ਤੇ ਇੱਜ਼ਤ-ਏ-ਨਫ਼ਸ ਦੀ ਪਹਿਚਾਣ ਬਣ ਗਈ।

ਇਸ ਲੇਖ ਵਿਚ ਅਸੀਂ ਪੱਗ ਦੀ ਅਹਿਮੀਅਤ, ਇਤਿਹਾਸਕ ਹੈਸੀਅਤ ਤੇ ਮੌਜੂਦਾ ਦੌਰ ਵਿਚ ਉਸਦੀ ਮਾਨਤਾ ਉੱਤੇ ਰੌਸ਼ਨੀ ਪਾਵਾਂਗੇ ਅਤੇ ਇਹ ਸਮਝਣ ਦੀ ਕੋਸ਼ਿਸ਼ ਕਰਾਂਗੇ ਕਿ ਸਾਨੂੰ ਪੱਗਾਂ ਨਾਲ ਇਹ ਗਹਿਰਾ ਪਿਆਰ ਕਿਉਂ ਹੈ।

ਪੱਗ ਸਿਰਫ਼ ਕਪੜੇ ਦਾ ਇਕ ਟੁਕੜਾ ਨਹੀਂ, ਬਲਕਿ ਸਾਡੀ ਪਹਿਚਾਣ, ਸਾਡਾ ਇਤਿਹਾਸ ਤੇ ਸਾਡੀ ਗੈਰਤ ਦਾ ਨਿਸ਼ਾਨ ਹੈ। ਜਦੋਂ ਵੀ ਸਿਰ ਉੱਤੇ ਪੱਗ ਸੱਜਦੀ ਹੈ, ਉਹ ਸਿਰਫ਼ ਸਜਾਵਟ ਨਹੀਂ ਹੁੰਦੀ, ਬਲਕਿ ਇੱਜ਼ਤ, ਵਕਾਰ ਤੇ ਜ਼ਿੰਮੇਵਾਰੀ ਦਾ ਐਲਾਨ ਹੁੰਦੀ ਹੈ। ਖ਼ਾਸ ਕਰਕੇ ਪੰਜਾਬ ਦੀ ਧਰਤੀ ਉੱਤੇ ਪੱਗ ਨੂੰ ਰੂਹਾਨੀ ਤੇ ਸੱਭਿਆਚਾਰਕ ਮੁਕਾਮ ਹਾਸਲ ਹੈ।



ਸਿੱਖ ਮਤ ਵਿਚ ਪੱਗ ਦੀ ਅਹਿਮੀਅਤ ਨੂੰ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਤੱਕ ਦੀ ਰਿਵਾਇਤ ਮਜ਼ਬੂਤ ਕਰਦੀ ਹੈ। ਸਿੱਖ ਧਰਮ ਵਿਚ ਦਸਤਾਰ ਬੰਨ੍ਹਣਾ ਸਿਰਫ਼ ਰਸਮ ਨਹੀਂ, ਬਲਕਿ ਈਮਾਨ, ਖ਼ੁਦਦਾਰੀ ਤੇ ਸਮਾਨਤਾ ਦੀ ਨਿਸ਼ਾਨੀ ਹੈ। ਜਦੋਂ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸਾ ਪੰਥ ਕਾਇਮ ਕੀਤਾ, ਉਨ੍ਹਾਂ ਨੇ ਪੱਗ ਨੂੰ ਇਕ ਮੁਕੰਮਲ ਪਹਿਚਾਣ ਬਣਾ ਦਿੱਤਾ। ਇਹ ਪੈਗ਼ਾਮ ਸੀ ਕਿ ਹਰ ਇਨਸਾਨ ਇੱਜ਼ਤਦਾਰ ਹੈ ਅਤੇ ਉਸਨੂੰ ਸਿਰ ਉੱਚਾ ਰੱਖ ਕੇ ਜੀਣ ਦਾ ਹੱਕ ਹੈ।

ਪੰਜਾਬ ਦੇ ਇਤਿਹਾਸ ਵਿਚ ਪੱਗ ਗੈਰਤ ਤੇ ਬਹਾਦਰੀ ਦਾ ਇਸਤਆਰਾ ਵੀ ਰਹੀ ਹੈ। ਜਦੋਂ ਮਹਾਰਾਜਾ ਰਣਜੀਤ ਸਿੰਘ ਦਾ ਦੌਰ ਆਇਆ, ਉਦੋਂ ਪੱਗ ਸ਼ਾਹਾਨਾ ਸ਼ਾਨ ਤੇ ਖ਼ੁਦਮੁਖਤਿਆਰੀ ਦੀ ਨਿਸ਼ਾਨੀ ਬਣੀ। ਉਹ ਜ਼ਮਾਨਾ ਸੀ ਜਦੋਂ ਸਿਰ ਦੀ ਪੱਗ ਦੀ ਹਿਫ਼ਾਜ਼ਤ ਲਈ ਲੋਕ ਆਪਣੀ ਜਾਨ ਵੀ ਕੁਰਬਾਨ ਕਰ ਦਿੰਦੇ ਸਨ। ਇਸ ਲਈ ਪੰਜਾਬ ਵਿਚ ਅੱਜ ਵੀ ਇਹ ਕਹਾਵਤ ਮਸ਼ਹੂਰ ਹੈ ਕਿ 'ਪੱਗ ਦੀ ਲਾਜ ਰੱਖਣਾ' ਸਭ ਤੋਂ ਵੱਡੀ ਜ਼ਿੰਮੇਵਾਰੀ ਹੈ।

ਪੱਗ ਸਿਰਫ਼ ਧਾਰਮਿਕ ਨਿਸ਼ਾਨ ਨਹੀਂ, ਬਲਕਿ ਸੱਭਿਆਚਾਰਕ ਵਿਰਸਾ ਵੀ ਹੈ। ਵਿਆਹ, ਸ਼ਾਦੀ, ਤਿਉਹਾਰਾਂ ਤੇ ਖ਼ੁਸ਼ੀ ਦੇ ਮੌਕਿਆਂ ਉੱਤੇ ਰੰਗ-ਬਰੰਗੀਆਂ ਪੱਗਾਂ ਸਾਡੀਆਂ ਖ਼ੁਸ਼ੀਆਂ ਦਾ ਹਿੱਸਾ ਹੁੰਦੀਆਂ ਹਨ। ਪਿੰਡਾਂ ਤੋਂ ਸ਼ਹਿਰਾਂ ਤੱਕ, ਵੱਡੇ ਤੋਂ ਛੋਟੇ ਤੱਕ, ਪੱਗ ਇੱਜ਼ਤ ਦਾ ਤਾਜ ਹੈ। ਜਿਹੜਾ ਵਿਅਕਤੀ ਪੱਗ ਬੰਨ੍ਹਦਾ ਹੈ, ਉਹ ਆਪਣੇ ਕਿਰਦਾਰ, ਸੱਚਾਈ ਤੇ ਇਨਸਾਫ਼ ਦੀ ਹਿਫ਼ਾਜ਼ਤ ਦਾ ਵਾਅਦਾ ਕਰਦਾ ਹੈ।

ਅੱਜ ਦੇ ਆਧੁਨਿਕ ਦੌਰ ਵਿਚ ਜਦੋਂ ਫੈਸ਼ਨ ਤੇ ਪੱਛਮੀ ਅਸਰ ਵੱਧ ਰਹੇ ਹਨ, ਉਦੋਂ ਵੀ ਬਹੁਤ ਸਾਰੇ ਨੌਜਵਾਨ ਪੱਗ ਨੂੰ ਫ਼ਖ਼ਰ ਨਾਲ ਅਪਨਾਏ ਹੋਏ ਹਨ। ਉਹ ਸਮਝਦੇ ਹਨ ਕਿ ਪੱਗ ਸਿਰਫ਼ ਰਿਵਾਇਤ ਨਹੀਂ, ਬਲਕਿ ਪਹਿਚਾਣ ਹੈ। ਵਿਦੇਸ਼ਾਂ ਵਿਚ ਰਹਿੰਦੇ ਪੰਜਾਬੀ ਵੀ ਪੱਗ ਨੂੰ ਆਪਣੀ ਪਛਾਣ ਬਣਾ ਕੇ ਦੁਨੀਆ ਨੂੰ ਇਹ ਪੈਗ਼ਾਮ ਦਿੰਦੇ ਹਨ ਕਿ ਉਹ ਆਪਣੀਆਂ ਜੜ੍ਹਾਂ ਨਾਲ ਜੁੜੇ ਹੋਏ ਹਨ।

ਸਾਨੂੰ ਪੱਗਾਂ ਨਾਲ ਪਿਆਰ ਇਸ ਲਈ ਹੈ ਕਿ ਇਹ ਸਾਨੂੰ ਸਾਡੀ ਅਸਲ ਯਾਦ ਕਰਵਾਉਂਦੀ ਹੈ। ਇਹ ਸਾਡੀ ਗੈਰਤ, ਸਾਡੀ ਬਹਾਦਰੀ ਤੇ ਸਾਡੀ ਰੂਹਾਨੀ ਵਾਬਸਤਗੀ ਦਾ ਨਿਸ਼ਾਨ ਹੈ। ਪੱਗ ਸਿਰ ਉੱਤੇ ਸੱਜ ਕੇ ਸਾਨੂੰ ਯਾਦ ਦਿਵਾਉਂਦੀ ਹੈ ਕਿ ਜ਼ਿੰਦਗੀ ਵਿਚ ਹਮੇਸ਼ਾ ਸੱਚ, ਇਨਸਾਫ਼ ਤੇ ਇੱਜ਼ਤ ਨਾਲ ਖੜ੍ਹੇ ਰਹਿਣਾ ਹੈ।

ਇਹ ਮੁਹੱਬਤ ਸਿਰਫ਼ ਰਸਮ ਜਾਂ ਰਿਵਾਇਤ ਨਹੀਂ, ਬਲਕਿ ਇਕ ਅਹਿਦ ਹੈ, ਆਪਣਾ ਸੱਭਿਆਚਾਰ, ਆਪਣੀ ਪਹਿਚਾਣ ਤੇ ਆਪਣੇ ਅਸੂਲਾਂ ਨਾਲ ਵਫ਼ਾਦਾਰੀ ਦਾ ਅਹਿਦ।

ਮੁਕਦੀ ਗੱਲ ਇਹ ਹੈ ਕਿ ਪੱਗ ਸਿਰਫ਼ ਕਪੜੇ ਦਾ ਟੁਕੜਾ ਨਹੀਂ, ਬਲਕਿ ਇੱਜ਼ਤ, ਗੈਰਤ ਤੇ ਪਹਿਚਾਣ ਦਾ ਤਾਜ ਹੈ। ਪੰਜਾਬ ਦੇ ਇਤਿਹਾਸ, ਸੱਭਿਆਚਾਰ ਤੇ ਰੂਹਾਨੀਅਤ ਵਿਚ ਪੱਗ ਨੂੰ ਉਹ ਮੁਕਾਮ ਹਾਸਲ ਹੈ ਜੋ ਕਿਸੇ ਵੀ ਆਮ ਚੀਜ਼ ਨੂੰ ਨਸੀਬ ਨਹੀਂ ਹੁੰਦਾ। ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਤੱਕ ਦੀ ਤਾਲੀਮ ਨੇ ਪੱਗ ਨੂੰ ਈਮਾਨ, ਖ਼ੁਦਦਾਰੀ ਤੇ ਬਰਾਬਰੀ ਦੀ ਨਿਸ਼ਾਨੀ ਬਣਾ ਦਿੱਤਾ।

ਸਾਨੂੰ ਪੱਗਾਂ ਨਾਲ ਪਿਆਰ ਇਸ ਲਈ ਹੈ ਕਿ ਇਹ ਸਾਨੂੰ ਸਾਡੀ ਅਸਲ, ਸਾਡੀ ਰਿਵਾਇਤ ਤੇ ਸਾਡੀ ਜ਼ਿੰਮੇਵਾਰੀ ਯਾਦ ਕਰਵਾਉਂਦੀ ਹੈ। ਜਦੋਂ ਤੱਕ ਸਾਡੀ ਸੋਚ ਵਿਚ ਇੱਜ਼ਤ-ਏ-ਨਫ਼ਸ, ਸੱਚਾਈ ਤੇ ਹੌਸਲਾ ਜ਼ਿੰਦਾ ਹੈ, ਉਦੋਂ ਤੱਕ ਪੱਗ ਦੀ ਲਾਜ ਵੀ ਕਾਇਮ ਰਹੇਗੀ। ਇਸ ਲਈ ਪੱਗ ਨਾਲ ਮੁਹੱਬਤ ਦਰਅਸਲ ਆਪਣੀ ਪਹਿਚਾਣ ਨਾਲ ਵਫ਼ਾਦਾਰੀ ਦਾ ਨਾਮ ਹੈ।

# ਫ਼ਿਲਮ ਲੋਕ

## ਜੀਵਨ ਦਾ 'ਨਾਰਦ ਮੁਨੀ' ਕਿਰਦਾਰ







ਫੂਲ ਖਿਲੇ ਹੈਂ ਗੁਲਸ਼ਨ ਗੁਲਸ਼ਨ ਤਬੱਸੁਮ ਦਾ ਦੂਰਦਰਸ਼ਨ 'ਤੇ ਪ੍ਰਸਾਰਿਤ ਹੋਣ ਵਾਲਾ ਭਲਾਸਿਤ ਵਾਕ ਸ਼ੋਅ ਸੀ। ਇਸ ਵਿਚ ਜਦੋਂ ਇਕ ਵਾਰ ਜੀਵਨ ਆਏ ਤਾਂ ਤਬੱਸੁਮ ਨੇ ਉਨ੍ਹਾਂ ਤੋਂ ਪੁੱਛਿਆ ਕਿ ਉਨ੍ਹਾਂ ਨੇ ਪੌਰਾਣਿਕ ਫਿਲਮਾਂ ਵਿਚ 'ਨਾਰਦ ਮੁਨੀ' ਦਾ ਕਿਰਦਾਰ ਕਿੰਨੀ ਵਾਰ ਨਿਭਾਇਆ ਹੈ। ਤਬੱਸੁਮ ਦਾ ਅੰਦਾਜ਼ਾ 40 ਵਾਰ ਦਾ ਸੀ, ਪਰ ਜੀਵਨ ਨੇ ਉਸ ਨੂੰ ਦਰੁਸਤ ਕਰਦੇ ਹੋਏ ਕਿਹਾ, 'ਅਸਲ ਵਿਚ 49 ਵਾਰ'। ਫਿਰ ਆਪਣੀ ਚਿਰਾਂ ਤੋਂ ਬਰਾਰਤੀ ਮੁਦਰਾ ਵਿਚ ਆਉਂਦੇ ਹੋਏ ਉਨ੍ਹਾਂ ਨੇ ਕਿਹਾ ਸੀ, 'ਇਹ ਰਿਕਾਰਡ ਟੁੱਟੇ ਜਾਂ ਬਣਿਆ ਰਹੇ, ਇਸ ਦੀ ਤਾਂ ਮੈਂ ਕਦੀ ਪਰਵਾਹ ਨਹੀਂ ਕਰਦਾ, ਪਰ ਮੇਰੇ ਖਿਆਲ ਨਾਲ ਇਨ੍ਹਾਂ ਫਿਲਮਾਂ ਵਿਚ ਮੈਂ 'ਨਾਰਦ ਮੁਨੀ' ਭਾਵ ਜੀਵਨ ਦੇ ਅਣਸੁਣੇ ਕਿੱਸੇ ਦਾ ਕਾਫ਼ੀ ਪ੍ਰਚਾਰ ਕੀਤਾ ਹੈ। ਸੰਗੀਤਮਈ ਕਥਾਕਾਰ ਨਾਰਦ ਮੁਨੀ ਜੋ ਮਹਾਂਭਾਰਤ, ਰਾਮਾਇਣ ਅਤੇ ਪੌਰਾਣਿਕ ਲੋਕ ਕਥਾਵਾਂ ਦਾ ਹਿੱਸਾ ਹਨ, ਦੇ ਚਰਿਤਰ ਨੂੰ ਜੀਵਨ ਨੇ ਵੱਡੇ ਪਰਦੇ 'ਤੇ ਏਨੀ ਖ਼ੂਬਸੂਰਤੀ ਨਾਲ ਨਿਭਾਇਆ ਹੈ ਕਿ ਇਕ ਵਾਰ ਮਰਾਠੀ ਅਖਬਾਰ 'ਲੋਕਸਤਾ' ਨੇ ਲਿਖਿਆ ਸੀ ਕਿ ਜੇਕਰ ਖ਼ੁਦ ਨਾਰਦ ਮੁਨੀ ਧਰਤੀ 'ਤੇ ਆ ਜਾਣ ਤਾਂ ਲੋਕ ਉਨ੍ਹਾਂ ਨੂੰ 'ਨਕਲੀ' ਸਮਝਣਗੇ ਜੇ ਉਨ੍ਹਾਂ ਨੇ ਜੀਵਨ ਦੀ ਤਰ੍ਹਾਂ 'ਨਾਰਾਇਣ ਨਾਰਇਣ' ਨਾ ਕਿਹਾ।ਪਰ ਜੀਵਨ ਸਿਰਫ ਫਿਲਮੀ ਨਾਰਦ ਮੁਨੀ ਨਹੀਂ ਸਨ। ਉਹ ਹਿੰਦੀ ਸਿਨੇਮਾ ਦੇ ਸਭ ਤੋਂ ਆਈਕੋਨਿਕ ਖਲਨਾਇਕ ਵੀ ਸਨ। ਜੀਵਨ ਦਾ ਜਨਮ 24 ਅਕਤੂਬਰ, 1915 ਨੂੰ ਸ੍ਰੀਨਗਰ ਦੇ ਇਕ ਕਸ਼ਮੀਰੀ ਪੰਡਿਤ ਪਰਿਵਾਰ ਵਿਚ ਓਂਕਾਰਨਾਥ ਡਾਰ ਦੇ ਰੂਪ ਵਿਚ ਹੋਇਆ ਸੀ। ਉਨ੍ਹਾਂ ਦੇ ਪਿਤਾ ਗਿਲਗਿਤ (ਜੋ ਹੁਣ ਪਾਕਿਸਤਾਨ ਦੇ ਕਬਜ਼ੇ ਹੇਠਲੇ ਕਸ਼ਮੀਰ ਵਿਚ ਹੈ) ਦੇ ਗਵਰਨਰ ਸਨ ।ਕੁਝ ਰਿਪੋਰਟਾਂ ਅਨੁਸਾਰ ਉਸ ਦੇ ਦਾਦਾ ਗਵਰਨਰ ਸਨ)। 23 ਭਰਾ-ਭੈਣਾਂ ਦੇ ਨਾਲ ਜੀਵਨ ਬਚਪਨ ਕਾਫ਼ੀ ਸਮੱਸਿਆਵਾਂ ਨਾਲ ਭਰਿਆ ਰਿਹਾ। ਬੱਚੇ ਨੂੰ ਜਨਮ ਦਿੰਦੇ ਹੋਏ ਉਨ੍ਹਾਂ ਦੀ ਮਾਂ ਮਰ ਗਈ ਸੀ ਅਤੇ ਜਦੋਂ ਉਹ ਸਿਰਫ਼ ਤਿੰਨ ਸਾਲ ਦੇ ਸਨ ਤਾਂ ਉਨ੍ਹਾਂ ਦੇ ਪਿਤਾ ਦੀ ਵੀ ਮੌਤ ਹੋ ਗਈ ਸੀ। ਜੀਵਨ ਫੋਟੋਗ੍ਰਾਫ਼ਰ ਬਣਨ ਦੇ ਸੁਪਨੇ ਦੇਖਿਆ ਕਰਦੇ ਸਨ। ਇਨ੍ਹਾਂ ਨੂੰ ਸਾਕਾਰ ਕਰਨ ਲਈ ਉਹ 18 ਸਾਲ ਦੀ ਉਮਰ ਵਿਚ ਆਪਣੇ ਘਰ ਤੋਂ ਬੰਬੇ (ਹੁਣ ਮੁੰਬਈ) ਭੱਜ ਗਏ। ਉਨ੍ਹਾਂ ਦੀ ਜੇਬ ਵਿਚ ਸਿਰਫ਼ 26 ਰੁਪਏ ਸਨ, ਜੋ ਉਸ ਜ਼ਮਾਨੇ ਦੇ ਹਿਸਾਬ ਨਾਲ ਚੰਗੀ ਰਕਮ ਸੀ। ਉਨ੍ਹਾਂ ਨੂੰ ਉਮੀਦ ਸੀ ਕਿ ਉਹ ਫੋਟੋਗ੍ਰਾਫ਼ੀ ਵਿਚ ਮੁਹਾਰਤ ਹਾਸਿਲ ਕਰ ਲੈਣਗੇ ਅਤੇ ਫਿਰ ਕਸ਼ਮੀਰ ਪਰਤ ਕੇ ਆਪਣੀ ਛੋਟੀ ਜਿਹੀ ਦੁਕਾਨ ਖੋਲ੍ਹ ਲੈਣਗੇ।

ਮੁੰਬਈ ਵਿਚ ਇਧਰ-ਉਧਰ ਭਟਕਣ ਤੋਂ ਬਾਅਦ ਉਨ੍ਹਾਂ ਨੇ ਆਪਣੇ ਦੂਰ ਦੇ ਰਿਸ਼ਤੇਦਾਰਾਂ ਦੀ ਮਦਦ ਨਾਲ ਉਨ੍ਹਾਂ ਨੂੰ ਨਿਰਦੇਸ਼ਕ ਮੋਹਨ ਸਿਨਹਾ ਦੇ ਸੈੱਟ 'ਤੇ ਇਕ ਕੰਮ ਮਿਲ ਗਿਆ। ਉਨ੍ਹਾਂ ਦਾ ਕੰਮ ਲੱਕੜੀ ਦੇ ਟੁਕੜਿਆਂ 'ਤੇ ਸਿਲਵਰ ਪੇਪਰ ਲਗਾਉਣਾ ਸੀ ਤਾਂ ਕਿ ਉਨ੍ਹਾਂ ਤੋਂ ਅਸਥਾਈ ਲਾਈਟ ਰਿਫਲੈਕਟਰ ਦਾ ਕੰਮ ਲਿਆ ਜਾ ਸਕੇ। ਇਸ ਵਜ੍ਹਾ ਕਰਕੇ ਜੀਵਨ ਦਾ ਨਾਂਅ ਸੈੱਟ 'ਤੇ 'ਰਿਫਲੈਕਟਰ ਬੁਆਏ' ਪੈ ਗਿਆ। ਜੀਵਨ ਇਕ ਖ਼ਾਸ ਅਦਾ ਤੇ ਅੰਦਾਜ਼ ਨਾਲ ਆਪਣਾ ਕੰਮ ਕਰਿਆ ਕਰਦੇ ਸਨ। ਇਸ 'ਤੇ ਨਿਰਦੇਸ਼ਕ ਮੋਹਨ ਸਿਨਹਾ ਦੀ ਨਜ਼ਰ ਪਈ ਅਤੇ ਉਨ੍ਹਾਂ ਨੇ ਜੀਵਨ ਨੂੰ ਕੁਝ ਡਾਇਲਾਗ ਬੋਲਣ ਲਈ ਕਿਹਾ। ਉਨ੍ਹਾਂ ਨੇ ਪੰਜਾਬੀ ਵਿਚ 'ਹੀਰ ਰਾਂਝਾ' ਦੇ ਡਾਇਲਾਗ ਬੋਲੇ। ਉਨ੍ਹਾਂ ਦੀ ਅਦਾਇਗੀ ਪਸੰਦ ਕੀਤੀ ਗਈ ਅਤੇ ਜੀਵਨ ਨੂੰ 1935 ਵਿਚ ਫ਼ਿਲਮ 'ਫੈਸ਼ਨੇਬਲ ਇੰਡੀਆ' ਵਿਚ ਆਪਣੀ ਪਹਿਲੀ ਭੂਮਿਕਾ ਮਿਲੀ। ਜੀਵਨ ਦਾ ਅੰਦਾਜ਼, ਜੋ ਹਰ ਫ਼ਿਲਮ ਵਿਚ ਨਿਖਰਦਾ ਰਿਹਾ, ਬਤੌਰ ਐਕਟਰ ਉਨ੍ਹਾਂ ਦੇ ਚਰਿੱਤਰ ਤੇ ਪਛਾਣ ਦਾ ਹਿੱਸਾ ਬਣ ਗਿਆ।

## ਬਾਲੀਵੁੱਡ 'ਚ ਪੈਰ ਧਰਨ ਜਾ ਰਹੀ ਹੈ ਸਾਈ ਪੱਲਵੀ

ਸਾਈ ਪੱਲਵੀ ਦੱਖਣ ਭਾਰਤ ਦੀਆਂ ਉਨ੍ਹਾਂ ਸ਼ਾਨਦਾਰ ਹੀਰੋਈਨਾਂ 'ਚੋਂ ਇਕ ਹੈ ਜੋ ਆਪਣੀ ਬੇਹੱਦ ਖ਼ੂਬਸੂਰਤੀ ਅਤੇ ਦਮਦਾਰ ਐਕਟਿੰਗ ਦੀ ਬਦੌਲਤ ਦਰਸ਼ਕਾਂ ਦੇ ਦਿਲਾਂ 'ਤੇ ਖ਼ੂਬਸੂਰਤੀ ਅਤੇ ਉਹ ਆਪਣੀ ਕੁਦਰਤੀ ਸੁੰਦਰਤਾ ਅਤੇ ਬਿਨਾਂ ਮੇਕਅਪ ਦੇ ਦਿੱਖ ਲਈ ਮਸ਼ਹੂਰ ਹੈ। ਫ਼ਿਲਮਾਂ ਵਿਚ ਉਸ ਦੇ ਸਾਦਗੀ ਭਰਿਆ ਅੰਦਾ ਵਿੱਚ ਬਣੀ ਰਹਿੰਦੀ ਹੈ। ਸਾਈਂ ਪੱਲਵੀ ਸਕ੍ਰੀਨ ਜ਼ਿੰਦਗੀ ਦੀ ਤਰਾਂ ਅਸਲ ਜਿੰਦਗੀਰੇਨ ਰਾਜ ਕਰਦੀ ਹੈ। ਉਹ ਆਪ ਸ਼ਾਦ ਗ ਭਰਿਆ ਅੰਦਾਜ਼ ਪ੍ਰਸੰਸਕਾਂ ਨੂੰ ਪਸੰਦ ਆਉਂਦਾ ਹੈ। ਆਪਣੇ ਕੰਮ ਦੇ ਨਾਲਤਰ ਨਾਲ ਸਾਈਂ ਆਪਣੀ ਦਿੱਖ ਨੂੰ ਲੈ ਕੇ ਹਮੇਸ਼ਾ ਚਰਚਾ ਆਉਂਦਾ ਹੈ। ਕਿਹਾ ਜਾਂਦਾ ਹੈ ਕਿ ਫ਼ਿਲਮ 'ਪ੍ਰੇਮਮ' ਦੇ ਡਾਇਰੈਕਟਰ ਅਲਫਾਸ ਪੁਥਰੇਨ ਨੇ ਪਹਿਲੀ ਨਜ਼ਰ ਆਈ ਨੂੰ ਬਿਨਾਂ ਮੇਕਅਪ ਦਿਸਣ ਲਈ ਉਤਸ਼ਾਹਿਤ ਕੀਤਾ ਸੀ। ਨਤੀਜਾ ਵਧੀਆ ਆਉਣ ਸਬਾਅਦ ਸਾਈਂ ਨੇ ਇਸ ਨੂੰ ਆਪਣੀ ਪਾਲਸੀ ਬਣਾ ਲਿਆ। ਸਾਈ ਪੱਲਵੀ ਦੀ ਖ਼ੂਬਸੂਰਤੀ ਦੀ ਤਰਾਂ ਉਸ ਦੀ ਡਾਂਸ ਕਲਾ ਵੀ ਲਾਜਵਾਬ ਹੈ। ਉਸ ਨੇ ਆਪਣੀ ਪਹਿਲੀ ਫ਼ਿਲਮ 'ਪ੍ਰੇਮਮ' (2015) ਦੇ ਡਾਂਸ ਵਿਸਥਾਰ ਦੀ ਖ਼ੁਦ ਕੋਰੀਓਗ੍ਰਾਫ਼ ਕੀਤੀ ਸੀ। ਸਾਲ 2026 ਅਤੇ ਸਾਲ 2027 ਵਿਚ ਸਾਈ ਪੱਲਵੀ ਨੇ ਬਾਕਸ ਆਫਿਸ 'ਤੇ ਧੂਮ ਮਚਾਉਣ ਲਈ ਪੂਰੀ ਤਰ੍ਹਾਂ ਤਿਆਰੀ ਕਰ ਲਈ ਹੈ। ਅਸਲ ਵਿਚ ਉਸ ਦੀਆਂ ਕਈ ਧਮਾਕੇਦਾਰ ਫ਼ਿਲਮਾਂ ਲਾਈਨ ਵਿਚ ਰਿਲੀਜ਼ ਹੋਣ ਵਾਲੀਆਂ ਹਨ।

ਸਾਈ ਪੱਲਵੀ ਆਮਿਰ ਖਾਨ ਦੇ ਬੇਟੇ ਜੁਨੈਦ ਖਾਨ ਨਾਲ ਸੁਨੀਲ ਪਾਂਡੇ ਵਲੋਂ ਨਿਰਦੇਸ਼ਿਤ ਹਿੰਦੀ ਰੋਮਾਂਟਿਕ ਕਾਮੇਡੀ 'ਏਕ ਦਿਨ' ਵਿਚ ਨਜ਼ਰ ਆਵੇਗੀ। ਇਸ ਫ਼ਿਲਮ ਨੂੰ ਸਾਲ 2025 ਵਿਚ 'ਮੇਰੇ ਰਹੋ' ਸਿਰਲੇਖ ਹੇਠ ਰਿਲੀਜ਼ ਕੀਤਾ ਜਾਣਾ ਸੀ ਪਰ ਫਿਰ ਇਸ ਦੀ ਰਿਲੀਜ਼ ਨੂੰ ਕਿਸੇ ਵਜ੍ਹਾ ਕਰਕੇ ਟਾਲ ਦਿੱਤਾ ਗਿਆ। ਹੁਣ ਇਹ ਫ਼ਿਲਮ ਇਸ ਸਾਲ 1 ਮਈ ਨੂੰ 'ਏਕ ਦਿਨ' ਸਿਰਲੇਖ ਨਾਲ ਸਿਨੇਮਾ ਘਰਾਂ ਵਿਚ ਰਿਲੀਜ਼ ਹੋਵੇਗੀ। ਆਮਿਰ ਖਾਨ ਦੇ ਪ੍ਰੋਡਕਸ਼ਨ ਹਾਊਸ ਦੇ ਬੈਨਰ ਹੇਠ ਬਣੀ ਇਸ ਰੁਮਾਂਟਿਗ ਕਾਮੇਡੀ ਫ਼ਿਲਮ ਰਾਹੀਂ ਸਾਈਂ ਪੱਲਵੀ ਬਾਲੀਵੁਡ ਵਿਚ ਡੇਬਿਊ ਕਰਨ ਜਾ ਰਹੀ ਹੈ।



ਨਮਿਤ ਮਲਹੋਤਰਾ ਵਲੋਂ ਬਣਾਈ ਅਤੇ ਦੰਗਲ ਫ਼ਿਲਮ ਨਿਰਦੇਸ਼ਕ ਨਿਤੇਸ਼ ਤਿਵਾਰੀ ਵਲੋਂ ਨਿਰਦੇਸ਼ਿਤ ਰਣਬੀਰ ਕਪੂਰ ਸਟਰਾਰ ਦੋ ਹਿੱਸਿਆਂ ਵਿਚ ਬਣ ਰਹੀ ਮਿਥਿਹਾਸਕ ਕਹਾਣੀ 'ਤੇ ਬਣ ਰਹੀ ਫਿਲਮ 'ਰਾਮਾਇਣ' ਵਿਚ ਸਾਈਂ ਪੱਲਵੀ 'ਸੀਤਾ' ਦਾ ਕਿਰਦਾਰ ਨਿਭਾ ਰਹੀ ਹੈ।

ਫ਼ਿਲਮ 'ਰਾਮਾਇਣ' ਦਾ ਪਹਿਲਾ ਭਾਗ ਇਸ ਸਾਲ ਦੀਵਾਲੀ 'ਤੇ ਅਤੇ ਦੂਜਾ ਭਾਗ ਸਾਲ 2027 ਦੀ ਦੀਵਾਲੀ 'ਤੇ ਸਿਨੇਮਾ ਘਰਾਂ ਵਿਚ ਦਸਤਕ ਦੇਵੇਗੀ। ਗੌਤਮ ਤਿਨਨੁਰੀ ਵਲੋਂ ਨਿਰਦੇਸ਼ਿਤ ਐਮ।ਐਸ। ਸੁੱਬੂਲਕਸ਼ਮੀਂ ਦੀ ਬਾਇਓਪਿਕ ਵਿਚ ਸਾਈਂ ਪੱਲਵੀ ਆਈਕਾਨਿਕ ਸਿੰਗਰ ਦਾ ਕਿਰਦਾਰ ਨਿਭਾਉਣ ਵਾਲੀ ਹੈ। ਇਹ ਉਸ ਦੇ ਕਰੀਅਰ ਲਈ ਬੇਹੱਦ ਮਹੱਤਵਪੂਰਨ ਪ੍ਰੋਜੈਕਟ ਹੋਣ ਦੀ ਉਮੀਦ ਕੀਤੀ ਜਾ ਰਹੀ ਹੈ।



## ਰਾਸ਼ਾ ਥਡਾਨੀ ਨਾਇਕਾ ਵੀ ਤੇ ਗਾਇਕਾ ਵੀ

'ਲਾਇਕੀ ਲਾਇਕਾ' ਨਵੀਂ ਫ਼ਿਲਮ ਰਾਸ਼ਾ ਥਡਾਨੀ ਦੀ ਆ ਰਹੀ ਹੈ ਤੇ ਰਵੀਨਾ ਟੰਡਨ ਦੀ ਲਾਡਲੀ ਰਾਸ਼ਾ ਨੇ 'ਛਾਪ ਤਿਲਕ' ਇਹ ਗਾਣਾ ਇਸ ਫ਼ਿਲਮ ਲਈ ਗਾ ਕੇ ਗਾਇਕੀ ਦੀ ਦੁਨੀਆ 'ਚ ਪ੍ਰਵੇਸ਼ ਕੀਤਾ ਹੈ। ਸੁਪਰ ਸਟਾਰ ਪ੍ਰਭਾਸ ਨੇ ਵੀ ਰਾਸ਼ਾ ਥਡਾਨੀ ਨੂੰ ਇਸ ਗੀਤ ਲਈ ਸ਼ਾਬਾਸ਼ ਦਿੱਤੀ ਹੈ। ਰਾਸ਼ਾ ਨੇ ਜਿਥੇ ਸਭ ਦਾ ਇਸ ਪਿਆਰ ਲਈ ਸ਼ੁਕਰੀਆ ਅਦਾ ਕੀਤਾ ਹੈ, ਉਥੇ ਇੰਸਟਾਗ੍ਰਾਮ 'ਤੇ ਰਾਸ਼ਾ ਨੇ ਸ਼ਿਵ ਮੰਦਿਰ 'ਚ ਜਾ ਕੇ ਸ਼ਾਂਤੀ ਦੇ ਪਲ ਗੁਜ਼ਾਰਨ ਦੀਆਂ ਤਸਵੀਰਾਂ ਵੀ ਪਾਈਆਂ ਹਨ। ਰਾਸ਼ਾ ਨੇ ਕਿਹਾ ਕਿ ਭਾਵਨਾ ਤਲਵਾੜ ਜੀ ਦਾ ਧੰਨਵਾਦ ਜਿਨ੍ਹਾਂ ਨੇ ਉਸ ਨੂੰ ਇਹ ਸੁਨਹਿਰੀ ਮੌਕਾ ਦਿੱਤਾ ਹੈ। ਅਜੈ ਦੇਵਗਨ ਦੇ ਭਤੀਜੇ ਅਮਨ ਦੇਵਗਨ ਨਾਲ ਰਾਸ਼ਾ ਨੇ ਹਿੰਦੀ ਫ਼ਿਲਮ 'ਆਜ਼ਾਦ' ਰਾਹੀਂ ਫ਼ਿਲਮੀ ਸੰਸਾਰ 'ਚ ਪ੍ਰਵੇਸ਼ ਕੀਤਾ ਸੀ। ਚਾਹੇ ਫ਼ਿਲਮ ਨਹੀਂ ਸੀ ਚੱਲ ਸਕੀ ਪਰ ਰਾਸ਼ਾ ਦੀ ਸਭ ਨੇ ਸਿਫ਼ਤ ਕੀਤੀ ਸੀ। ਕਮਾਲ ਦੀ ਗੱਲ ਇਹ ਹੈ ਕਿ ਰਾਸ਼ਾ ਦੀ ਮਾਂ ਰਵੀਨਾ ਟੰਡਨ ਨਾਲ ਸੰਜੇ ਦੱਤ ਨੇ ਕਾਫੀ ਫ਼ਿਲਮਾਂ ਕੀਤੀਆਂ ਹਨ ਪਰ ਇਕ ਰੈਸਟੋਰੈਂਟ 'ਚ ਜਦ ਸੰਜੇ ਦੱਤ ਆਪਣੀ ਪਤਨੀ ਮਾਨਿਅਤ ਨਾਲ ਸਨ, ਤਦ ਉਥੇ ਰਾਸ਼ਾ ਆਈ ਤਾਂ ਇਕ ਪੱਤਰਕਾਰ ਨੇ ਸੰਜੂ ਨੂੰ ਕਿਹਾ ਕਿ ਰਾਸ਼ਾ ਦਾ ਅੱਜਕਲ੍ਹ ਕਾਫ਼ੀ ਆਕਰਸ਼ਨ ਹੈ ਤਾਂ ਸੰਜੇ ਨੇ ਕਿਹਾ ਕਿਹੜੀ ਰਾਸ਼ਾ ? ਕੌਣ ਰਾਸ਼ਾ, ਰਾਸ਼ਾ ਵੀ ਹੈਰਾਨ ਹੋ ਗਈ ਕਿ ਸੰਜੇ ਦੱਤ ਨੇ ਉਸ ਨੂੰ ਪਛਾਣਿਆ ਹੀ ਨਹੀਂ। ਇਸ ਦੌਰਾਨ ਰਾਸ਼ਾ ਨੇ ਆਪਣੀ ਮਾਂ ਰਵੀਨਾ ਟੰਡਨ ਦੀਆਂ ਪੁਰਾਣੀਆਂ ਤਸਵੀਰਾਂ ਇੰਸਟਾਗ੍ਰਾਮ 'ਤੇ ਸ਼ੇਅਰ ਕਰਕੇ ਰਵੀਨਾ ਦੇ ਪ੍ਰਸੰਸਕਾਂ ਨੂੰ 1990 ਦਾ ਸਮਾਂ ਯਾਦ ਕਰਵਾਇਆ ਤੇ ਨਾਲ ਲਿਖਿਆ 'ਮੇਰੀ ਪਿਆਰੀ ਮੰਮੀ'। ਅਜੈ ਭੂਪਤੀ ਨੂੰ ਧੰਨਵਾਦ ਦਿੰਦੀ ਹੈ। ਉਸ ਦਾ ਪੂਰਾ ਨਾਂਅ ਰਸ਼ਵਿਸਾਖਾ ਥਡਾਨੀ ਹੈ ਤੇ ਇਸ ਦਾ ਅਰਥ ਹੁੰਦਾ ਹੈ ਕਿ ਮੀਂਹ ਦੀ ਪਹਿਲੀ ਕਣੀ। ਭਗਵਾਨ ਸ਼ਿਵ 'ਤੇ ਸ਼ੁਰੂ ਤੋਂ ਹੀ ਸ਼ਿਵਜੀ ਪ੍ਰਤੀ ਰਾਸ਼ਾ ਦੀ ਆਸਥਾ ਹੈ। ਤਾਈਕਵਾਂਡੋ 'ਚ ਬਲੈਕ ਬੈਲਟ ਵੀ ਉਹ ਪ੍ਰਾਪਤ ਕਰ ਚੁੱਕੀ ਹੈ। ਪਿਆਨੋ ਵਜਾਉਣੀ ਤੇ ਕੁੱਤਿਆਂ ਨਾਲ ਪਿਆਰ ਕਰਨ ਵਾਲੀ ਇੱਕੀ ਸਾਲ ਦੀ ਰਾਸ਼ਾ ਥਡਾਨੀ ਨਾਇਕਾ ਬਣ ਕੇ ਕਾਮਯਾਬ ਹੋਵੇਗੀ ਅਤੇ ਗਾਇਕਾ ਬਣ ਕੇ ਵੀ ਨਾਮ ਬਣਾਏਗੀ। ਇਹ ਸਭ ਸ਼ਿਵਜੀ ਦੇ ਹੱਥ ਹੈ, ਉਹ ਗੱਲ ਇਥੋਂ ਹੀ ਸ਼ੁਰੂ ਕਰ ਕੇ ਇਥੇ ਹੀ ਖ਼ਤਮ ਕਰਦੀ ਹੈ।

## ਚਰਚਾ ਵਿਚ ਹੈ ਹੁਮਾ ਕੁਰੈਸ਼ੀ



ਹਰਮਨ ਪਿਆਰੀ ਵੈੱਬ ਸੀਰੀਜ਼ 'ਮਹਾਰਾਨੀ' ਦੇ ਚੌਥੇ ਸੀਜ਼ਨ ਤੋਂ ਬਾਅਦ ਹੁਮਾ ਕੁਰੈਸ਼ੀ ਨੂੰ ਇਸ ਸਮੇਂ ਬਾਲੀਵੁੱਡ ਤੋਂ ਲੈ ਕੇ ਦੱਖਣ ਭਾਰਤ ਦੇ ਕਈ ਧਾਂਸੂ ਪ੍ਰਾਜੈਕਟ ਮਿਲੇ ਹਨ। ਸਾਲ 2021 ਤੋਂ ਸ਼ੁਰੂ ਹੋਈ ਵੈੱਬ ਸੀਰੀਜ਼ 'ਮਹਾਰਾਨੀ' ਦੇ ਹਰੇਕ ਸੀਜ਼ਨ ਵਿਚ ਹੁਮਾ ਕੁਰੈਸ਼ੀ ਰਾਣੀ ਭਾਰਤੀ ਦੇ ਦਮਦਾਰ ਕਿਰਦਾਰ ਵਿਚ ਦਰਸ਼ਕਾਂ ਦਾ ਦਿਲ ਜਿੱਤ ਚੁੱਕੀ ਹੈ। ਹੁਮਾ ਕੁਰੈਸ਼ੀ ਦੱਖਣ ਭਾਰਤ ਦੇ ਸਟਾਰ ਯਸ਼ ਦੀ ਲੰਮੀ ਉਡੀਕ ਵਾਲੀ ਫ਼ਿਲਮ 'ਟਾਕਸਿਕ-ਏ ਫੇਅਰੀਟੇਲ ਫੋਨ ਗ੍ਰੋਨ ਅੱਪਸ' ਦਾ ਹਿੱਸਾ ਹੈ। ਇਹ ਗੈਂਗਸਟਰ ਫ਼ਿਲਮ 19 ਮਾਰਚ, 2026 ਨੂੰ ਸਿਨੇਮਾ ਘਰਾਂ ਵਿਚ ਰਿਲੀਜ਼ ਹੋਣ ਵਾਲੀ ਹੈ। ਇਸ ਫ਼ਿਲਮ ਵਿਚ ਕਿਆਰਾ ਅਡਵਾਨੀ, ਨਯਨਤਾਰਾ ਅਤੇ ਤਾਰਾ ਸੁਤਾਰੀਆ ਵੀ ਨਜ਼ਰ ਆਵੇਗੀ। ਹੁਮਾ ਕੁਰੈਸ਼ੀ ਦੇ ਪਾਈਪਲਾਈਨ ਵਿਚ ਵਿਪੁਲ ਮਹਿਤਾ ਵਲੋਂ ਨਿਰਦੇਸ਼ਕ ਕੀਤੀ ਜਾ ਰਹੀ ਫ਼ਿਲਮ 'ਗੁਲਾਬੀ' ਵੀ ਹੈ। ਇਸ ਫ਼ਿਲਮ ਵਿਚ ਹੁਮਾ ਕੁਰੈਸ਼ੀ ਅਹਿਮਦਾਬਾਦ ਦੇ ਇਕ ਆਟੋ-ਰਿਕਸ਼ਾ ਡਰਾਈਵਰ ਦੀ ਅਨੋਖੀ ਭੂਮਿਕਾ ਵਿਚ ਨਜ਼ਰ ਆਵੇਗੀ। ਫ਼ਿਲਮ ਦੀ ਸ਼ੂਟਿੰਗ ਪੂਰੀ ਹੋ ਚੁੱਕੀ ਹੈ। ਛੇਤੀ ਹੀ ਫ਼ਿਲਮ ਦੀ ਰਿਲੀਜ਼ 'ਤੇ ਅਪਡੇਟ ਸਾਹਮਣੇ ਆਉਣ ਵਾਲੀ ਹੈ। ਹੁਮਾ ਨੇ ਆਯੁਸ਼ਮਾਨ ਖੁਰਾਨਾ ਦੇ ਨਾਲ ਪਹਿਲਾ ਸੰਗੀਤਕ ਵੀਡੀਓ 'ਮਿੱਟੀ ਦੀ ਖੁਸ਼ਬੂ' ਸਾਲ 2014 ਵਿਚ ਕੀਤੀ ਸੀ, ਜਿਸ ਨੂੰ ਕਾਫ਼ੀ ਪਸੰਦ ਕੀਤਾ ਗਿਆ ਸੀ। ਹੁਣ ਉਹ ਕੁਝ ਹੋਰ ਸੰਗੀਤਕ ਵੀਡੀਓ ਵੀ ਕਰ ਰਹੀ ਹੈ। ਆਪਣੀ ਅਦਾਕਾਰੀ ਨਾਲ ਜ਼ਬਰਦਸਤ ਨਾਂਅ ਕਮਾਉਣ ਵਾਲੀ ਹੁਮਾ ਕੁਰੈਸ਼ੀ ਇਨ੍ਹੀਂ ਦਿਨੀਂ ਅਦਾਕਾਰੀ ਦੇ ਨਾਲ ਹੀ ਨਾਲ ਆਪਣੇ ਦੋਸਤ ਰਚਿਤ ਸਿੰਘ ਨਾਲ ਅਫੇਅਰ ਦੀਆਂ ਖ਼ਬਰਾਂ ਨੂੰ ਲੈ ਕੇ ਵੀ ਕਾਫ਼ੀ ਚਰਚਾ ਵਿਚ ਹੈ। ਰਚਿਤ ਸਿੰਘ ਇਕ ਐਕਟਿੰਗ ਕੋਚ ਹਨ, ਜਿਨ੍ਹਾਂ ਨੇ ਬਾਲੀਵੁੱਡ ਦੇ ਕਈ ਸਟਾਰਾਂ ਨੂੰ ਟ੍ਰੇਨਿੰਗ ਦਿੱਤੀ ਹੈ। ਰਚਿਤ ਸਿੰਘ, ਰਵੀਨਾ ਟੰਡਨ ਅਤੇ ਵਰੁਣ ਸੂਦ ਦੀ ਵੈੱਬ ਸੀਰੀਜ਼ 'ਕਰਮਾ ਕਾਲਿੰਗ' ਵਿਚ ਵੇਦਾਂਤ ਦੀ ਭੂਮਿਕਾ ਵਿਚ ਆਪਣੀ ਅਦਾਕਾਰੀ ਦੇ ਜੌਹਰ ਵੀ ਦਿਖਾ ਚੁੱਕੇ ਹਨ।

-0-

# Reliable

## *Trucks & Trailer Repair Shop*

**7401 Brookville Road Indianapolis, IN 46239**

* Truck & Trailer Alignment
* Truck Oil Change
* Truck & Trailer Brakes
* Shock and Chambers
* Drive Lines & AC Work
* Tire Change, Repair, & Balance
* Reefer Oil Change



* DPF Work * Nox Sensor
* Truck & Trailer Bushings
* Air Compressor * Air Dryer
* Radiator Change

ਟਰੱਕ ਅਤੇ ਟਰੇਲਰ ਅਲਾਈਨਮੈਂਟ, ਟਰੱਕ ਆਇਲ ਬਦਲਣ, ਟਰੱਕ ਅਤੇ ਟਰੇਲਰ ਬਰੇਕਾਂ, ਟਾਇਰ ਬਦਲਣ, ਰਿਪੇਅਰ ਅਤੇ ਬੈਲੇਂਸ, ਰੀਫਰ ਆਇਲ ਬਦਲਣ, ਏਅਰ ਡਰਾਇਰ, ਰੇਡੀਏਟਰ ਬਦਲਣ ਅਤੇ ਟਰੱਕਾਂ ਤੇ ਟਰੇਲਰ ਨਾਲ ਸਬੰਧਤ ਹੋਰ ਸੇਵਾਵਾਂ ਲਈ ਸਾਡੇ ਨਾਲ ਸੰਪਰਕ ਕਰੋ।

**Gurbaksh S Randhawa: 317-800-2976**

**Sam Bhullar: 317-995-2020**



# ਇੰਡੀਅਨਐਪੋਲਿਸ ਵਿਚ ਪਾਰਕਿੰਗ ਅਤੇ ਸੈਲਫ ਸਟੋਰੇਜ

## Indianapolis, IN

Yard Address: 10318 Pendleton Pike, Indianapolis, IN 46236

# Semiyard

Parking & Self-Storage Available

Download Semiyard App & Book

916 755 0085

Mobile & Text:

916 610 0033

SCAN ME !

Install via App Store

Install via Google Play


24/7 Access & Support

**PARK MONTHLY!**



# ਅਯੁਧਿਆ ਸਲਵਾਨ ਨੂੰ ਪੰਜਵੀਂ ਬਰਸੀ 'ਤੇ ਯਾਦ ਕਰਦਿਆਂ!

'ਪੰਜਾਬ ਟਾਈਮਜ਼ ਦੇ ਆਨਰੇਰੀ ਸਲਾਹਕਾਰ ਬੋਰਡ' ਦੇ ਮੈਂਬਰ, ਸ਼ੁਭ ਚਿੰਤਕ ਅਤੇ ਹਮਦਰਦ ਸ੍ਰੀ ਅਯੁਧਿਆ ਸਲਵਾਨ, ਫਰਵਰੀ 2021 ਨੂੰ ਇਸ ਫਾਨੀ ਦੁਨੀਆ ਨੂੰ ਅਲਵਿਦਾ ਆਖ ਗਏ ਸਨ। ਉਹ 'ਪੰਜਾਬ ਟਾਈਮਜ਼' ਦੇ ਮੋਢੀ ਮੈਂਬਰਾਂ ਵਿਚੋਂ ਇਕ ਸਨ ਅਤੇ ਉਨ੍ਹਾਂ ਨੇ ਅਖਬਾਰ ਨੂੰ ਸ਼ੁਰੂ ਕਰਨ ਵਿਚ ਵੱਡਾ ਰੋਲ ਅਦਾ ਕੀਤਾ। ਉਹ 'ਪੰਜਾਬ ਟਾਈਮਜ਼' ਦੇ ਬਾਨੀ ਸੰਪਾਦਕ ਸ. ਅਮੋਲਕ ਸਿੰਘ ਜੰਮੂ (ਮਰਹੂਮ) ਦੇ ਬਹੁਤ ਕਰੀਬ ਸਨ ਅਤੇ ਉਨ੍ਹਾਂ ਹਮੇਸ਼ਾ ਅਖਬਾਰ ਦੀ ਚੜ੍ਹਦੀ ਕਲਾ ਲਈ ਕੰਮ ਕੀਤਾ। ਉਹ ਜਿੱਥੇ ਆਪ ਅਖਬਾਰ ਦੀ ਭਲਾਈ ਲਈ ਕੰਮ ਕਰਦੇ ਉਥੇ ਉਨ੍ਹਾਂ ਨੇ ਲੋਕਾਂ ਨੂੰ ਵੀ ਇਸ ਨਾਲ ਜੋੜਨ ਦੇ ਉਪਰਾਲੇ ਕੀਤੇ। ਉਨ੍ਹਾਂ ਦੀ ਪੰਜਵੀਂ ਬਰਸੀ 'ਤੇ ਅਦਾਰਾ 'ਪੰਜਾਬ ਟਾਈਮਜ਼' ਅਤੇ ਇਸ ਦੇ ਸਲਾਹਕਾਰ ਬੋਰਡ ਦੇ ਸਾਰੇ ਮੈਂਬਰਾਂ ਵਲੋਂ ਉਨ੍ਹਾਂ ਨੂੰ ਸ਼ਰਧਾਂਜਲੀਆਂ ਭੇਟ ਕੀਤੀਆਂ ਜਾਂਦੀਆਂ ਹਨ।



ਅਯੁਧਿਆ ਸਲਵਾਨ

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ


ਦਰਸ਼ਨ ਸਿੰਘ ਗਰੇਵਾਲ


ਡਾ. ਹਰਗੁਰਮੁਖਪਾਲ ਸਿੰਘ



ਹਰਦਿਆਲ ਸਿੰਘ ਦਿਓਲ


ਡਾ. ਗੁਰਦਿਆਲ ਸਿੰਘ ਬਸਰਾਨ


ਜੈਦੇਵ ਸਿੰਘ ਭੱਠਲ


ਜਗਦੀਸ਼ਰ ਸਿੰਘ ਕਲੇਰ


ਗੁਰਚਰਨ ਸਿੰਘ ਗਰੇਵਾਲ


ਹਰਜੀਤ ਸਿੰਘ ਸਾਹੀ



ਦਰਸ਼ਨ ਸਿੰਘ ਦਰੜ


ਮਨਦੀਪ ਸਿੰਘ ਭੂਰਾ


ਪਰਮਵੀਰ ਸਿੰਘ ਬੈਂਸ


ਰਘਬੀਰ ਸਿੰਘ ਘੁੰਨ


ਪਰਮਿੰਦਰ ਸਿੰਘ ਵਾਲੀਆ


ਅਮਰੀਕ ਸਿੰਘ (ਅਮਰ ਕਾਰਪੈਟ)


ਜਸਕਰਨ ਸਿੰਘ ਧਾਲੀਵਾਲ


ਡਾ. ਤੇਜਿੰਦਰ ਸਿੰਘ ਮੰਡੇਰ


ਅਵਤਾਰ ਸਿੰਘ ਸਪਰਿੰਗਫੀਲਡ


ਗੁਲਜ਼ਾਰ ਸਿੰਘ ਮੁਲਤਾਨੀ



ਭੁਪਿੰਦਰ ਸਿੰਘ ਧਾਲੀਵਾਲ


ਗੁਰਦੇਵ ਸਿੰਘ ਜੌੜਾ



ਅੰਮ੍ਰਿਤਪਾਲ ਸਿੰਘ ਸੰਘਾ


ਆਗਿਆਪਾਲ ਸਿੰਘ ਬਾਠ


ਜਸਵੀਰ ਕੌਰ ਢਿਲੋਂ


ਡਾ. ਇਨਕਲਾਬੀ ਥਾਂਦੀ


ਡਾ. ਨਵਦੀਪ ਕੌਰ ਸੰਧੂ



ਬਲਵਿੰਦਰ ਕੌਰ (ਨਿੱਕੀ) ਸੇਖੋਂ



ਹਰਵਿੰਦਰ ਪਾਲ ਸਿੰਘ ਲੈਲ


ਮਨਮਿੰਦਰ ਸਿੰਘ ਹੀਰ


ਸਰਵਣ ਸਿੰਘ ਟਿਵਾਣਾ


ਸੁਖਮੇਲ ਸਿੰਘ ਅਟਵਾਲ


ਸ. ਹੈਪੀ ਸਿੰਘ ਹੀਰ


ਅਮੋਲਕ ਸਿੰਘ ਗਾਖਲ


ਜੱਸੀ ਗਿੱਲ